2-MAR-PAGE-1.qxd 3/1/2025 9:11 PM Page 1

ਐਤਵਾਰ, 2 ਮਾਰਚ, 2025
19 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 271

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SUNDAY, 2 MARCH, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਟਰੰਪ ਨਾਲ ਝੜਪ ਤੋਂ ਬਾਅਦ ਯੂਰਪੀ ਆਗੂਆਂ ਜ਼ੇਲੈਂਸਕੀ ਦੀ ਪਿੱਠ ਥਾਪੜੀ



**ਨਿਊ ਯਾਰਕ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਪ ਰਾਸ਼ਟਰਪਤੀ ਜੀ ਡੀ ਵਾਂਸ ਦੀ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਤਲਖਕਲਾਮੀ ਤੋਂ ਬਾਅਦ ਯੂਰਪੀਨ ਆਗੂਆਂ ਦੇ ਜ਼ੇਲੈਂਸਕੀ ਦੀ ਹਮਾਇਤ ਵਿੱਚ ਆਏ ਬਿਆਨਾਂ ਨੇ ਰੂਸ-ਯੂਕਰੇਨ ਜੰਗ ਨੂੰ ਲੈ ਕੇ ਅਮਰੀਕਾ ਤੇ ਯੂਰਪ ਵਿਚਾਲੇ ਤਿੱਖੇ ਮਤਭੇਦਾਂ ਨੂੰ ਸਾਹਮਣੇ ਲੈ ਆਂਦਾ ਹੈ। ਟਰੰਪ ਤੇ ਵਾਂਸ ਨੇ ਜ਼ੇਲੈਂਸਕੀ ’ਤੇ ਰੂਸ ਨਾਲ ਜੰਗ ਬੰਦ ਕਰਨ ਲਈ ਦਬਾਅ ਪਾਇਆ, ਪਰ ਜ਼ੇਲੈਂਸਕੀ ਸੁੱਰਖਿਆ ਦੀ ਗਰੰਟੀ ਮਿਲੇ ਬਿਨਾਂ ਕੋਈ ਵਾਅਦਾ ਕੀਤੇ ਬਿਨਾਂ ਵ੍ਹਾਈਟ ਹਾਊਸ ਤੋਂ ਬਿਨਾਂ ਕੁਝ ਖਾਧੇ-ਪੀਤੇ ਬਾਹਰ ਨਿਕਲ ਆਏ। ਉਨ੍ਹਾ ਟਰੰਪ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਵੀ ਨਹੀਂ ਕੀਤੀ।

ਟਰੰਪ ਤੇ ਵਾਂਸ ਨੇ ਓਵਲ ਹਾਊਸ ਵਿੱਚ ਮੀਡੀਆ ਸਾਹਮਣੇ ਬਹਿਸ ਦੌਰਾਨ ਜ਼ੇਲੈਂਸਕੀ ’ਤੇ ਅਪਮਾਨਜਨਕ ਵਿਹਾਰ ਦਾ ਦੋਸ਼ ਲਾਇਆ। ਜ਼ੇਲੈਂਸਕੀ ਨੇ ਟਰੰਪ ਨਾਲ ਖਣਿਜ ਸਮਝੌਤੇ ’ਤੇ ਦਸਤਖਤ ਕਰਨੇ ਸਨ, ਪਰ ਉਹ ਟਰੰਪ ਦੇ ਚੀਕਣ ਤੋਂ ਬਾਅਦ ਸਮਝੌਤਾ ਕੀਤੇ ਬਿਨਾਂ ਵ੍ਹਾਈਟ ਹਾਊਸ ਤੋਂ ਬਾਹਰ ਆ ਗਏ। ਇਸ ਸਮਝੌਤੇ ਨਾਲ ਯੂਕਰੇਨ ਦੇ ਖਣਿਜ ਪਦਾਰਥਾਂ ’ਤੇ ਅਮਰੀਕਾ ਦਾ ਕਾਫੀ ਕਬਜ਼ਾ ਹੋ ਜਾਣਾ ਸੀ। ਦੂਜੇ ਪਾਸੇ ਵ੍ਹਾਈਟ ਹਾਊਸ ਨੇ ਕਿਹਾ ਕਿ ਯੂਕਰੇਨੀ ਵਫਦ ਨੂੰ ਨਿਕਲ ਜਾਣ ਲਈ ਕਿਹਾ ਗਿਆ ਸੀ।

ਇਕ ਸੀਨੀਅਰ ਯੂਕਰੇਨੀ ਅਧਿਕਾਰੀ ਨੇ ਕਿਹਾ ਕਿ ਇਸ ਤੋਂ ਬਾਅਦ ਜ਼ੇਲੈਂਸਕੀ ਨੇ ਫਰਾਂਸ ਦੇ ਰਾਸ਼ਟਰਪਤੀ, ਨਾਟੋ ਦੇ ਜਨਰਲ ਸਕੱਤਰ ਮਾਰਕ ਰੁਟੇ ਸਣੇ ਕਈ ਯੂਰਪੀਨ ਆਗੂਆਂ ਨਾਲ ਗੱਲ ਕੀਤੀ, ਜਿਨ੍ਹਾਂ ਹਮਾਇਤ ਦਾ ਇਜ਼ਹਾਰ ਕੀਤਾ। ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਇਸ ਘਟਨਾਕ੍ਰਮ ਤੋਂ ਬਾਅਦ ਟਵੀਟ ਕੀਤਾ—ਇੱਕ ਹਮਲਾਵਰ ਹੈ : ਰੂਸ। ਇੱਕ ਪੀੜਤ ਹੈ : ਯੂਕਰੇਨ। ਸਾਡਾ ਤਿੰਨ ਸਾਲ ਪਹਿਲਾਂ ਯੂਕਰੇਨ ਦੀ ਮਦਦ ਕਰਨਾ ਤੇ ਰੂਸ ’ਤੇ ਪਾਬੰਦੀਆਂ ਲਾਉਣਾ ਸਹੀ ਸੀ ਅਤੇ ਅਜਿਹਾ ਕਰਦੇ ਰਹਿਣਾ ਸਹੀ ਵੀ ਹੈ। ਸਾਡੇ ਤੋਂ ਮੇਰਾ ਮਤਲਬ ਅਮਰੀਕੀ, ਯੂਰਪੀ, ਕੈਨੇਡੀਆਈ, ਜਾਪਾਨੀ ਤੇ ਕਈ ਹੋਰਨਾਂ ਤੋਂ ਹੈ। ਮੈਂ ਉਨ੍ਹਾਂ ਲੋਕਾਂ ਪ੍ਰਤੀ ਸਨਮਾਨ ਪ੍ਰਗਟ ਕਰਦਾ ਹਾਂ, ਜਿਹੜੇ ਸ਼ੁਰੂ ਤੋਂ ਹੀ ਲੜ ਰਹੇ ਹਨ, ਕਿਉਂਕਿ ਉਹ ਆਪਣੀ ਆਨ-ਬਾਨ, ਆਪਣੀ ਆਜ਼ਾਦੀ, ਆਪਣੇ ਬੱਚਿਆਂ ਤੇ ਯੂਰਪ ਦੀ ਸੁਰੱਖਿਆ ਲਈ ਲੜ ਰਹੇ ਹਨ। ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ, ਜੋ ਟਰੰਪ ਦੀ ਕਰੀਬੀ ਮੰਨੀ ਜਾਂਦੀ ਹੈ, ਨੇ ਕਿਹਾ—ਸਾਡੀ ਕੂਟਨੀਤੀ ਨੂੰ ਮੁੜ ਪਟੜੀ ’ਤੇ ਲਿਆਉਣ ਲਈ ਯੂਰਪੀਨ ਯੂਨੀਅਨ ਤੇ ਅਮਰੀਕਾ ਵਿਚਾਲੇ ਸਿਖਰ ਸੰਮੇਲਨ ਹੋਣਾ ਚਾਹੀਦਾ ਹੈ।

ਜਰਮਨੀ ਦੇ ਸੰਭਾਵਤ ਚਾਂਸਲਰ ਫਰੈਡਰਿਕ ਮਰਜ਼ ਨੇ ਟਵੀਟ ਕੀਤਾ—ਪਿਆਰੇ ਜ਼ੇਲੈਂਸਕੀ, ਅਸੀਂ ਚੰਗੇ ਤੇ ਮੁਸ਼ਕਲ ਦੌਰ ’ਚ ਯੂਕਰੇਨ ਨਾਲ ਖੜ੍ਹੇ ਹਾਂ। ਸਾਨੂੰ ਇਸ ਭਿਆਨਕ ਜੰਗ ਵਿੱਚ ਹਮਲਾਵਰ ਤੇ ਪੀੜਤ ਨੂੰ ਲੈ ਕੇ ਗੁੰਮਰਾਹ ਨਹੀਂ ਹੋਣਾ ਚਾਹੀਦਾ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਫਿਨਲੈਂਡ, ਆਸਟਰੀਆ, ਚੈੱਕ ਗਣਰਾਜ, ਡੈਨਮਾਰਕ, ਲਿਥੂਆਨੀਆ, ਨਾਰਵੇ, ਸਪੇਨ, ਸਵੀਡਨ, ਐਸਤੋਨੀਆ, ਲਾਤਵੀਆ, ਲਗਜ਼ਮਬਰਗ, ਪੋਲੈਂਡ ਤੇ ਹਾਲੈਂਡ ਦੇ ਆਗੂਆਂ ਨੇ ਵੀ ਜ਼ੇਲੈਂਸਕੀ ਤੇ ਯੂਕਰੇਨ ਨਾਲ ਇੱਕਜੁਟਤਾ ਪ੍ਰਗਟਾਈ ਹੈ।

● ਬਾਕੀ ਸਫ਼ਾ 2 ’ਤੇ

## ਨਸ਼ਿਆਂ ਖਿਲਾਫ ਜੰਗ ਦੇ ਪਹਿਲੇ ਦਿਨ 750 ਥਾਵਾਂ ’ਤੇ ਛਾਪੇ



**ਚੰਡੀਗੜ੍ਹ/ਅੰਮ੍ਰਿਤਸਰ (ਗੁਰਜੀਤ ਬਿੱਲਾ/ ਨਰਿੰਦਰਜੀਤ ਸਿੰਘ)**

ਨਸ਼ਿਆਂ ਖਿਲਾਫ ਜੰਗ ਛੇੜਦਿਆਂ ਪੁਲਸ ਨੇ ਸਨਿੱਚਰਵਾਰ ਸੂਬਾ ਭਰ ’ਚ 750 ਥਾਵਾਂ ’ਤੇ ਛਾਪੇ ਮਾਰੇ। ਇਸ ਅਪ੍ਰੇਸ਼ਨ ਵਿੱਚ ਕਰੀਬ 12 ਹਜ਼ਾਰ ਪੁਲਸ ਅਫਸਰ ਤੇ ਮੁਲਾਜ਼ਮ ਸ਼ਾਮਲ ਸਨ।

ਸ਼ਨੀਵਾਰ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਤੇਜ਼ ਕਰਦਿਆਂ ਸੀਨੀਅਰ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਪੰਜ ਮੰਤਰੀਆਂ ਦੀ ਸਬ-ਕਮੇਟੀ ਦੀ ਪਹਿਲੀ ਮੀਟਿੰਗ ਕੀਤੀ। ਮੀਟਿੰਗ ਵਿੱਚ ਕਮੇਟੀ ਦੇ ਹੋਰ ਮੈਂਬਰ ਕੈਬਨਿਟ ਮੰਤਰੀ ਅਮਨ ਅਰੋੜਾ, ਤਰੁਨਪ੍ਰੀਤ ਸਿੰਘ ਸੌਂਧ, ਡਾ. ਬਲਬੀਰ ਸਿੰਘ ਅਤੇ ਲਾਲਜੀਤ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ ਅਤੇ ਨਸ਼ਿਆਂ ਨਾਲ ਸੰਬੰਧਤ ਸਾਰੇ ਮੁੱਦਿਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਮੀਟਿੰਗ ਵਿੱਚ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਅਤੇ ਸਰਕਾਰ ਦੇ ਮੁੱਖ ਸਕੱਤਰ ਕੇ ਏ ਪੀ ਸਿਨਹਾ ਵੀ ਮੌਜੂਦ ਸਨ।

ਚੀਮਾ ਨੂੰ ਪਠਾਨਕੋਟ, ਗੁਰਦਾਸਪੁਰ, ਨਵਾਂਸ਼ਹਿਰ, ਰੋਪੜ, ਤਰਨ ਤਾਰਨ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦਾ ਚਾਰਜ ਦਿੱਤਾ ਗਿਆ ਹੈ, ਜਦਕਿ ਅਮਨ ਅਰੋੜਾ ਨੂੰ ਲੁਧਿਆਣਾ, ਪਟਿਆਲਾ, ਕਪੂਰਥਲਾ, ਮੋਹਾਲੀ, ਅੰਮ੍ਰਿਤਸਰ ਅਤੇ ਜਲੰਧਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਤਰੁਨਪ੍ਰੀਤ ਸੌਂਧ ਸੰਗਰੂਰ, ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਮੋਗਾ ਅਤੇ ਮਲੇਰਕੋਟਲਾ ਦੇਖਣਗੇ।

ਲਾਲਜੀਤ ਸਿੰਘ ਭੁੱਲਰ

● ਬਾਕੀ ਸਫ਼ਾ 2 ’ਤੇ

### ਇਹ ਡਰਾਮਾ ਹੈ : ਬਾਜਵਾ

**ਚੰਡੀਗੜ੍ਹ** : ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਦੀ ਆਲੋਚਨਾ ਕਰਦਿਆਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਸ ਕਾਰਵਾਈ ਦੇ ਸਮੇਂ ਅਤੇ ਇਰਾਦੇ ’ਤੇ ਸਵਾਲ ਉਠਾਏ ਹਨ। ਬਾਜਵਾ ਨੇ ਕਿਹਾ, “ਕਿਸੇ ਵੀ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਕੋਈ ਵੀ ਫੈਸਲਾ ਲਿਆ ਜਾਵੇਗਾ ਤਾਂ ਹਰ ਕੋਈ, ਖਾਸ ਕਰਕੇ ਵਿਰੋਧੀ ਪਾਰਟੀ ਇਸ ਦਾ ਸਵਾਗਤ ਕਰੇਗੀ, ਪਰ ਮੈਨੂੰ ਲਗਦਾ ਹੈ ਕਿ ਹਰ ਚੀਜ਼ ਲਈ ਸਮਾਂ ਹੁੰਦਾ ਹੈ, ਮੁੱਖ ਮੰਤਰੀ ਪਹਿਲਾ ਯੋਧਾ ਹੈ। ਜੇ ਤੁਹਾਡਾ ਮੁੱਖ ਮੰਤਰੀ ‘ਨਸ਼ਾਮੁਕਤ’ ਨਹੀਂ ਹੈ, ਤਾਂ ਪੰਜਾਬ ਨਸ਼ਾਮੁਕਤ ਕਿਵੇਂ ਹੋਵੇਗਾ ? ” ਉਨ੍ਹਾ ਕਿਹਾ, ‘ਤਿੰਨ ਸਾਲਾਂ ਬਾਅਦ, ਜਦੋਂ ਪੰਜਾਬ ਦੀ ਜਵਾਨੀ ਤਬਾਹ ਹੋ ਗਈ ਹੈ, ਜਦੋਂ ਪੰਜਾਬ ਦੀ ਆਰਥਿਕਤਾ ਤਬਾਹੀ ਕੰਢੇ ਹੈ, ਹੁਣ ਤੁਸੀਂ ਇਹ ਰੇਡ ਸ਼ੁਰੂ ਕੀਤੀ ਹੈ।’ ਉਨ੍ਹਾ ਦੋਸ਼ ਲਾਇਆ ਕਿ ਉੱਚ ਪੁਲਸ ਅਧਿਕਾਰੀ ਨਸ਼ਿਆਂ ਦਾ ਕਾਰੋਬਾਰ ਕਰਦੇ ਹਨ ਅਤੇ ਸਵਾਲ ਕੀਤਾ ਕਿ ਕੀ ਉਨ੍ਹਾਂ ਦੀ ਕੋਈ ਰਿਹਾਇਸ਼ ਢਾਹੀ ਗਈ ਹੈ। ਤੁਸੀਂ ਕਿਸੇ ਨੂੰ ਫੜਨ ਜਾਂ ਸਪਲਾਈ ਰੋਕਣ ਵਿਚ ਅਸਮਰੱਥ ਹੋ। ਲੋਕ ਤੁਹਾਡੇ ’ਤੇ ਭਰੋਸਾ ਨਹੀਂ ਕਰਦੇ, ਇਹ ਡਰਾਮਾ ਹੈ।’

## ਮਾਣਾ ਤਰਾਸਦੀ ’ਚ ਚਾਰ ਮਜ਼ਦੂਰਾਂ ਦੀ ਮੌਤ, ਪੰਜ ਦੀ ਭਾਲ ਜਾਰੀ

**ਦੇਹਰਾਦੂਨ** : ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੇ ਪਿੰਡ ਮਾਣਾ ’ਚ ਸਥਿਤ ਸੀਮਾ ਸੜਕ ਸੰਗਠਨ (ਬੀ ਆਰ ਓ) ਦੇ ਕੈਂਪ ’ਚ ਬਰਫ ਦੇ ਤੋਦੇ ਡਿੱਗਣ ਕਾਰਨ ਕਈ ਫੁੱਟ ਬਰਫ ਹੇਠਾਂ ਫਸੇ ਮਜ਼ਦੂਰਾਂ ਦੀ ਗਿਣਤੀ 55 ਸੀ, ਜਿਨ੍ਹਾਂ ਵਿੱਚੋਂ 50 ਕੱਢ ਲਏ ਗਏ, ਜਦਕਿ ਪੰਜਾਂ ਦੀ ਭਾਲ ਜਾਰੀ ਸੀ। ਕੱਢੇ ਜਾਣ ਵਾਲਿਆਂ ਵਿੱਚੋਂ ਚਾਰ ਦੀ ਮੌਤ ਹੋ ਗਈ। ਕੈਂਪ ਵਿੱਚ 57 ਮਜ਼ਦੂਰ ਟਿਕੇ ਹੋਏ ਸਨ, ਪਰ ਉਨ੍ਹਾਂ ਵਿੱਚੋਂ ਦੋ ਛੁੱਟੀ ’ਤੇ ਗਏ ਹੋਏ ਸਨ। ਬਦਰੀਨਾਥ ਤੋਂ ਤਿੰਨ ਕਿਲੋਮੀਟਰ ਦੂਰ ਮਾਣਾ ਪਿੰਡ ਭਾਰਤ-ਤਿੱਬਤ ਸਰਹੱਦ ’ਤੇ 3200 ਮੀਟਰ ਦੀ ਉਚਾਈ ’ਤੇ ਸਥਿਤ ਹੈ।

ਸਨਿੱਚਰਵਾਰ ਸਵੇਰੇ ਮੌਸਮ ਸਾਫ ਹੋਣ ਮਗਰੋਂ ਬਚਾਅ ਕਾਰਜਾਂ ’ਚ ਹੈਲਕਾਪਟਰਾਂ ਦੀ ਮਦਦ ਲਈ ਗਈ। ਚਮੋਲੀ ਦੇ ਡੀ ਸੀ ਸੰਦੀਪ ਤਿਵਾੜੀ ਨੇ ਦੱਸਿਆ ਕਿ ਮਜ਼ਦੂਰ ਪੰਜਾਬ, ਬਿਹਾਰ, ਯੂ ਪੀ, ਉੱਤਰਾਖੰਡ, ਹਿਮਾਚਲ ਤੇ ਜੰਮੂ-ਕਸ਼ਮੀਰ ਦੇ ਸਨ।

## ਮੈਂ ਵੀ ਬੈਗ ਬੰਨ੍ਹਿਆ ਹੋਇਆ ਹੈ : ਜਥੇਦਾਰ ਅਕਾਲ ਤਖਤ

**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਉਨ੍ਹਾ ਨੂੰ ਅਹੁਦੇ ਤੋਂ ਹਟਾਏ ਜਾਣ ਦੀ ਚੱਲ ਰਹੀ ਚਰਚਾ ਬਾਰੇ ਕਿਹਾ ਕਿ ਜੇ ਅਜਿਹਾ ਹੁੰਦਾ ਹੈ ਤਾਂ ਉਨ੍ਹਾ ਵੀ ਆਪਣੇ ਕੱਪੜੇ ਬੈਗ ਵਿੱਚ ਪਾ ਕੇ ਤਿਆਰ ਰੱਖੇ ਹੋਏ ਹਨ। ਇਹ ਪ੍ਰਗਟਾਵਾ ਸਨਿੱਚਰਵਾਰ ਉਨ੍ਹਾ ਇਥੇ ਮੀਡੀਆ ਨਾਲ ਗੈਰਰਸਮੀ ਗੱਲਬਾਤ ਦੌਰਾਨ ਕੀਤਾ।

ਉਨ੍ਹਾ ਆਪਣੇ ਇਸ ਕਥਨ ਨਾਲ ਸਪੱਸ਼ਟ ਕੀਤਾ ਹੈ ਕਿ ਜੇ ਉਨ੍ਹਾ ਨੂੰ ਇਸ ਅਹੁਦੇ ਤੋਂ ਹਟਾਇਆ ਜਾਂਦਾ ਹੈ ਤਾਂ ਉਹ ਵੀ ਤਿਆਰ ਹਨ। ਇਸ ਅਹੁਦੇ ਦੀ ਸੇਵਾ ਨੂੰ ਜਾਰੀ ਰੱਖਣਾ ਜਾਂ ਸੇਵਾ ਛੱਡ ਦੇਣਾ ਇਹ ਦੋਵੇਂ ਹੀ ਗੁਰੂ ਦੇ ਭਾਣੇ ਮੁਤਾਬਕ ਹਨ। ਇਹ ਸੇਵਾ ਗੁਰੂ ਦੀ ਕਿਰਪਾ ਨਾਲ ਹੀ ਕੀਤੀ ਜਾ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਚੱਲ ਰਹੀ ਪ੍ਰਕਿਰਿਆ ਬਾਰੇ ਉਨ੍ਹਾ ਕਿਹਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਦੀ ਫ਼ਸੀਲ ਤੋਂ ਆਦੇਸ਼ ਜਾਰੀ ਕਰ ਕੇ ਭਰਤੀ ਸੰਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਵੱਲੋਂ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸ਼ੁਰੂ ਨਹੀਂ ਕੀਤੀ ਗਈ । ਉਨ੍ਹਾ ਕਮੇਟੀ ਨੂੰ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਦੇ ਆਦੇਸ਼ ਮੁਤਾਬਕ ਭਰਤੀ ਪ੍ਰਕਿਰਿਆ ਸ਼ੁਰੂ ਕਰੇ। ਉਨ੍ਹਾ ਕਿਹਾ ਕਿ ਇਸ ਕਮੇਟੀ ਨੂੰ ਬਣਾਇਆਂ ਕਰੀਬ ਢਾਈ ਮਹੀਨੇ ਬੀਤ ਚੁੱਕੇ ਹਨ, ਪਰ ਇਸ ਦੀ ਕਾਰਗੁਜ਼ਾਰੀ ਢਿੱਲੀ ਹੈ। ਉਨ੍ਹਾ ਦੱਸਿਆ ਕਿ ਕਮੇਟੀ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਹੈ ਅਤੇ ਕਿਹਾ ਕਿ ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਸਹਿਯੋਗ ਨਹੀਂ ਦੇ ਰਿਹਾ। ਉਨ੍ਹਾ ਸਪੱਸ਼ਟ ਕੀਤਾ ਕਿ ਇਸ ਕਮੇਟੀ ਨੂੰ ਆਪਣੇ ਪੱਧਰ ’ਤੇ ਭਰਤੀ ਸ਼ੁਰੂ ਕਰਨ ਲਈ ਕਿਹਾ ਗਿਆ ਸੀ। ਭਰਤੀ ਸੰਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿੱਚੋਂ ਦੋ ਮੈਂਬਰਾਂ ਵੱਲੋਂ ਅਸਤੀਫੇ ਦਿੱਤੇ ਜਾਣ ਬਾਰੇ ਪੁੱਛੇ ਜਾਣ ’ਤੇ ਉਨ੍ਹਾ ਕਿਹਾ ਕਿ ਕਮੇਟੀ ਦੇ ਕੋਆਰਡੀਨੇਟਰ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਅਸਤੀਫਾ ਆਇਆ ਹੈ, ਜਦੋਂ ਕਿ ਦੂਜੇ ਮੈਂਬਰ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਦਾ ਅਸਤੀਫਾ ਉਨ੍ਹਾ ਨੂੰ ਨਹੀਂ ਮਿਲਿਆ। ਉਨ੍ਹਾ ਕਿਹਾ ਕਿ ਇਸ ਮਾਮਲੇ ਨੂੰ ਜਲਦੀ ਹੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਕਰ ਕੇ ਵਿਚਾਰਿਆ ਜਾਵੇਗਾ। ਜੇ ਇਨ੍ਹਾਂ ਦੇ ਅਸਤੀਫੇ ਪ੍ਰਵਾਨ ਹੁੰਦੇ ਹਨ ਤਾਂ ਪੰਜ ਮੈਂਬਰਾਂ ਵਿੱਚੋਂ ਹੀ ਕੋਈ ਹੋਰ ਕੋਆਡੀਨੇਟਰ ਨਾਮਜ਼ਦ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਇਸ ਕਮੇਟੀ ਨੂੰ ਭਰਤੀ ਪ੍ਰਕਿਰਿਆ ਸ਼ੁਰੂ ਕਰਨੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਕਰਦਿਆਂ ਉਨ੍ਹਾ ਕਿਹਾ ਕਿ ਉਨ੍ਹਾ ਦੇ ਪਰਵਾਰ ਵਿੱਚ ਪੋਤਰਾ ਹੋਇਆ ਸੀ ਅਤੇ ਉਹ ਵਧਾਈ ਦੇਣ ਵਾਸਤੇ ਗਏ ਸਨ।

ਉਨ੍ਹਾ ਧਾਮੀ ਨੂੰ ਕਿਹਾ ਕਿ ਉਨ੍ਹਾ ਵਰਗੇ ਗੁਰਸਿੱਖ ਦੀ ਸਿੱਖ ਪੰਥ ਨੂੰ ਵੱਡੀ ਲੋੜ ਹੈ ਅਤੇ ਉਹ ਵਾਪਸ ਪਰਤ ਕੇ ਆਪਣਾ ਕੰਮਕਾਜ ਸ਼ੁਰੂ ਕਰਨ। ਉਨ੍ਹਾ ਕਿਹਾ ਕਿ ਐਡਵੋਕੇਟ ਧਾਮੀ ਗੁਰਸਿੱਖ, ਨੇਕ ਇਨਸਾਨ ਅਤੇ ਨਿਤਨੇਮੀ ਸ਼ਖਸੀਅਤ ਹਨ, ਜਿਨ੍ਹਾ ਦੀ ਪੰਥ ਨੂੰ ਵੱਡੀ ਲੋੜ ਹੈ। ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸੰਬੰਧੀ ਚੱਲ ਰਹੀਆਂ ਚਰਚਾਵਾਂ ਬਾਰੇ ਉਨ੍ਹਾ ਕਿਹਾ ਕਿ ਉਹ ਹੁਣ ਸੁਤੰਤਰ ਹਨ।

## ਮੁਕਾਬਲੇ ’ਚ ਗੈਂਗਸਟਰ ਫੱਟੜ

**ਡੇਰਾਬੱਸੀ** : ਭਾਂਖਰਪੁਰ ਨਾਲ ਘੱਗਰ ਦਰਿਆ ਵਿੱਚ ਸਨਿੱਚਰਵਾਰ ਪੁਲਸ ਅਤੇ ਗੈਂਗਸਟਰਾਂ ਵਿਚਾਲੇ ਗੋਲੀਬਾਰੀ ਦੌਰਾਨ ਗੈਂਗਸਟਰ ਮਲਕੀਤ ਉਰਫ ਮੈਕਸੀ ਜ਼ਖਮੀ ਹੋ ਗਿਆ। ਐੱਸ ਐੱਸ ਪੀ ਮੁਹਾਲੀ ਦੀਪਕ ਪਾਰਿਕ ਨੇ ਦੱਸਿਆ ਕਿ ਗੋਲਡੀ ਬਰਾੜ ਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਦੋਵੇਂ ਗੈਂਗਸਟਰਾਂ ਖਿਲਾਫ ਫਿਰੌਤੀ ਤੇ ਹੋਰ ਅਪਰਾਧਾਂ ਦੇ ਕਈ ਕੇਸ ਦਰਜ ਹਨ। 50 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ ਹੇਠ ਇੱਕ ਕੇਸ ਐਰੋ ਸਿਟੀ ਪੁਲਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਸੀ, ਜਿਸ ਮਾਮਲੇ ਵਿੱਚ ਮਲਕੀਤ ਤੇ ਸੰਦੀਪ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਿਮਾਂਡ ਦੌਰਾਨ ਮੁਲਜ਼ਮਾਂ ਨੇ ਆਪਣੇ ਹਥਿਆਰ ਡੇਰਾਬੱਸੀ ਨੇੜੇ ਘੱਗਰ ਦਰਿਆ ਵਿਚ ਲੁਕਾਏ ਹੋਣ ਦੀ ਗੱਲ ਕਬੂਲੀ ਸੀ। ਉਨ੍ਹਾਂ ਦੀ ਨਿਸ਼ਾਨਦੇਹੀ ’ਤੇ ਡੀ ਐੱਸ ਪੀ ਡੇਰਾ ਬੱਸੀ ਬਿਕਰਮਜੀਤ ਸਿੰਘ ਬਰਾੜ, ਥਾਣਾ ਮੁਖੀ ਐਰੋ ਸਿਟੀ ਜਸ਼ਨਪ੍ਰੀਤ ਸਿੰਘ ਅਤੇ ਥਾਣਾ ਮੁਖੀ ਡੇਰਾ ਬੱਸੀ ਮਨਦੀਪ ਸਿੰਘ ਪੁਲਸ ਟੀਮ ਨਾਲ ਹਥਿਆਰਾਂ ਦੀ ਰਿਕਵਰੀ ਕਰਨ ਲਈ ਘੱਗਰ ਪਹੁੰਚੇ ਸਨ। ਗੈਂਗਸਟਰ ਮਲਕੀਤ ਸਿੰਘ ਨੇ ਮੌਕਾ ਪਾ ਕੇ ਆਪਣੇ ਲੁਕਾਏ ਹੋਏ ਹਥਿਆਰ ਨਾਲ ਪੁਲਸ ਟੀਮ ’ਤੇ ਫਾਇਰ ਕਰ ਦਿੱਤਾ, ਜਿਹੜਾ ਪੁਲਸ ਦੀ ਗੱਡੀ ’ਚ ਲੱਗਿਆ। ਬਿਕਰਮਜੀਤ ਸਿੰਘ ਬਰਾੜ ਅਤੇ ਜਸ਼ਨਪ੍ਰੀਤ ਸਿੰਘ ਨੇ ਜਵਾਬ ’ਚ ਇੱਕ-ਇੱਕ ਫਾਇਰ ਕੀਤਾ। ਇੱਕ ਫਾਇਰ ਮਲਕੀਤ ਦੇ ਪੈਰ ’ਤੇ ਲੱਗਿਆ, ਜਿਸ ਕਾਰਨ ਉਹ ਜ਼ਖਮੀ ਹੋ ਕੇ ਹੇਠਾਂ ਡਿੱਗ ਗਿਆ। ਮੌਕੇ ਤੋਂ ਗੈਂਗਸਟਰ ਵੱਲੋਂ ਚਲਾਈ ਗੋਲੀ ਦਾ ਖੋਲ ਅਤੇ ਫਾਇਰਿੰਗ ਲਈ ਵਰਤਿਆ ਪੁਆਇੰਟ 32 ਬੋਰ ਦਾ ਦੇਸੀ ਕੱਟਾ ਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਹੋਏ।

## ਜੱਗੂ ਭਗਵਾਨਪੁਰੀਆ ਦਾ ਸਾਥੀ ਛੇ ਪਿਸਤੌਲਾਂ ਸਣੇ ਕਾਬੂ

**ਚੰਡੀਗੜ੍ਹ** : ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਇੱਕ ਸਾਥੀ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ ਪੁਆਇੰਟ 32 ਬੋਰ ਦੇ ਛੇ ਪਿਸਤੌਲ ਅਤੇ 10 ਗੋਲੀਆਂ ਬਰਾਮਦ ਕੀਤੀਆਂ ਹਨ। ਫੜੇ ਜਾਣ ਵਾਲੇ ਦੀ ਸ਼ਨਾਖਤ ਗੁਰਬਾਜ਼ ਸਿੰਘ ਵਾਸੀ ਪਿੰਡ ਵੜਿੰਗ ਸੂਬਾ ਸਿੰਘ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਉਸ ਦੇ ਖਿਲਾਫ ਪਹਿਲਾਂ ਵੀ ਕਤਲ, ਲੁੱਟਖੋਹ, ਐੱਨ ਡੀ ਪੀ ਐੱਸ ਐਕਟ ਤੇ ਅਸਲਾ ਐਕਟ ਦੇ 8 ਮਾਮਲੇ ਦਰਜ ਹਨ। ਡੀ ਜੀ ਪੀ ਨੇ ਦੱਸਿਆ ਕਿ ਪੁਲਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੂੰ ਖੁਫੀਆ ਸੂਚਨਾ ਮਿਲੀ ਸੀ ਕਿ ਗੁਰਬਾਜ਼ ਸਿੰਘ ਕਿਸੇ ਨੂੰ ਹਥਿਆਰ ਸਪਲਾਈ ਕਰਨ ਜਾ ਰਿਹਾ ਹੈ। ਪੁਲਸ ਨੇ ਅੰਮ੍ਰਿਤਸਰ-ਤਰਨ ਤਾਰਨ ਬਾਈਪਾਸ ਵਿਖੇ ਆਈ ਐੱਮ ਐੱਮ ਨੇੜੇ ਨਾਕੇਬੰਦੀ ਕਰਕੇ ਉਸ ਨੂੰ ਕਾਬੂ ਕਰ ਲਿਆ। ਮੁੱਢਲੀ ਪੁੱਛਗਿਛ ਦੌਰਾਨ ਖੁਲਾਸਾ ਹੋਇਆ ਕਿ ਇਹ ਹਥਿਆਰ ਉਸ ਨੇ ਮੱਧ ਪ੍ਰਦੇਸ਼ ਤੋਂ ਪ੍ਰਾਪਤ ਕੀਤੇ ਸਨ। ਇਸ ਸੰਬੰਧ ਵਿੱਚ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਦੇ ਅੰਮ੍ਰਿਤਸਰ ਸਥਿਤ ਥਾਣੇ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਕੁੜੀਆਂ ਦੇ ਹੋਸਟਲ ਅੱਗੇ ਟੂਣਾ



**ਪਟਿਆਲਾ (ਰਾਜਿੰਦਰ ਥਿੰਦ)**

ਪੰਜਾਬੀ ਯੂਨੀਵਰਸਿਟੀ ਵਿੱਚ ਕੁੜੀਆਂ ਦੇ ਹੋਸਟਲ ਵਿੱਚ ਟੂਣੇ-ਟੋਟਕੇ ਦੀ ਘਟਨਾ ਤੋਂ ਬਾਅਦ ਵਾਰਡਨ ਨੇ ਸਖਤ ਕਾਰਵਾਈ ਦੀ ਚੇਤਾਵਨੀ ਜਾਰੀ ਕੀਤੀ ਹੈ। ਦੋ ਦਿਨ ਪਹਿਲਾਂ ਸਵੇਰ ਸਮੇਂ ਕੁੜੀਆਂ ਨੇ ਇੱਕ ਸਫੈਦ ਚੱਕਰ, ਇੱਕ ਨਿੰਬੂ ਅਤੇ ਉਸ ’ਤੇ ਕੁਝ ਲਿਖਿਆ ਹੋਇਆ ਵੇਖਿਆ। ਇਸ ਤੋਂ ਬਾਅਦ ਵਿਦਿਆਰਥਣਾਂ ਵਿੱਚ ਦਹਿਸ਼ਤ ਫੈਲ ਗਈ ਅਤੇ ਉਨ੍ਹਾਂ ਤੁਰੰਤ ਇਸ ਦੀ ਸੂਚਨਾ ਵਾਰਡਨ ਨੂੰ ਦਿੱਤੀ। ਵਿਦਿਆਰਥਣਾਂ ਨੇ ਵਾਰਡਨ ਨੂੰ ਦੱਸਿਆ ਕਿ ਪਹਿਲਾਂ ਵੀ ਅਜਿਹੀਆਂ ਗਤੀਵਿਧੀਆਂ ਸਾਹਮਣੇ ਆਈਆਂ ਹਨ। ਯੂਨੀਵਰਸਿਟੀ ਦੇ ਅਧਿਕਾਰੀਆਂ ਅਨੁਸਾਰ ਇਹ ਸ਼ਾਇਦ ਵਿਦਿਅਰਥਣਾਂ ਵੱਲੋਂ ਕੀਤਾ ਕੋਈ ਮਜ਼ਾਕ ਆਦਿ ਵੀ ਹੋ ਸਕਦਾ ਹੈ, ਪਰ ਇਸ ਨਾਲ ਹੋਸਟਲ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਹੈ। ਵਾਰਡਨ ਹਰਪ੍ਰੀਤ ਨੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਸ ਘਟਨਾ ਬਾਰੇ ਸੂਚਿਤ ਕੀਤਾ। ਵਾਰਡਨ ਨੇ ਨੋਟਿਸ ਜਾਰੀ ਕਰਕੇ ਸਖਤ ਚੇਤਾਵਨੀ ਦਿੱਤੀ ਹੈ ਕਿ ਅਜਿਹੀ ਕਿਸੇ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਯੂਨੀਵਰਸਿਟੀ ਦੇ ਰਜਿਸਟਰਾਰ ਸੰਜੀਵ ਪੁਰੀ ਨੇ ਕਿਹਾ ਕਿ ਉਨ੍ਹਾ ਨੂੰ ਇਸ ਤਰ੍ਹਾਂ ਦੇ ਕਿਸੇ ਵੀ ਨੋਟਿਸ ਦੀ ਜਾਣਕਾਰੀ ਨਹੀਂ। ਉਹ ਮਾਮਲੇ ਦੀ ਜਾਂਚ ਕਰਨਗੇ।

## ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਲੀਕੇ ਤਿਮਾਹੀ ਸਮਾਗਮ

### ਵਿਸ਼ਵ ਰੰਗਮੰਚ, ਗ਼ਦਰ ਪਾਰਟੀ ਸਥਾਪਨਾ ਤੇ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਸ਼ਨੀਵਾਰ ਹੋਈ ਮੀਟਿੰਗ ’ਚ ਵਿਚਾਰ-ਵਟਾਂਦਰੇ ਉਪਰੰਤ ਮਾਰਚ, ਅਪ੍ਰੈਲ ਅਤੇ ਮਈ ਤਿੰਨ ਮਹੀਨੇ ਦੀਆਂ ਪ੍ਰਮੁੱਖ ਸਰਗਰਮੀਆਂ ਉਲੀਕੀਆਂ ਗਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮਾਰਚ ਮਹੀਨੇ ਦੇ ਆਖਰੀ ਹਫ਼ਤੇ ਵਿਸ਼ਵ ਰੰਗਮੰਚ ਦਿਹਾੜਾ ਮਨਾਇਆ ਜਾਏਗਾ। ਇਸ ਮੌਕੇ ਨਾਟਕ, ਗੀਤ-ਸੰਗੀਤ ਅਤੇ ਵਿਚਾਰ-ਚਰਚਾ ਨੂੰ ਅਗਲੇ ਦਿਨਾਂ ਵਿੱਚ ਟੀਮਾਂ ਨਾਲ ਰਾਬਤਾ ਕਰਕੇ ਅਤੇ ਵਿਦਿਅਕ ਸੰਸਥਾਵਾਂ ਦੇ ਇਮਤਿਹਾਨਾਂ ਦੀਆਂ ਤਰੀਕਾਂ ਦਾ ਧਿਆਨ ਰੱਖਦਿਆਂ ਅੰਤਮ ਛੋਹਾਂ ਦਿੱਤੀਆਂ ਜਾਣਗੀਆਂ।

ਮੁਲਕ ਦੀ ਆਜ਼ਾਦੀ ਲਈ ਜੂਝਣ ਵਾਲੀ ਇਨਕਲਾਬੀ ਪਾਰਟੀ, ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ (21

● ਬਾਕੀ ਸਫ਼ਾ 2 ’ਤੇ

## ਸ਼ਿਮਲਾ ’ਚ ਅੱਗ ਨਾਲ ਸੈਲਾਨੀ ਦੀ ਮੌਤ, ਦੋ ਜ਼ਖ਼ਮੀ

**ਸ਼ਿਮਲਾ** : ਇੱਥੇ ਕੱਚੀ ਘਾਟੀ ਖੇਤਰ ਵਿੱਚ ਸੈਲਾਨੀਆਂ ਲਈ ਬਣੀ ਨਿੱਜੀ ਰਿਹਾਇਸ਼ ਵਿੱਚ ਭਿਆਨਕ ਅੱਗ ਲੱਗਣ ਕਾਰਨ ਮਹਾਰਾਸ਼ਟਰ ਦੇ ਇੱਕ ਸੈਲਾਨੀ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਸ਼ੁੱਕਰਵਾਰ ਰਾਤ ਕਰੀਬ 11.30 ਵਜੇ ਅੱਗ ਲੱਗਣ ਸਮੇਂ ਮਹਾਰਾਸ਼ਟਰ ਦੇ ਤਿੰਨੇ ਸੈਲਾਨੀ ਸੌਂ ਰਹੇ ਸਨ। ਜ਼ਖਮੀਆਂ ਨੇ ਦੱਸਿਆ ਕਿ ਉਹ ਭੱਜਣ ਵਿੱਚ ਕਾਮਯਾਬ ਹੋ ਗਏ, ਜਦੋਂ ਕਿ ਮਹਾਰਾਸ਼ਟਰ ਦੇ ਕੋਰੇਗਾਓਂ ਦਾ ਰਹਿਣ ਵਾਲਾ ਰਿਤੇਸ਼ ਅੱਗ ਦੀ ਲਪੇਟ ਵਿਚ ਆ ਗਿਆ। ਜ਼ਖਮੀ ਹੋਏ ਆਸ਼ੀਸ਼ ਅਤੇ ਅਵਧੂਤ ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ ਹਸਪਤਾਲ ’ਚ ਜ਼ੇਰੇ ਇਲਾਜ ਹਨ।

## ਅੱਜ-ਨਾਮਾ

ਜਥੇਦਾਰ ਜੀ ਮੁੜ ਕੇ ਸਰਗਰਮ ਹੋ ਗਏ,
ਬੋਲਣ ਲੱਗੇ ਈ ਸਖਤ ਫਿਰ ਬੋਲ ਭਾਈ।
ਨਾਂਅ ਕਿਸੇ ਦਾ ਭਾਵੇਂ ਨਾ ਲਿਆ ਉਹਨਾਂ,
ਆਖੀ ਬਾਤ ਫਿਰ ਬਹੁਤ ਹੈ ਖੋਲ੍ਹ ਭਾਈ।
ਜਿਹੜੇ ਟੋਲੇ ਤੋਂ ਬਣੀ ਸੀ ਬਹੁਤ ਔਕੜ,
ਇੱਜ਼ਤ ਦਿੱਤੀ ਆ ਜਿਨ੍ਹਾਂ ਨੇ ਰੋਲ ਭਾਈ।
ਆਖਿਆ ਉਨ੍ਹਾਂ ਨੂੰ ਮੰਨਣਾ ਹੁਕਮ ਪੈਣਾ,
ਪਦਵੀ ਭਾਵੇਂ ਨਾ ਰਹੇ ਇਹ ਕੋਲ ਭਾਈ।
ਬੰਦੇ ਨਾਲੋਂ ਈ ਪਦਵੀ ਦਾ ਮਾਣ ਪਹਿਲਾਂ,
ਸਿੰਘ ਸਾਹਿਬ ਜੀ ਕਿਹਾ ਈ ਠੀਕ ਭਾਈ।
ਫੈਸਲਾ ਦੇਣਗੇ ਕਦੋਂ ਫਿਰ ਆਖਰੀ ਉਹ,
ਉਹ ਨਹੀਂ ਦੱਸ ਰਹੇ ਕਦੇ ਤਰੀਕ ਭਾਈ।

-ਤੀਸ ਮਾਰ ਖਾਂ

## ਵਿਸ਼ਵ ਦੀਆਂ ਭਾਰਤ ’ਤੇ ਨਜ਼ਰਾਂ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿੱਚਰਵਾਰ ਕਿਹਾ ਕਿ ਉਨ੍ਹਾ ਦੀ ‘ਵੋਕਲ ਫਾਰ ਲੋਕਲ’ ਮੁਹਿੰਮ ਦਾ ਫਲ ਮਿਲਣਾ ਸ਼ੁਰੂ ਹੋ ਗਿਆ ਹੈ, ਕਿਉਂਕਿ ਭਾਰਤੀ ਉਤਪਾਦ ਆਲਮੀ ਪੱਧਰ ’ਤੇ ਜਾ ਰਹੇ ਹਨ ਅਤੇ ਪੂਰੀ ਦੁਨੀਆ ’ਚ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾ ਰਹੇ ਹਨ। ਮੋਦੀ ਨੇ ਐੱਨ ਐੱਕਸ ਟੀ ਕਨਕਲੇਵ ਵਿੱਚ ‘ਨਿਊਜ਼ ਐੱਕਸ ਵਰਲਡ’ ਚੈਨਲ ਲਾਂਚ ਕਰਨ ਮੌਕੇ ਕਿਹਾ ਕਿ ਦੁਨੀਆ ਕਈ ਦਹਾਕਿਆਂ ਤੱਕ ਭਾਰਤ ਨੂੰ ਆਪਣੇ ‘ਬੈਕ ਆਫਿਸ’ (ਕੰਪਨੀ ਦੇ ਪ੍ਰਸ਼ਾਸਨਕ ਤੇ ਸਹਾਇਕ ਕਾਰਜ ਦੇਖਣ ਵਾਲਾ ਹਿੱਸਾ, ਜੋ ਗਾਹਕਾਂ ਨਾਲ ਸਿੱਧਾ ਮੁਖਾਤਬ ਨਹੀਂ ਹੁੰਦਾ) ਵਜੋਂ ਦੇਖਦੀ ਰਹੀ ਹੈ, ਪਰ ਮੁਲਕ ਹੁਣ ਦੁਨੀਆ ਲਈ ‘ਇੱਕ ਕਾਰਖਾਨਾ’ ਬਣ ਕੇ ਉੱਭਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਹੁਣ ‘ਕਾਰਜ ਬਲ’ ਨਹੀਂ, ਬਲਕਿ ਇੱਕ ‘ਵਿਸ਼ਵ ਸ਼ਕਤੀ’ ਹੈ। ਦੇਸ਼ ਹੁਣ ਸੈਮੀਕੰਡਕਟਰਾਂ ਅਤੇ ਜਹਾਜ਼ ਢੋਣ ਵਾਲੇ ਵਾਹਨਾਂ ਦਾ ਨਿਰਮਾਣ ਕਰ ਰਿਹਾ ਹੈ ਤੇ ਇਸ ਦੇ ‘ਮਖਾਣਾ’ ਤੇ ‘ਬਾਜਰਾ’ ਵਰਗੇ ਸੁਪਰਫੂਡ, ਆਯੂਸ਼ ਅਤੇ ਯੋਗਾ ਨੂੰ ਪੂਰੀ ਦੁਨੀਆ ’ਚ ਅਪਣਾਇਆ ਜਾ ਰਿਹਾ ਹੈ। ਭਾਰਤ ਇੱਕ ਵੱਡਾ ਆਟੋਮੋਬਾਈਲ ਉਤਪਾਦਕ ਬਣ ਕੇ ਉਭਰਿਆ ਹੈ ਤੇ ਮੁਲਕ ਦੀ ਰੱਖਿਆ ਖੇਤਰ ’ਚ ਬਰਾਮਦ ਵੀ ਵਧ ਰਹੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਬਿਨਾਂ ਕਿਸੇ ਬਣਾਵਟ ਤੋਂ ਜਿਵੇਂ ਹੈ, ਉਸੇ ਤਰ੍ਹਾਂ ਪੇਸ਼ ਜਾਣਾ ਚਾਹੀਦਾ ਹੈ। ਇਸ ਨੂੰ ਕਿਸੇ ਦਿਖਾਵੇ ਦੀ ਲੋੜ ਨਹੀਂ ਅਤੇ ਦੇਸ਼ ਦੀਆਂ ਅਸਲ ਕਹਾਣੀਆਂ ਲੋਕਾਂ ਤੱਕ ਪਹੁੰਚਣੀਆਂ ਚਾਹੀਦੀਆਂ ਹਨ। ਉਨ੍ਹਾ ਕਿਹਾ ਕਿ ਭਾਜਪਾ ਦੀ ਅਗਵਾਈ ਹੇਠ ਐੱਨ ਡੀ ਏ ਸਰਕਾਰ ਦਾ ਤੀਜੀ ਵਾਰ ਚੁਣੇ ਜਾਣਾ ਲੋਕਾਂ ਦੇ ਭਰੋਸੇ ਦਾ ਪ੍ਰਤੀਕ ਹੈ ਅਤੇ ਉਮੀਦ ਹੈ ਕਿ ਨਵਾਂ ਆਲਮੀ ਚੈਨਲ ਦੇਸ਼ ਦੇ ਮਾਅਰਕਿਆਂ ਨੂੰ ਪੂਰੀ ਦੁਨੀਆ ਤੱਕ ਪਹੁੰਚਾਏਗਾ। ਉਨ੍ਹਾ ਕਿਹਾ ਕਿ 21ਵੀਂ ਸਦੀ ’ਚ ਵਿਸ਼ਵ ਦੀਆਂ ਭਾਰਤ ’ਤੇ ਨਜ਼ਰਾਂ ਹਨ ਅਤੇ ਦੇਸ਼ ਵਿੱਚੋਂ ਲਗਾਤਾਰ ਹਾਂ-ਪੱਖੀ ਖਬਰਾਂ ਪੈਦਾ ਹੋ ਰਹੀਆਂ ਹਨ।



## ਕਿਰਤੀ ਕਾਲਜ ਵਿਖੇ ਤਿੰਨ ਰੋਜ਼ਾ ਵਰਕਸ਼ਾਪ ਲਗਾਈ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵੱਲੋਂ ਪੰਜਾਬ ਸਰਕਾਰ ਤੋਂ ਪ੍ਰਾਪਤ ਗਰਾਂਟ ਵਿੱਚੋਂ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਮੁਤਾਬਕ ਵਿਦਿਆਰਥੀਆਂ ਨੂੰ ਵੋਕੇਸ਼ਨਲ ਐਂਡ ਸਕਿਲ ਓਰੀਐਂਟਡ ਐਜੂਕੇਸ਼ਨ ਦੇਣ ਲਈ ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਹੇਠ ਓਰੇਨ ਇੰਟਰਨੈਸ਼ਨਲ ਸੈਲੂਨ ਅਕੈਡਮੀ ਵੱਲੋਂ ਤਿੰਨ ਰੋਜ਼ਾ ਵਰਕਸ਼ਾਪ ਲਗਾਈ ਗਈ।ਵਰਕਸ਼ਾਪ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਭਾਗ ਲਿਆ ਗਿਆ, ਜਿਸ 'ਚ ਵਿਦਿਆਰਥਣਾਂ ਨੂੰ ਚਿਹਰੇ ਦੀ ਸੁੰਦਰਤਾ ਵਧਾਉਣ ਲਈ ਕਲੀਨਅੱਪ ਤੇ ਫੇਸ਼ੀਅਲ ਕਰਨਾ ਸਿਖਾਇਆ ਗਿਆ। ਵਿਦਿਆਰਥਣਾਂ ਨੂੰ ਪਾਰਟੀ ਮੇਕਅੱਪ ਤੇ ਨਹੁੰਆਂ ਨੂੰ ਸਜਾਉਣਾ ਸਿਖਾਇਆ ਗਿਆ।ਅਖੀਰਲੇ ਦਿਨ ਅਕੈਡਮੀ ਤੋਂ ਆਏ ਜਸਪ੍ਰੀਤ ਸਿੰਘ ਵੱਲੋਂ ਦੁਲਹਨ ਨੂੰ ਤਿਆਰ ਕਰਨਾ ਸਿਖਾਇਆ ਗਿਆ।ਕਾਲਜ ਪ੍ਰਿੰਸੀਪਲ ਗੁਰਵੀਨ ਕੌਰ ਨੇ ਦੱਸਿਆ ਕਿ ਵਰਕਸ਼ਾਪ ਲਗਾਉਣ ਦਾ ਮੁੱਖ ਮਕਸਦ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ ਨਾਲ ਆਮਦਨ ਦੇ ਵਸੀਲਿਆਂ ਨੂੰ ਵਧਾਉਣਾ ਹੈ, ਜਿਸ ਨਾਲ ਉਹ ਆਪਣੀ ਪੜ੍ਹਾਈ ਦਾ ਖ਼ਰਚਾ ਆਪ ਚੁੱਕ ਸਕਦੀਆਂ ਹਨ।ਵਰਕਸ਼ਾਪ ਵਿੱਚ ਕਾਲਜ ਸਟਾਫ਼ ਡਾ. ਗੁਰਜੀਤ ਸਿੰਘ, ਡਾ. ਜਸਵਿੰਦਰ ਸ਼ਰਮਾ, ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਰਮਨਜੀਤ ਕੌਰ, ਪ੍ਰੋ. ਮੀਨੂੰ ਗੌੜ, ਪ੍ਰੋ. ਸੰਦੀਪ ਕੌਰ, ਪ੍ਰੋ. ਭੁਪਿੰਦਰ ਕੌਰ, ਪ੍ਰੋ. ਨੇਹਾ ਬਾਂਸਲ ਤੇ ਵੱਡੀ ਗਿਣਤੀ 'ਚ ਵਿਦਿਆਰਥਣਾਂ ਹਾਜ਼ਰ ਸਨ।

## ਸਿਲਵਰ ਓਕਸ ਸਕੂਲ 'ਚ ਗ੍ਰੈਜੂਏਸ਼ਨ ਸਮਾਰੋਹ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ 'ਚ ਇੱਕ ਰੰਗਾਰੰਗ ਗ੍ਰੈਜੂਏਸ਼ਨ ਸਮਾਰੋਹ ਕੀਤਾ ਗਿਆ।ਸਮਾਰੋਹ ਦੀ ਸ਼ੁਰੂਆਤ ਦੀਪ ਪ੍ਰਜਵਲਨ ਨਾਲ ਹੋਈ।ਇਸ ਤੋਂ ਬਾਅਦ ਐਲ.ਕੇ.ਜੀ. ਦੇ ਬੱਚਿਆਂ ਨੇ ਇੱਕ ਮਨਮੋਹਕ ਨ੍ਰਿਤ ਪ੍ਰਸਤੁਤ ਕੀਤਾ।ਨਿੱਕੇ-ਨਿੱਕੇ ਬੱਚੇ ਗ੍ਰੈਜੂਏਸ਼ਨ ਗਾਊਨ ਅਤੇ ਟੋਪੀਆਂ ਪਹਿਨ ਕੇ ਬਹੁਤ ਪਿਆਰੇ ਤੇ ਉਤਸ਼ਾਹਤ ਲੱਗ ਰਹੇ ਸਨ।ਕਿੰਡਰਗਾਰਟਨ ਦੇ ਵਿਦਿਆਰਥੀਆਂ ਨੇ ਥੀਮ ਅਧਾਰਤ ਨਾਚ ਪੇਸ਼ ਕੀਤਾ।ਇਸ ਤੋਂ ਇਲਾਵਾ, ਬੱਚਿਆਂ ਨੇ ਕਵਿਤਾਵਾਂ ਸੁਣਾਈਆਂ ਅਤੇ ਧੰਨਵਾਦੀ ਭਾਸ਼ਣ ਦੇ ਕੇ ਆਪਣੀ ਪ੍ਰਤਿਭਾ ਅਤੇ ਆਭਾਰ ਪ੍ਰਗਟਾਇਆ।ਪ੍ਰਿੰਸੀਪਲ ਛਾਇਆ ਵਿਨੋਚਾ ਨੇ ਯੂ.ਕੇ.ਜੀ. ਦੇ ਬੱਚਿਆਂ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਤੇ ਵਿਦਿਆਰਥੀਆਂ ਨੂੰ ਉਜਲੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਸਮਾਰੋਹ ਦਾ ਸਮਾਪਨ ਰਾਸ਼ਟਰ ਗੀਤ ਨਾਲ ਕੀਤਾ ਗਿਆ।

## ਲਾਈਫ਼ ਗਾਰਡ ਨਰਸਿੰਗ ਇੰਸਟੀਚਿਊਟ ਵੱਲੋਂ ਫ਼ਰੈਸ਼ਰ ਫ਼ੇਅਰਵੈੱਲ ਪਾਰਟੀ



**ਸੰਗਰੂਰ (ਪ੍ਰਵੀਨ ਸਿੰਘ)**-ਲਾਈਫ਼ ਗਾਰਡ ਨਰਸਿੰਗ ਇੰਸਟੀ: ਸੰਗਰੂਰ ਵਿਖੇ ਨਰਸਿੰਗ ਵਿਦਿਆਰਥੀਆਂ ਲਈ ਸੰਸਥਾ ਵੱਲੋਂ ਫ਼ਰੈਸ਼ਰ ਫ਼ੇਅਰਵੈਲ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸੁਖਦੇਵ ਸਿੰਘ ਡੀ ਐਸ ਪੀ ਨੇ ਸ਼ਿਰਕਤ ਕੀਤੀ। ਇਸ ਸਮੇਂ ਸੰਸਥਾ ਦੇ ਕਾਨੂੰਨੀ ਸਲਾਹਕਾਰ ਡਾ. ਸੁਖਵਿੰਦਰ ਸਿੰਘ ਅਤੇ ਸੰਸਥਾ ਦੇ ਡਾਇਰੈਕਟਰ ਮੈਡਮ ਡਾ. ਪਰਵਿੰਦਰ ਕੌਰ ਨੇ ਮੁੱਖ ਮਹਿਮਾਨ ਅਤੇ ਹੋਰਨਾਂ ਦਾ ਸਵਾਗਤ ਕੀਤਾ ਅਤੇ ਸ਼ਮ੍ਹਾਂ ਰੌਸ਼ਨ ਕਰਦਿਆਂ ਕਿਹਾ ਕਿ ਸੰਸਥਾ ਹਰ ਖੇਤਰ ਵਿਚ ਪ੍ਰਾਪਤੀਆਂ ਦੀ ਉਚਾਈਆਂ ਛੋਹ ਰਹੀ ਹੈ। ਇਸ ਦੌਰਾਨ ਮੰਚ ਸੰਚਾਲਨ ਮੌਕੇ ਮਨਦੀਪ ਸ਼ਰਮਾ ਅਤੇ ਅਮਰਜੀਤ ਕੌਰ ਨੇ ਸੰਸਥਾ ਵੱਲੋਂ ਕੀਤੀਆਂ ਜਾਂਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਡਾ. ਜਗਜੀਤ ਸਿੰਘ ਐਸ.ਐਮ.ਓ. ਮਲੇਰਕੋਟਲਾ ਨੇ ਕਿਹਾ ਦੁਨੀਆ ਦੇ ਹਰ ਹਿੱਸੇ ਵਿਚ ਇਸ ਕਿੱਤੇ ਨੂੰ ਅਪਨਾਉਣ ਵਾਲੇ ਕਦੇ ਵੀ ਵਿਹਲੇ ਨਹੀਂ ਰਹਿੰਦੇ। ਇਸ ਮੌਕੇ ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਾਲੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਐਡਵੋਕੇਟ ਅਜਾਇਬ ਸਿੰਘ ਚੱਠਾ ਨੇ ਕਿਹਾ ਕਿ ਨਰਸਿੰਗ ਕਰਨ ਵਾਲੇ ਵਿਦਿਆਰਥੀਆਂ ਦੀ ਭਾਰਤ ਦੇ ਨਾਲ ਨਾਲ ਕੈਨੇਡਾ ਵਿਚ ਵੀ ਭਾਰੀ ਮੰਗ ਹੈ। ਇਸ ਮੌਕੇ ਸੰਸਥਾ ਵੱਲੋਂ ਆਏ ਮਹਿਮਾਨਾਂ ਅਤੇ ਸਟਾਫ਼ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮੇਂ ਅਮਨਦੀਪ ਕੌਰ ਨੂੰ ਮਿਸ ਫ਼ਰੈਸ਼ਰ ਅਤੇ ਨਵਸ਼ੇਰ ਸਿੰਘ ਨੂੰ ਮਿਸਟਰ ਫ਼ਰੈਸ਼ਰ ਚੁਣਿਆ ਗਿਆ। ਸਮਾਗਮ ਦੌਰਾਨ ਗਿੱਧੇ ਅਤੇ ਭੰਗੜੇ ਦੇ ਸੱਭਿਆਚਾਰਕ ਪ੍ਰੋਗਰਾਮ ਨੇ ਰੰਗ ਬੰਨ੍ਹਿਆ। ਇਸ ਸਮਾਗਮ ਦੌਰਾਨ ਡਾ. ਜਗਜੀਤ ਸਿੰਘ ਐਸ.ਐਮ.ਓ. ਮਲੇਰਕੋਟਲਾ, ਲੈਕ: ਜਸਪਾਲ ਸਿੰਘ, ਸੁਖਵਿੰਦਰ ਸਿੰਘ ਫੁੱਲ, ਸਰਬਜੀਤ ਸਿੰਘ ਰੇਖੀ ਚੇਅਰਮੈਨ ਸਹਾਰਾ ਫ਼ਾਊਂਡੇਸ਼ਨ, ਵੰਦਨਾ ਸਲੂਜਾ, ਮਨਪ੍ਰੀਤ ਕੌਰ, ਸੁਖਵਿੰਦਰ ਸਿੰਘ ਬਬਲਾ, ਡਾ. ਰਾਮ ਲਾਲ ਸ਼ਰਮਾ, ਲਾਲ ਸਿੰਘ ਅਤੇ ਹੋਰਨਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਐੱਲ ਆਰ ਡੀ ਏ ਵੀ ਕਾਲਜ ਵਿਖੇ ਕਾਮਰਸ ਫਿਸਟਾ ਕਰਵਾਇਆ



**ਜਗਰਾਉਂ (ਅਮਿਤ ਖੰਨਾ)**-ਐੱਲ ਆਰ ਡੀ ਏ ਵੀ ਕਾਲਜ ਜਗਰਾਉਂ ਵਿਖੇ ਹਰ ਸਾਲ ਦੀ ਤਰ੍ਹਾਂ ਕਾਮਰਸ ਫਿਸਟਾ 2025, 27-28 ਫਰਵਰੀ 2025 ਨੂੰ ਕਾਲਜ ਦੇ ਪ੍ਰਿੰਸੀਪਲ ਡਾ. ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਵਿਨੋਦ ਸ਼ਰਮਾ ਮੈਨੇਜਰ ਕੇਨਰਾ ਬੈਂਕ, ਜਗਰਾਉਂ ਮੁੱਖ ਮਹਿਮਾਨ ਵਜੋਂ ਤੇ ਗੁਰਿੰਦਰ ਸਿੰਘ ਸਿੱਧੂ ਹੀਰੋ ਏਜੰਸੀ ਵਾਲੇ ਵਿਸ਼ੇਸ਼ ਮਹਿਮਾਨ ਵਜੋਂ ਤੇ ਰਾਜਿੰਦਰ ਜੈਨ ਜੀ ਉਚੇਚੇ ਤੌਰ 'ਤੇ ਸ਼ਾਮਲ ਹੋਏ।ਇਸ ਸਮਾਗਮ ਦਾ ਆਰੰਭ ਆਏ ਹੋਏ ਮਹਿਮਾਨਾਂ ਦੁਆਰਾ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ ਗਿਆ।ਕਾਲਜ ਦੇ ਪ੍ਰਿੰਸੀਪਲ ਡਾ. ਅਨੁਜ ਕੁਮਾਰ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਤੇ ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਕਾਮਰਸ ਵਿਭਾਗ ਦੁਆਰਾ ਆਯੋਜਤ ਕੀਤੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਜਿਵੇਂ ਕਿ ਰੀਸਾਈਕਲ ਮਾਨੀਆ, ਲਾਗੋਲੀ ਫੀਚਰ ਸ਼ਾਟ, ਬੈਸਟ ਬਲੋਗਰ, ਸੈਲਫੀ ਮੁਕਾਬਲਾ, ਐਡ ਮੈਡ ਸ਼ੋਅ, ਕਰੈਕਟਰ ਸ਼ੋਅ, ਡਾਂਸ, ਰੰਗ ਦੇ ਮਟਕਾ, ਗੀਤ ਗਾਉਣ, ਟੇਸਟੀ ਬਾਈਟਸ ਤੇ ਖਾਣਾ ਖਜ਼ਾਨਾ ਵਿੱਚ ਭਾਗ ਲਿਆ।ਇਨ੍ਹਾਂ ਮੁਕਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਨਿਵਾਜਿਆ ਗਿਆ।ਕਾਮਰਸ ਵਿਭਾਗ ਦੇ ਪ੍ਰੋ. ਪਲਵੀ ਮਾਨਿਕ ਨੇ ਪ੍ਰਿੰਸੀਪਲ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਕਾਮਰਸ ਵਿਭਾਗ ਦੇ ਮੁਖੀ ਰੇਨੂ ਸ਼ਿੰਗਲਾ, ਪ੍ਰੋ. ਕਲਿਕਾ ਜੈਨ, ਪ੍ਰੋ. ਪਲਵੀ ਤੇ ਪ੍ਰੋ. ਪ੍ਰਿਅੰਕਾ ਨੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਸਮੇਂ ਕਾਲਜ ਦਾ ਸਮੁੱਚਾ ਸਟਾਫ ਹਾਜ਼ਰ ਸੀ ਤੇ ਉਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸ਼ਾਨਦਾਰ ਢੰਗ ਨਾਲ ਸੰਪੰਨ ਕਰਨ ਵਿੱਚ ਬਹੁਤ ਸਹਿਯੋਗ ਦਿੱਤਾ।

## ਧਾਰਮਿਕ ਅਸਥਾਨ ਦਾ ਗੇਟ ਚੋਰੀ ਕਰਨ ਵਾਲੇ ਕਾਬੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਗੁਰੂਗੜ੍ਹ ਵਿਖੇ ਚੋਰ ਇੱਕ ਧਾਰਮਿਕ ਅਸਥਾਨ ਤੋਂ ਗੇਟ ਹੀ ਚੋਰੀ ਕਰਕੇ ਲੈ ਗਏ, ਜਿਨ੍ਹਾਂ ਨੂੰ ਮਾਛੀਵਾੜਾ ਪੁਲਸ ਨੇ ਕਾਬੂ ਕਰ ਲਿਆ। ਪੁਲਸ ਕੋਲ ਬਿਆਨ ਦਰਜ ਕਰਵਾਉਂਦਿਆਂ ਗੁਰੂਗੜ੍ਹ ਵਾਸੀ ਜਗਜੀਤ ਸਿੰਘ ਨੇ ਕਿਹਾ ਕਿ ਉਹ ਪਿੰਡ ਦੇ ਸ਼ਹੀਦ ਭਗਤ ਸਿੰਘ ਸੋਸ਼ਲ ਕਲੱਬ ਦਾ ਪ੍ਰਧਾਨ ਹੈ ਤੇ ਉਸ ਦੇ ਪਿੰਡ ਦੀਆਂ ਮਨਰੇਗਾ ਮਜ਼ਦੂਰ ਔਰਤਾਂ ਸਮਸ਼ਾਨ ਘਾਟ ਨੇੜੇ ਸਫ਼ਾਈ ਕਰ ਰਹੀਆਂ ਸਨ, ਨੇ ਦੱਸਿਆ ਕਿ 2 ਵਿਅਕਤੀ ਪੰਜ ਪੀਰਾਂ ਦੀ ਜਗ੍ਹਾ 'ਤੇ ਲੱਗਾ ਲੋਹੇ ਦਾ ਗੇਟ ਤੇ ਸਟੈਂਡ ਚੋਰੀ ਕਰਕੇ ਲੈ ਗਏ ਹਨ। ਮੈਂ ਤੇ ਮੇਰਾ ਦੋਸਤ ਲਵਜੀਤ ਸਿੰਘ ਜਦੋਂ ਇਨ੍ਹਾਂ ਚੋਰਾਂ ਦੀ ਭਾਲ ਕਰਨ ਲੱਗੇ ਤਾਂ ਸਾਨੂੰ ਪਤਾ ਲੱਗਾ ਕਿ ਇਹ ਚੋਰੀ ਧਰਮਪਾਲ ਉਰਫ਼ ਗੁੱਦੂ, ਦਵਿੰਦਰ ਸਿੰਘ ਉਰਫ਼ ਗੁਗਲਾ ਵਾਸੀ ਮਾਣੇਵਾਲ ਨੇ ਕੀਤੀ ਹੈ। ਮਾਛੀਵਾੜਾ ਪੁਲਸ ਵੱਲੋਂ ਇਨ੍ਹਾਂ ਦੋਵਾਂ ਖਿਲਾਫ਼ ਪਰਚਾ ਦਰਜ ਕਰ ਲਿਆ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਚੋਰੀ ਦਾ ਪਰਚਾ ਦਰਜ ਤੋਂ ਬਾਅਦ ਇਨ੍ਹਾਂ ਦੋਵਾਂ ਵਿਅਕਤੀਆਂ ਨੂੰ ਕਾਬੂ ਕਰ ਲਿਆ, ਜਿਨ੍ਹਾਂ ਤੋਂ ਧਾਰਮਿਕ ਅਸਥਾਨ ਤੋਂ ਚੋਰੀ ਕੀਤਾ ਗੇਟ ਤੇ ਇੱਕ ਲੋਹੇ ਦਾ ਸਟੈਂਡ ਬਰਾਮਦ ਕਰ ਲਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪੱਤਰਕਾਰ ਸਿੱਧੂ ਖਿਲਾਫ ਕੇਸ ਦਰਜ ਕਰਨਾ ਲੋਕਤੰਤਰ 'ਤੇ ਹਮਲਾ : ਘੋਲੀਆ



**ਹਠੂਰ (ਨਛੱਤਰ ਸੰਧੂ)**-ਏਕਤਾ ਮਨੁੱਖੀ ਅਧਿਕਾਰ ਬਿਊਰੋ ਦੇ ਚੇਅਰਮੈਨ ਬਲਵਿੰਦਰ ਸਿੰਘ ਘੋਲੀਆ ਨੇ ਪੱਤਰਕਾਰ ਮਨਿੰਦਰਜੀਤ ਸਿੱਧੂ ਦੇ ਖਿਲਾਫ ਕੇਸ ਦਰਜ ਕਰਨ ਦਾ ਸਖਤ ਨੋਟਿਸ ਲਿਆ ਹੈ। ਸ਼੍ਰੀ ਬਲਵਿੰਦਰ ਘੋਲੀਆ ਨੇ ਕਿਹਾ ਕਿ ਪੱਤਰਕਾਰ ਮਨਿੰਦਰਜੀਤ ਸਿੱਧੂ ਆਪਣੀਆਂ ਪੋਸਟਾਂ ਰਾਹੀਂ ਲੋਕਾਂ ਦੇ ਪੱਖ ਵਿੱਚ ਸਰਕਾਰੀ ਧੱਕੇਸ਼ਾਹੀਆਂ ਦੇ ਖਿਲਾਫ ਬੋਲਦਾ ਰਿਹਾ ਹੈ ਅਤੇ ਉਸ ਦੀਆਂ ਕਾਰਵਾਈਆਂ ਸਰਕਾਰ ਨੂੰ ਰੜਕਦੀਆਂ ਹਨ।ਇਸ ਲਈ ਆਮ ਆਦਮੀ ਸਰਕਾਰ ਨੇ ਉਸ ਦੇ ਖਿਲਾਫ ਕੇਸ ਦਰਜ ਕਰਕੇ ਉਸ ਦੀ ਜ਼ੁਬਾਨ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਘੋਲੀਆ ਨੇ ਕਿਹਾ ਕਿ ਪੱਤਰਕਾਰ ਦੀ ਜ਼ੁਬਾਨਬੰਦ ਕਰਨ ਦੀ ਕੋਸ਼ਿਸ਼ ਨੰਗੀ ਚਿੱਟੀ ਧੱਕੇਸ਼ਾਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲਾਂ ਵੀ ਆਪਣੇ ਸਿਆਸੀ ਵਿਰੋਧੀਆਂ ਅਤੇ ਪੱਤਰਕਾਰਾਂ ਤੇ ਕੇਸ ਦਰਜ ਕਰਕੇ ਉਹਨਾਂ ਨੂੰ ਚੁੱਪ ਕਰਾਉਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਹਨ, ਜੋ ਕਿ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।ਘੋਲੀਆ ਨੇ ਕਿਹਾ ਕਿ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹੁਣ ਸਮੇਂ ਪਹਿਲਾਂ ਵਾਲੇ ਨਹੀਂ ਰਹੇ। ਦਿੱਲੀ ਦੇ ਇਤਿਹਾਸਿਕ ਕਿਸਾਨ ਘੋਲ ਨੇ ਲੋਕਾਂ ਨੂੰ ਜਥੇਬੰਦ ਹੋਣ ਅਤੇ ਧੱਕੇ ਦੇ ਖਿਲਾਫ ਬੋਲਣ ਦੀ ਜਾਗ ਲਾਈ ਹੈ। ਜੇਕਰ ਪੱਤਰਕਾਰ ਮਨਿੰਦਰਜੀਤ ਸਿੱਧੂ ਦੇ ਖਿਲਾਫ ਕੇਸ ਵਾਪਸ ਨਾ ਲਏ ਗਏ ਅਤੇ ਉਸਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਸ ਦਾ ਜ਼ਬਰਦਸਤ ਵਿਰੋਧ ਕਰੇਗੀ।

# ਮਨਿੰਦਰਜੀਤ ਸਿੱਧੂ ਖਿਲਾਫ ਦਰਜ ਪਰਚਾ ਰੱਦ ਕਰਾਉਣ ਲਈ ਪ੍ਰਸ਼ਾਸਨ ਨੂੰ ਦਿੱਤਾ ਮੰਗ ਪੱਤਰ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਬਾਬਾ ਫ਼ਰੀਦ ਪ੍ਰੈਸ ਵੈਲਫੇਅਰ ਸੁਸਾਇਟੀ ਰਜਿ ਫ਼ਰੀਦਕੋਟ ਦੇ ਸੱਦੇ ਤੇ ਫਰੀਦਕੋਟ ਜਿਲ੍ਹੇ ਦੇ ਵੱਖ ਵੱਖ ਅਦਾਰਿਆਂ ਨਾਲ ਜੁੜੇ ਪੱਤਰਕਾਰਾਂ ਵੱਲੋ ਬੀਤੇ ਦਿਨੀਂ ਜੈਤੋ ਦੇ ਪੱਤਰਕਾਰ ਮਨਿੰਦਰ ਜੀਤ ਸਿੰਘ ਤੇ ਰਾਮਪੁਰਾ ਫੂਲ ਵਿਖੇ ਦਰਜ ਹੋਏ ਪਰਚੇ ਦੀ ਨਿਖੇਧੀ ਕੀਤੀ ਅਤੇ ਪਰਚੇ ਨੂੰ ਖਾਰਜ ਕਰਨ ਲਈ ਡਿਪਟੀ ਕਮਿਸ਼ਨਰ ਫਰੀਦਕੋਟ, ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਦੇ ਨਾਮ ਇੱਕ ਮੰਗ ਪੱਤਰ ਨਾਇਬ ਤਹਿਸੀਲਦਾਰ ਰਣਬੀਰ ਸਿੰਘ ਨੂੰ ਸੌਂਪਿਆ। ਇਸ ਮੌਕੇ ਇਕੱਤਰ ਹੋਏ ਪੱਤਰਕਾਰ ਭਾਈਚਾਰੇ ਦੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੀਤੇ ਦਿਨੀਂ ਰਾਮਪੁਰਾ ਫੂਲ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਬਲਕਾਰ ਸਿੱਧੂ ਵਲੋਂ ਵਰਤੀ ਕਥਿਤ ਗਲਤ ਸ਼ਬਦਾਵਲੀ ਨੂੰ ਲੈ ਕੇ ਇੱਕ ਕਾਲ ਰਿਕਾਰਡਿੰਗ ਨੂੰ ਲੋਕ ਅਵਾਜ਼ ਟੀ ਵੀ ਦੇ ਪੱਤਰਕਾਰ ਮਨਿੰਦਰ ਜੀਤ ਸਿੰਘ ਨੇ ਆਪਣੇ ਚੈਨਲ ਉਪਰ ਚਲਾਇਆ ਸੀ। ਉਸ ਤੋਂ ਬਾਅਦ ਪੱਤਰਕਾਰ ਮਨਿੰਦਰ ਉਪਰ ਪਰਚਾ ਦਰਜ ਕੀਤਾ ਗਿਆ, ਜਿਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਮੌਕੇ ਸੀਨੀਅਰ ਪੱਤਰਕਾਰ ਤਰਸੇਮ ਚਾਨਣਾ, ਅਮਿਤ ਸ਼ਰਮਾ, ਪਰਮਿੰਦਰ ਸਿੰਘ, ਰਜੀਵ ਸ਼ਰਮਾ ਨਰਿੰਦਰ ਬੈੜ੍ਹ, ਰਾਜਨ ਠਾਕੁਰ, ਰਕੇਸ਼ ਸ਼ਰਮਾ ਤੋਂ ਇਲਾਵਾ, ਰਾਮ ਕ੍ਰਿਸ਼ਨ, ਦੇਵਾਨੰਦ ਸ਼ਰਮਾ,ਜਗਤਾਰ ਸਿੰਘ, ਗੁਰਪ੍ਰੀਤ ਸਿੰਘ, ਸ਼ਰਨਜੀਤ ਕੌਰ ਤੇ ਬਾਬਾ ਫ਼ਰੀਦ ਪ੍ਰੈਸ ਵੈਲਫੇਅਰ ਸੁਸਾਇਟੀ ਰਜਿ ਫ਼ਰੀਦਕੋਟ ਦੇ ਪ੍ਰਧਾਨ ਸ਼੍ਰੀ ਰਕੇਸ਼ ਗਰਗ, ਰਜਿੰਦਰ ਅਰੋੜਾ, ਗੁਰਪ੍ਰੀਤ ਸਿੰਘ ਪੱਕਾ, ਗੁਰਪ੍ਰੀਤ ਸਿੰਘ ਬੇਦੀ, ਜਗਦੀਸ਼ ਸਹਿਗਲ, ਪ੍ਰਦੀਪ ਗਰਗ, ਪਰਵਿੰਦਰ ਸਿੰਘ ਕੰਧਾਰੀ, ਰਾਜਵਿੰਦਰ ਸਿੰਘ, ਅਜੇ ਸਿੰਗਲਾ ਅਤੇ ਨਾਇਬ ਰਾਜ ਆਦਿ ਪੱਤਰਕਾਰ ਸਾਥੀ ਹਾਜ਼ਰ ਸਨ।

## 15 ਮੋਟਰਾਂ ਦੀਆਂ ਕੇਬਲ ਤਾਰਾਂ ਚੋਰੀ

**ਮੂਨਕ (ਰਾਜਪਾਲ ਸਿੰਗਲਾ)**-ਤਹਿਸੀਲ ਮੂਨਕ ਦੇ ਪਿੰਡ ਬਿਸ਼ਨਪੁਰਾ ਖੋਖਰ ਵਿੱਚ ਬੀਤੀ ਰਾਤ ਚੋਰਾਂ ਵੱਲੋਂ 15 ਮੋਟਰਾਂ ਦੀਆਂ ਤਾਰਾਂ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਇਲਾਕੇ ਵਿੱਚ ਬੇ-ਖੌਫ ਤਰੀਕੇ ਨਾਲ ਹੋ ਰਹੀਆਂ ਚੋਰੀਆਂ ਤੇ ਕਿਸਾਨਾਂ ਦਾ ਕਹਿਣਾ ਹੈ ਕੀ ਇਹ ਚੋਰੀਆਂ ਕਰਨ ਵਾਲਿਆਂ ਦਾ 5-7 ਬੰਦਿਆਂ ਦਾ ਗਰੋਹ ਹੈ, ਜੇਕਰ ਕੋਈ ਕਿਸਾਨ ਰਾਤ ਨੂੰ ਖੇਤ ਮਿਲ ਗਿਆ ਤਾਂ ਕਿਸੇ ਹਥਿਆਰ ਨਾਲ ਕੋਈ ਜਾਨੀ ਨੁਕਸਾਨ ਵੀ ਕਰ ਸਕਦੇ ਨੇ। ਇਹ ਚੋਰਾਂ ਦਾ ਗਰੋਹ ਰਾਤ ਦੇ ਸਮੇਂ ਖੇਤਾਂ ਵਿੱਚ ਬੈਠ ਕੇ ਹੀ ਤਾਰਾਂ ਵਿੱਚੋਂ ਤਾਂਬਾ ਕੱਢ ਕੇ ਲੈ ਗਏ।ਤਾਰਾਂ ਦੇ ਉੱਪਰਲੀ ਰਬੜ ਕਣਕਾਂ ਵਿੱਚ ਸਵੇਰੇ ਸੁੱਟੀ ਹੋਈ ਕਿਸਾਨਾਂ ਨੂੰ ਮਿਲੀ।ਕਿਸਾਨਾਂ ਨੂੰ ਹੈਰਾਨੀ ਉਸ ਸਮੇਂ ਹੋਈ, ਜਦੋਂ ਆਲੇ ਦੁਆਲੇ ਦੀਆਂ 15 ਮੋਟਰਾਂ ਦੀਆਂ ਸਾਰੀਆਂ ਤਾਰਾਂ ਵੱਡਣ ਦੀ ਗੱਲ ਸਾਹਮਣੇ ਆਈ ਕਿਸਾਨਾਂ ਦਾ ਕਹਿਣਾ ਹੈ ਕਿ ਪਿੰਡ ਵਿੱਚ ਚਿੱਟੇ ਦਾ ਨਸ਼ਾ ਕਰਨ ਵਾਲਿਆਂ ਵੱਲੋਂ ਇਹ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ ਹੈ। ਇੱਕ ਮੋਟਰ ਦੀ ਤਾਰ ਦੀ ਕੀਮਤ 50 ਹਜ਼ਾਰ ਰੁਪਏ ਕਿਸਾਨਾਂ ਵਲੋਂ ਦੱਸੀ ਗਈ ਹੈ।ਇੱਕ ਸਾਬਕਾ ਸਰਪੰਚ ਨਾਰੰਗ ਸਿੰਘ ਕਿਸਾਨ ਵੱਲੋਂ ਆਪਣੇ ਖੇਤ ਵਿੱਚ ਮੋਟਰ ਬਾਹਰ ਕੱਢ ਕੇ ਰੱਖੀ ਸੀ ਤੇ ਨਾਲ ਹੀ ਉਸ ਦੀ ਸਾਰੀ 400 ਫੁੱਟ ਤਾਰ ਵੀ ਲੈ ਗਏ।ਚੋਰਾਂ ਨੇ ਇੱਕ ਹੱਥ ਦੀ ਤਾਰ ਛੱਡ ਕੇ ਸਾਰੀ ਤਾਰ ਵੱਢ ਲਈ ਤੇ ਆਰਾਮ ਦੇ ਨਾਲ ਮੋਟਰਾਂ 'ਤੇ ਬੈਠ ਕੇ ਤਾਰਾਂ ਨੂੰ ਛਿੱਲ ਕੇ ਲੈ ਕੇ ਗਏ ਨੇ, ਹੁਣ ਚੋਰਾਂ ਨੂੰ ਪਤਾ ਸੀ ਕੀ ਕਿਸਾਨਾਂ ਨੇ ਕਣਕਾਂ ਨੂੰ ਪਾਣੀ ਲਾ ਦਿੱਤਾ ਹੈ ਤੇ ਹੁਣ ਕਿਸਾਨ ਖੇਤ ਨਹੀਂ ਆਉਂਦੇ, ਮੌਕੇ ਉੱਪਰ ਇਕੱਠੇ ਹੋਏ ਲੋਕਾਂ ਤੇ ਪਿੰਡ ਦੇ ਸਰਪੰਚ ਜਗਸੀਰ ਸਿੰਘ ਵੱਲੋਂ ਨਜ਼ਦੀਕ ਪੈਂਦੇ ਥਾਣਾ ਖਨੌਰੀ ਨੂੰ ਸੂਚਨਾ ਦੇ ਦਿੱਤੀ ਹੈ ਤੇ ਕਿਸਾਨਾਂ ਨੇ ਇਨ੍ਹਾਂ ਲੋਕਾਂ ਨੂੰ ਠੱਲ੍ਹ ਪਾਉਣ 'ਤੇ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਦਰਸ਼ਨ ਸਿੰਘ, ਜੀਵਨ ਸਿੰਘ, ਮਨਦੀਪ ਸਿੰਘ, ਗੁਰਪਿਆਰ ਸਿੰਘ, ਗਿਆਨ ਸਿੰਘ, ਕਾਲਾ ਸਿੰਘ, ਮਲਕੀਤ ਸਿੰਘ, ਮੱਖਣ ਸਿੰਘ, ਜੱਗਾ ਸਿੰਘ, ਗੁਰਸੇਵਕ ਸਿੰਘ, ਤਾਰਾ ਸਿੰਘ, ਹਰਮਿੰਦਰ ਸਿੰਘ ਤੇ ਸਰਪੰਚ ਜਗਸੀਰ ਸਿੰਘ ਸਮੇਤ ਪਿੰਡ ਦੇ ਹੋਰ ਲੋਕ ਵੀ ਸ਼ਾਮਲ ਸਨ।

## ਨਰੇਗਾ ਮੁਲਾਜ਼ਮ 5 ਤੋਂ ਜਾਣਗੇ ਧਰਨੇ 'ਤੇ : ਵਰਿੰਦਰ ਸਿੰਘ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਰੈਗੂਲਰ ਦੀ ਮੰਗ ਨੂੰ ਲੈ ਕੇ ਨਰੇਗਾ ਮੁਲਾਜ਼ਮਾਂ ਵੱਲੋ 5 ਮਾਰਚ ਤੋਂ 7 ਮਾਰਚ ਤੱਕ ਨਰੇਗਾ ਦੇ ਕੰਮ ਬੰਦ ਕਰਕੇ ਬਲਾਕ ਪੱਧਰ 'ਤੇ ਦਿੱਤੇ ਜਾਣਗੇ ਰੋਸ ਧਰਨੇ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਮੁਲਾਜ਼ਮਾਂ ਨੂੰ ਰੈਗੂਲਰ ਕਰਵਾਉਣ ਲਈ ਪਿਛਲੇ ਲੱਗਭਗ 16 ਸਾਲਾਂ ਤੋਂ ਸੰਘਰਸ਼ ਕਰ ਰਹੇ ਮੁਲਾਜ਼ਮਾਂ ਵੱਲੋਂ ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਦੀ ਇੱਕ ਅਹਿਮ ਮੀਟਿੰਗ ਲੁਧਿਆਣਾ ਦੇ ਇਸਤੂ ਭਵਨ ਵਿਖੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆ ਸੂਬਾ ਪ੍ਰਧਾਨ ਵਰਿੰਦਰ ਸਿੰਘ ਨੇ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਪਾਲਸੀਆਂ ਬਨਾਉਣ ਦਾ ਬਹਾਨਾ ਬਣਾ ਕੇ ਸਿਰਫ ਤੇ ਸਿਰਫ ਵਰਤਿਆ ਗਿਆ ਹੈ।ਵਾਰ ਵਾਰ ਕੈਬਨਿਟ ਸਬ ਕਮੇਟੀਆਂ ਬਣਾ ਕੇ ਪੰਜ ਸਾਲ ਨਰੇਗਾ ਮੁਲਾਜ਼ਮਾਂ ਨੂੰ ਲਾਰਿਆਂ ਵਿੱਚ ਹੀ ਉਲਝਿਆ ਕੇ ਰੱਖਿਆ ਜਾਂਦਾ ਰਿਹਾ ਹੈ।ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਨਰੇਗਾ ਮੁਲਾਜ਼ਮਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਦੱਬ ਕੇ ਇਸਤੇਮਾਲ ਕੀਤਾ ਹੈ ਇਸ ਲਈ ਨਰੇਗਾ ਮੁਲਾਜ਼ਮਾਂ ਵਿੱਚ ਗਹਿਰਾ ਰੋਸ ਪਾਇਆ ਜਾ ਰਿਹਾ ਹੈ।ਅੱਜ ਮੀਟਿੰਗ ਵਿੱਚ ਸੂਬਾ ਕਮੇਟੀ ਵੱਲੋ ਫੈਸਲਾ ਕੀਤਾ ਗਿਆ ਕਿ ਸਾਰੇ ਵਿਧਾਇਕਾਂ ਮੰਤਰੀਆਂ ਚੇਅਰਮੈਨਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ।5 ਤੋਂ7ਮਾਰਚ ਤੱਕ ਨਰੇਗਾ ਮੁਲਾਜ਼ਮਾਂ ਨਾਲ ਸਬਧਿਤ ਦੇ ਹਰ ਤਰ੍ਹਾਂ ਆਨਲਾਈਨ ਅਤੇ ਫੀਲਡ ਦੇ ਕੰਮ ਮੁਕੰਮਲ ਬੰਦ ਕਰਕੇ ਬਲਾਕ ਪੱਧਰੀ ਰੋਸ ਧਰਨੇ ਦਿੱਤੇ ਜਾਣਗੇ।ਜੇਕਰ ਫਿਰ ਵੀ ਸਰਕਾਰ ਵੱਲੋਂ ਕੋਈ ਸੁਣਵਾਈ ਨਾ ਹੋਈ ਤਾਂ 9 ਮਾਰਚ ਨੂੰ ਪੰਜਾਬ ਪੱਧਰ ਦੀ ਮੀਟਿੰਗ ਬੁਲਾ ਕੇ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ।ਇਹਨਾ ਸਭ ਮੰਗਾਂ ਨੂੰ ਮੁੱਖ ਰੱਖਦਿਆਂ ਅੱਜ ਬਲਾਕ ਨਿਹਾਲ ਸਿੰਘ ਵਾਲਾ ਦੇ ਨਰੇਗਾ ਮੁਲਾਜ਼ਮਾਂ ਵੱਲੋਂ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਹਲਕਾ ਨਿਹਾਲ ਸਿੰਘ ਵਾਲਾ ਨੂੰ ਮੰਗ ਪੱਤਰ ਸੌਂਪਿਆ।ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਬੁੱਟਰ, ਬਲਾਕ ਪ੍ਰਧਾਨ ਹਰਕੰਵਲ ਸਿੰਘ, ਜਗਰਾਜ ਸਿੰਘ ਜੀ ਆਰ ਐਸ, ਰਮਨਦੀਪ ਸਿੰਘ ਟੀ ਏ,ਜਗਤਾਰ ਸਿੰਘ ਸੀ ਏ ਅਤੇ ਗਗਨਪ੍ਰੀਤ ਸਿੰਘ ਏ ਪੀ ਓ ਆਦਿ ਵੀ ਇਸ ਸਮੇਂ ਹਾਜ਼ਰ ਸਨ।

## ਦੇਵ ਸਮਾਜ ਕਾਲਜ ਦੇ ਪ੍ਰਿੰਸੀਪਲ ਡਾ. ਸੰਗੀਤਾ ਨੂੰ ਰਾਜ ਪੱਧਰੀ ਪੁਰਸਕਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਪੰਜਾਬ ਦੀ ਮਾਨਮੱਤੀ ਸੰਸਥਾ ਹੈ।ਇਹ ਕਾਲਜ ਆਪਣੀਆਂ ਅਕਾਦਮਿਕ ਤੇ ਸਮਾਜਿਕ ਗਤੀਵਿਧੀਆਂ ਸਦਕਾ ਹਮੇਸ਼ਾ ਮੋਹਰੀ ਸਥਾਨ ਹਾਸਲ ਕਰਦਾ ਆ ਰਿਹਾ ਹੈ।ਕਾਲਜ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੂੰ ਸਿੱਖਿਆ, ਵਾਤਾਵਰਨ, ਸਥਿਰਤਾ ਤੇ ਉੱਦਮਤਾ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਇਸ ਖੇਤਰ ਨਾਲ ਸਬੰਧਤ ਕਾਰਜਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਤੇ ਯੋਗ ਅਗਵਾਈ ਲਈ ਨੈਸ਼ਨਲ ਐਜੂ ਟਰੱਸਟ ਆਫ ਇੰਡੀਆ, ਭਾਰਤ ਸਰਕਾਰ ਵੱਲੋਂ ਉੱਚ ਪੱਧਰੀ ਸਿੱਖਿਅਕ ਅਦਾਰਿਆਂ ਨੂੰ ਸਕਿੱਲ ਟੂ ਇੰਟਰਪ੍ਰਨੋਓਰਸ਼ਿਪ ਪ੍ਰੋਗਰਾਮ ਦੇ ਅਧੀਨ ਰਾਜ ਪੱਧਰੀ ਸਰਵੋਤਮ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।ਇਹ ਪੁਰਸਕਾਰ ਉਨ੍ਹਾਂ ਨੂੰ ਮੁੱਖ ਮਹਿਮਾਨ ਪੰਜਾਬ ਹੈਰੀਟੇਜ ਐਂਡ ਟੂਰਿਜਮ ਪ੍ਰੋਮੋਸ਼ਨ ਬੋਰਡ ਦੇ ਅਡਵਾਇਜ਼ਰ ਦੀਪਕ ਬਾਲੀ ਤੇ ਨੈਸ਼ਨਲ ਐਜੂਟਰੱਸਟ ਆਫ ਇੰਡੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਸਮਰਥ ਸ਼ਰਮਾ ਦੁਆਰਾ ਭੇਟ ਕੀਤਾ ਗਿਆ।ਸਮਰਥ ਸ਼ਰਮਾ ਨੇ ਦੱਸਿਆ ਕਿ ਪ੍ਰਿੰਸੀਪਲ ਡਾ. ਸੰਗੀਤਾ ਨੇ ਭਾਈਚਾਰੇ ਤੇ ਵਾਤਵਰਣ ਦੀ ਸਾਂਭ-ਸੰਭਾਲ ਤੋਂ ਇਲਾਵਾ ਇਸ ਦੇ ਚੰਗੇਰੇ ਭਵਿੱਖ ਲਈ ਅਹਿਮ ਉਪਰਾਲੇ ਕੀਤੇ ਹਨ।ਉਨ੍ਹਾ ਕਿਹਾ ਕਿ ਇਹ ਉਪਰਾਲੇ ਤੇ ਨਿਵੇਕੇਲੇ ਯਤਨ ਨੈਸ਼ਨਲ ਐਜੂਟਰੱਸਟ ਆਫ ਇੰਡੀਆਂ ਦੁਆਰਾ ਨਿਰਧਾਰਤ ਕੀਤੇ ਗਏ ਪੈਮਾਨਿਆਂ 'ਤੇ ਪੂਰੇ ਉਤਰਦੇ ਹਨ।ਇਸ ਸਨਮਾਨ ਨਾਲ ਨਿਵਾਜੇ ਜਾਣ 'ਤੇ ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਮੈਂ ਨੈਸ਼ਨਲ ਐਜੂਟਰੱਸਟ ਆਫ ਇੰਡੀਆ ਦੀ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ, ਜਿਨ੍ਹਾਂ ਨੇ ਮੇਰੀਆਂ ਸਿੱਖਿਆ ਤੇ ਵਾਤਾਵਰਨ ਨਾਲ ਸਬੰਧਤ ਘਾਲਣਾਵਾਂ ਨੂੰ ਪੁਰਸਕਾਰਤ ਕੀਤਾ।ਉਨ੍ਹਾਂ ਕਿਹਾ ਕਿ ਮੈਂ ਨੈਸ਼ਨਲ ਐਜੂਟਰੱਸਟ ਆਫ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਸਮਰਥ ਸ਼ਰਮਾ ਦਾ ਉਚੇਚਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਸਮੇਂ-ਸਮੇਂ ਤੇ ਸਾਡੀ ਸੰਸਥਾ ਵਿੱਚ ਸਿੱਖਿਆ, ਵਾਤਾਵਰਨ ਸਥਿਰਤਾ ਤੇ ਉੱਦਮਤਾ ਦੇ ਖੇਤਰਾਂ ਨਾਲ ਸਬੰਧਤ ਸੈਮੀਨਾਰ, ਵਰਕਸ਼ਾਪ ਆਦਿ ਆਯੋਜਤ ਕਰਵਾਏ।

ਇਸ ਸਰਵੋਤਮ ਪੁਰਸਕਾਰ ਦੀ ਪ੍ਰਾਪਤੀ ਨਾਲ ਮੇਰੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ ਕਿ ਮੈਂ ਸਬੰਧਤ ਖੇਤਰ ਵਿੱਚ ਹੋਰ ਭਰਵਾਂ ਯੋਗਦਾਨ ਪਾਵਾਂ।ਇਸ ਸਰਵੋਤਮ ਸਨਮਾਨ ਨਾਲ ਸਨਮਾਨਤ ਹੋਣ 'ਤੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ, ਸੈਕਟਰੀ ਡਾ. ਅਗਨੀਜ ਢਿੱਲੋਂ ਵੱਲੋਂ ਕਾਲਜ ਦੇ ਪ੍ਰਿੰਸੀਪਲ ਡਾ. ਸੰਗੀਤਾ ਨੂੰ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ।

## ਭਾਰਤ ਜਨ ਗਿਆਨ-ਵਿਗਿਆਨ ਜਥਾ ਨੇ ਕੌਮੀ ਵਿਗਿਆਨ ਦਿਵਸ ਮਨਾਇਆ



**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤ ਜਨ ਗਿਆਨ ਵਿਗਿਆਨ ਜਥਾ ਵੱਲੋਂ ਸਕੂਲ ਆਫ ਐਮੀਨੈਂਸ ਸੇਖੇਵਾਲ ਵਿਖੇ ਕੌਮੀ ਵਿਗਿਆਨ ਦਿਵਸ ਮਨਾਇਆ ਗਿਆ, ਜਿਸ ਦਾ ਵਿਸ਼ਾ 'ਸਰਬ ਪੱਖੀ ਵਿਕਾਸ ਤੇ ਵਿਗਿਆਨਕ ਸੋਚ' ਸੀ।ਸਕੂਲ ਦੇ ਪ੍ਰਿੰਸੀਪਲ ਨਰੇਸ਼ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਕੌਮੀ ਵਿਗਿਆਨ ਦਿਵਸ ਦੇ ਮਹੱਤਵ ਬਾਰੇ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ।ਇਸ ਮੌਕੇ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਬੱਚਿਆਂ ਵਿੱਚ ਪੋਸਟਰ ਮੇਕਿੰਗ ਮੁਕਾਬਲੇ ਤੇ ਭਾਸ਼ਣ ਪ੍ਰਤੀ ਯੋਗਤਾ ਕਰਵਾਈ ਗਈ।ਭਾਰਤ ਜਨ ਗਿਆਨ ਜਥਾ ਦੇ ਸਕੱਤਰ ਮਨਿੰਦਰ ਸਿੰਘ ਭਾਟੀਆ ਨੇ ਜਥੇ ਦੇ ਇਤਿਹਾਸ ਤੇ ਇਸ ਵੱਲੋਂ ਵਾਤਾਵਰਨ ਦੀ ਸੰਭਾਲ ਲਈ 1992 ਤੋਂ ਸਕੂਲਾਂ, ਕਾਲਜਾਂ ਤੇ ਜਨਤਕ ਥਾਵਾਂ 'ਤੇ ਪਾਏ ਜਾ ਰਹੇ ਯੋਗਦਾਨ ਬਾਰੇ ਦੱਸਿਆ।ਜਥੇ ਦੇ ਪ੍ਰਧਾਨ ਨੈਸ਼ਨਲ ਤੇ ਸਟੇਟ ਐਵਾਰਡੀ ਰਣਜੀਤ ਸਿੰਘ ਨੇ ਸੀ. ਵੀ. ਰਮਨ ਦੀ ਜੀਵਨੀ ਤੇ ਉਨ੍ਹਾਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਉਨ੍ਹਾਂ ਤੋਂ ਬਾਅਦ ਜਥੇ ਦੇ ਜਥੇਬੰਦਕ ਸਕੱਤਰ ਡਾਕਟਰ ਰਜਿੰਦਰ ਪਾਲ ਸਿੰਘ ਔਲਖ ਨੇ ਸਮਾਜ ਦੇ ਸਰਬਪੱਖੀ ਵਿਕਾਸ ਵਿੱਚ ਵਿਗਿਆਨਕ ਸੋਚ ਦੀ ਅਹਿਮੀਅਤ ਬਾਰੇ ਆਪਣੇ ਵਿਚਾਰ ਰੱਖੇ ਤੇ ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਲਈ ਬੜਾ ਨਿਗੂਣਾ ਜਿਹਾ ਬਜਟ ਰੱਖਣ ਬਾਰੇ ਚਿੰਤਾ ਜ਼ਾਹਰ ਕੀਤੀ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਸੁਮੀਤ, ਦੂਸਰੇ ਸਥਾਨ 'ਤੇ ਰਿਤੇਸ਼ ਅਤੇ ਤੀਸਰੇ ਸਥਾਨ 'ਤੇ ਅਜੇ ਆਇਆ।ਇਸੇ ਤਰ੍ਹਾਂ ਭਾਸ਼ਣ ਪ੍ਰਤੀਯੋਗਤਾ ਵਿੱਚ ਪਹਿਲੇ ਸਥਾਨ 'ਤੇ ਜੋਤੀ, ਦੂਜੇ ਸਥਾਨ 'ਤੇ ਸੁਮੀਤ ਤੇ ਤੀਜੇ ਸਥਾਨ 'ਤੇ ਜੀਆ ਆਈ ਅਤੇ ਇਨ੍ਹਾਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।ਭਾਰਤ ਜਨ ਗਿਆਨ ਵਿਗਿਆਨ ਜਥਾ ਵੱਲੋਂ ਸਨਮਾਨ ਦੇ ਤੌਰ 'ਤੇ ਸਕੂਲ ਦੇ ਪ੍ਰਿੰਸੀਪਲ ਨੂੰ ਸੋਵੀਨਾਰ ਭੇਟ ਕੀਤਾ ਗਿਆ।ਸਟੇਜ ਦੀ ਕਾਰਵਾਈ ਮੈਡਮ ਨੀਰੂ ਪਰਿਹਾਰ ਵੱਲੋਂ ਚਲਾਈ ਗਈ।ਉਨ੍ਹਾਂ ਤੋਂ ਇਲਾਵਾ ਸਕੂਲ ਦੇ ਸਟਾਫ, ਜਿਨ੍ਹਾਂ ਵਿੱਚ ਮੈਡਮ ਵਰਿੰਦਰਾ ਪਰਵੀਨ, ਮੈਡਮ ਗੁਰਪ੍ਰੀਤ ਕੌਰ, ਮੈਡਮ ਭਾਰਤੀ ਤੇ ਸਤਿੰਦਰ ਸਿੰਘ ਸ਼ਾਮਲ ਸਨ, ਨੇ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਪੂਰਾ ਪੂਰਾ ਸਹਿਯੋਗ ਦਿੱਤਾ।ਭਾਰਤ ਜਨ ਗਿਆਨ ਵਿਗਿਆਨ ਜੱਥਾ ਵੱਲੋਂ ਡਾਕਟਰ ਗੁਰਪ੍ਰੀਤ ਸਿੰਘ ਰਤਨ ਤੇ ਕੇਵਲ ਸਿੰਘ ਬਨਵੈਤ ਵੀ ਸਮਾਗਮ ਵਿੱਚ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਟਰੰਪ ਨਾਲ ਝੜਪ...

ਐਸਤੋਨੀਆ ਦੇ ਵਿਦੇਸ਼ ਮੰਤਰੀ ਮਾਰਗਸ ਨੇ ਕਿਹਾ ਕਿ ਅਮਨ ਦੇ ਰਾਹ ਵਿੱਚ ਸਿਰਫ ਰੂਸੀ ਰਾਸ਼ਟਰਪਤੀ ਪੁਤਿਨ ਹੀ ਰੋੜਾ ਹਨ। ਸਵੀਡਿਸ਼ ਪ੍ਰਧਾਨ ਮੰਤਰੀ ਉਲਫ ਕ੍ਰਿਸਟਰਸਨ ਨੇ ਕਿਹਾ ਕਿ ਜੇ ਰੂਸ ਤਕੜਾ ਹੁੰਦਾ ਹੈ ਤਾਂ ਨਾਰਡਿਕ ਤੇ ਬਾਲਟਿਕ ਦੇਸ਼ਾਂ ਅਤੇ ਹੋਰਨਾਂ ਲੋਕਾਂ ਦਾ ਭਵਿੱਖ ਦਾਅ 'ਤੇ ਲੱਗ ਜਾਵੇਗਾ।

ਯੂਰਪੀਨ ਯੂਨੀਅਨ ਕਮਿਸ਼ਨ ਦੀ ਚੇਅਰਪਰਸਨ ਉਰਸੁਲਾ ਵਾਨ ਡੇਰ ਲੇਏਨ ਨੇ ਜ਼ੇਲੈਂਸਕੀ ਨੂੰ ਕਿਹਾ ਕਿ ਮਜ਼ਬੂਤ ਬਣੋ, ਬਹਾਦਰ ਬਣੋ, ਨਿਡਰ ਬਣੋ, ਪਿਆਰੇ ਰਾਸ਼ਟਰਪਤੀ, ਤੁਸੀਂ ਇਕੱਲੇ ਨਹੀਂ ਹੋ। ਐਤਵਾਰ ਲੰਡਨ ਵਿੱਚ ਯੂ ਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਮੇਜ਼ਬਾਨੀ 'ਚ ਸਿਖਰ ਸੰਮੇਲਨ ਹੋ ਰਿਹਾ ਹੈ, ਜਿਸ ਵਿੱਚ ਜ਼ੇਲੈਂਸਕੀ ਸਣੇ ਕਈ ਯੂਰਪੀਨ ਆਗੂ ਹਿੱਸਾ ਲੈਣਗੇ ਅਤੇ ਯੂਕਰੇਨ ਦੀ ਸੁਰੱਖਿਆ ਬਾਰੇ ਵਿਚਾਰਾਂ ਕਰਨਗੇ।

ਇਸੇ ਦੌਰਾਨ ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਨ ਨੇ ਟਰੰਪ ਦੀ ਪ੍ਰਸ਼ੰਸਾ ਕੀਤੀ ਹੈ ਤੇ ਕਿਹਾ ਹੈ ਕਿ ਜ਼ੇਲੈਂਸਕੀ ਆਪਣੇ ਹੀ ਦੇਸ਼ ਦੇ ਖਿਲਾਫ ਕੰਮ ਕਰ ਰਹੇ ਹਨ। ਉਨ੍ਹਾ ਕਿਹਾ ਕਿ ਮਜ਼ਬੂਤ ਲੋਕ ਅਮਨ ਲਿਆਉਂਦੇ ਹਨ ਤੇ ਕਮਜ਼ੋਰ ਜੰਗ ਕਰਦੇ ਹਨ। ਟਰੰਪ ਅਮਨ ਲਈ ਡਟੇ ਹੋਏ ਹਨ, ਭਾਵੇਂ ਕਈ ਲੋਕਾਂ ਲਈ ਇਸ ਨੂੰ ਪਚਾਉਣਾ ਮੁਸ਼ਕਲ ਹੈ। ਓਰਬਨ ਸ਼ੁਰੂ ਤੋਂ ਹੀ ਰੂਸ ਦੀ ਹਮਾਇਤ ਕਰ ਰਹੇ ਹਨ।

ਟਰੰਪ ਨੇ ਸ਼ੁੱਕਰਵਾਰ ਓਵਲ ਆਫਿਸ ਵਿੱਚ ਮੀਟਿੰਗ ਦੌਰਾਨ ਜ਼ੇਲੈਂਸਕੀ 'ਤੇ ਵਰ੍ਹਦਿਆਂ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਲਈ ਉਸ ਦੀ ਝਾੜਝੰਬ ਕੀਤੀ ਸੀ। ਟਰੰਪ, ਉਪ ਰਾਸ਼ਟਰਪਤੀ ਜੇ ਡੀ ਵਾਂਸ ਅਤੇ ਜ਼ੇਲੈਂਸਕੀ ਵਿਚਾਲੇ ਕਰੀਬ 45 ਮਿੰਟ ਤੱਕ ਗੱਲਬਾਤ ਹੋਈ, ਜਿਸ 'ਚ ਆਖਰੀ 10 ਮਿੰਟ ਤਿੰਨਾਂ ਵਿਚਾਲੇ ਕਾਫੀ ਤਿੱਖੀ ਬਹਿਸ ਹੋਈ। ਜ਼ੇਲੈਂਸਕੀ ਨੇ ਆਪਣਾ ਪੱਖ ਰੱਖਦਿਆਂ ਰੂਸ ਵੱਲੋਂ ਤੋੜੀਆਂ ਗਈਆਂ ਪਾਬੰਦੀਆਂ ਦਾ ਹਵਾਲਾ ਦਿੱਤਾ। ਸ਼ੁਰੂਆਤ ਵਾਂਸ ਵੱਲੋਂ ਜ਼ੇਲੈਂਸਕੀ ਨੂੰ ਇਹ ਕਹਿਣ ਨਾਲ ਹੋਈ, 'ਰਾਸ਼ਟਰਪਤੀ ਜੀ। ਮੈਨੂੰ ਲੱਗਦਾ ਹੈ ਕਿ ਤੁਸੀਂ ਅਮਰੀਕੀ ਮੀਡੀਆ ਦੇ ਸਾਹਮਣੇ ਇਸ ਮਾਮਲੇ 'ਤੇ ਦਾਅਵਾ ਕਰ ਕੇ ਬੇਇੱਜ਼ਤੀ ਕਰ ਰਹੇ ਹੋ।' ਜ਼ੇਲੈਂਸਕੀ ਨੇ ਅਪੀਲ ਕਰਨ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਟਰੰਪ ਨੇ ਉੱਚੀ ਆਵਾਜ਼ ਵਿੱਚ ਕਿਹਾ, 'ਤੁਸੀਂ ਲੱਖਾਂ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹੋ।' ਟਰੰਪ ਨੇ ਕਿਹਾ, 'ਤੁਸੀਂ ਤੀਜੀ ਵਿਸ਼ਵ ਜੰਗ ਨੂੰ ਸੱਦਾ ਦੇ ਰਹੇ ਹੋ ਅਤੇ ਜੋ ਤੁਸੀਂ ਕਰ ਰਹੇ ਹੋ, ਉਹ ਦੇਸ਼ (ਅਮਰੀਕਾ) ਦੇ ਲਈ ਵੱਡੀ ਬੇਇੱਜ਼ਤੀ ਹੈ, ਇਹ ਉਹ ਦੇਸ਼ ਹੈ, ਜਿਸ ਨੇ ਤੁਹਾਡੇ ਲਈ ਬਹੁਤ ਜ਼ਿਆਦਾ ਸਮਰਥਨ ਦਿੱਤਾ ਹੈ।' ਆਮ ਤੌਰ 'ਤੇ ਗੰਭੀਰ ਚਰਚਾਵਾਂ ਲਈ ਪ੍ਰਸਿੱਧ ਓਵਲ ਆਫਿਸ ਵਿੱਚ ਇਹ ਤਣਾਅ ਅਤੇ ਖੁੱਲ੍ਹੇ ਤੌਰ 'ਤੇ ਉੱਚੀ ਆਵਾਜ਼ ਵਿੱਚ ਗੱਲਬਾਤ ਕਰਨ ਦਾ ਦ੍ਰਿਸ਼ ਹੈਰਾਨ ਕਰਨ ਵਾਲਾ ਸੀ। ਇਸ ਤੋਂ ਪਹਿਲਾਂ ਬੈਠਕ ਵਿੱਚ ਟਰੰਪ ਨੇ ਕਿਹਾ ਕਿ ਅਮਰੀਕਾ ਯੂਕਰੇਨ ਨੂੰ ਸੈਨਿਕ ਸਹਾਇਤਾ ਦੇਣਾ ਜਾਰੀ ਰੱਖੇਗਾ, ਪਰ ਬਹੁਤ ਵੱਡੀ ਸਹਾਇਤਾ ਨਹੀਂ ਮਿਲੇਗੀ। ਟਰੰਪ ਨੇ ਕਿਹਾ, 'ਅਸੀਂ ਬਹੁਤ ਜ਼ਿਆਦਾ ਹਥਿਆਰ ਭੇਜਣ ਬਾਰੇ ਨਹੀਂ ਸੋਚ ਰਹੇ। ਅਸੀਂ ਜੰਗ ਦੇ ਖਤਮ ਹੋਣ ਦਾ ਇੰਤਜ਼ਾਰ ਕਰ ਰਹੇ ਹਾਂ ਤਾਂ ਜੋ ਅਸੀਂ ਹੋਰ ਕੰਮ ਕਰ ਸਕੀਏ।' ਟਰੰਪ ਅਤੇ ਜ਼ੇਲੈਂਸਕੀ ਦੀ ਬੈਠਕ ਦੌਰਾਨ ਜ਼ੇਲੈਂਸਕੀ ਨੇ ਸੁਰੱਖਿਆ ਦੀ ਗਰੰਟੀ ਮੰਗੀ। ਟਰੰਪ ਨੇ ਜ਼ੇਲੈਂਸਕੀ ਨੂੰ ਕਿਹਾ, 'ਇਸ ਤਰ੍ਹਾਂ ਕੰਮ ਕਰਨਾ ਬਹੁਤ ਮੁਸ਼ਕਲ ਹੋਵੇਗਾ।'

ਟਰੰਪ ਨੇ ਰੂਸ ਅਤੇ ਯੂਕਰੇਨ ਦੇ ਵਿਚਕਾਰ ਤੁਰੰਤ ਜੰਗ ਦੇ ਖਾਤਮੇ ਦੀ ਇੱਛਾ ਜਤਾਈ ਅਤੇ ਜ਼ੇਲੈਂਸਕੀ ਨੂੰ ਚੇਤਾਵਨੀ ਦਿੱਤੀ ਕਿ ਉਹ ਜਾਂ ਤਾਂ ਸ਼ਾਂਤੀ ਸਥਾਪਤ ਕਰਨ, ਨਹੀਂ ਤਾਂ ਅਮਰੀਕੀ ਸਮਰਥਨ ਦੀ ਆਸ ਨਾ ਕਰਨ। ਟਰੰਪ ਨੇ ਕਿਹਾ, ਜ਼ੇਲੈਂਸਕੀ ਸ਼ਾਂਤੀ ਨਹੀਂ ਚਾਹੁੰਦਾ।' ਉਨ੍ਹਾ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸ਼ਾਂਤੀ ਸਮਝੌਤੇ ਲਈ ਤਿਆਰ ਦਿਖਾਈ ਦੇ ਰਹੇ ਹਨ। ਦੂਜੇ ਪਾਸੇ ਜ਼ੇਲੈਂਸਕੀ ਨੇ ਅਮਰੀਕੀ ਪ੍ਰਸ਼ਾਸਨ ਨੂੰ ਵਲਾਦੀਮੀਰ ਪੁਤਿਨ ਦੇ ਇਰਾਦਿਆਂ 'ਤੇ ਹੋਰ ਸਾਵਧਾਨ ਰਹਿਣ ਦੀ ਅਪੀਲ ਕੀਤੀ। ਜ਼ੇਲੈਂਸਕੀ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਨੂੰ ਜਦ ਤੱਕ ਕਿਸੇ ਹੋਰ ਹਮਲੇ ਦੇ ਖਿਲਾਫ ਸੁਰੱਖਿਆ ਦੀ ਗਰੰਟੀ ਨਹੀਂ ਮਿਲਦੀ, ਉਹ ਰੂਸ ਨਾਲ ਸ਼ਾਂਤੀ ਗੱਲਬਾਤ ਵਿੱਚ ਸ਼ਾਮਲ ਨਹੀਂ ਹੋਣਗੇ। ਜ਼ੇਲੈਂਸਕੀ ਨੇ ਕਿਹਾ ਕਿ ਟਰੰਪ ਨਾਲ ਸ਼ੁੱਕਰਵਾਰ ਨੂੰ ਹੋਈ ਗੱਲਬਾਤ ਦੋਹਾਂ ਪੱਖਾਂ ਲਈ ਚੰਗੀ ਨਹੀਂ। ਟਰੰਪ ਨੂੰ ਇਹ ਸਮਝਣ ਦੀ ਲੋੜ ਹੈ ਕਿ ਯੂਕਰੇਨ ਰੂਸ ਨਾਲ ਆਪਣੇ ਰਵੱਈਏ ਨੂੰ ਇਕ ਪਲ ਵਿੱਚ ਨਹੀਂ ਬਦਲ ਸਕਦਾ।

### ਦੇਸ਼ ਭਗਤ ਯਾਦਗਾਰ...

ਅਪ੍ਰੈਲ 1913) ਨੂੰ ਸਿਜਦਾ ਕਰਨ ਅਤੇ ਗ਼ਦਰ ਪਾਰਟੀ ਦੀ ਪ੍ਰਸੰਗਕਤਾ ਉਭਾਰਦੇ ਹੋਏ 21 ਅਪ੍ਰੈਲ ਨੂੰ ਦਿਨੇ 10:30 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਸਥਾਪਨਾ ਦਿਹਾੜਾ ਮਨਾਇਆ ਜਾਏਗਾ। ਇਸ ਮੌਕੇ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ। ਨਵੀਂ ਖੇਤੀ ਅਤੇ ਮੰਡੀਕਰਨ ਨੀਤੀ ਦਾ ਡਰਾਫ਼ਟ ਸਿਰਫ਼ ਖੇਤੀ ਜਾਂ ਕਿਸਾਨੀ ਦਾ ਉਜਾੜਾ ਹੀ ਨਹੀਂ ਕਰੇਗਾ, ਸਗੋਂ ਇਹ ਮੁਲਕ ਦੇ ਵਿਸ਼ਾਲ ਲੋਕ-ਹਿੱਸਿਆਂ ਨੂੰ ਤਬਾਹੀ ਮੂੰਹ ਧੱਕਣ, ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਖੇਤੀ ਅਤੇ ਮੰਡੀਆਂ ਉਪਰ ਮੁਕੰਮਲ ਕਬਜ਼ਾ ਕਰਾਉਣ ਦਾ ਮਾਰੂ ਹੱਲਾ ਹੋਏਗਾ, ਇਸ ਨੂੰ ਚਰਚਾ ਦੇ ਕੇਂਦਰ ਅਤੇ ਰੌਸ਼ਨੀ ਵਿੱਚ ਲਿਆਏਗਾ ਇਹ ਸਮਾਗਮ। ਸਮਾਗਮ ਦੇ ਨਿਸਚਿਤ ਵਿਸ਼ੇ 'ਤੇ ਮੁੱਖ ਤੌਰ 'ਤੇ ਬਲਦੇਵ ਸਿੰਘ ਨਿਹਾਲਗੜ੍ਹ, ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ ਤੇ ਬਲਬੀਰ ਸਿੰਘ ਰਾਜੇਵਾਲ ਸੰਬੋਧਨ ਕਰਨਗੇ। ਕਾਰਲ ਮਾਰਕਸ ਦੇ ਜਨਮ ਦਿਹਾੜੇ (5 ਮਈ 1818) ਨੂੰ ਸਮਰਪਤ ਸਮਾਗਮ 5 ਮਈ ਨੂੰ ਦਿਨੇ 10:30 ਵਜੇ ਹੋਏਗਾ, ਜਿਸ ਵਿੱਚ ਮਾਰਕਸਵਾਦ ਦੀ ਪ੍ਰਸੰਗਕਤਾ (ਜਗਰੂਪ), ਪੂੰਜੀਵਾਦ ਦਾ ਸੰਕਟ (ਦਰਸ਼ਨ ਖਟਕੜ) ਅਤੇ ਫਾਸ਼ੀਵਾਦ ਦਾ ਉਭਾਰ (ਹਰਵਿੰਦਰ ਭੰਡਾਲ) ਮੁੱਖ ਤੌਰ 'ਤੇ ਆਪਣੇ ਵਿਚਾਰ ਰੱਖਣਗੇ। ਮੀਟਿੰਗ 'ਚ ਪਾਸ ਕੀਤੇ ਮਤਿਆਂ 'ਚ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ ਕਤਲੇਆਮ ਕਰਨਾ ਬੰਦ ਕੀਤਾ ਜਾਏ। ਨੀਮ ਫੌਜੀ ਬਲਾਂ ਨੂੰ ਜੰਗਲਾਂ 'ਚੋਂ ਬਾਹਰ ਕੱਢਿਆ ਜਾਏ, ਓਪਰੇਸ਼ਨ ਕਗਾਰ ਬੰਦ ਕੀਤਾ ਜਾਏ। ਮੂਲਵਾਸੀ ਬਚਾਓ ਮੰਚ ਦਾਤੇਵਾੜਾ ਦੇ ਆਗੂ ਰਘੂ ਨੂੰ ਐੱਨ ਆਈ ਏ ਵੱਲੋਂ ਹਿਰਾਸਤ ਵਿੱਚ ਲੈਣ ਦੀ ਨਿੰਦਾ ਕਰਦਿਆਂ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ। 'ਲੋਕ ਆਵਾਜ਼' ਟੀ ਵੀ ਚੈਨਲ ਦੇ ਚੀਫ਼ ਰਿਪੋਰਟਰ ਮਨਿੰਦਰ ਜੀਤ ਸਿੱਧੂ ਉਪਰ ਝੂਠੇ ਕੇਸ ਮੜ੍ਹਨ, ਆਏ ਦਿਨ ਧਮਕੀਆਂ ਦੇਣ ਦੀ ਨਿੰਦਾ ਕੀਤੀ ਗਈ ਅਤੇ ਝੂਠਾ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਪੰਜਾਬ ਅੰਦਰ ਬੁਲਡੋਜ਼ਰ ਹਮਲੇ ਲਾਗੂ ਕਰਨ ਦੀ ਯੋਗੀ, ਮੋਦੀ ਅਤੇ ਅਮਿਤ ਸ਼ਾਹ ਮਾਅਰਕਾ ਨੀਤੀ ਲਾਗੂ ਕਰਕੇ ਲੋਕਾਂ ਦੇ ਮੁੱਢਲੇ ਅਧਿਕਾਰਾਂ ਉਪਰ ਬੁਲਡੋਜ਼ਰ ਚਲਾਉਣਾ ਬੰਦ ਕੀਤਾ ਜਾਏ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਪਿਛਲੇ ਅਰਸੇ ਦੀਆਂ ਸਰਗਰਮੀਆਂ ਅਤੇ ਹੱਥ ਲਏ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਦਾ ਆਗਾਜ਼ ਸ਼ਹੀਦ ਤਰਸੇਮ ਬਾਵਾ ਦੋਰਾਹਾ ਦੀ ਭੈਣ ਰੇਖਾ, ਡਾ. ਸੱਤਪਾਲ ਲੱਠ ਗੋਂਦਪੁਰ (ਹੁਸ਼ਿਆਰਪੁਰ) ਅਤੇ ਜੰਗ ਸਿੰਘ ਗੁਰਦਿੱਤਪੁਰਾ (ਲੁਧਿਆਣਾ) ਦੇ ਬੀਤੇ ਦਿਨੀਂ ਹੋਏ ਸਦੀਵੀ ਵਿਛੋੜੇ 'ਤੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਖੜ੍ਹੇ ਹੋ ਕੇ ਸ਼ਰਧਾਂਜਲੀ ਅਰਪਤ ਕਰਨ ਨਾਲ ਹੋਇਆ। ਮੀਟਿੰਗ 'ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਗੁਰਮੀਤ, ਰਣਜੀਤ ਸਿੰਘ ਔਲਖ, ਪ੍ਰੋ. ਵਰਿਆਮ ਸਿੰਘ ਸੰਧੂ, ਡਾ. ਪਰਮਿੰਦਰ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ ਅਤੇ ਸੁਰਿੰਦਰ ਕੁਮਾਰੀ ਕੋਛੜ ਵੀ ਹਾਜ਼ਰ ਸਨ।

### ਨਸ਼ਿਆਂ ਖਿਲਾਫ ਜੰਗ...

ਨੂੰ ਫਰੀਦਕੋਟ, ਮੁਕਤਸਰ, ਮਾਨਸਾ, ਫਾਜ਼ਿਲਕਾ ਅਤੇ ਫਿਰੋਜ਼ਪੁਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਪੂਰੇ ਪੰਜਾਬ ਦੇ ਸਿਹਤ ਢਾਂਚੇ ਅਤੇ ਸਿਹਤ ਵਿਭਾਗ ਦਾ ਨਿਰੀਖਣ ਕਰਨਗੇ ਅਤੇ ਸਿਹਤ ਸੇਵਾਵਾਂ ਨਾਲ ਸੰਬੰਧਤ ਪ੍ਰਸ਼ਾਸਨਿਕ ਕੰਮਾਂ ਦਾ ਜਾਇਜ਼ਾ ਲੈਣਗੇ।ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ ਕਿ ਨਸ਼ਿਆਂ ਦੀ ਲੜੀ ਨੂੰ ਤੋੜ ਕੇ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਵਾਂਗੇ। ਚੀਮਾ ਨੇ ਦੱਸਿਆ ਕਿ ਹੁਣ ਸਾਰੇ ਜ਼ਿਲ੍ਹਿਆਂ ਦੇ ਡੀ ਸੀ ਅਤੇ ਐੱਸ ਐੱਸ ਪੀ ਨਾਲ ਮੀਟਿੰਗ ਕੀਤੀ ਜਾਵੇਗੀ ਅਤੇ ਹੇਠਲੇ ਅਧਿਕਾਰੀਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ, ਤਾਂ ਜੋ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾ ਸਕੇ ਅਤੇ ਸਮੱਗਲਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕੇ। ਉਨ੍ਹਾ ਪੰਜਾਬ ਦੇ ਲੋਕਾਂ ਨੂੰ ਵੀ ਇਸ ਮੁਹਿੰਮ ਵਿੱਚ ਸਰਕਾਰ ਦਾ ਸਾਥ ਦੇਣ ਦੀ ਅਪੀਲ ਕੀਤੀ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਤੁਰੰਤ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਲਈ ਕਿਹਾ।ਅਮਨ ਅਰੋੜਾ ਨੇ ਕਿਹਾ ਕਿ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿੱਚ ਵਧ ਰਹੇ ਨਸ਼ਿਆਂ ਨੂੰ ਲੈ ਕੇ ਕਾਫੀ ਸਮੇਂ ਤੋਂ ਚਿੰਤਤ ਸਨ। ਇਸ ਸੰਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਅਹਿਮ ਮੀਟਿੰਗ ਵੀ ਬੁਲਾਈ ਸੀ, ਜਿਸ ਵਿਚ ਸਮੂਹ ਕਮੇਟੀ ਮੈਂਬਰ ਅਤੇ ਸਿਵਲ ਤੇ ਪੁਲਸ ਅਧਿਕਾਰੀ ਹਾਜ਼ਰ ਸਨ। ਉਸ ਤੋਂ ਬਾਅਦ ਨਸ਼ਾ ਤਸਕਰਾਂ ਖਿਲਾਫ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।

ਉਨ੍ਹਾ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਨੌਜਵਾਨ ਨਸ਼ੇ ਦੇ ਆਦੀ ਹੋ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਜਾਵੇ। ਉਨ੍ਹਾ ਨਾਲ ਅਪਰਾਧੀਆਂ ਵਾਂਗ ਨਹੀਂ, ਸਗੋਂ ਮਰੀਜ਼ਾਂ ਵਾਂਗ ਵਿਹਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਸਿਹਤ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਉਨ੍ਹਾ ਸਮੂਹ ਸਿਆਸੀ ਪਾਰਟੀਆਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੂੰ ਸਹਿਯੋਗ ਦੇਣ ਦੀ ਵੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਅਸੀਂ ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗੇ, ਜਦੋਂ ਤੱਕ ਪੰਜਾਬ ਵਿੱਚੋਂ ਨਸ਼ਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦਾ। ਅੰਮ੍ਰਿਤਸਰ ਦੇ ਜ਼ਿਲ੍ਹਾ ਪੁਲਸ ਮੁਖੀ ਮਨਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਨੇ ਪੂਰੇ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਦੇ ਘਰਾਂ ਅਤੇ ਲੁਕਣ ਗਾਹਾਂ ਉੱਤੇ ਛਾਪੇ ਮਾਰੇ ਅਤੇ ਭਾਰੀ ਮਾਤਰਾ ਵਿੱਚ ਨਸ਼ਾ ਵੀ ਬਰਾਮਦ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਏ ਡੀ ਜੀ ਪੀ ਸ਼੍ਰੀ ਐੱਮ ਐੱਫ ਫਾਰੂਕੀ ਨੇ ਦੱਸਿਆ ਕਿ 8 ਸਥਾਨਾਂ ਉੱਤੇ ਨਸ਼ੇ ਦੀ ਬਰਾਮਦਗੀ ਲਈ ਛਾਪੇਮਾਰੀ ਕੀਤੀ।

## ਟਰੈਕਟਰ-ਟਰਾਲੀ ਨਾਲ ਮੋਟਰਸਾਈਕਲ ਦੀ ਟੱਕਰ 'ਚ ਮਾਂ-ਪੁੱਤ ਦੀ ਮੌਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਪਿੰਡ ਲਾਲਚੀਆਂ ਨੇੜੇ ਇੱਕ ਸੜਕੀ ਹਾਦਸੇ ਦੌਰਾਨ ਵਿਆਹ ਦੇ ਕਾਰਡ ਵੰਡਣ ਜਾ ਰਹੇ ਮਾਂ-ਪੁੱਤ ਦੀ ਸੜਕ ਹਾਦਸੇ ਦੌਰਾਨ ਮੌਤ ਹੋ ਗਈ।ਮਾਂ-ਪੁੱਤ ਪਿੰਡ ਲੱਖਾ ਸਿੰਘ ਵਾਲਾ ਉਤਾੜ ਮਮਦੋਟ ਤੋਂ ਜਲਾਲਾਬਾਦ ਰਿਸ਼ਤੇਦਾਰੀ 'ਚ ਵਿਆਹ ਦੇ ਕਾਰਡ ਵੰਡਣ ਜਾ ਰਹੇ ਸੀ ਕਿ ਪਿੰਡ ਲਾਲਚੀਆਂ ਦੇ ਲਾਗੇ ਸੜਕ 'ਤੇ ਖੜੇ ਟਰੈਕਟਰ-ਟਰਾਲੀ ਦੇ ਪਿੱਛੇ ਮੋਟਰਸਾਈਕਲ ਵੱਜ ਗਿਆ, ਜਿਸ ਨਾਲ ਨੌਜਵਾਨ ਤੇ ਉਸ ਦੀ ਮਾਤਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਮੌਕੇ ਪਹੁੰਚੇ ਹਲਕੇ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਵੱਲੋਂ ਉਨ੍ਹਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਮੀਡੀਆ ਨਾਲ ਗੱਲਬਾਤ ਦੌਰਾਨ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਇਨ੍ਹਾਂ ਦੇ ਪਰਿਵਾਰ ਨੂੰ ਸਰਕਾਰੀ ਮਾਲੀ ਸਹਾਇਤਾ ਵੀ ਦਿੱਤੀ ਜਾਵੇਗੀ।ਇਸ ਮੌਕੇ ਹੋਏ ਹਾਦਸੇ ਵਿੱਚ ਮਾਂ-ਪੁੱਤ ਦੀ ਦਰਦਨਾਕ ਮੌਤ ਤੇ ਡੇਰਾ ਸ੍ਰੀ ਭਜਨਗੜ੍ਹ ਯੂਥ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਵਿਜੇ ਥਿੰਦ ਤੇ ਸਮੂਹ ਮੈਂਬਰਾਂ ਵੱਲੋਂ ਦੁੱਖ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਟ੍ਰੈਫਿਕ ਜ਼ਿਆਦਾ ਤੇ ਸੜਕ ਦੀ ਚੜ੍ਹਾਈ ਘੱਟ ਹੋਣ ਕਾਰਨ ਰੋਜ਼ਾਨਾ ਇਹੋ ਜਿਹੇ ਦਰਦਨਾਕ ਹਾਦਸੇ ਵਾਪਰ ਰਹੇ ਹਨ ਅਤੇ ਰੋਜ਼ਾਨਾ ਲੋਕ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਫਿਰੋਜ਼ਪੁਰ-ਫਾਜ਼ਿਲਕਾ ਜੀ ਟੀ ਰੋਡ ਨੂੰ ਜਲਦ ਤੋਂ ਜਲਦ ਚੌੜਾ ਕਰਕੇ ਫੋਰ ਲਾਈਨ ਬਣਾਇਆ ਜਾਵੇ ਤਾਂ ਜੋ ਰੋਜ਼ਾਨਾ ਵਾਪਰ ਰਹੇ ਹਾਦਸਿਆਂ ਤੋਂ ਨਿਜਾਤ ਮਿਲ ਸਕੇ।

## ਲਿਬਰੇਸ਼ਨ ਵੱਲੋਂ ਪੱਤਰਕਾਰ ਸਿੱਧੂ ਖ਼ਿਲਾਫ਼ ਦਰਜ ਕੇਸ ਵਾਪਸ ਲੈਣ ਤੇ ਵਿਧਾਇਕ ਸਿੱਧੂ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਮੰਗ

### ਐੱਸ ਐੱਸ ਪੀ ਦਫ਼ਤਰ ਦੇ ਘਿਰਾਓ 'ਚ ਸ਼ਾਮਲ ਹੋਣ ਦਾ ਐਲਾਨ

**ਮਾਨਸਾ/ਫਰੀਦਕੋਟ (ਆਤਮਾ ਸਿੰਘ ਪਮਾਰ, ਗੁਰਪ੍ਰੀਤ ਸਿੰਘ ਬੇਦੀ)**-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਨੇ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਪੱਤਰਕਾਰ ਮਨਿੰਦਰ ਸਿੱਧੂ ਖ਼ਿਲਾਫ਼ ਦਰਜ ਕੇਸ ਰੱਦ ਕੀਤਾ ਜਾਵੇ ਤੇ ਖ਼ੁਦ ਅਪਣੇ ਪਾਰਟੀ ਵਰਕਰਾਂ ਦੀਆਂ ਔਰਤਾਂ ਬਾਰੇ ਬਦਜ਼ੁਬਾਨੀ ਕਰਨ ਵਾਲੇ ਹਲਕਾ ਰਾਮਪੁਰਾ ਦੇ ਵਿਧਾਇਕ ਬਲਕਾਰ ਸਿੱਧੂ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾਵੇ।

ਲਿਬਰੇਸ਼ਨ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਪਾਰਟੀ ਦੀ ਬਠਿੰਡਾ ਇਕਾਈ ਦੇ ਕਨਵੀਨਰ ਰਜਿੰਦਰ ਸਿਵੀਆ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਕਾਮਰੇਡ ਅਮੀ ਲਾਲ ਵੱਲੋਂ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਸੀਂ ਜਨਤਕ ਜਥੇਬੰਦੀਆਂ ਤੇ ਪੱਤਰਕਾਰ ਭਾਈਚਾਰੇ ਵੱਲੋਂ ਮਨਿੰਦਰ ਸਿੱਧੂ ਖ਼ਿਲਾਫ਼ ਦਰਜ ਕੇਸ ਰੱਦ ਕਰਨ ਦੀ ਮੰਗ ਨੂੰ ਲੈ ਕੇ 3 ਮਾਰਚ ਨੂੰ ਐੱਸ ਐੱਸ ਪੀ ਦਫ਼ਤਰ ਬਠਿੰਡਾ ਦੇ ਘਿਰ ਦੇ ਸੱਦੇ ਦੀ ਡੱਟਵੀਂ ਹਮਾਇਤ ਕਰਦੇ ਹਾਂ ਅਤੇ ਨਾਲ ਹੀ ਪਾਰਟੀ ਤੇ ਜਥੇਬੰਦੀਆਂ ਦੇ ਵਰਕਰਾਂ ਨੂੰ ਇਸ ਐਕਸ਼ਨ ਵਿੱਚ ਵੱਧ ਚੜ੍ਹ ਕੇ ਸ਼ਾਮਲ ਦੀ ਅਪੀਲ ਵੀ ਕੀਤੀ ਜਾਂਦੀ ਹੈ। ਬਿਆਨ ਵਿੱਚ ਕਿਹਾ ਕਿ ਦਿੱਲੀ ਵਿੱਚ ਲੱਕ ਤੋੜਵੀਂ ਹਾਰ ਦੇ ਬਾਵਜੂਦ ਆਪ ਦੀ ਲੀਡਰਸ਼ਿਪ ਭਾਵੇਂ ਹੁਣ ਪੰਜਾਬ ਮਾਡਲ ਬਾਰੇ ਵੱਡੇ ਪੈਮਾਨੇ 'ਤੇ ਪ੍ਰਚਾਰ ਕਰਦੀ ਹੈ, ਪਰ ਅਪਣੇ ਵਿਧਾਇਕਾਂ ਤੇ ਮੰਤਰੀਆਂ ਦੇ ਭ੍ਰਿਸ਼ਟਾਚਾਰ ਤੇ ਮਾੜੀਆਂ ਹਰਕਤਾਂ ਖਿਲਾਫ ਸ਼ਿਕੰਜਾ ਕੱਸਣ ਦੀ ਬਜਾਏ, ਉਲਟਾ ਮੀਡੀਏ ਨੂੰ ਡਰਾ ਕੇ ਖਾਮੋਸ਼ ਕਰਨ ਦੀ ਨਾਕਾਮ ਤੇ ਕੋਝੀ ਕੋਸ਼ਿਸ਼ ਕਰ ਰਹੀ ਹੈ।ਦੂਜੇ ਪਾਸੇ ਅਗਲੀਆਂ ਚੋਣਾਂ ਨੇੜੇ ਆਉਂਦੀਆਂ ਵੇਖ ਪਾਰਟੀ ਦੇ ਅਹੁਦੇਦਾਰ ਤੇ ਵਿਧਾਇਕ ਦੋਵੇਂ ਹੱਥੀਂ ਮਾਇਆ ਵਟੋਰਨ ਲੱਗੇ ਹੋਏ ਨੇ ਅਤੇ ਉਨ੍ਹਾਂ ਦੀਆਂ ਕਰਤੂਤਾਂ ਨੂੰ ਨੰਗਾ ਕਰਨ ਵਾਲੇ ਆਲੋਚਕਾਂ ਤੇ ਪੱਤਰਕਾਰਾਂ ਖ਼ਿਲਾਫ਼ ਮਨਮਾਨੇ ਢੰਗ ਨਾਲ ਸੱਤਾ ਦਾ ਡੰਡਾ ਵਰਤਿਆ ਜਾ ਰਿਹਾ ਹੈ।ਸੂਬੇ ਦੀ ਜਨਤਾ ਹੁਣ ਇਸ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦੇਣ ਤਤਪਰ ਹੋ ਚੁੱਕੀ ਹੈ।

## ਬਾਰ ਐਸੋਸੀਏਸ਼ਨ ਦੀ ਪ੍ਰਧਾਨਗੀ ਦਾ ਤਾਜ ਸਤਿੰਦਰਪਾਲ ਸਿੰਘ ਦੇ ਸਿਰ ਸਜਿਆ

### ਜਗਦੇਵ ਸਿੰਘ ਵਾਈਸ ਪ੍ਰਧਾਨ ਤੇ ਅਮਰਪਾਲ ਸਿੰਘ ਸਕੱਤਰ ਬਣੇ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਬਾਰ ਐਸੋਸੀਏਸ਼ਨ ਦੀਆਂ ਸਾਲ 2025 ਲਈ ਸਾਲਾਨਾ ਚੋਣਾਂ ਦਾ ਨਤੀਜਾ ਸ਼ੁੱਕਰਵਾਰ ਵੋਟਾਂ ਪੈਣ ਉਪਰੰਤ ਸ਼ਾਮ ਸਮੇਂ ਘੋਸ਼ਿਤ ਕੀਤਾ ਗਿਆ।ਇਨ੍ਹਾਂ ਚੋਣਾਂ 'ਚ ਐਡਵੋਕੇਟ ਸਤਿੰਦਰਪਾਲ ਸਿੰਘ ਪ੍ਰਧਾਨ, ਐਡਵੋਕੇਟ ਜਗਦੇਵ ਸਿੰਘ ਮੀਤ ਪ੍ਰਧਾਨ ਤੇ ਐਡਵੋਕੇਟ ਅਮਰਪਾਲ ਸਿੰਘ ਜਨਰਲ ਸਕੱਤਰ ਚੁਣੇ ਗਏ।ਮਿਲੀ ਜਾਣਕਾਰੀ ਅਨੁਸਾਰ ਪ੍ਰਧਾਨ ਦੇ ਅਹੁਦੇ ਲਈ ਐਡਵੋਕੇਟ ਸਤਿੰਦਰਪਾਲ ਸਿੰਘ ਨੂੰ 69 ਵੋਟਾਂ ਮਿਲੀਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਐਡਵੋਕੇਟ ਨਵੀਨ ਗੁਪਤਾ ਨੂੰ 54 ਵੋਟਾਂ ਮਿਲੀਆਂ।ਇੰਜ ਹੀ ਮੀਤ ਪ੍ਰਧਾਨ ਦੇ ਅਹੁਦੇ ਲਈ ਐਡਵੋਕੇਟ ਜਗਦੇਵ ਸਿੰਘ ਨੂੰ 66 ਵੋਟਾਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਐਡਵੋਕੇਟ ਪਰਮਿੰਦਰ ਕੌਰ ਬਾਜਵਾ ਨੂੰ 57 ਵੋਟਾਂ ਮਿਲੀਆਂ, ਜਨਰਲ ਸਕੱਤਰ ਦੇ ਅਹੁਦੇ ਲਈ ਐਡਵੋਕੇਟ ਅਮਰਪਾਲ ਸਿੰਘ ਨੂੰ 67 ਵੋਟਾਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰਾਂ ਐਡਵੋਕੇਟ ਲਕਸ਼ ਕੱਕੜ ਨੂੰ 55 ਵੋਟਾਂ ਮਿਲੀਆਂ।ਇੰਜ ਹੀ ਐਡਵੋਕੇਟ ਰਾਜਨਦੀਪ ਕੌਰ ਨੂੰ 69, ਜਦਕਿ ਐਡਵੋਕੇਟ ਭਾਵਇੰਦਰ ਸਿੰਘ ਨੂੰ 69 ਵੋਟਾਂ ਮਿਲੀਆਂ ਅਤੇ ਇਹ ਦੋਵੇਂ ਐਗਜ਼ੀਕਿਊਟਿਵ ਮੈਂਬਰ ਚੁਣੇ ਗਏ।ਨਵੇਂ ਚੁਣੇ ਗਏ ਪ੍ਰਧਾਨ ਸਤਿੰਦਰਪਾਲ ਸਿੰਘ ਨੇ ਕਿਹਾ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵਕੀਲਾਂ ਦੇ ਵੱਕਾਰ ਨੂੰ ਹੋਰ ਉੱਚਾ ਚੁੱਕਣ ਦੇ ਨਾਲ ਵਕੀਲਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।ਪਾਰਕਿੰਗ ਤੋਂ ਇਲਾਵਾ ਵਾਸ਼ਰੂਮਾਂ ਤੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣਗੇ ਅਤੇ ਸਾਰੇ ਵਕੀਲਾਂ ਨੂੰ ਨਾਲ ਲੈ ਕੇ ਚੱਲਣ ਦਾ ਯਤਨ ਕਰਨਗੇ।ਚੋਣ ਦੇ ਆਰ ਓ ਐਡਵੋਕੇਟ ਵਿਵੇਕ ਭਾਰਦਵਾਜ ਨੇ ਪਾਰਦਰਸ਼ੀ ਤੇ ਅਮਨ ਅਮਾਨ ਵਾਲੀਆਂ ਚੋਣਾਂ ਲਈ 'ਜਗਰਾਉਂ ਬਾਰ' ਦੇ ਸਾਰੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਹੈ।ਇਸ ਮੌਕੇ ਪਰਮਿੰਦਰ ਪਾਲ ਸਿੰਘ, ਐਡਵੋਕੇਟ ਵੈਭਵ ਜੈਨ, ਆਰ ਓ ਵਿਵੇਕ ਭਾਰਦਵਾਜ, ਰੋਹਿਤ ਅਰੋੜਾ, ਸਤਪਾਲ ਸ਼ਰਮਾ ਤੇ ਹੋਰ ਹਾਜ਼ਰ ਸਨ।

## ਮਾਡਰਨ ਕਾਲਜ ਦੇ ਵਿਦਿਆਰਥੀਆਂ ਗੁਰਦੁਆਰਾ ਮਸਤੂਆਣਾ ਵਿਖੇ ਮੱਥਾ ਟੇਕਿਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ ਇੰਸਟੀਚਿਊਸ਼ਨ ਬੀਰ ਕਲਾਂ ਦੇ ਵਿਦਿਆਰਥੀਆਂ ਨੇ ਇਲਾਕੇ ਦੀ ਪ੍ਰਮੁੱਖ ਧਾਰਮਿਕ ਸੰਸਥਾ ਗੁਰਦੁਆਰਾ ਸ੍ਰੀ ਮਸਤੂਆਣਾ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਵਿਦਿਆਰਥੀਆਂ ਨੇ ਮਸਤੂਆਣਾ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਾਗਰ ਤੇ ਸ੍ਰੀ ਅੰਗੀਠਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਕਾਲ ਪੁਰਖ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇੱਕ ਚੰਗੇ ਜੀਵਨ ਜਾਂਚ ਲਈ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਧਾਰਮਿਕ ਸਿੱਖਿਆ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਇਸ ਮਕਸਦ ਦੀ ਪੂਰਤੀ ਲਈ ਅੱਜ ਵਿਦਿਆਰਥੀਆਂ ਨੂੰ ਇਹ ਧਾਰਮਿਕ ਦੌਰਾ ਕਰਵਾਇਆ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਵਿਦਿਆਰਥੀਆਂ ਨੂੰ ਗੁਰਦੁਆਰਾ ਮਸਤੂਆਣਾ ਸਾਹਿਬ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# 24 ਟਰੈਵਲ ਏਜੰਟਾਂ ਵਿਰੁੱਧ ਹੋਈਆਂ ਐਫ ਆਈ ਆਰ ਦਰਜ : ਧਾਲੀਵਾਲ

**ਚੇਤਨਪੁਰਾ, ਅੰਮ੍ਰਿਤਸਰ (ਸੁਖਵੰਤ ਚੇਤਨਪੁਰੀ, ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮਨੁੱਖੀ ਤਸਕਰੀ ਵਿੱਚ ਸ਼ਾਮਲ ਟਰੈਵਲ ਏਜੰਟਾਂ ਵਿਰੁੱਧ ਵਿੱਢੀ ਗਈ ਮੁਹਿੰਮ ਦੌਰਾਨ ਪੰਜਾਬ ਪੁਲਸ ਨੇ ਹੁਣ ਤੱਕ 1274 ਸਥਾਨਾਂ ਉੱਤੇ ਚੈਕਿੰਗ ਕੀਤੀ ਅਤੇ ਇਹਨਾਂ ਵਿੱਚੋਂ 24 ਟਰੈਵਲ ਏਜੰਟਾਂ ਵਿਰੁੱਧ ਪੁਲਸ ਕੇਸ ਦਰਜ ਕੀਤੇ ਗਏ ਹਨ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਉਹਨਾਂ ਦੱਸਿਆ ਕਿ 5 ਫਰਵਰੀ, ਜਿਸ ਦਿਨ ਤੋਂ ਅਮਰੀਕਾ ਨੇ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਪ੍ਰਵਾਸੀ ਭਾਰਤੀਆਂ ਨੂੰ ਵਾਪਸ ਭੇਜਣਾ ਸ਼ੁਰੂ ਕੀਤਾ ਹੈ, ਤੋਂ ਲੈ ਕੇ ਹੁਣ ਤੱਕ ਕੀਤੀ ਗਈ ਇਸ ਕਾਰਵਾਈ ਦੌਰਾਨ 7 ਟਰੈਵਲ ਏਜੰਟਾਂ ਨੂੰ ਗ੍ਰਿਫਤਾਰ ਵੀ ਕੀਤਾ ਜਾ ਚੁੱਕਾ ਹੈ। ਧਾਲੀਵਾਲ ਨੇ ਦੱਸਿਆ ਕਿ ਹੁਣ ਤੱਕ ਅਮਰੀਕਾ ਵਿੱਚੋਂ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ 337 ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚੋਂ 131 ਪੰਜਾਬੀ ਮੂਲ ਦੇ ਹਨ। ਉਹਨਾਂ ਦੱਸਿਆ ਕਿ ਦੋ ਦਿਨ ਪਹਿਲਾਂ ਵੀ ਵਾਇਆ ਪਨਾਮਾ ਕੁਝ ਪ੍ਰਵਾਸੀ ਭਾਰਤੀ ਭਾਰਤ ਪਹੁੰਚੇ ਹਨ ਅਤੇ ਉਹਨਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ ਉੱਤੇ ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਭੇਜ ਕੇ ਬੇਨਤੀ ਕੀਤੀ ਹੈ ਕਿ ਪਨਾਮਾ ਵਿੱਚ ਅਮਰੀਕਾ ਵੱਲੋਂ ਭੇਜੇ ਗਏ ਗੈਰ ਕਾਨੂੰਨੀ ਪ੍ਰਵਾਸੀਆਂ ਵਿੱਚੋਂ ਕਿੰਨੇ ਭਾਰਤੀ ਹਨ? ਕਿੰਨੇ ਪੰਜਾਬੀ ਹਨ? ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਜੇਕਰ ਭਾਰਤ ਸਰਕਾਰ ਉਹਨਾਂ ਨੂੰ ਵਾਪਸ ਭਾਰਤ ਲਿਆਉਣ ਲਈ ਸਾਡੀ ਕੋਈ ਮਦਦ ਚਾਹੁੰਦੀ ਹੈ ਤਾਂ ਅਸੀਂ ਦੇਣ ਲਈ ਤਿਆਰ ਹਾਂ। ਉਹਨਾਂ ਕਿਹਾ ਕਿ ਇਹ ਲੋਕ ਸਾਡੇ ਆਪਣੇ ਹਨ, ਕੋਈ ਅਪਰਾਧੀ ਨਹੀਂ। ਇਹਨਾਂ ਲੋਕਾਂ ਨੂੰ ਠੱਗ ਟਰੈਵਲ ਏਜੰਟਾਂ ਵੱਲੋਂ ਆਪਣੀਆਂ ਗੱਲਾਂ ਰਾਹੀਂ ਉਲਝਾਇਆ ਗਿਆ ਹੈ। ਇਹਨਾਂ ਨੇ ਲੱਖਾਂ ਕਰੋੜਾਂ ਰੁਪਏ ਗਵਾਏ ਹਨ, ਕਈ ਦਿਨਾਂ ਦੇ ਤਸ਼ੱਦਦ ਵੀ ਝੱਲੇ ਹਨ ਅਤੇ ਇਹਨਾਂ ਨਾਲ ਸਾਡੀ ਦਿਲੀ ਹਮਦਰਦੀ ਹੈ। ਕੱਲ੍ਹ ਭਾਜਪਾ ਨੇਤਾ ਮਨੋਹਰ ਲਾਲ ਖੱਟਰ ਵੱਲੋਂ ਇਨਾਂ ਪ੍ਰਵਾਸੀਆਂ ਬਾਰੇ ਦਿੱਤੇ ਬਿਆਨ ਉੱਤੇ ਪ੍ਰਤੀਕਰਮ ਦਿੰਦੇ ਧਾਲੀਵਾਲ ਨੇ ਕਿਹਾ ਕਿ ਉਹ ਆਪਣੀ ਪਾਰਟੀ ਦੀ ਤਰਜਮਾਨੀ ਕਰਦੇ ਹੋਏ ਭਾਜਪਾ ਦੇ ਢਿੱਡ ਵਾਲੀ ਗੱਲ ਕਰ ਗਏ ਹਨ, ਜਦ ਕਿ ਸਾਡਾ ਮੰਨਣਾ ਹੈ ਕਿ ਅਜਿਹੇ ਕੇਸਾਂ ਵਿੱਚ ਹਮਦਰਦੀ ਨਾਲ ਵਿਚਾਰ ਕਰਨ ਦੀ ਲੋੜ ਹੈ।

# ਭਵਿੱਖ ਦੀਆਂ ਜ਼ਰੂਰਤਾਂ ਅਨੁਸਾਰ ਕਣਕ ਦਾ ਬੀਜ ਖ਼ੁਦ ਤਿਆਰ ਕੀਤਾ ਜਾਵੇ : ਮੁੱਖ ਖੇਤੀਬਾੜੀ ਅਫ਼ਸਰ



**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਕਿਸਾਨਾਂ ਖ਼ਾਸ ਕਰਕੇ ਛੋਟੇ ਕਿਸਾਨਾਂ ਦੀਆਂ ਖੇਤੀ ਅਤੇ ਫ਼ਸਲਾਂ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਖੇਤੀਬਾੜੀ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਦੇ ਵਿਸ਼ੇਸ਼ ਆਦੇਸ਼ਾਂ ਦੀ ਪਾਲਣਾ ਕਰਦਿਆਂ 10 ਬਲਾਕਾਂ ਦੇ ਸਮੂਹ ਸਰਕਲਾਂ ਵਿਚ ਪ੍ਰਤੀ ਸਰਕਲ ਇਕ ਪਿੰਡ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨਾਂ ਨਾਲ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ। ਇਸ ਲੜੀ ਤਹਿਤ ਬਲਾਕ ਦੀਨਾਨਗਰ ਦੇ ਪਿੰਡ ਮੁਨਾਂਵਾਲੀ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨ ਜਾਗਰੂਕਤਾ ਨੁੱਕੜ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ। ਮੀਟਿੰਗ ਦਾ ਪ੍ਰਬੰਧ ਲਖਵਿੰਦਰ ਸਿੰਘ ਸਰਪੰਚ ਪਿੰਡ ਮੁਨੰਨਵਾਲੀ ਵੱਲੋਂ ਕੀਤਾ ਗਿਆ। ਇਸ ਮੌਕੇ ਲਖਵਿੰਦਰ ਸਿੰਘ, ਜਰਮਨਜੀਤ ਸਿੰਘ, ਸਿਖਲਾਈ ਅਫ਼ਸਰ ਰਾਜੀਵ ਖੋਖਰ ਸਹਾਇਕ ਮੰਡੀਕਰਨ ਅਫ਼ਸਰ ਖੇਤੀਬਾੜੀ ਵਿਕਾਸ ਅਫ਼ਸਰ, ਗੁਰਪਿੰਦਰ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਸਮੇਤ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ ਅਮਰੀਕ ਸਿੰਘ ਨੇ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਵਿਭਾਗ ਵਲੋਂ ਹਰ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਹਰੇਕ ਸਰਕਲ ਦੇ ਇੱਕ ਪਿੰਡ ਵਿੱਚ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ ਇੱਕ ਵਜੇ ਤੱਕ ਪਿੰਡਾਂ ਵਿਚ ਕਿਸਾਨ ਜਾਗਰੂਕਤਾ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ, ਜਿਸ ਦੌਰਾਨ ਕਿਸਾਨ ਆਪਣੀਆਂ ਫ਼ਸਲਾਂ ਨਾਲ ਸਬੰਧਤ ਸਮੱਸਿਆਵਾਂ ਲੈ ਕੇ ਆਉਂਦੇ ਹਨ ਅਤੇ ਖੇਤੀ ਮਾਹਰ ਮੌਕੇ 'ਤੇ ਸਮੱਸਿਆਵਾਂ ਦਾ ਹੱਲ ਕਰਦੇ ਹਨ ਤਾਂ ਜੋ ਕਿਸਾਨਾਂ ਦੀ ਖੇਤੀ ਵਿਕ੍ਰੇਤਾਵਾਂ ਤੇ ਨਿਰਭਰਤਾ ਘਟਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਉਣੀ ਰੁੱਤੇ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਵਿੱਚ 7000 ਹੈਕਟੇਅਰ ਰਕਬੇ ਵਿੱਚ ਮੱਕੀ ਦੀ ਕਾਸ਼ਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੌਸਮੀ ਤਬਦੀਲੀਆਂ ਦਰਮਿਆਨ ਖੇਤੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਚੁਨੌਤੀਆਂ ਦਾ ਸਾਹਮਣਾ ਕਰਨ ਅਤੇ ਕਿਸਾਨਾਂ ਨੂੰ ਮੰਦਹਾਲੀ ਦੇ ਦੌਰ ਵਿੱਚੋਂ ਕੱਢਣ ਲਈ ਬਹੁਤ ਵੱਡੇ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਖ਼ੁਦ ਵੀ ਆਪਣੀ ਫ਼ਸਲ ਦਾ ਨਿਰੰਤਰ ਕਰਦੇ ਰਹਿਣ ਅਤੇ ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਜ਼ਰ ਆਉਂਦੀ ਹੈ ਤਾਂ ਤੁਰੰਤ ਖੇਤੀਬਾੜੀ ਮਾਹਿਰਾਂ ਨਾਲ ਸੰਪਰਕ ਕੀਤਾ ਜਾਵੇ। ਰਾਜੀਵ ਖੋਖਰ ਨੇ ਖੇਤੀ ਜਿਣਸਾਂ ਦੇ ਮੰਡੀਕਰਨ ਬਾਰੇ ਅਤੇ ਦਿਲਰਾਜ ਸਿੰਘ ਨੇ ਪੀ.ਐੱਮ. ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਜਰਮਨਜੀਤ ਸਿੰਘ ਫ਼ਸਲਾਂ ਦੀਆਂ ਬਿਮਾਰੀਆਂ, ਕੀੜੇ ਮਕੌੜਿਆਂ ਦੀ ਰੋਕਥਾਮ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਪਿੰਦਰ ਸਿੰਘ ਨੇ ਬਾਖ਼ੂਬੀ ਨਿਭਾਈ।

# ਸ੍ਰੀ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਅੰਗਰੇਜ਼ੀ ਵਿਸ਼ੇ ਦੇ ਮੁਕਾਬਲੇ ਕਰਾਏ



**ਮਜੀਠਾ (ਸੋਇਮ ਆਨੰਦ)**- ਸ੍ਰੀ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਪ੍ਰਿੰਸੀਪਲ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਕੂਲ ਦੇ ਸਾਰੇ ਵਿਦਿਆਰਥੀਆਂ ਦੇ ਅੰਗਰੇਜ਼ੀ ਅਤੇ ਕੋਇਮਾ ਦੇ ਆਪਸੀ ਮੁਕਾਬਲੇ ਕਰਵਾਏ ਗਏ ਜਿਸ ਵਿਚ ਸਕੂਲ ਦੇ ਚਾਰ ਹਾਊਸ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਿੰਸੀਪਲ ਵਿਨੋਦ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਦੇ ਅਜਿਹੇ ਮੁਕਾਬਲੇ ਇਸ ਕਰਕੇ ਕਰਵਾਏ ਜਾਂਦੇ ਹਨ ਤਾਂ ਕਿ ਬੱਚਿਆਂ ਨੂੰ ਆਪਣੀ ਕਾਬਲੀਅਤ ਦਾ ਪਤਾ ਚਲਦਾ ਰਹੇ ਅਤੇ ਉਹ ਵੱਧ ਤੋਂ ਵੱਧ ਮਿਹਨਤ ਕਰਕੇ ਪੜ੍ਹਾਈ ਵਿਚ ਨਿਪੁੰਨ ਹੋ ਸਕਣ। ਇਨ੍ਹਾਂ ਮੁਕਾਬਲਿਆਂ ਵਿਚ ਜੇਤੂ ਰਹੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵਿਨੋਦ ਸ਼ਰਮਾ ਅਤੇ ਸਟਾਫ ਮੈਂਬਰਾਂ ਵਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਵਿਨੋਦ ਸ਼ਰਮਾ ਦੇ ਨਾਲ ਡੀ.ਪੀ.ਈ ਇਕਬਾਲ ਸਿੰਘ, ਹਰਪ੍ਰੀਤ ਸਿੰਘ, ਮੈਡਮ ਪਾਇਲ ਸ਼ਰਮਾ, ਗੁਬਿੰਦਰਜੀਤ ਕੌਰ, ਪਰਮਜੀਤ ਕੌਰ, ਪ੍ਰਿਤਪਾਲ ਸਿੰਘ, ਹਰਦੇਵ ਸਿੰਘ, ਕੰਵਲਜੀਤ ਸਿੰਘ ਸਮੇਤ ਸਕੂਲ ਦੇ ਵਿਦਿਆਰਥੀ ਵੀ ਹਾਜ਼ਰ ਸਨ।

# ਮੀਂਹ ਕਾਰਨ ਗਰੀਬ ਪਰਵਾਰ ਦੇ ਘਰ ਦੀ ਛੱਤ ਡਿੱਗੀ, ਜਾਨੀ ਨੁਕਸਾਨ ਤੋਂ ਬਚਾਅ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਲੰਘੇ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਰੁਕ ਰੁਕ ਕੇ ਹੋਈ ਹਲਕੀ ਤੋਂ ਦਰਮਿਆਨੀ ਬਾਰਿਸ਼ ਜਿੱਥੇ ਕਣਕ ਸਮੇਤ ਹੋਰ ਫਸਲਾਂ ਲਈ ਲਾਹੇਬੰਦ ਦੱਸੀ ਜਾ ਰਹੀ ਹੈ, ਉੱਥੇ ਇਹ ਬਾਰਿਸ਼ ਗਰੀਬ ਪਰਵਾਰਾਂ ਲਈ ਆਫਤ ਬਣ ਕੇ ਬਰਸੀ ਹੈ। ਸ਼ੁੱਕਰਵਾਰ ਨੂੰ ਸਾਰਾ ਦਿਨ ਰੁਕ ਰੁਕ ਕੇ ਹੁੰਦੀ ਰਹੀ ਬਾਰਿਸ਼ ਨੇ ਜਿੱਥੇ ਮਨੁੱਖੀ ਜਨ ਜੀਵਨ ਉਥਲ ਪੁਥਲ ਕਰਕੇ ਰੱਖ ਦਿੱਤਾ ਉਥੇ ਵਿਧਾਨ ਸਭਾ ਹਲਕਾ ਕਾਦੀਆਂ ਅਤੇ ਬਲਾਕ ਕਾਹਨੂੰਵਾਨ ਦੇ ਅਧੀਨ ਪੈਂਦੇ ਪਿੰਡ ਸੈਦੋਵਾਲ ਕਲਾਂ ਦੇ ਇੱਕ ਗਰੀਬ ਪਰਵਾਰ ਦੇ ਮਕਾਨ ਦੀ ਛੱਤ ਇਸ ਬਾਰਿਸ਼ ਨੇ ਢਹਿ ਢੇਰੀ ਕਰ ਦਿੱਤੀ। ਮਕਾਨ ਮਾਲਕ ਯੋਗਰਾਜ ਵਾਸੀ ਸੈਦੋਵਾਲ ਕਲਾਂ ਨੇ ਦੱਸਿਆ ਕਿ ਬੀਤੀ ਸ਼ੁੱਕਰਵਾਰ ਦੀ ਦੇਰ ਸ਼ਾਮ 8-30 ਵਜੇ ਦੇ ਕਰੀਬ ਉਹ ਆਪਣੇ ਪਰਵਾਰ ਸਮੇਤ ਰਾਤ ਦਾ ਖਾਣਾ ਖਾ ਰਿਹਾ ਸੀ ਕਿ ਇਸੇ ਦੌਰਾਨ ਜਿਸ ਕਮਰੇ ਵਿੱਚ ਬੈਠ ਕੇ ਉਹ ਖਾਣਾ ਖਾ ਰਹੇ ਸਨ, ਉਸ ਕਮਰੇ ਦੀ ਛੱਤ ਹੇਠਾਂ ਡਿੱਗ ਪਈ ਪਰ ਗਨੀਮਤ ਇਹ ਰਹੀ ਕਿ ਜਿਸ ਸਥਾਨ 'ਤੇ ਇਹ ਬਾਲਿਆਂ ਵਾਲੀ ਛੱਤ ਹੇਠਾਂ ਜ਼ਮੀਨ 'ਤੇ ਡਿੱਗੀ, ਉਸ ਸਥਾਨ 'ਤੇ ਪਰਵਾਰ ਦਾ ਕੋਈ ਵੀ ਜੀ ਨਹੀਂ ਸੀ ਬੈਠਾ, ਜਿਸ ਕਾਰਨ ਕੋਈ ਵੀ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਪਰ ਛੱਤ ਡਿੱਗਣ ਕਾਰਨ ਇਸ ਕਮਰੇ ਦੇ ਅੰਦਰ ਪਿਆ ਘਰੇਲੂ ਸਮਾਨ ਖਰਾਬ ਹੋ ਗਿਆ। ਯੋਗਰਾਜ ਨੇ ਦੱਸਿਆ ਕਿ ਉਸ ਨੇ ਆਪਣੇ ਮਕਾਨ ਦੀ ਛੱਤ ਨੂੰ ਇੰਦਰਾ ਆਵਾਸ ਯੋਜਨਾ ਤਹਿਤ ਪੱਕਿਆਂ ਕਰਨ ਲਈ ਪੰਜਾਬ ਸਰਕਾਰ ਕੋਲ ਕਈ ਵਾਰ ਮੰਗ ਕੀਤੀ ਹੈ, ਇਸ ਸਬੰਧੀ ਉਸ ਨੇ ਪਿੰਡ ਦੀ ਪੰਚਾਇਤ ਨੂੰ ਵੀ ਕਈ ਵਾਰ ਅਪੀਲ ਕੀਤੀ ਹੈ ਪਰ ਹਾਲੇ ਤੱਕ ਉਸ ਦਾ ਮਕਾਨ ਪੱਕਾ ਨਹੀਂ ਹੋ ਸਕਿਆ। ਯੋਗਰਾਜ ਨੇ ਦੱਸਿਆ ਕਿ ਉਹ ਕਿੱਤੇ ਵਜੋਂ ਡਰਾਈਵਰ ਦਾ ਕੰਮ ਕਰਦਾ ਹੈ 'ਤੇ ਉਸ ਦੇ ਪਰਵਾਰ ਦਾ ਮਸਾਂ ਗੁਜ਼ਾਰਾ ਹੀ ਹੁੰਦਾ ਹੈ, ਜਿਸ ਕਰਕੇ ਆਪਣੇ ਮਕਾਨ ਦੀ ਛੱਤ ਨੂੰ ਪੱਕਿਆਂ ਕਰਨ ਲਈ ਉਸ ਕੋਲ ਕੋਈ ਜਮ੍ਹਾ ਪੂੰਜੀ ਨਹੀਂ ਹੈ। ਉਸ ਨੇ ਪੰਜਾਬ ਸਰਕਾਰ ਕੋਲੋਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਉਸ ਨੂੰ ਮਕਾਨ ਬਣਾਉਣ ਲਈ ਸਰਕਾਰੀ ਗਰਾਂਟ ਜਾਰੀ ਕੀਤੀ ਜਾਵੇ। ਇਸ ਸਬੰਧੀ ਸਮਾਜ ਸੇਵੀ ਆਗੂ ਜਸਵਿੰਦਰ ਸਿੰਘ ਨੇ ਕਿਹਾ ਕਿ ਯੋਗਰਾਜ ਦੇ ਮਕਾਨ ਦੀ ਛੱਤ ਨੂੰ ਪੱਕਿਆਂ ਕਰਨ ਲਈ ਸਮਾਜ ਸੇਵੀ ਜਥੇਬੰਦੀਆਂ ਅੱਗੇ ਆਉਣ।



# ਸਰਕਾਰੀ ਸਕੂਲਾਂ ਅੰਦਰ ਨਕਲ ਕਰਵਾਉਣ ਦਾ ਕੰਮ ਜ਼ੋਰਾਂ 'ਤੇ

**ਵੇਰਕਾ (ਰਾਣਾ)**- ਅੱਜ ਕੱਲ੍ਹ ਸਰਕਾਰੀ ਸਕੂਲਾਂ ਅੰਦਰ ਸਲਾਨਾ ਇਮਤਿਹਾਨ ਪੰਜਾਬ ਸਕੂਲ ਸਿੱਖਿਆ ਬੋਰਡ ਅਜੀਤਗੜ੍ਹ ਅਤੇ ਸਕੂਲਾਂ ਲਏ ਜਾ ਰਹੇ ਹਨ। ਪ੍ਰੰਤੂ ਇਸ ਦੌਰਾਨ ਚੱਲ ਰਹੇ ਪੇਪਰਾਂ ਵਿੱਚ ਖ਼ੂਬ ਨਕਲ ਚੱਲ ਰਹੀ ਹੈ। ਇਸ ਸੰਬੰਧ ਵਿੱਚ ਸਰਕਾਰ ਤੇ ਵਿਭਾਗ ਭਾਵੇਂ ਨਕਲ ਰੋਕਣ ਦੀਆਂ ਟਾਹਰਾਂ ਮਾਰਦਾ ਨਹੀਂ ਥੱਕਦਾ ਪਰ ਅਸਲੀਅਤ ਕੁਝ ਹੋਰ ਹੀ ਹੈ। ਹਰੇਕ ਸਕੂਲ ਮੁਖੀ ਆਪਣੇ ਸਕੂਲ ਪੜ੍ਹਨ ਵਾਲੇ ਬੱਚਿਆਂ ਦਾ ਨਤੀਜਾ ਸੌ ਫੀਸਦੀ ਲਿਆਉਣ ਵਾਸਤੇ ਪੱਬਾਂ ਭਾਰ ਹੋਇਆ ਪਿਆ ਹੈ। ਜਿਨ੍ਹਾਂ ਸਕੂਲਾਂ ਦੇ ਸੈਂਟਰ ਨੇੜਲੇ ਸਰਕਾਰੀ ਸੀਨੀ: ਸੈਕੰ: ਸਕੂਲਾਂ / ਹਾਈ ਸਕੂਲ ਵਿੱਚ ਬਣੇ ਹਨ ਉਨ੍ਹਾਂ ਦੇ ਅਧਿਆਪਕਾਂ / ਸਕੂਲ ਹੈੱਡ / ਡਿਊਟੀ ਉੱਪਰ ਤੈਨਾਤ ਸਟਾਫ ਦੀ ਵੀ ਖ਼ੂਬ ਚਾਂਦੀ ਹੈ। ਇਸ ਬਾਬਤ ਵੱਖ-ਵੱਖ ਅਖ਼ਬਾਰਾਂ ਦੇ ਪ੍ਰਤੀਨਿਧੀਆਂ ਵੱਲੋਂ ਵੱਖ-ਵੱਖ ਸਕੂਲਾਂ ਦਾ ਅਚਨਚੇਤ ਦੌਰਾ ਕੀਤਾ ਗਿਆ। ਜਿੱਥੇ ਸਰਕਾਰੀ ਸਕੂਲਾਂ ਅੰਦਰ ਵਿਦਿਆਰਥੀਆਂ ਨੂੰ ਨਕਲ ਕਰਵਾਈ ਜਾ ਰਹੀ ਸੀ। ਇਸ ਦੌਰਾਨ ਸਕੂਲ ਕੰਟ੍ਰੋਲਰ ਪ੍ਰਿੰਸੀਪਲ/ਹੈੱਡਮਿਸਟ੍ਰੈਸ/ ਹੈੱਡਮਾਸਟਰ ਸਕੂਲ ਦਾ ਨਾਂ ਨਾ ਲਿਖਣ ਅਤੇ ਫੋਟੋ ਨਾ ਛਾਪਣ ਲਈ ਹਾੜ੍ਹੇ ਕੱਢਦੇ ਵੇਖੇ ਗਏ। ਹੋਰ ਤਾਂ ਹੋਰ ਪੇਪਰ ਖਤਮ ਹੋਣ ਉਪਰੰਤ ਇਲਾਕੇ ਦੇ ਇਕ ਮਸ਼ਹੂਰ ਤੇ ਸਾਦੇ ਜਿਹੇ ਢਾਬੇ ਉੱਪਰ ਬੱਚਿਆਂ ਨੂੰ ਨਕਲ ਕਰਵਾਉਣ ਵਾਲੇ ਸਟਾਫ ਦੀ ਹੁੰਦੀ ਨਿਰੰਤਰ ਭਰਪੂਰ ਟਹਿਲ ਸੇਵਾ ਆਮ ਵੇਖੀ ਜਾ ਸਕਦੀ ਹੈ। ਭਾਵ ਸਰਕਾਰ ਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਨੂੰ ਟਿੱਚ ਜਾਣਦੇ ਹੋਏ ਨਕਲ ਰੋਕਣ ਦੀ ਥਾਂ ਅਧਿਆਪਕ ਖੁਦ ਹੀ ਨਕਲ ਕਰਵਾ ਰਹੇ ਹਨ। ਇੱਥੋਂ ਤੱਕ ਕਿ ਜਿਹੜੇ ਵਿਸ਼ੇ ਦਾ ਪੇਪਰ ਹੁੰਦਾ ਹੈ, ਉਸੇ ਵਿਸ਼ੇ ਨਾਲ ਸਬੰਧਤ ਟੀਚਰ ਬੱਚਿਆਂ ਨੂੰ ਨਕਲ ਕਰਵਾਉਣ ਲਈ ਸੈਂਟਰ ਸਕੂਲ ਜਾਂਦਾ ਹੈ ਤਾਂ ਕਿ ਨਤੀਜਾ ਨਾ ਖਰਾਬ ਆਵੇ। ਦੂਜੇ ਪਾਸੇ ਸਕੂਲ ਮੁਖੀ/ਕੰਟ੍ਰੋਲਰ ਵੀ ਉਨ੍ਹਾਂ ਨੂੰ ਸਕੂਲ ਅੰਦਰ ਪੂਰੀ ਸੁਰੱਖਿਆ ਛੱਤਰੀ ਮੁਹੱਈਆ ਕਰਵਾਉਂਦੇ ਹਨ। ਕੁਝ ਵੀ ਆਖੀਏ ਸਰਕਾਰ ਤੇ ਸਿੱਖਿਆ ਮਹਿਕਮਾ ਐਤਕੀ ਵੀ ਸਰਕਾਰੀ ਸਕੂਲਾਂ ਅੰਦਰ ਇਮਤਿਹਾਨਾਂ ਦੌਰਾਨ ਨਕਲ ਰੂਪੀ ਕੋਹੜ ਨੂੰ ਠੱਲ੍ਹ ਪਾਉਣ ਵਿੱਚ ਨਾਕਾਮ ਸਿੱਧ ਹੋਏ ਹਨ। ਇਸ ਸੰਬੰਧ ਵਿੱਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਜ਼ਿਲ੍ਹਾ ਜਨਰਲ ਸਕੱਤਰ ਅੰਮ੍ਰਿਤਸਰ ਕੁਲਜੀਤ ਸਿੰਘ ਵੇਰਕਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਹਰੀਸ਼ ਸਿੰਘ ਪਿਆਸਾ ਆਦਿ ਜਥੇਬੰਦਕ ਅਹੁਦੇਦਾਰਾਂ ਨੇ ਪੇਪਰਾਂ ਦੌਰਾਨ ਸਰਕਾਰੀ ਸਕੂਲਾਂ ਵਿੱਚ ਚੱਲ ਰਹੀ ਅਥਾਹ ਨਕਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਮੁੱਖ ਮੰਤਰੀ ਪੰਜਾਬ, ਸਿੱਖਿਆ ਸਕੱਤਰ ਪੰਜਾਬ ਅਤੇ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਅਜੀਤਗੜ੍ਹ ਪਾਸੋਂ ਫੌਰੀ ਨਕਲ ਰੋਕਣ ਲਈ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਬਾਬਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਅੰਮ੍ਰਿਤਸਰ ਹਰਭਗਵੰਤ ਸਿੰਘ ਨੇ ਆਖਿਆ ਕਿ ਪੇਪਰਾਂ ਵਿੱਚ ਬੱਚਿਆਂ ਨੂੰ ਨਕਲ ਕਰਵਾਉਣ ਵਾਲੇ ਅਧਿਆਪਕਾਂ ਵਿਰੁੱਧ ਫੌਰੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਕੈਮਿਸਟ ਐਸੋਸੀਏਸ਼ਨ ਨੇ ਮਹਾਂਸ਼ਿਵਰਾਤਰੀ ਮੌਕੇ ਲੰਗਰ ਭੰਡਾਰਾ ਲਗਾਇਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕੈਮਿਸਟ ਐਸੋਸੀਏਸ਼ਨ ਤਰਨ ਤਾਰਨ ਵਲੋਂ ਮਹਾਂਸ਼ਿਵਰਾਤਰੀ ਤਿਉਹਾਰ ਨੂੰ ਲੈ ਕੇ ਦਵਾਈ ਮਾਰਕੀਟ ਨਜ਼ਦੀਕ ਬੌਹੜੀ ਚੌਂਕ ਤਰਨ ਤਾਰਨ ਵਿਖੇ ਲੰਗਰ ਭੰਡਾਰਾ ਲਗਾਇਆ ਗਿਆ।ਇਸ ਮੌਕੇ ਕੈਮਿਸਟ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਿਮਲ ਅਗਰਵਾਲ ਵਲੋਂ ਕੰਜਕ ਪੂਜਨ ਕੀਤਾ ਗਿਆ ਉਪਰੰਤ ਬ੍ਰਹਮ ਭੋਜਨ ਕਰਨ ਉਪਰੰਤ ਲੰਗਰ ਭੰਡਾਰੇ ਦੀ ਸ਼ੁਰੂਆਤ ਕੀਤੀ ਗਈ। ਲੰਗਰ ਭੰਡਾਰੇ ਦੌਰਾਨ ਵੱਖ-ਵੱਖ ਪਦਾਰਥਾਂ ਦੇ ਲੰਗਰ ਜਿਸ ਵਿਚ ਪੂੜੀ-ਛੋਲੇ, ਕੜ੍ਹੀ-ਚਾਵਲ, ਕੜਾਹਿ ਪ੍ਰਸ਼ਾਦ ਅਤੇ ਹੋਰ ਪਦਾਰਥਾਂ ਦੇ ਲੰਗਰ ਭੰਡਾਰੇ ਸੰਗਤਾਂ ਨੂੰ ਕੈਮਿਸਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਵਲੋਂ ਸ਼ਰਧਾ ਭਾਵਨਾ ਨਾਲ ਛਕਾਏ ਗਏ ਅਤੇ ਭਗਵਾਨ ਭੋਲੇ ਨਾਥ ਦੇ ਜੈਕਾਰੇ ਲਗਾਏ ਗਏ। ਲੰਗਰ ਭੰਡਾਰੇ ਦੌਰਾਨ ਕੈਮਿਸਟ ਐਸੋਸੀਏਸ਼ਨ ਦੇ ਨਰਿੰਦਰ ਪੁਰੀ, ਜਤਿੰਦਰਜੀਤ ਸਿੰਘ, ਰੋਹਿਤ ਭਾਰਦਵਾਜ, ਮੁਨੀਸ਼ ਅਰੋੜਾ ਜਨਰਲ ਸਕੱਤਰ, ਸੰਜੇ ਗੁਪਤਾ ਸ਼ਹਿਰੀ ਪ੍ਰਧਾਨ, ਅਸ਼ਵਨੀ ਕੁਮਾਰ ਐਸ.ਕੇ, ਅੰਕਿਤ ਗੁਪਤਾ, ਮਹੰਤ ਵਿਜੇ ਕੁਮਾਰ ਮਰਵਾਹਾ, ਆਦਿ ਤੋਂ ਇਲਾਵਾ ਵਿਵੇਕ ਬੌਬੀ ਗੁਪਤਾ, ਸੰਚਿਤ ਗੁਪਤਾ, ਜਤਿਨ ਅਗਰਵਾਲ, ਵੰਸ਼ ਪੁਰੀ, ਜਸਕਰਨ ਜੋਤ ਸਿੰਘ ਜੋਧਕਾ, ਪ੍ਰਨਵ ਦੀਪ ਸਿੰਘ, ਹਰਮਨ ਅਰੋੜਾ, ਪੰਡਿਤ ਪਵਨ ਸ਼ਾਸਤਰੀ, ਗੁੱਡੂ ਵਾਲੀਆ, ਸੁਰਜੀਤ ਕੁਮਾਰ ਅਹੂਜਾ, ਰਵਿੰਦਰ ਦੇਵਗਨ ਰਵੀ, ਸੁਖਦੇਵ ਸਿੰਘ ਸੁੱਖਾ, ਅਸ਼ੋਕ ਸ਼ਰਮਾ ਅਤੇ ਹੋਰ ਸੇਵਾਦਾਰਾਂ ਵਲੋਂ ਲੰਗਰ ਦੌਰਾਨ ਸੇਵਾ ਨਿਭਾਈ ਗਈ।

# ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਵਿਖੇ ਕਿਸਾਨ ਮੇਲਾ 10 ਨੂੰ

**ਮਜੀਠਾ (ਸੋਇਮ ਆਨੰਦ)**- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ 10 ਮਾਰਚ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਵਿਖੇ ਕਿਸਾਨ ਮੇਲਾ ਲਗਾਇਆ ਜਾ ਰਿਹਾ ਹੈ। ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਦੇ ਸਹਿਯੋਗੀ ਨਿਰਦੇਸ਼ਕ ਡਾ. ਬਿਕਰਮਜੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਕਿਸਾਨ ਮੇਲੇ ਦਾ ਮੁੱਖ ਉਦੇਸ਼ ਨਵੀਆਂ ਖੇਤੀ ਤਕਨੀਕਾਂ ਅਪਨਾਉ, ਖਰਚ ਘਟਾਓ ਝਾੜ ਵਧਾਓ, ਸਭ ਲਈ ਖੁਸ਼ਹਾਲੀ ਲਿਆਓ ਹੋਵੇਗਾ। ਇਸ ਕਿਸਾਨ ਮੇਲੇ ਦੀ ਪ੍ਰਧਾਨਗੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਕਰਨਗੇ। ਉਨ੍ਹਾਂ ਨੇ ਇਲਾਕੇ ਦੇ ਸਮੂਹ ਕਿਸਾਨ ਵੀਰਾਂ ਨੂੰ ਇਸ ਕਿਸਾਨ ਮੇਲੇ ਵਿਚ ਪਹੁੰਚ ਕੇ ਲਾਭ ਲੈਣ ਦੀ ਅਪੀਲ ਕੀਤੀ। ਇਸ ਮੇਲੇ ਵਿਚ ਵੱਖ ਵੱਖ ਵਿਭਾਗ ਖੇਤੀਬਾੜੀ, ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ ਵਿਭਾਗ, ਬਾਗਬਾਨੀ ਖੇਤੀ ਮਸ਼ੀਨਰੀ ਆਦਿ ਪ੍ਰਦਰਸ਼ਨੀਆਂ ਲਗਾਉਣਗੇ ਅਤੇ ਆਪਣੀਆਂ ਸਕੀਮਾਂ ਬਾਰੇ ਕਿਸਾਨਾਂ ਨਾਲ ਗੱਲਬਾਤ ਕਰਨਗੇ। ਇਸ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਭਾਗ ਆਪਣੀਆਂ ਪ੍ਰਦਰਸ਼ਨੀਆਂ ਲਗਾਉਣਗੇ ਅਤੇ ਕਿਸਾਨ ਦੀਆਂ ਮੁਸ਼ਕਲਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਜਾਵੇਗਾ।ਸਾਇੰਸਦਾਨਾਂ ਵਲੋਂ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਾਉਣੀ ਦੀ ਫਸਲ ਖਾਸ ਕਰਕੇ ਝੋਨਾ ਅਤੇ ਸਬਜ਼ੀਆਂ ਦੇ ਸੁਧਰੇ ਬੀਜ ਵੀ ਉਪਲਬਧ ਹੋਣਗੇ। ਡਾ. ਬਿਕਰਮਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿਚ ਸ਼ਾਮਲ ਹੋ ਕੇ ਵੱਧ ਤੋਂ ਵੱਧ ਲਾਭ ਉਠਾਉਣ।

# ਸੰਤ ਰਾਜਿੰਦਰ ਸਿੰਘ ਮੇਹੜੇ ਵਾਲਿਆਂ ਦੀ ਹੋਈ ਦਸਤਾਰ ਬੰਦੀ

**ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)** - ਪਿੰਡ ਮੇਹੜੇ ਵਿਖੇ ਸਥਿਤ ਤਪ ਅਸਥਾਨ ਸੰਤ ਬਾਬਾ ਲਾਲ ਸਿੰਘ ਜੀ ਕੁੱਲੀ ਵਾਲਿਆਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਦੇ ਪਿਛਲੇ ਲੰਬੇ ਸਮੇਂ ਤੋਂ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਸੰਤ ਬਾਬਾ ਰਜਿੰਦਰ ਸਿੰਘ ਦੀ ਦਸਤਾਰ ਬੰਦੀ ਸਬੰਧੀ ਰੱਖੇ ਸਹਿਜ ਪਾਠ ਦੇ ਭੋਗ ਪਾਏ ਗਏ। ਸਮਾਗਮ ਵਿੱਚ ਇਲਾਕੇ ਦੀਆਂ ਸੰਗਤਾਂ ਤੋਂ ਇਲਾਵਾ ਪਿੰਡਾਂ ਦੇ ਸਰਪੰਚਾਂ ਅਤੇ ਵੱਖ ਵੱਖ ਸੰਪਰਦਾਵਾਂ ਦੇ ਮੁਖੀਆਂ ਨੇ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ। ਇਸ ਮੌਕੇ ਨਿਰਮਲਾ ਸੰਤ ਮੰਡਲ ਪੰਜਾਬ ਦੇ ਸੂਬਾ ਪ੍ਰਧਾਨ ਸੰਤ ਸੰਤੋਖ ਸਿੰਘ, ਸੂਬਾ ਜਨਰਲ ਸਕੱਤਰ ਜੀਤ ਸਿੰਘ, ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਸੁਆਮੀ ਗੁਰਬਖਸ਼ ਦੇਵੀ (ਮੰਡਾਂ ਵਾਲੇ), ਸੰਤ ਦਰਸ਼ਨ ਸਿੰਘ ਸ਼ਾਸਤਰੀ (ਨਿਰਮਲ ਪੰਚਾਇਤ ਅਖਾੜਾ ਹਰਿਦੁਆਰ), ਸੰਤ ਸੁਖਜਿੰਦਰ ਸਿੰਘ ਥਲਾ, ਜਗਤਾਰ ਸਿੰਘ ਰੋਪੜ, ਸੰਤ ਸ਼ਮਸ਼ੇਰ ਸਿੰਘ ਭਿੱਟੇਵੱਡ, ਸੰਤ ਬਿਕਰਮਜੀਤ ਸਿੰਘ, ਸੁਰਜੀਤ ਸਿੰਘ ਲੋਹੀਆਂ, ਸੰਤ ਜਤਿੰਦਰ ਸਿੰਘ ਅੰਮ੍ਰਿਤਸਰ, ਮਹੰਤ ਜਗਤਾਰ ਸਿੰਘ, ਸੰਤ ਝੰਡਾ ਸਿੰਘ ਅੰਮ੍ਰਿਤਸਰ, ਸੰਤ ਜ਼ੋਰਾਵਰ ਸਿੰਘ ਖਡੂਰ ਸਾਹਿਬ, ਬਲਵਿੰਦਰ ਸਿੰਘ ਬੰਟੀ ਬਟਾਲਾ ਆਦਿ ਪਹੁੰਚੀਆਂ ਸ਼ਖਸੀਅਤਾਂ ਨੇ ਸੰਤ ਮੰਡਲ ਪੰਜਾਬ ਵੱਲੋਂ ਨਿਰਮਲ ਭੇਖ ਅਨੁਸਾਰ ਸੰਤ ਬਾਬਾ ਰਜਿੰਦਰ ਸਿੰਘ ਦੀ ਪੰਜ ਦਸਤਾਰਾਂ ਬੰਨ੍ਹ ਕੇ ਅਤੇ ਮੱਥੇ ਤਿਲਕ ਲਗਾ ਕੇ ਦਸਤਾਰ ਬੰਦੀ ਕੀਤੀ ਗਈ। ਬਾਬਾ ਰਜਿੰਦਰ ਸਿੰਘ ਨੂੰ ਸੰਤ ਬਾਬਾ ਲਾਲ ਸਿੰਘ ਜੀ ਕੁੱਲੀ ਵਾਲਿਆਂ ਨੇ ਗੋਦ ਲਿਆ ਹੋਇਆ ਸੀ। ਸੰਤ ਬਾਬਾ ਲਾਲ ਸਿੰਘ ਜੀ ਕੁੱਲੀ ਵਾਲਿਆਂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਸਮਾਜ ਸੇਵਾ ਨੂੰ ਪੂਰੀ ਤਰ੍ਹਾਂ ਸਮਰਪਤ ਹਨ। ਇਸ ਮੌਕੇ ਤੇ ਵਿਸ਼ੇਸ਼ ਤੌਰ 'ਤੇ ਪਹੁੰਚੀਆਂ ਸ਼ਖਸੀਅਤਾਂ ਵਿੱਚ ਆਪ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਸੋਨਾ ਬਾਜਵਾ, ਸਰਪੰਚ ਮਨਜਿੰਦਰ ਸਿੰਘ ਰਾਜੂ ਬੇਲਾ, ਸਰਪੰਚ ਬਲਜੀਤ ਸਿੰਘ ਚੱਕ ਸ਼ਰੀਫ, ਸਰਪੰਚ ਗੁਰਮੀਤ ਸਿੰਘ ਪਸਵਾਲ, ਜਗਤਾਰ ਸਿੰਘ ਦਾਰਾ, ਸਰਪੰਚ ਜਸਵਿੰਦਰ ਕੌਰ ਮੇਹੜੇ, ਸੁਰਜੀਤ ਕੌਰ, ਸਰਪੰਚ ਕੌਸਿਲ ਸਿੰਘ ਸੱਲੋਪੁਰ, ਸਰਪੰਚ ਮਨਦੀਪ ਸਿੰਘ ਸਲਾਹਪੁਰ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਪਹੁੰਚੀਆਂ ਸ਼ਖਸੀਅਤਾਂ ਦਾ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਨੇ ਸਿਰੋਪੇ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਸੰਤ ਬਾਬਾ ਰਜਿੰਦਰ ਸਿੰਘ ਵੱਲੋਂ ਪਿੰਡਾਂ ਦੇ ਸਰਪੰਚਾਂ, ਵੱਖ ਵੱਖ ਸੰਪਰਦਾਵਾਂ ਦੇ ਮੁਖੀਆਂ ਦਾ ਇਸ ਦਸਤਾਰ ਬੰਦੀ ਸਮਾਗਮ ਵਿੱਚ ਸ਼ਮੂਲੀਅਤ ਕਰਨ 'ਤੇ ਧੰਨਵਾਦ ਕੀਤਾ।



# ਲੋਕ ਭਾਜਪਾ ਨੂੰ ਸੂਬੇ ਦੀ ਵਾਗਡੋਰ ਸੌਂਪਣਾ ਚਾਹੁੰਦੇ : ਹਰਦੀਪ ਗਿੱਲ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**- ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿਖੇ ਰਿਵਾਇਤੀ ਪਾਰਟੀਆਂ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਠੇਕੇਦਾਰ ਹਰਪਾਲ ਸਿੰਘ ਅਕਾਲੀ ਦਲ, ਕਾਂਗਰਸ ਨਾਲ ਸੰਬੰਧਤ ਸਰਪੰਚੀ ਦੀ ਚੋਣ ਲੜਨ ਵਾਲੇ ਕੰਵਲਜੀਤ ਸਿੰਘ, ਨਿਸ਼ਾਨ ਸਿੰਘ, ਸੁਰਜੀਤ ਸਿੰਘ ਮੌਜੂਦਾ ਮੈਂਬਰ ਪੰਚਾਇਤ ਆਮ ਆਦਮੀ ਪਾਰਟੀ, ਮੰਗਲ ਸਿੰਘ ਤੇ ਸੰਤੋਖ ਸਿੰਘ ਦੀ ਅਗਵਾਈ ਹੇਠ 100 ਦੇ ਕਰੀਬ ਮੋਹਤਬਰਾਂ ਨੇ ਭਾਰਤੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਭਾਜਪਾ ਦੇ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਹਰਦੀਪ ਸਿੰਘ ਗਿੱਲ ਅਤੇ ਚੇਅਰਮੈਨ ਕੰਵਰਬੀਰ ਸਿੰਘ ਮੰਜ਼ਿਲ ਨੇ ਸ਼ਾਮਿਲ ਹੋਣ ਵਾਲੇ ਮੋਹਤਬਰਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਹਰ ਤਰ੍ਹਾਂ ਦੇ ਮਾਣ ਸਨਮਾਨ ਦਾ ਭਰੋਸਾ ਦਿਵਾਇਆ।ਇਸ ਮੌਕੇ ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਹਲਕਾ ਜੰਡਿਆਲਾ ਗੁਰੂ ਵਿੱਚ ਲੋਕਾਂ ਦਾ ਝੁਕਾਅ ਭਾਰਤੀ ਜਨਤਾ ਪਾਰਟੀ ਵੱਲ ਹੋ ਰਿਹਾ ਹੈ। ਆਮ ਆਦਮੀ ਪਾਰਟੀ, ਅਕਾਲੀ ਦਲ ਅਤੇ ਕਾਂਗਰਸ ਦੇ ਹੱਥੋਂ ਸਤਾਏ ਹੋਏ ਲੋਕ ਭਾਜਪਾ ਨੂੰ ਬਦਲ ਵਜੋਂ ਵੇਖ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਜਿਸ ਪ੍ਰਕਾਰ ਆਮ ਆਦਮੀ ਪਾਰਟੀ ਤੇ ਕਾਂਗਰਸ ਮੂਧੇ ਮੂੰਹ ਡਿੱਗੀ ਹੈ, ਉਸੇ ਤਰ੍ਹਾਂ ਪੰਜਾਬ ਵਿੱਚ ਵੀ ਦੋਵਾਂ ਪਾਰਟੀਆਂ ਤੋਂ ਲੋਕ ਕਿਨਾਰਾ ਕਰਕੇ ਭਾਜਪਾ ਨੂੰ ਸੂਬੇ ਦੀ ਵਾਗਡੋਰ ਸੌਂਪਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਗਰੀਬਾਂ ਨਾਲ ਅੱਜ ਤੱਕ ਸਾਰੀਆਂ ਹੀ ਪਾਰਟੀਆਂ ਨੇ ਸੱਤਾ ਵਿੱਚ ਆਉਣ ਲਈ ਝੂਠੇ ਵਾਅਦੇ ਕੀਤੇ ਪਰ ਕਿਸੇ ਵੀ ਪਾਰਟੀ ਨੇ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਕਾਂਗਰਸੀਆਂ ਦੇ ਝੂਠੇ ਲਾਰਿਆਂ ਵਿੱਚ ਵੀ ਲੋਕ ਇਸ ਵਾਰ ਆਉਣ ਵਾਲੇ ਨਹੀਂ ਕਿਉਂਕਿ ਅੱਜ ਤੱਕ ਕਾਂਗਰਸ ਨੇ ਝੂਠ ਦਾ ਸਹਾਰਾ ਲੈ ਕੇ ਹੀ ਪੰਜਾਬ ਸਰਕਾਰ ਬਣਾਈ। ਇਸ ਮੌਕੇ ਬੋਲਦਿਆਂ ਚੇਅਰਮੈਨ ਕੰਵਰਬੀਰ ਸਿੰਘ ਮੰਜ਼ਿਲ ਨੇ ਕਿਹਾ ਕਿ ਹਰਿਆਣਾ, ਮਹਾਰਾਸ਼ਟਰ ਤੇ ਹੁਣ ਦਿੱਲੀ ਤੋਂ ਬਾਅਦ ਭਾਜਪਾ ਪੰਜਾਬ ਵੀ ਜਿੱਤੇਗੀ ਅਤੇ ਪੰਜਾਬ ਦੇ ਲੋਕਾਂ ਨੂੰ ਉਹ ਸਾਰੀਆਂ ਸੁੱਖ ਸਹੂਲਤਾਂ ਮਿਲਣਗੀਆਂ ਜਿਹੜੀਆਂ ਦੂਜੇ ਸੂਬਿਆਂ ਵਿੱਚ ਭਾਜਪਾ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਨੂੰ ਸੁਧਾਰਨ ਲਈ ਯੂਪੀ ਦਾ ਫਾਰਮੂਲਾ ਲਾਗੂ ਕਰਨਾ ਪਵੇਗਾ ਤਾਂ ਹੀ ਪੰਜਾਬ ਨਸ਼ਾ ਤੇ ਗੁੰਡਾਗਰਦੀ ਮੁਕਤ ਹੋ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਕੰਦਰ ਸਿੰਘ ਖਾਲਸਾ ਚੇਅਰਮੈਨ, ਕੇਵਲ ਸਿੰਘ ਖੱਬੇ ਰਾਜਪੂਤਾਂ, ਬਿਕਰਮਜੀਤ ਸਿੰਘ ਫੌਜੀ, ਬਾਬਾ ਜੋਗਿੰਦਰ ਸਿੰਘ, ਹਰਜੋਤ ਸਿੰਘ ਮਹਿਤਾ, ਬਲਦੇਵ ਸਿੰਘ ਮੇਹਰਬਾਨਪੁਰਾ, ਸਰਬਜੀਤ ਸਿੰਘ ਵਡਾਲੀ, ਨਾਨਕ ਸਿੰਘ ਚੂੰਗ ਤੋਂ ਇਲਾਵਾ ਹੋਰ ਵੀ ਇਲਾਕਾ ਨਿਵਾਸੀ ਹਾਜ਼ਰ ਸਨ।

# ਖਾਲਸਾ ਕਾਲਜ ਦੀ ਪ੍ਰੋਫੈਸਰ ਨੇ ਯੂ ਜੀ ਸੀ ਨੈਟ ਦੀ ਪ੍ਰੀਖਿਆ ਕੀਤੀ ਪਾਸ

**ਅੰਮ੍ਰਿਤਸਰ, ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**— ਖਾਲਸਾ ਕਾਲਜ ਚਵਿੰਡਾ ਦੇਵੀ ਵਿਖੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਅਧਿਆਪਕਾਂ ਦੀ ਯੋਗਤਾ ਅਤੇ ਸਮੇਂ ਮੁਤਾਬਕ ਆਪਣੀਆਂ ਯੋਗਤਾਵਾਂ 'ਚ ਵਾਧਾ ਕਰਦੇ ਰਹਿਣ ਦੀ ਨੀਤੀ ਅਨੁਸਾਰ ਹਮੇਸ਼ਾ ਅਗਾਂਹ ਵਧਣ ਸਬੰਧੀ ਪ੍ਰੇਰਿਆ ਜਾਂਦਾ ਹੈ। ਉਕਤ ਪ੍ਰਗਟਾਵਾ ਕਾਲਜ ਪ੍ਰਿੰਸੀਪਲ ਗੁਰਦੇਵ ਸਿੰਘ ਵੱਲੋਂ ਕਾਮਰਸ ਵਿਭਾਗ ਦੇ ਪ੍ਰੋ: ਬਲਜਿੰਦਰ ਕੌਰ ਵੱਲੋਂ ਯੂ. ਜੀ. ਸੀ. ਦੀ ਪ੍ਰੀਖਿਆ ਪਾਸ ਕਰਨ ਦੀ ਖੁਸ਼ੀ ਸਾਂਝੀ ਕਰਦਿਆਂ ਕੀਤਾ ਗਿਆ। ਇਸ ਤੋਂ ਪਹਿਲਾਂ ਪ੍ਰਿੰ: ਗੁਰਦੇਵ ਸਿੰਘ ਨੇ ਆਪਣੇ ਦਫ਼ਤਰ ਵਿਖੇ ਪ੍ਰੋ: ਬਲਜਿੰਦਰ ਕੌਰ ਦਾ ਮੂੰਹ ਮਿੱਠਾ ਕਰਵਾਇਆ। ਉਪਰੰਤ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਡੇ ਅਧਿਆਪਕ ਹਰ ਸਾਲ ਹੋਣ ਵਾਲੇ ਯੂ. ਜੀ. ਸੀ. ਨੈੱਟ ਦੀ ਪ੍ਰੀਖਿਆ ਦਿੰਦੇ ਹਨ ਤੇ ਸਫ਼ਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸੇ ਤਹਿਤ ਵਿਭਾਗ ਪ੍ਰੋ: ਬਲਜਿੰਦਰ ਕੌਰ ਨੇ ਇਸ ਸਾਲ ਦਸੰਬਰ 2024 ਦੀ ਯੂ. ਜੀ. ਸੀ. ਦੀ ਪ੍ਰੀਖਿਆ ਪਾਸ ਕਰ ਲਈ ਹੈ। ਇਸ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਪ੍ਰਿੰ: ਗੁਰਦੇਵ ਸਿੰਘ ਨੇ ਵਿਭਾਗ ਦੇ ਮੁਖੀ ਪ੍ਰੋ: ਹਰਦੇਵ ਸਿੰਘ ਤੇ ਸਮੂਹ ਵਿਭਾਗ ਨੂੰ ਵਧਾਈ ਦਿੰਦਿਆਂ ਪ੍ਰੋ: ਬਲਜਿੰਦਰ ਕੌਰ ਦੀ ਸ਼ਲਾਘਾ ਕੀਤੀ। ਇਸ ਮੌਕੇ ਸਮੂਹ ਕਾਲਜ ਅਧਿਆਪਕ ਹਾਜ਼ਰ ਸਨ



# ਡਾ. ਅੰਬੇਡਕਰ ਤੇ ਭਗਤ ਸਿੰਘ ਦੀ ਫੋਟੋ ਹਟਾਉਣਾ ਨਿੰਦਣਯੋਗ : ਬਲਵਿੰਦਰ ਸਿੰਘ

**ਚੋਹਲਾ ਸਾਹਿਬ (ਰਮਨ ਚੱਡਾ)**- ਦਿੱਲੀ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਦਿਆਂ ਹੀ ਮੁੱਖ ਮੰਤਰੀ ਦਫ਼ਤਰ ਚੋਂ ਡਾ. ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀ ਫੋਟੋ ਹਟਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਲਗਾਉਣਾ ਅਤਿ ਨਿੰਦਣਯੋਗ ਕਾਰਵਾਈ ਹੈ। ਪ੍ਰੈਸ ਨੂੰ ਇਹ ਬਿਆਨ ਜਾਰੀ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਚੋਹਲਾ ਨੌਸ਼ਹਿਰਾ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਨੇ ਕਿਹਾ ਕਿ ਇਹ ਕੰਮ ਕਰਕੇ ਦਿੱਲੀ ਦੀ ਭਾਜਪਾ ਸਰਕਾਰ ਨੇ ਆਪਣੀ ਫਿਰਕੂ ਤੇ ਤੰਗਦਿਲੀ ਦਾ ਸਪੱਸ਼ਟ ਸਬੂਤ ਦਿੱਤਾ ਹੈ। ਉਹਨਾਂ ਕਿਹਾ ਕਿ ਡਾ. ਅੰਬੇਡਕਰ ਵੱਲੋਂ ਭਾਰਤੀ ਸੰਵਿਧਾਨ ਲਿਖਣ ਦਾ ਜਿੱਥੇ ਵੱਡਾ ਕਾਰਜ ਕੀਤਾ, ਉੱਥੇ ਉਹਨਾਂ ਔਰਤਾਂ ਅਤੇ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦੇ ਲੋਕਾਂ ਨੂੰ ਬਰਾਬਰ ਹੱਕ ਦਿਵਾਉਣ ਲਈ ਵੱਡੀ ਜੱਦੋ ਜਹਿਦ ਕੀਤੀ। ਸ਼ਹੀਦ ਭਗਤ ਸਿੰਘ ਆਪਣੀ ਕੁਰਬਾਨੀ ਦੇ ਨਾਲ ਨਾਲ ਉਸ ਉੱਚੀ ਬੌਧਿਕ ਸੋਚ ਤੇ ਵਿਚਾਰਧਾਰਾ ਦੇ ਮਾਲਕ ਸਨ ਜਿਸ ਨਾਲ ਦੁਨੀਆ ਭਰ ਦੇ ਮਿਹਨਤਕਸ਼ ਲੋਕਾਂ ਨੂੰ ਅਸਲੀ ਅਜ਼ਾਦੀ ਮਿਲਣੀ ਹੈ। ਉਹਨਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ਼ ਫੋਟੋ ਲਾਉਣ ਤੱਕ ਹੀ ਸੀਮਤ ਨਾ ਰਹੇ ਸਗੋਂ ਇਹਨਾਂ ਮਹਾਨ ਯੋਧਿਆਂ ਦੀ ਸੋਚ ਨੂੰ ਕਾਨੂੰਨੀ ਮਾਨਤਾ ਦੇ ਕੇ ਨੌਜਵਾਨ ਮੁੰਡੇ ਕੁੜੀਆਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ।ਇਸ ਲਈ ਭਗਤ ਸਿੰਘ ਰੁਜ਼ਗਾਰ ਗਰੰਟੀ ਐਕਟ ( ਬਨੇਗਾ) ਬਣਾਇਆ ਜਾਵੇ।

# ਮੋਦੀ ਸਰਕਾਰ ਮਨੂ ਸਿਮਰਤੀ ਲਾਗੂ ਕਰਨ ਲਈ ਪੱਬਾਂ-ਭਾਰ : ਜਾਮਾਰਾਏ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਮਨਰੇਗਾ ਵਰਕਰਜ਼ ਯੂਨੀਅਨ ਦੀ ਮੀਟਿੰਗ ਪਿੰਡ ਕੰਗ ਵਿਖੇ ਤਰਸੇਮ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਔਰਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਰ.ਐਮ.ਪੀ. ਆਈ.ਦੇ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਘੱਟ ਗਿਣਤੀ ਲੋਕਾਂ 'ਤੇ ਜਾਨਲੇਵਾ ਹਮਲੇ ਕਰ ਰਹੀ ਹੈ, ਨਿੱਤ ਦਿਨ ਔਰਤਾਂ ਦੇ ਜਬਰ ਜਨਾਹ ਹੋ ਰਹੇ ਹਨ, ਡਾ. ਅੰਬੇਡਕਰ ਦੁਆਰਾ ਤਿਆਰ ਕੀਤੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਦੀਆਂ ਪੁਰਾਣੇ ਪਿਛਾਖੜੀ ਵਿਚਾਰਾਂ ਨੂੰ ਪ੍ਰਫੁੱਲਤ ਕਰਨ ਲਈ ਆਰ. ਐਸ. ਐਸ ਦੀ ਵਿਚਾਰਧਾਰਾ ਮੁਤਾਬਕ ਮਨੂੰਸਿਮ੍ਰਤੀ ਨੂੰ ਲਾਗੂ ਕਰਨ ਲਈ ਮੋਦੀ ਸਰਕਾਰ ਪੱਬਾਂ ਭਾਰ ਹੋਈ ਫਿਰਦੀ ਹੈ।ਜਾਮਾਰਾਏ ਨੇ ਕਿਹਾ ਕਿ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋ ਰਹੀ ਹੈ। ਦੇਸ਼ ਦਾ ਧਨ ਕਾਰਪੋਰੇਟ ਘਰਾਣਿਆਂ ਨੂੰ ਲੁਟਾਇਆ ਜਾ ਰਿਹਾ ਹੈ ਅਤੇ ਅਰਬਾਂ ਖਰਬਾ ਰੁਪਏ ਇਨ੍ਹਾਂ ਦੇ ਮੁਆਫ ਕੀਤੇ ਜਾ ਰਹੇ ਹਨ।ਮਨਰੇਗਾ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਦੇਸ਼ ਅੰਦਰ ਬੇਰੁਜ਼ਗਾਰੀ, ਮਹਿੰਗਾਈ, ਅਨਪੜ੍ਹਤਾ, ਭੁੱਖਮਰੀ, ਭ੍ਰਿਸ਼ਟਾਚਾਰ, ਕੰਗਾਲੀ ਸਿਖਰਾਂ ਛੂਹ ਰਹੀ ਹੈ। ਨਿੱਜੀਕਰਨ ਦੀ ਨੀਤੀ ਤਹਿਤ ਸਰਕਾਰੀ, ਅਰਧ ਸਰਕਾਰੀ ਮਹਿਕਮਿਆਂ ਦਾ ਭੋਗ ਪਾਇਆ ਜਾ ਰਿਹਾ ਹੈ। ਵਿੱਦਿਆ, ਸਿਹਤ ਸਹੂਲਤਾਂ ਗਰੀਬ ਲੋਕਾਂ ਤੋਂ ਕੋਹਾਂ ਦੂਰ ਜਾ ਰਹੀਆਂ ਹਨ। ਮਨਰੇਗਾ ਸਕੀਮ ਤਹਿਤ ਕੇਂਦਰੀ ਫੰਡਾਂ 'ਤੇ ਕੱਟ ਲਾਇਆ ਜਾ ਰਿਹਾ ਹੈ। ਇਨ੍ਹਾਂ ਆਗੂਆਂ ਨੇ ਭਗਵੰਤ ਮਾਨ ਸਰਕਾਰ ਬਾਰੇ ਬੋਲਦਿਆਂ ਕਿਹਾ ਕਿ ਇਹ ਸਰਕਾਰ ਵੀ ਲੋਕ ਵਿਰੋਧੀ ਸਾਬਤ ਹੋਈ ਹੈ। ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਗਰੰਟੀਆਂ ਕੀਤੀਆਂ ਜਾ ਰਹੀਆਂ ਹਨ, ਮਜ਼ਦੂਰ ਦੇ ਵਿਰੋਧ 'ਚ ਦਿਹਾੜੀ ਦਾ ਸਮਾਂ ਘਟਾਉਣ ਦੀ ਥਾਂ ਅੱਠ ਘੰਟੇ ਤੋਂ 12 ਘੰਟੇ ਸਮੇਂ ਦੇ ਮਤੇ ਪਾਸ ਕੀਤੇ ਜਾ ਰਹੇ ਹਨ। ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਹਲਕਾ ਵਿਧਾਇਕਾ ਵੱਲੋਂ ਮਨਰੇਗਾ ਸਕੀਮ 'ਚ ਗੈਰ ਕਾਨੂੰਨੀ ਢੰਗ ਨਾਲ ਦਖਲ ਅੰਦਾਜ਼ੀ ਕੀਤੀ ਜਾ ਰਹੀ ਹੈ। ਨਸ਼ੇ, ਗੁੰਡਾਗਰਦੀ, ਕਤਲੋਗਾਰਤ, ਲੁੱਟਾਂ ਖੋਹਾਂ ਪੂਰੇ ਜੋਬਨ ਹਨ। ਕਾਨੂੰਨ ਵਿਵਸਥਾ ਦਿਨੋ ਦਿਨ ਵਿਗੜਦੀ ਜਾ ਰਹੀ ਹੈ। ਪੁਲਿਸ ਪ੍ਰਸ਼ਾਸਨ ਲਚਾਰ ਹੋਇਆ ਪਿਆ ਹੈ। ਥਾਣਿਆਂ 'ਚ ਕਿਸੇ ਨੂੰ ਇਨਸਾਫ਼ ਨਹੀ ਮਿਲ ਰਿਹਾ। ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਯੂਨੀਅਨ ਦੇ ਸੀਨੀਅਰ ਆਗੂ ਨਰਿੰਦਰ ਸਿੰਘ ਰਟੌਲ, ਕੁਲਦੀਪ ਸਿੰਘ ਰਟੌਲ ਨੇ ਵੀ ਵਿਚਾਰ ਪੇਸ਼ ਕੀਤੇ।

# ਕੁੱਲ ਹਿੰਦ ਕਿਸਾਨ ਸਭਾ ਬਲਾਕ ਕਮੇਟੀ ਪੱਟੀ ਦਾ ਗਠਨ, ਬਾਬਾ ਹੀਰਾ ਸਿੰਘ ਪ੍ਰਧਾਨ ਬਣੇ



**ਵਲਟੋਹਾ (ਰਣਜੀਤ ਸਿੰਘ)**- ਕੁੱਲ ਹਿੰਦ ਕਿਸਾਨ ਸਭਾ ਬਲਾਕ ਕਮੇਟੀ ਪੱਟੀ ਦਾ ਸ਼ਨੀਵਾਰ ਗਠਨ ਕੀਤਾ ਗਿਆ, ਜਿਸ ਵਿੱਚ ਸੱਤ ਮੈਂਬਰੀ ਕਮੇਟੀ ਵੱਲੋਂ ਬਾਬਾ ਹੀਰਾ ਸਿੰਘ ਨੂੰ ਪ੍ਰਧਾਨ ਅਤੇ ਦਿਲਬਾਗ ਸਿੰਘ ਪੱਟੀ ਨੂੰ ਮੀਤ ਪ੍ਰਧਾਨ ਬਣਾਇਆ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਕਮੇਟੀ ਮੈਂਬਰ ਮਹਾਂਬੀਰ ਸਿੰਘ ਗਿੱਲ ਨੇ ਕਿਹਾ ਕਿ ਅੱਜ ਬਲਾਕ ਕਮੇਟੀ ਪੱਟੀ ਦਾ ਗਠਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਨੂੰ ਮਜ਼ਬੂਤ ਕਰਦਿਆਂ ਕਿਸਾਨ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ ਵਲੋਂ ਕੁੱਲ ਹਿੰਦ ਕਿਸਾਨ ਸਭਾ ਦਾ ਸ਼ਾਨਾਮੱਤਾ ਇਤਿਹਾਸ ਦੱਸਦਿਆਂ ਕਿਸਾਨ ਸੰਘਰਸ਼ ਵਿੱਚ ਇਸ ਦੇ ਰੋਲ ਬਾਰੇ ਦੱਸਿਆ।ਇਸ ਮੌਕੇ ਛੇ ਮੈਂਬਰੀ ਕਮੇਟੀ ਵਿੱਚ ਕਾਰਜ ਸਿੰਘ ਕੈਰੋਂ, ਹਰਬੰਸ ਸਿੰਘ ਰਾਮ ਸਿੰਘ ਵਾਲਾ, ਬਾਜ਼ ਸਿੰਘ ਕੁੱਲਾ ਨੂੰ ਵੀ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ ਬਲਜਿੰਦਰ ਸਿੰਘ ਕੈਰੋਂ, ਜੈਮਲ ਸਿੰਘ ਬਾਠ, ਰਣਬੀਰ ਸਿੰਘ ਰਾਣਾ, ਸ਼ਿੰਗਾਰਾ ਸਿੰਘ ਰਾਮ ਸਿੰਘ ਵਾਲਾ, ਸਤਿੰਦਰ ਸਿੰਘ ਤੂਤ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਕਿਸਾਨ ਸਭਾ ਦਾ ਸੂਬਾਈ ਅਜਲਾਸ ਜੋ 20, 21 ਮਾਰਚ ਨੂੰ ਤਰਨ ਤਾਰਨ ਵਿਖੇ ਕਰਾਇਆ ਜਾ ਰਿਹਾ ਹੈ ਦੀ ਕਾਮਯਾਬੀ ਲਈ ਪੂਰਾ ਜ਼ੋਰ ਲਗਾਇਆ ਜਾਵੇਗਾ। ਇਸ ਮੌਕੇ ਇਹ ਵੀ ਮੰਗ ਕੀਤੀ ਗਈ ਕਿ ਮੱਕੀ ਦੇ ਬੀਜ ਤੇ ਖਾਦ ਦੀ ਚੋਰ ਬਜ਼ਾਰੀ ਰੋਕੀ ਜਾਵੇ। ਕਣਕ ਖਰੀਦ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ। ਹੜ੍ਹਾਂ ਦੀ ਰੋਕਥਾਮ ਲਈ ਸਤਲੁਜ ਦਰਿਆ ਦਾ ਬੰਨ੍ਹ ਹੁਣੇ ਹੀ ਮਜ਼ਬੂਤ ਕੀਤਾ ਜਾਵੇ। ਬਾਰਡਰ ਏਰੀਆ ਵਿੱਚ ਤਾਰ ਪਾਰਲੀ ਜ਼ਮੀਨ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ।

# ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਲਕੇ 11 ਲੋੜਵੰਦ ਲੜਕੀਆਂ ਦੇ ਵਿਆਹ

**ਗੁਰਦਾਸਪੁਰ, (ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਕ ਹੋਰ ਪਹਿਲਕਦਮੀ ਕਰਦਿਆਂ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ 3 ਮਾਰਚ ਨੂੰ 11 ਲੋੜਵੰਦ ਲੜਕੀਆਂ ਦੇ ਵਿਆਹ ਕਰਵਾਏ ਜਾ ਰਹੇ ਹਨ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਇਸ ਵਾਰ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਜ਼ਿਲ੍ਹੇ ਦੀਆਂ 11 ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਇਕ ਵਿਸ਼ੇਸ਼ ਸਮਾਗਮ 3 ਮਾਰਚ ਨੂੰ ਮਹਿੰਦਰਾ ਗਰੀਨ ਲੈਂਡ ਪੈਲੇਸ ਗੁਰਦਾਸਪੁਰ ਵਿਖੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਅਤੇ ਐੱਸ.ਐੱਸ.ਪੀ. ਗੁਰਦਾਸਪੁਰ ਅਦਿੱਤਿਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਕੇ ਨਵ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦੇਣਗੇ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ 11 ਨਵਵਿਆਹੇ ਜੋੜਿਆਂ ਨੂੰ ਵਿਆਹ ਲਈ ਗਿਫ਼ਟ ਆਈਟਮਾਂ (ਕੱਪੜੇ, ਸੂਟ, ਚਾਦਰਾਂ, ਡਬਲ ਬੈੱਡ, ਗੱਦੇ, ਫਰਾਟਾ ਪੱਖਾ, ਡਿਨਰ ਸੈੱਟ, ਐੱਲ.ਈ.ਡੀ. ਆਦਿ) ਦੀ ਵੰਡ ਵੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਤ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਜ਼ਿਲ੍ਹੇ ਦੀਆਂ ਮਾਣਮੱਤੀਆਂ ਧੀਆਂ ਅਤੇ ਮਹਿਲਾ ਸਰਪੰਚਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਆਏ ਸਾਰੇ ਮਹਿਮਾਨਾਂ ਲਈ ਚਾਹ-ਪਾਣੀ ਅਤੇ ਦੁਪਹਿਰ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ ਜਾਵੇਗਾ।



# ਸਮੂਹ ਕਾਰ ਸੇਵਾ ਵਾਲੇ ਮਹਾਂਪੁਰਖਾਂ ਦੀ ਯਾਦ 'ਚ ਗੁਰਮਤਿ ਸਮਾਗਮ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕਾਰ ਸੇਵਾ ਖਡੂਰ ਸਾਹਿਬ ਵਿਖੇ ਸ੍ਰੀਮਾਨ ਸੰਤ ਬਾਬਾ ਗੁਰਮੁਖ ਸਿੰਘ, ਸੰਤ ਬਾਬਾ ਸਾਧੂ ਸਿੰਘ, ਸੰਤ ਬਾਬਾ ਝੰਡਾ ਸਿੰਘ, ਸੰਤ ਬਾਬਾ ਉੱਤਮ ਸਿੰਘ ਅਤੇ ਹੋਰ ਸਮੂਹ ਕਾਰ ਸੇਵਾ ਵਾਲੇ ਮਹਾਂਪੁਰਖਾਂ ਦੀ ਯਾਦ ਨੂੰ ਸਮਰਪਿਤ 28 ਫਰਵਰੀ ਨੂੰ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ। ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਮੀਤ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸਮਾਗਮਾਂ ਵਿੱਚ ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਕੀਰਤਨ ਦੀ ਹਾਜ਼ਰੀ ਭਰੀ। ਉਪਰੰਤ ਪੰਥ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਲੁਧਿਆਣੇ ਵਾਲਿਆਂ ਨੇ ਗੁਰਮਤਿ ਵਿਚਾਰਾਂ ਅਤੇ ਕਾਰ ਸੇਵਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲੇ, ਭਾਈ ਸੁਖਵਿੰਦਰ ਸਿੰਘ ਰਟੌਲ ਅਨੰਦਪੁਰ ਸਾਹਿਬ ਵਾਲਿਆਂ ਨੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਦੀ ਪੰਜਵੀਂ ਕਲਾਸ ਦੀ ਵਿਦਿਆਰਥਣ ਜਪਲੀਨ ਕੌਰ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਚਾਰਣ ਕੀਤੀ ਬਾਣੀ ਜ਼ਫ਼ਰਨਾਮਾ ਕੰਠ ਕਰਕੇ ਸੁਣਾ ਕੇ ਸੰਗਤਾਂ ਨੂੰ ਮੰਤਰ-ਮੁਗਧ ਕੀਤਾ। ਇਨ੍ਹਾਂ ਸਮਾਗਮਾਂ ਵਿੱਚ ਸੰਤ ਬਾਬਾ ਅਵਤਾਰ ਸਿੰਘ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਸੁਰਸਿੰਘ ਵਾਲੇ, ਸੰਤ ਬਾਬਾ ਜੋਗਾ ਸਿੰਘ, ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਾਲੇ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਆਦਿ ਮਹਾਂਪੁਰਖਾਂ ਨੇ ਹਾਜ਼ਰੀ ਭਰੀ ਅਤੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਹਨਾਂ ਸਾਰੀਆਂ ਸਖਸ਼ੀਅਤਾਂ ਦਾ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ੍ਰੀ ਤਪਿਆਣਾ ਸਾਹਿਬ, ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ), ਭਾਈ ਰਾਜਬੀਰ ਸਿੰਘ ਦਾ ਰਾਗੀ ਜਥਾ, ਭਾਈ ਮਹਿਤਾਬ ਸਿੰਘ (ਕਥਾਵਾਚਕ) ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਹਰੀ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਕਾਰ ਸੇਵਾ ਦੀਆਂ ਵਿੱਦਿਅਕ ਸੰਸਥਾਵਾਂ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ, ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਅਤੇ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼ ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਹਾਜ਼ਰੀ ਭਰੀ। ਅੰਤ ਵਿੱਚ ਬਾਬਾ ਸੇਵਾ ਸਿੰਘ ਨੇ ਕਾਰ ਸੇਵਾ ਖਡੂਰ ਸਾਹਿਬ ਵਾਲੇ ਮਹਾਂਪੁਰਖਾਂ ਦੇ ਜੀਵਨ ਤੋਂ ਜਾਣੂ ਕਰਵਾਇਆ ਅਤੇ ਸਮਾਗਮ ਵਿੱਚ ਆਈਆਂ ਸਮੂਹ ਸੰਗਤਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।



# ਮਾਨ ਦਲ ਵੱਲੋਂ ਚੋਲਾ ਸਾਹਿਬ 'ਤੇ ਆਉਣ ਵਾਲੀਆਂ ਸੰਗਤਾਂ ਦਾ ਕੀਤਾ ਜਾਵੇਗਾ ਸਵਾਗਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੋਲਾ ਸਾਹਿਬ ਜੋੜ ਮੇਲਾ ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਖਡਿਆਲਾ ਸੈਣੀਆਂ ਤੋਂ ਪੈਦਲ ਸੰਗ ਦੇ ਰੂਪ ਵਿੱਚ ਚੱਲਦਾ ਅਤੇ ਤਿੰਨ ਤਰੀਕ ਨੂੰ ਕਾਦੀਆਂ ਪਹੁੰਚਦਾ ਹੈ, ਸੰਗਤਾਂ ਦਾ ਕਾਦੀਆਂ ਪਹੁੰਚਣ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਮਾਨ ਦਲ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਕਾਦੀਆਂ ਛੋਟਾ ਬਿਜਲੀ ਘਰ ਚੌਂਕ ਵਿਖੇ ਆਪਣੇ ਦਫਤਰ 'ਚ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਮਾਨ ਦਲ ਦੇ ਮੈਂਬਰ ਅਰਸ਼ਪ੍ਰੀਤ ਸਿੰਘ ਨੰਗਲ ਬਾਗਬਾਨਾਂ ਵੱਲੋਂ ਆਪਣੇ ਸਾਥੀਆਂ ਦੇ ਨਾਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਦੱਸਿਆ ਕਿ ਬਾਬਾ ਰਣਧੀਰ ਸਿੰਘ ਦੀ ਅਗਵਾਈ ਵਿੱਚ ਪਹੁੰਚ ਰਹੇ ਪੈਦਲ ਸੰਗ ਦਾ ਕਾਦੀਆਂ ਵਿਖੇ ਭਰਵਾਂ ਸਵਾਗਤ ਕੀਤਾ ਜਾਵੇਗਾ। ਉਹਨਾਂ ਨੇ ਨਾਲ ਹੀ ਸਮੂਹ ਸੰਗਤ ਨੂੰ ਸ੍ਰੀ ਚੋਲਾ ਸਾਹਿਬ ਜੋੜ ਮੇਲੇ ਦੀ ਵਧਾਈ ਦਿੱਤੀ। ਇਸ ਮੌਕੇ ਅਰਸ਼ਪ੍ਰੀਤ ਸਿੰਘ ਦੇ ਨਾਲ ਉਹਨਾਂ ਦੇ ਸਾਥੀ ਹਾਜ਼ਰ ਸਨ।



## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ ਟੀਚਰਜ਼ ਹੋਮ ਰਾਮਪੁਰਾ ਫੂਲ ਵਿਖੇ ਸੀਨੀਅਰ ਮੀਤ ਪ੍ਰਧਾਨ ਡਾ. ਮਲਕੀਤ ਸਿੰਘ ਸੰਧੂ ਖ਼ੁਰਦ ਅਤੇ ਜ਼ਿਲ੍ਹਾ ਪ੍ਰਧਾਨ ਡਾ. ਜਗਤਾਰ ਸਿੰਘ ਫੂਲ ਦੀ ਦੇਖ਼ ਰੇਖ ਹੇਠ ਸ਼ੁਰੂ ਹੋਈ।ਸਟੇਜ ਦੀ ਕਾਰਵਾਈ ਬਲਾਕ ਸਕੱਤਰ ਡਾ. ਦੇਵਰਾਜ ਕੋਟੜੇ ਕੌੜਿਆਂ ਵਾਲੇ ਨੇ ਸੰਭਾਲੀ।ਡਾ. ਰੇਸ਼ਮ ਸਿੰਘ ਫੂਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਜੀਵਨ ਦੇ ਵਿੱਚ ਦੁਖ ਸੁਖ ਸਮੇਂ ਸਭ ਲਈ ਸਮਾਂ ਜ਼ਰੂਰ ਕੱਢਣਾ ਚਾਹੀਦਾ ਹੈ।ਡਾ. ਗੁਰਸੇਵਕ ਸਿੰਘ ਢੱਡੇ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਡਾਕਟਰ ਮਲਕੀਤ ਸਿੰਘ ਸੰਧੂ ਖ਼ੁਰਦ ਨੇ ਕਲੀਨਿਕ ਸਾਫ਼ ਸੁਥਰੇ ਅਤੇ ਸਫ਼ਾਈ ਅਤੇ ਜੀਵਨ ਦੇ ਵਿੱਚ ਹਰ ਸਾਥੀ ਦਾ ਸਾਥ ਦੇਣ ਦੇ ਵਿਚਾਰ ਸਾਂਝੇ ਕੀਤੇ।ਡਾ. ਰਵੇਲ ਸਿੰਘ ਮੀਤ ਪ੍ਰਧਾਨ ਨੇ ਵੀ ਵਿਚਾਰ ਸਾਂਝੇ ਕੀਤੇ।ਇਸ ਮੌਕੇ ਮੀਟਿੰਗ ਵਿੱਚ ਸਹਾਇਕ ਕੈਸ਼ੀਅਰ ਡਾ. ਹਰਵਿੰਦਰ ਸਿੰਘ ਢਿਪਾਲੀ, ਸਹਾਇਕ ਕੈਸ਼ੀਅਰ ਡਾ. ਜਗਵਿੰਦਰ ਸਿੰਘ ਮਹਿਰਾਜ, ਪ੍ਰੈਸ ਸਕੱਤਰ ਡਾ. ਹਰਜਿੰਦਰ ਮਹਿਰਾਜ, ਡਾ. ਮਨਜੀਤ ਸਿੰਘ ਫੂਲ ਅਤੇ ਵੱਡੀ ਗਿਣਤੀ ਵਿਚ ਹੋਰ ਡਾਕਟਰ ਹਾਜ਼ਰ ਸਨ।ਜ਼ਿਲ੍ਹਾ ਪ੍ਰਧਾਨ ਵੱਲੋਂ ਸਾਰੇ ਹੀ ਸਤਿਕਾਰਯੋਗ ਡਾਕਟਰ ਸਾਥੀਆਂ ਦਾ ਸਵਾਗਤ ਕੀਤਾ ਗਿਆ।

## ਵਿਧਾਇਕ ਛੀਨਾ ਵੱਲੋਂ ਬੀ ਐੱਸ ਯੂ ਪੀ ਫਲੈਟਾਂ ਦੀ ਚੈਕਿੰਗ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਨਗਰ ਨਿਗਮ ਅਧਿਕਾਰੀਆਂ ਦੇ ਨਾਲ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਅਧੀਨ ਢੰਡਾਰੀ ਵਿਖੇ ਬੇਸਿਕ ਸਕੀਮ ਫਾਰ ਅਰਬਨ ਪੀਪਲ ਤਹਿਤ ਬਣੇ ਫਲੈਟਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ।ਵਿਧਾਇਕ ਛੀਨਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਨ੍ਹਾਂ ਫਲੈਟਾਂ ਸਬੰਧੀ ਸ਼ਿਕਾਇਤ ਮਿਲੀ ਸੀ ਜਿਸ 'ਤੇ ਉਨ੍ਹਾਂ ਫੌਰੀ ਤੌਰ 'ਤੇ ਕਾਰਵਾਈ ਕਰਦਿਆਂ ਨਗਰ ਨਿਗਮ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਫਲੈਟਾਂ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਨਿਗਮ ਕਮਿਸ਼ਨਰ ਅਦਿੱਤਿਆ ਡਾਚਲਵਾਲ, ਜ਼ੋਨਲ ਕਮਿਸ਼ਨਰ ਗੁਰਪਾਲ ਸਿੰਘ, ਐਸ.ਈ. ਸ਼ਾਮ ਲਾਲ, ਐਕਸੀਅਨ ਰਾਕੇਸ਼ ਸਿੰਗਲਾ, ਏ.ਟੀ.ਪੀ. ਜਗਦੀਪ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਵਿਧਾਇਕ ਛੀਨਾ ਵੱਲੋਂ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਬੀ.ਐਸ.ਯੂ.ਪੀ. ਤਹਿਤ ਅਲਾਟ ਹੋਏ ਸਾਰੇ ਫਲੈਟਾਂ ਦੀ ਤੁਰੰਤ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਜਾਵੇ।ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਦੋਸ਼ੀ ਪਾਏ ਜਾਣ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਹਾਈ ਸਕੂਲ ਕੋਟਲਾ ਸਮਸ਼ਪੁਰ 'ਚ ਵਿਗਿਆਨ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਰਕਾਰੀ ਹਾਈ ਸਕੂਲ ਕੋਟਲਾ ਸਮਸ਼ਪੁਰ ਵਿਖੇ ਕਾਰਜਕਾਰੀ ਮੁੱਖ ਅਧਿਆਪਕ ਰੁਪਿੰਦਰਪਾਲ ਸਿੰਘ ਗਿੱਲ ਦੀ ਅਗਵਾਈ ਵਿੱਚ ਰਾਸ਼ਟਰੀ ਵਿਗਿਆਨ ਦਿਵਸ 'ਵਿਕਸਤ ਭਾਰਤ ਲਈ ਵਿਗਿਆਨ ਅਤੇ ਨਵੀਨਤਾ ਵਿੱਚ ਭਾਰਤੀ ਨੌਜਵਾਨ ਨੂੰ ਗਲੋਬਲ ਲੀਡਰਸ਼ਿਪ ਲਈ ਸ਼ਕਤੀ ਪ੍ਰਦਾਨ ਕਰਨਾ' ਥੀਮ ਤਹਿਤ ਮਨਾਇਆ ਗਿਆ। ਇਸ ਦਿਨ ਨੂੰ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਨੂੰ ਸਾਡੇ ਰੋਜ਼ਾਨਾ ਜੀਵਨ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਮਹੱਤਵ ਬਾਰੇ ਜਾਣੂ ਕਰਵਾਉਣਾ ਹੈ।ਸਕੂਲ ਦੇ ਮੁੱਖ ਅਧਿਆਪਕ ਰੁਪਿੰਦਰਪਾਲ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਚੰਦਰ ਸ਼ੇਖਰ ਵੈਂਕਟ ਰਮਨ ਦੇ ਜੀਵਨ ਬਾਰੇ ਅਤੇ ਉਨ੍ਹਾਂ ਦੁਆਰਾ ਕੀਤੀ ਗਈ ਖੋਜ ਰਮਨ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ।ਇਸ ਸਮੇਂ 'ਵਿਗਿਆਨ ਦਾ ਰੋਜ਼ਾਨਾ ਜੀਵਨ ਵਿੱਚ ਮਹੱਤਵ' ਵਿਸ਼ੇ ਉਪਰ ਭਾਸ਼ਣ ਮੁਕਾਬਲਾ ਕਰਵਾਇਆ ਗਿਆ।ਭਾਸ਼ਣ ਮੁਕਾਬਲੇ ਵਿੱਚ ਕ੍ਰਮਵਾਰ ਪਹਿਲਾ ਜੈਸਮੀਨ ਕੌਰ, ਦੂਜਾ ਨੀਤਿਕਾ ਅਤੇ ਤੀਜਾ ਸਥਾਨ ਹਰਸ਼ਪ੍ਰੀਤ ਕੌਰ ਪ੍ਰਾਪਤ ਕੀਤਾ।ਇਸ ਸਮੇਂ ਗੁਰਜਿੰਦਰ ਸਿੰਘ, ਰਾਜਬੀਰ ਕੌਰ, ਪਿੰਕੀ ਰਾਣੀ, ਮਨਜਿੰਦਰ ਕੌਰ, ਜਸਵੀਰ ਕੌਰ, ਨਤਾਸ਼ਾ ਰਾਣੀ, ਗੁਰਪ੍ਰੀਤ ਸਿੰਘ ਅਧਿਆਪਕ ਵੀ ਸ਼ਾਮਲ ਸਨ।

## ਸਰਪੰਚ ਕੁਰੜ ਦੀ ਨਿਯੁਕਤੀ ਨਾਲ ਮਿਹਨਤੀ ਵਰਕਰਾਂ ਨੂੰ ਮਿਲਿਆ ਵੱਡਾ ਮਾਣ : 'ਆਪ' ਆਗੂ



**ਮਹਿਲ ਕਲਾਂ (ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵਲੋਂ ਸਰਪੰਚ ਸੁਖਵਿੰਦਰ ਦਾਸ ਕੁਰੜ ਨੂੰ ਮਾਰਕੀਟ ਕਮੇਟੀ ਮਹਿਲ ਕਲਾਂ ਚੇਅਰਮੈਨ ਨਿਯੁਕਤ ਕਰ ਕੇ ਮਿਹਨਤੀ ਵਰਕਰਾਂ ਨੂੰ ਵੱਡਾ ਮਾਣ ਬਖ਼ਸ਼ਿਆ ਹੈ।ਇਹ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ ਕੁਲਵੰਤ ਸਿੰਘ ਲੋਹਗੜ੍ਹ, ਸਰਕਲ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ, ਜ਼ਿਲ੍ਹਾ ਸਕੱਤਰ ਗੁਰਪ੍ਰੀਤ ਸਿੰਘ ਗੁਰੀ ਔਲਖ, ਆਪ ਆਗੂ ਦੇ ਗੁਰਦੀਪ ਸਿੰਘ ਸੋਢਾ, ਪ੍ਰਧਾਨ ਗੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸਹਿਜੜਾ, ਮੁੱਖ ਸਲਾਹਕਾਰ ਦਵਿੰਦਰ ਸਿੰਘ ਧਨੋਆ, ਸਰਪੰਚ ਗੁਰਦੀਪ ਸਿੰਘ ਛਾਪਾ, ਸਰਪੰਚ ਹਰਪਾਲ ਸਿੰਘ ਮਹਿਲ ਖ਼ੁਰਦ, ਰਮਨਦੀਪ ਦੀਪੀ, ਸੋਨੀ ਕੁਰੜ, ਮਨਜੀਤ ਸਿੰਘ ਲੋਹਗੜ੍ਹ ਨੇ ਸਾਂਝੇ ਤੌਰ 'ਤੇ ਕੀਤਾ।ਉਨ੍ਹਾਂ ਕਿਹਾ ਕਿ ਸਰਪੰਚ ਸੁਖਵਿੰਦਰ ਦਾਸ ਕੁਰੜ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਮੁੱਖ ਸਲਾਹਕਾਰ ਵਜੋਂ ਅਣਥੱਕ ਸੇਵਾਵਾਂ ਨਿਭਾਅ ਰਹੇ ਹਨ। ਸਰਪੰਚ ਕੁਰੜ ਨੂੰ ਮਾਰਕੀਟ ਕਮੇਟੀ ਮਹਿਲ ਕਲਾਂ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਇਲਾਕੇ ਦੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਸੁਖਵਿੰਦਰ ਦਾਸ ਕੁਰੜ ਨੇ ਪੰਜਾਬ ਸਰਕਾਰ, ਪਾਰਟੀ ਹਾਈ ਕਮਾਂਡ ਅਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਪਾਰਟੀ ਹਾਈਕਮਾਂਡ ਨੇ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਹੈ, ਉਹ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਅਤੇ ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉੱਤਰਨਗੇ। ਇਸ ਮੌਕੇ ਆਪ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਮਹਿਲ ਖ਼ੁਰਦ, ਜਗਮੇਲ ਸਿੰਘ ਜੱਗਾ, ਹਾਕਮ ਸਿੰਘ ਛੀਨੀਵਾਲ, ਹਰਪ੍ਰੀਤ ਠੁੱਲੀਵਾਲ ਆਦਿ ਆਗੂਆਂ ਨੇ ਇਸ ਨਿਯੁਕਤੀ ਉੱਪਰ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

## ਐੱਮ ਐੱਲ ਡੀ ਸਕੂਲ ਵਿਖੇ ਵਿਦਾਇਗੀ ਸਮਾਰੋਹ



**ਜਗਰਾਉਂ (ਅਮਿਤ ਖੰਨਾ)**-ਐੱਮ. ਐੱਲ. ਡੀ. ਸੀਨੀ: ਸੈਕੰ: ਸਕੂਲ ਤਲਵੰਡੀ ਕਲਾਂ ਵਿਖੇ +2 ਕਲਾਸ ਮੈਡੀਕਲ, ਨਾਨ-ਮੈਡੀਕਲ, ਕਮਰਸ ਤੇ ਹਿਊਮੈਨਿਟੀਜ਼ ਗਰੁੱਪ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਮੌਕੇ ਵਿਦਿਆਰਥੀਆਂ ਨੇ ਸਕੂਲ ਦੇ ਸਫ਼ਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਐਕਟੀਵਿਟੀਜ਼ ਵਿੱਚ ਭਾਗ ਲਿਆ, ਖ਼ੂਬ ਗਿੱਧਾ ਤੇ ਭੰਗੜਾ ਪਾ ਕੇ ਖ਼ੂਬ ਅਨੰਦ ਮਾਣਿਆ।ਇਸ ਮੌਕੇ ਵਿਦਿਆਰਥੀਆਂ ਨੇ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।ਇਸ ਮੌਕੇ ਮੈਡਮ ਰਮਨਪ੍ਰੀਤ ਕੌਰ ਨੇ ਭਵਿੱਖ ਲਈ ਚੰਗੀਆਂ ਯੋਜਨਾਵਾਂ 'ਤੇ ਕੰਮ ਕਰਨ ਲਈ ਪ੍ਰੇਰਿਆ।ਇਸ ਮੌਕੇ +2 ਕਲਾਸ ਨੂੰ ਪੜ੍ਹਾਉਣ ਵਾਲੇ ਅਧਿਆਪਕ ਸਹਿਬਾਨ ਗੁਰਚਰਨ ਸਿੰਘ, ਤੇਜਿੰਦਰਪਾਲ ਸਿੰਘ, ਹਰਪ੍ਰੀਤ ਸਿੰਘ, ਗੁਰਿੰਦਰਪਾਲ ਸਿੰਘ, ਆਸ਼ੂ ਜੀ, ਅਨੂਪ ਸਿੰਘ, ਹਰਦਲਜੀਤ ਸਿੰਘ, ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਰਮਨਪ੍ਰੀਤ ਕੌਰ, ਮੈਡਮ ਸੁਖਦੀਪ ਕੌਰ, ਮੈਡਮ ਸ਼ਰਨਜੀਤ ਕੌਰ ਨੇ ਵਿਦਿਆਰਥੀਆਂ ਨਾਲ ਆਪਣੇ ਤਜਰਬਿਆਂ ਵਿੱਚੋਂ ਚੰਗੀ ਜੀਵਨ ਜਾਂਚ ਤੇ ਅਨੁਸ਼ਾਸਤ ਜ਼ਿੰਦਗੀ ਲਈ ਪ੍ਰੇਰਿਆ।ਇਸ ਮੌਕੇ ਪ੍ਰਿੰਸੀਪਲ ਬਲਦੇਵ ਬਾਵਾ ਨੇ ਸਾਰੇ ਵਿਦਿਆਰਥੀਆਂ ਨੂੰ ਸ਼ਾਨਦਾਰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਮੈਡਮ ਜਸਮਿੰਦਰ ਕੌਰ ਨੇ ਕਿਹਾ ਕਿ ਸਕੂਲ ਦੀ ਟੀਮ ਨੇ ਹਮੇਸ਼ਾ ਵਿਦਿਆਰਥੀਆਂ ਦੇ ਸ਼ਾਨਦਾਰ ਭਵਿੱਖ ਲਈ ਵਧੀਆ ਸੇਧ ਦਿੱਤੀ ਹੈ ਤੇ ਸਕੂਲ ਦੇ ਫਰਜ਼ ਬਾਖ਼ੂਬੀ ਨਿਭਾਏ ਹਨ।ਇਸ ਮੌਕੇ ਪ੍ਰਿੰਸੀਪਲ ਬਲਦੇਵ ਬਾਵਾ ਤੇ ਸਮੂਹ ਸਟਾਫ ਨੇ ਸਾਰੇ ਵਿਦਿਆਰਥੀਆਂ ਦਾ ਗਰੁੱਪ ਫੋਟੋ ਦੇ ਕੇ ਸਨਮਾਨ ਕੀਤਾ।ਸਾਰੇ ਵਿਦਿਆਰਥੀਆਂ ਨੇ ਨਮ ਅੱਖਾਂ ਨਾਲ ਵਿਦਾਇਗੀ ਲਈ।

## ਗੈਸਟ ਫੈਕਲਟੀ ਨੇ ਕੀਤਾ ਵਿਧਾਇਕ ਬੁੱਧ ਰਾਮ ਦਾ ਧੰਨਵਾਦ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਸੱਦੇ ਗਏ ਦੋ ਦਿਨਾ ਵਿਧਾਨ ਸਭਾ ਅਜਲਾਸ ਦੌਰਾਨ ਬੁਢਲਾਡਾ ਤੋਂ ਵਿਧਾਇਕ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਵਾਈਸ ਪ੍ਰਧਾਨ ਸ੍ਰੀ ਬੁੱਧਰਾਮ ਨੇ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੇ ਮੁੱਦੇ ਨੂੰ ਵਿਸ਼ੇਸ਼ ਰੂਪ ਵਿੱਚ ਚੁੱਕਿਆ।ਉਨ੍ਹਾਂ ਨੇ ਗੈਸਟ ਫੈਕਲਟੀ ਦੇ ਦੁਖਾਂਤ ਤੇ ਸਾਲਾਂ ਦੇ ਸਮਰਪਣ ਨਾਲ ਸਾਂਭੇ ਸਰਕਾਰੀ ਕਾਲਜਾਂ ਦੀ ਵਿਰਾਸਤ ਦੀ ਗੱਲ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਸਮਰਪਤ ਸਾਥੀਆਂ ਦੀ ਬਾਂਹ ਫੜੀ ਜਾਵੇ ਤਾਂ ਜੋ ਇਹ ਆਪਣੇ ਪਰਵਾਰਾਂ ਦਾ ਪਾਲਣ ਪੋਸ਼ਣ ਕਰ ਸਕਣ। ਗੈਸਟ ਫੈਕਲਟੀ ਸੰਯੁਕਤ ਫਰੰਟ ਪੰਜਾਬ ਦੇ ਆਗੂ ਡਾ. ਰਵਿੰਦਰ ਮਾਨਸਾ, ਪ੍ਰੋ. ਗੁਰਸੇਵਕ ਸਿੰਘ, ਪ੍ਰੋ. ਪਰਮਜੀਤ ਸਿੰਘ, ਪ੍ਰੋ. ਤਨਵੀਰ, ਪ੍ਰੋ. ਗੁਰਜੀਤ ਸਿੰਘ ਤੇ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਦੇ ਪ੍ਰਧਾਨ ਕੁਲਦੀਪ ਸਿੰਘ ਬਾਹੀਆ, ਪ੍ਰੋ. ਰਮਨਦੀਪ ਸਿੰਘ, ਪ੍ਰੋ. ਚਮਕੌਰ ਸਿੰਘ, ਡਾ. ਮਨੀਤਾ ਜੋਸ਼ੀ, ਡਾ. ਪਰਮਿੰਦਰ ਕੌਰ, ਪ੍ਰੋ. ਪ੍ਰਭਜੀਤ ਕੌਰ ਆਦਿ ਵੱਲੋਂ ਸ੍ਰੀ ਬੁੱਧਰਾਮ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਾਡੇ ਮੁਸ਼ਕਲ ਸਮੇਂ ਵਿੱਚ ਸ੍ਰੀ ਬੁੱਧਰਾਮ ਵੱਲੋਂ ਵਿਧਾਨ ਸਭਾ ਵਿੱਚ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਦਾ ਮੁੱਦਾ ਚੁੱਕਣ ਨੇ ਸਾਡੇ ਅੰਦਰ ਆਸ ਦੀ ਇਕ ਨਵੀਂ ਊਰਜਾ ਪੈਦਾ ਕੀਤੀ ਹੈ।ਅਸੀਂ ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਦੇ ਧੰਨਵਾਦੀ ਹਾਂ ਤੇ ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਸਾਨੂੰ ਉਨ੍ਹਾਂ ਵੱਲੋਂ ਸਹਿਯੋਗ ਮਿਲਦਾ ਰਹੇਗਾ।

# ਮਨਰੇਗਾ ਵਰਕਰਾਂ ਵੱਲੋਂ ਡੀ ਸੀ ਦਫ਼ਤਰ ਵਿਖੇ ਰੋਸ ਪ੍ਰਦਰਸ਼ਨ

### ■ ਦਰੱਖਤ 'ਤੇ ਮੰਗ ਪੱਤਰ ਲਟਕਾਇਆ



**ਪਟਿਆਲਾ (ਇਕਬਾਲ ਸਿੰਘ ਬੱਲ)**

ਪ੍ਰਸ਼ਾਸਕੀ ਤੇ ਰਾਜਨੀਤਕ ਉਦਾਸੀਨਤਾ ਤੋਂ ਤੰਗ ਆ ਕੇ ਸੈਂਕੜੇ ਮਨਰੇਗਾ ਵਰਕਰਾਂ ਨੇ ਡੈਮੋਕ੍ਰੇਟਿਕ ਮਨਰੇਗਾ ਫਰੰਟ ਦੀ ਅਗਵਾਈ ਹੇਠ ਪਟਿਆਲਾ ਡੀ ਸੀ ਦਫ਼ਤਰ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਜਦੋਂ ਉਨ੍ਹਾਂ ਦੀ ਉੱਥੇ ਵੀ ਕੋਈ ਸੁਣਵਾਈ ਨਹੀਂ ਹੋਈ, ਤਾਂ ਉਨ੍ਹਾਂ ਨੇ ਡੀ ਸੀ ਦਫ਼ਤਰ ਦੇ ਬਾਹਰ ਦਰੱਖਤ 'ਤੇ ਆਪਣੀਆਂ ਮੰਗਾਂ ਲਟਕਾਉਣ ਦਾ ਫੈਸਲਾ ਕੀਤਾ।

ਮਜ਼ਦੂਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਪਿਛਲੇ ਸਾਲ ਸਤੰਬਰ ਵਿੱਚ ਡੀ ਸੀ ਪਟਿਆਲਾ ਨੂੰ ਭ੍ਰਿਸ਼ਟਾਚਾਰ ਤੇ ਮਨਰੇਗਾ ਐਕਟ ਦੀ ਉਲੰਘਣਾ ਨੂੰ ਉਜਾਗਰ ਕਰਨ ਵਾਲੀਆਂ ਸੈਂਕੜੇ ਅਰਜ਼ੀਆਂ ਸੌਂਪੀਆਂ ਸਨ।ਉਨ੍ਹਾਂ ਨੂੰ 5 ਨਵੰਬਰ ਤੱਕ ਹਰੇਕ ਅਰਜ਼ੀ ਦਾ ਹੱਲ ਕਰਨ ਦਾ ਵਾਅਦਾ ਕਰਨਾ ਪਿਆ ਸੀ, ਪਰ ਹੁਣ ਤੱਕ ਇਸ ਨੂੰ ਟਾਲਿਆ ਜਾ ਰਿਹਾ ਹੈ।ਡੀ ਐੱਮ ਐੱਫ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਨੇ ਦੋਸ਼ ਲਗਾਇਆ ਕਿ ਇਨ੍ਹਾਂ ਅਣਚਾਹੇ ਉਲੰਘਣਾਵਾਂ ਕਾਰਨ ਹੀ ਪ੍ਰੋਜੈਕਟ ਸਾਈਟਾਂ 'ਤੇ ਕੋਈ ਸੁਰੱਖਿਆ ਪ੍ਰਬੰਧ ਨਹੀਂ ਹੁੰਦੇ ਅਤੇ ਦੋ ਹਫ਼ਤੇ ਪਹਿਲਾਂ ਕੰਮ 'ਤੇ ਇੱਕ ਔਰਤ ਨੂੰ ਰੇਲਗੱਡੀ ਹੇਠਾਂ ਕੁਚਲ ਦਿੱਤਾ ਗਿਆ ਸੀ, ਜਦੋਂਕਿ 30 ਹੋਰ ਮਜ਼ਦੂਰ ਮੌਤ ਤੋਂ ਬਚਣ ਲਈ ਭੱਜ ਗਏ ਸਨ।ਡੀ ਐੱਮ ਐੱਫ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਨੇ ਕਿਹਾ ਕਿ ਸੁਰੱਖਿਆ ਉਪਾਵਾਂ ਤੋਂ ਇਲਾਵਾ, ਸਤੰਬਰ ਵਿੱਚ ਸਾਡੀਆਂ ਸ਼ਿਕਾਇਤਾਂ ਵਿੱਚ ਜਾਲ੍ਹੀ ਪ੍ਰੋਜੈਕਟਾਂ ਜਿਵੇਂ ਕਿ ਪਹਿਲਾਂ ਹੀ ਪੱਧਰੀ ਜ਼ਮੀਨਾਂ ਨੂੰ ਪੱਧਰਾ ਕਰਨਾ, ਜਾਲ੍ਹੀ ਹਾਜ਼ਰੀ ਦੀਆਂ ਘਟਨਾਵਾਂ, ਮਜ਼ਦੂਰਾਂ ਨੂੰ ਪ੍ਰੋਜੈਕਟ ਦਾ ਅਲਾਟਮੈਂਟ ਪੱਤਰ ਜਾਰੀ ਨਾ ਕਰਨਾ ਤੇ ਗੈਰ-ਕਾਨੂੰਨੀ ਤੌਰ 'ਤੇ ਅਧਿਕਾਰੀਆਂ ਦੀ ਸੇਵਾ ਵਿੱਚ ਤਾਇਨਾਤ ਕਰਨਾ, ਮਨਰੇਗਾ ਪੋਰਟਲ 'ਤੇ ਕੰਮ ਦੀ ਮੰਗ ਦੀ ਰਜਿਸਟ੍ਰੇਸ਼ਨ ਨਾ ਕਰਨਾ ਤੇ ਹੋਰ ਬਹੁਤ ਸਾਰੀਆਂ ਸ਼ਾਮਲ ਸਨ।ਕਿਸੇ ਵੀ ਅਰਜ਼ੀ ਦਾ ਹੱਲ ਨਹੀਂ ਕੀਤਾ ਗਿਆ ਹੈ, ਜਦੋਂਕਿ ਐਕਟ ਸੱਤ ਦਿਨਾਂ ਵਿੱਚ ਸ਼ਿਕਾਇਤ ਨਿਪਟਾਰਾ ਕਰਨ ਜਾਂ ਮਨਰੇਗਾ ਐਕਟ ਦੀ ਧਾਰਾ 25 ਅਨੁਸਾਰ ਕਾਰਵਾਈ ਦਾ ਸਾਹਮਣਾ ਕਰਨ ਦਾ ਆਦੇਸ਼ ਦਿੰਦਾ ਹੈ।

ਕੁਲਵਿੰਦਰ ਕੌਰ ਨੇ ਕਿਹਾ ਕਿ ਅੱਜ, ਅਸੀਂ ਪੰਚਾਇਤ ਮੰਤਰੀ ਨਾਲ ਮੁਲਾਕਾਤ ਦੀ ਮੰਗ ਕੀਤੀ ਸੀ, ਪਰ ਇਸ ਸਰਕਾਰ ਕੋਲ ਆਮ ਲੋਕਾਂ ਲਈ ਸਮਾਂ ਨਹੀਂ ਹੈ ਤੇ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇੱਕ ਪੱਤਰ ਲਿਖਣ ਅਤੇ ਇਸ ਨੂੰ ਡੀ ਸੀ ਦਫ਼ਤਰ ਦੇ ਦਰੱਖਤ 'ਤੇ ਟੰਗਣ ਦਾ ਫੈਸਲਾ ਕੀਤਾ।ਪੱਤਰ ਵਿੱਚ ਮਜ਼ਦੂਰਾਂ ਨੇ ਅਧਿਕਾਰੀਆਂ ਦੀ ਲਾਪ੍ਰਵਾਹੀ ਕਾਰਨ ਪ੍ਰੋਜੈਕਟ ਸਾਈਟਾਂ 'ਤੇ ਹੋਏ ਗੰਭੀਰ ਹਾਦਸਿਆਂ ਤੇ ਬਿਮਾਰੀਆਂ ਨੂੰ ਸੂਚੀਬੱਧ ਕੀਤਾ ਅਤੇ ਪਿਛਲੇ ਸਾਲ ਸਤੰਬਰ ਵਿੱਚ ਡੀ ਸੀ ਨੂੰ ਸੌਂਪੀਆਂ ਗਈਆਂ ਸ਼ਿਕਾਇਤਾਂ ਨੂੰ ਵੀ ਨੱਥੀ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਦੀਪ ਕੌਰ ਨੂਰਪੁਰਾ, ਕੁਲਵੰਤ ਕੌਰ ਚੰਨ ਕਮਾਸਪੁਰ, ਜਗਦੇਵ ਸਿੰਘ ਭੋੜੇ, ਲਖਬੀਰ ਸਿੰਘ ਲਾਡੀ, ਕਰਮਜੀਤ ਕੌਰ ਬਨੇਰਾ, ਸੁਖਵਿੰਦਰ ਕੌਰ ਨੌਹਰਾ, ਭਿੰਦਰ ਗੁਜਰੇੜੀ, ਰਣਵੀਰ ਕੌਰ ਬਾਦਸ਼ਾਹਪੁਰ ਕਾਲੇਕੀ, ਰਾਣੀ ਕਾਠ ਮੱਠੀ, ਸੁਰਿੰਦਰ ਕੌਰ ਸਿੰਧੜਾ, ਜਸਵੀਰ ਕੌਰ ਮੂਲਾ ਬੱਧਾ, ਸਿਮਰਨ ਕੌਰ ਚਲੈਲਾ, ਸਿਮਰਨ ਭੋੜੇ, ਜੀਤ ਸਿੰਘ ਕੱਲਾ ਮਾਜਰਾ ਤੇ ਆਈਡੀਪੀ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ, ਗੁਰਮੀਤ ਸਿੰਘ ਥੂਹੀ, ਕੁਲਵੰਤ ਸਿੰਘ ਥੂਹੀ, ਮਨਪ੍ਰੀਤ ਕੌਰ ਰਾਜਪੁਰਾ ਆਦਿ ਨੇ ਸ਼ਮੂਲੀਅਤ ਕੀਤੀ।

## ਅਨਏਡਿਡ ਅਧਿਆਪਕ ਫ਼ਰੰਟ ਵੱਲੋਂ ਰੋਸ ਰੈਲੀ ਅੱਜ

**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਅਨਏਡਿਡ ਅਧਿਆਪਕ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਜਹਾਂਗੀਰ ਨੇ ਦੱਸਿਆ ਕਿ ਯੂਨੀਅਨ ਦੀ ਹੋਈ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਯੂਨੀਅਨ ਵਲੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਕਈ ਵਾਰ ਮੰਗ ਪੱਤਰ ਦਿੱਤੇ ਗਏ, ਧਰਨੇ, ਰੋਸ ਪ੍ਰਦਰਸ਼ਨ ਕੀਤੇ ਗਏ, ਅਤੇ ਕੈਬਨਿਟ ਕਮੇਟੀ ਨਾਲ ਮੀਟਿੰਗਾਂ ਹੋ ਚੁੱਕੀਆ ਹਨ, ਪਰ ਏਡਿਡ ਸਕੂਲਾਂ ਵਿਚ ਅਨਏਡਿਡ ਤੌਰ 'ਤੇ ਸੇਵਾ ਨਿਭਾ ਰਹੇ ਅਧਿਆਪਕਾਂ ਨੂੰ 70:30 ਪਾਲਿਸੀ ਅਨੁਸਾਰ ਪੱਕਿਆਂ ਕਰਨ ਦੀ ਮੁੱਖ ਮੰਗ ਨੂੰ ਅਜੇ ਤੱਕ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ ਅਤੇ ਸਰਕਾਰ ਵਲੋਂ ਟਾਲ ਮਟੋਲ ਦੀ ਨੀਤੀ ਤੋਂ ਪ੍ਰੇਸ਼ਾਨ ਅਨਏਡਿਡ ਅਧਿਆਪਕ ਬਹੁਤ ਘੱਟ ਤਨਖਾਹਾਂ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹਨ।ਉਨ੍ਹਾਂ ਦੱਸਿਆ ਕਿ ਅੱਕੇ ਅਧਿਆਪਕਾਂ ਨੇ ਹੁਣ 2 ਮਾਰਚ ਨੂੰ ਮੁੱਖ ਮੰਤਰੀ ਨਿਵਾਸ ਦੇ ਸਾਹਮਣੇ ਮਹਾਂ ਰੋਸ ਰੈਲੀ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਵਿੱਚ ਪੰਜਾਬ ਭਰ ਤੋਂ ਅਨਏਡਿਡ ਅਧਿਆਪਕ ਫ਼ਰੰਟ ਪੰਜਾਬ ਦੇ ਅਧਿਆਪਕ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ ਅਤੇ ਵੱਡੇ ਪੱਧਰ ਤੇ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨਗੇ।

## ਭਾਕਿਯੂ ਲੱਖੋਵਾਲ ਵੱਲੋਂ ਚੰਡੀਗੜ੍ਹ ਧਰਨੇ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਵੱਲੋਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ 5 ਮਾਰਚ ਤੋਂ ਚੰਡੀਗੜ੍ਹ ਵਿਖੇ ਲੱਗਣ ਵਾਲੇ ਧਰਨੇ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਦੀ ਅਗਵਾਈ ਹੇਠ ਸਥਾਨਕ ਦਾਣਾ ਮੰਡੀ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਯੂਨੀਅਨ ਦੇ ਸਰਪ੍ਰਸਤ ਅਵਤਾਰ ਸਿੰਘ ਮੇਹਲੋਂ ਵਿਸ਼ੇਸ਼ ਤੌਰ 'ਤੇ ਪੁੱਜੇ।ਮੀਟਿੰਗ ਵਿੱਚ ਇਕੱਤਰ ਹੋਏ ਵੱਖ ਵੱਖ ਬਲਾਕਾਂ ਦੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਢੀਂਡਸਾ ਨੇ ਕਿਹਾ 5 ਮਾਰਚ ਤੋਂ ਚੰਡੀਗੜ੍ਹ ਵਿਖੇ ਲੱਗਣ ਵਾਲਾ ਸਾਂਝਾ ਧਰਨਾ ਮੁੜ ਇਤਿਹਾਸ ਦੁਹਰਾਉਣ ਜਾ ਰਿਹਾ ਹੈ, ਕਿਉਂਕਿ ਕੇਂਦਰ ਤੇ ਪੰਜਾਬ ਸਰਕਾਰ ਨੂੰ ਲੱਗ ਰਿਹਾ ਸੀ ਕਿ ਕਿਸਾਨ ਜਥੇਬੰਦੀਆਂ ਵੱਖ ਵੱਖ ਹੋਣ ਨਾਲ ਕਿਸਾਨ ਦੋਫਾੜ ਹੋ ਗਏ, ਮੁੜ ਲਾਮਬੰਦ ਨਹੀਂ ਹੋਣਗੇ, ਪ੍ਰੰਤੂ ਚੰਡੀਗੜ੍ਹ ਵਾਲੇ ਧਰਨੇ ਵਿੱਚ ਹੋਣ ਵਾਲਾ ਇਕੱਠ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਅੱਖਾਂ ਖੋਲ੍ਹ ਦੇਵੇਗਾ।ਉਨ੍ਹਾਂ ਦੱਸਿਆ ਕਿ 5 ਮਾਰਚ ਨੂੰ ਲੁਧਿਆਣਾ ਜ਼ਿਲ੍ਹੇ ਦੇ ਸਮੂਹ ਕਿਸਾਨ ਹੇਡੋਂ ਪਿੰਡ ਲਾਗੇ ਪੈਟਰੋਲ ਪੰਪ 'ਤੇ ਸਵੇਰੇ 10 ਵਜੇ ਇਕੱਤਰ ਹੋ ਕੇ ਵੱਡੇ ਕਾਫਲੇ ਦੇ ਰੂਪ ਵਿੱਚ ਚੰਡੀਗੜ੍ਹ ਲਈ ਚਾਲੇ ਪਾਉਣਗੇ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਪਵਨਦੀਪ ਸਿੰਘ ਮੇਹਲੋਂ, ਹਰਦੀਪ ਸਿੰਘ ਭਰਥਲਾ, ਹਰਪ੍ਰੀਤ ਸਿੰਘ ਗੜ੍ਹੀ ਤਰਖਾਣਾ ਜਗਜੀਤ ਸਿੰਘ ਮੁਤਿਓਂ ਸਾਰੇ ਮੀਤ ਪ੍ਰਧਾਨ ਜ਼ਿਲ੍ਹਾ ਲੁਧਿਆਣਾ, ਸੁਰਿੰਦਰ ਸਿੰਘ ਜਨਰਲ ਸਕੱਤਰ ਲੁਧਿਆਣਾ, ਗੁਰਸੇਵਕ ਸਿੰਘ ਮੰਜਾਲੀਆਂ ਬਲਾਕ ਪ੍ਰਧਾਨ, ਬੇਅੰਤ ਸਿੰਘ ਤੁਰਮਰੀ ਬਲਾਕ ਪ੍ਰਧਾਨ ਖੰਨਾ, ਰਵਿੰਦਰ ਸਿੰਘ ਬਿੰਦਾ ਅਕਾਲਗੜ੍ਹ ਬਲਾਕ ਪ੍ਰਧਾਨ ਮਾਛੀਵਾੜਾ ਸਾਹਿਬ, ਬਲਵੰਤ ਸਿੰਘ ਮੰਜਾਲੀਆਂ, ਕੈਪਟਨ ਗੁਰਚਰਨ ਸਿੰਘ, ਹਰਿੰਦਰ ਸਿੰਘ ਮੁਤਿਓਂ, ਸਰਪੰਚ ਸੁਰਿੰਦਰ ਸਿੰਘ, ਜਗਦੀਸ਼ ਸਿੰਘ ਖੱਟਰਾਂ, ਮੱਘਰ ਸਿੰਘ ਘੁੰਗਰਾਲੀ ਸਿੱਖਾਂ, ਦਲਜੀਤ ਸਿੰਘ ਉਰਨਾਂ ਦੋਨੋਂ ਜਨਰਲ ਸਕੱਤਰ ਬਲਾਕ ਸਮਰਾਲਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੂਨੀਅਨ ਦੇ ਵਰਕਰ ਹਾਜ਼ਰ ਸਨ।

## ਬੁੱਢੇ ਦਰਿਆ ਦੀ ਸਫਾਈ ਦਾ ਅਸਰ ਰਾਜਸਥਾਨ ਤੱਕ ਜਾਵੇਗਾ : ਮੁੰਡੀਆ



**ਲੁਧਿਆਣਾ (ਰਾਜ ਸਿੰਗਲਾ)**-ਮਾਲ ਤੇ ਜਲ ਸਪਲਾਈ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆ ਨੇ ਬੁੱਢੇ ਦਰਿਆ ਦੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਰਵਾਈ ਜਾ ਰਹੀ ਕਾਰ ਸੇਵਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਬੁੱਢਾ ਦਰਿਆ ਸਾਫ ਹੋਣ ਦਾ ਅਸਰ ਇੱਕਲੇ ਪੰਜਾਬ 'ਤੇ ਹੀ ਨਹੀਂ, ਸਗੋਂ ਰਾਜਸਥਾਨ ਤੱਕ ਹੋਵੇਗਾ।ਅੱਜ ਬਾਅਦ ਦੁਪਹਿਰ ਭੂਖੜੀ ਖੁਰਦ ਪਿੰਡ ਵਿੱਚ ਬੁੱਢੇ ਦਰਿਆ ਵਿੱਚ ਪੈ ਰਹੇ ਗੰਦੇ ਪਾਣੀ ਰੋਕਣ ਲਈ ਬਣਾਏ ਗਏ ਸੀਚੇਵਾਲ ਮਾਡਲ-2 ਦਾ ਜਾਇਜ਼ਾ ਲਿਆ।ਇਸ ਮੌਕੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਕਿਹਾ ਕਿ ਪਹਿਲਾਂ ਹਰ ਦੇ ਮਨ ਵਿੱਚ ਇਹੀ ਗੱਲ ਬੈਠ ਗਈ ਸੀ ਕਿ ਬੁੱਢਾ ਦਰਿਆ ਕਦੇ ਸਾਫ ਨਹੀਂ ਹੋ ਸਕਦਾ, ਪਰ ਸੰਤ ਸੀਚੇਵਾਲ ਦੇ ਸਿਰੜ ਅੱਗੇ ਜਲਦੀ ਹੀ ਬੁੱਢਾ ਨਾਲਾ ਬੁੱਢਿਆ ਦਰਿਆ ਬਣਨ ਜਾ ਰਿਹਾ ਹੈ।ਉਨ੍ਹਾਂ ਪੰਜਾਬ ਦੇ ਲੋਕਾਂ ਤੇ ਖ਼ਾਸ ਕਰਕੇ ਲੁਧਿਆਣੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਬੁੱਢਾ ਦਰਿਆ ਸਾਫ ਕਰਨ ਦੀ ਚੱਲ ਰਹੀ ਮੁਹਿੰਮ ਵਿੱਚ ਸਹਿਯੋਗ ਕਰਨ ਤੇ ਇਸ ਦੀ ਸਾਂਭ ਸੰਭਾਲ ਲਈ ਵੀ ਅੱਗੇ ਆਉਣ। ਉਨ੍ਹਾ ਆਪਣੇ ਹਲਕੇ ਸਾਹਨੇਵਾਲ ਦੇ ਪਿੰਡਾਂ ਵਿੱਚ ਸੀਚੇਵਾਲ ਮਾਡਲ-2 ਤਹਿਤ ਗੰਦੇ ਪਾਣੀਆਂ ਦੇ ਕੀਤੇ ਪ੍ਰਬੰਧ ਲਈ ਵੀ ਸੰਤ ਸੀਚੇਵਾਲ ਦਾ ਧੰਨਵਾਦ ਕੀਤਾ।ਸੰਤ ਸੀਚੇਵਾਲ ਨੇ ਪਿੰਡ ਦੇ ਗੰਦੇ ਪਾਣੀ ਨੂੰ ਸਾਫ ਕਰਨ ਲਈ ਬਣਾਏ ਮਾਡਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਹੜੇ ਤਿੰਨ ਖੂਹ ਬਣਾਏ ਗਏ ਹਨ, ਉਨ੍ਹਾਂ ਵਿੱਚ ਦੀ ਪਾਣੀ ਸਾਈਕਲੋਨ ਵਿਧੀ ਰਾਹੀ ਘੁੰਮ ਕੇ ਸਾਫ ਹੋਵੇਗਾ।ਛੱਪੜ ਵਿੱਚ ਧੁੱਪ ਲੱਗਣ ਨਾਲ ਪਾਣੀ ਜਾਣ ਤੋਂ ਬਾਅਦ ਪਾਣੀ ਓਰਬਿਕ ਕਿਰਿਆ ਰਾਹੀਂ ਸਾਫ ਹੋਵੇਗਾ।ਛੱਪੜ ਵਿੱਚੋਂ ਪਾਣੀ ਖੇਤੀ ਨੂੰ ਲਗਾਉਣ ਲਈ ਸੋਲਰ ਮੋਟਰ ਲਾਈ ਜਾਵੇਗੀ।ਇਸ ਮੌਕੇ ਪਿੰਡ ਦੇ ਸਰਪੰਚ ਸਤਪਾਲ ਸਿੰਘ ਤੇ ਨੰਬਰਦਾਰ ਸਮੇਤ ਪਿੰਡ ਦੇ ਪਤਵੰਤੇ ਸੱਜਣਾਂ ਨੇ ਮਾਲ ਮੰਤਰੀ ਦਾ ਸਵਾਗਤ ਕੀਤਾ।ਪਿੰਡ ਭੂਖੜੀ ਖੁਰਦ ਵਿੱਚ ਸੀਚੇਵਾਲ ਮਾਡਲ ਦੇਖਣ ਆਏ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆ ਉਸ ਵੇਲੇ ਹੈਰਾਨ ਹੋ ਗਏ, ਜਦੋਂ ਉਨ੍ਹਾਂ ਦੇਖਿਆ ਕਿ ਬੁੱਢੇ ਦਰਿਆ ਵਿੱਚ ਜੰਮਿਆ ਹੋਇਆ ਗੋਹਾ ਕੱਢਣ ਲਈ ਐਕਸਾਵੇਟਰ ਆਪ ਚਲਾ ਰਹੇ ਸਨ।ਉਨ੍ਹਾਂ ਕਿਹਾ ਕਿ ਡੇਅਰੀਆਂ ਦਾ ਗੋਹਾ ਦਰਿਆ ਨੂੰ ਜਾਮ ਕਰ ਰਿਹਾ ਹੈ।

## ਬੀ ਕੇ ਯੂ ਡਕੌਂਦਾ ਬਲਾਕ ਬੁਢਲਾਡਾ ਦੀ ਮੀਟਿੰਗ

**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਬੁਢਲਾਡਾ ਦੀ ਮੀਟਿੰਗ ਬਲਾਕ ਪ੍ਰਧਾਨ ਜਗਰਾਜ ਸਿੰਘ ਅਹਿਮਦਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 14 ਇਕਾਈਆਂ ਸ਼ਾਮਲ ਹੋਇਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਲਛਮਣ ਸਿੰਘ ਚੱਕ ਅਲੀਸ਼ੇਰ ਤੇ ਜ਼ਿਲ੍ਹਾ ਜਨਰਲ ਸਕੱਤਰ ਸਤਪਾਲ ਸਿੰਘ ਵਰ੍ਹੇ ਨੇ ਪੰਜ ਮਾਰਚ ਨੂੰ ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਸੱਦੇ 'ਤੇ ਪੱਕਾ ਧਰਨਾ ਲਾਉਣ ਲਈ ਪਿੰਡ ਇਕਾਈਆਂ ਨੂੰ ਅੱਜ ਤੋਂ ਹੀ ਜੁੱਟ ਜਾਣ ਦਾ ਸੱਦਾ ਦਿੱਤਾ।

ਇਸ ਮੌਕੇ ਉਨ੍ਹਾਂ ਨੇ ਪੱਕੇ ਮੋਰਚੇ ਵਿੱਚ ਵੱਧ ਤੋਂ ਵੱਧ ਇੱਕਠ ਲਿਜਾਣ ਲਈ ਬਲਾਕ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਮੀਟਿੰਗ ਵਿੱਚ ਭਗਵਾਨ ਸਿੰਘ ਕਾਹਨਗੜ੍ਹ ਸਰਬਸੰਮਤੀ ਨਾਲ ਬਲਾਕ ਬੁਢਲਾਡਾ ਦਾ ਮੀਤ ਪ੍ਰਧਾਨ ਚੁਣਿਆ ਗਿਆ।

## ਸੀ ਬੀ ਐਸ ਸੀ ਸਿਲੇਬਸ 'ਚੋਂ ਪੰਜਾਬੀ ਭਾਸ਼ਾ ਨੂੰ ਮਨਫ਼ੀ ਕਰਨ ਦੀ ਕੀਤੀ ਜਾ ਰਹੀ ਕੋਝੀ ਸਾਜ਼ਿਸ਼ : ਪ੍ਰੋ. ਬਡੂੰਗਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸੀ.ਬੀ.ਐਸ.ਈ ਸਿਲੇਬਸ ਵਿਚੋਂ ਪੰਜਾਬ ਭਾਸ਼ਾ ਨੂੰ ਮਨਫ਼ੀ ਕੀਤੇ ਜਾਣ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀ ਸੰਸਥਾ ਕੇਂਦਰੀ ਸੈਕੰਡਰੀ ਬੋਰਡ ਮਾਟੋ ਐਜੂਕੇਸ਼ਨ (ਸੀ.ਬੀ.ਐਸ.ਈ.) ਵਲੋਂ ਪੰਜਾਬੀ ਭਾਸ਼ਾ ਨੂੰ ਆਪਣੇ ਸਿਲੇਬਸ ਅਤੇ ਪਾਠ ਪੁਸਤਕਾਂ ਵਿਚੋਂ ਮਨਫੀ ਕਰਨ ਦਾ ਕੋਝਾ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਬੋਰਡ ਦਾ ਪੰਜਾਬੀ ਭਾਸ਼ਾ ਵਿਰੋਧੀ ਫੈਸਲਾ ਨਿੰਦਣਯੋਗ ਹੈ।ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਮੇਂ ਸਮੇਂ ਕੇਂਦਰ ਸਰਕਾਰਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉੱਤੇ ਮਾਰੂ ਹਮਲੇ ਕੀਤੇ ਹਨ ਅਤੇ ਪੰਜਾਬ ਨੂੰ ਵਾਰ ਵਾਰ ਹਰ ਪੱਖੋਂ ਛਾਂਗਣ ਦੇ ਯਤਨ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬੀ ਭਾਈਚਾਰੇ ਖਾਸ ਕਰਕੇ ਸਿੱਖ ਭਾਈਚਾਰੇ ਨੇ ਦੇਸ਼ ਦੀ ਜੰਗ-ਏ-ਅਜ਼ਾਦੀ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿਤੀਆਂ। ਇਸ ਦੇ ਨਾਲ 1948, 1962, 1965, 1971 ਅਤੇ 1999 ਦੀ ਭਾਰਤ-ਪਾਕ, ਭਾਰਤ-ਚੀਨੀ ਜੰਗਾਂ ਵਿਚ ਪੰਜਾਬੀ ਫੌਜੀ ਜੁਆਨਾਂ ਅਤੇ ਅਫਸਰਾਂ ਨੇ ਯੋਗਦਾਨ ਪਾਇਆ ਅਤੇ ਲਾਮਿਸਾਲ ਸ਼ਹੀਦੀਆਂ ਵੀ ਦਿੱਤੀਆਂ। ਅੰਤ ਵਿਚ ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਨੇ ਸੈਕੰਡਰੀ ਬੋਰਡ ਅਤੇ ਕੇਂਦਰੀ ਸਿੱਖਿਆ ਮੰਤਰੀ ਨੂੰ ਪੰਜਾਬੀ ਮਾਰੂ ਫੈਸਲਾ ਵਾਪਸ ਲੈਣ ਦੀ ਅਪੀਲ ਕੀਤੀ।

## ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਗੋਲਡੀ ਨੂੰ ਸਦਮਾ, ਮਾਤਾ ਦਾ ਦੇਹਾਂਤ



**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਹਲਕਾ ਧੂਰੀ ਤੋਂ ਆਗੂ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ ਨੂੰ ਉਸ ਵੇਲੇ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਬਲਜੀਤ ਕੌਰ ਧਾਲੀਵਾਲ ਸਦੀਵੀ ਵਿਛੋੜਾ ਦੇ ਗਏ, ਜਿਨ੍ਹਾਂ ਦਾ ਅੱਜ ਪਿੰਡ ਕਹੇਰੂ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਮੋਹਤਵਰ, ਪੰਚਾਂ, ਸਰਪੰਚਾਂ ਨੇ ਸ਼ਿਰਕਤ ਕਰਦਿਆਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

ਇਸ ਮੌਕੇ ਮੁੱਖ ਮੰਤਰੀ ਕੈਂਪ ਦਫਤਰ ਧੂਰੀ ਦੇ ਇੰਚਾਰਜ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਆਲ ਇੰਡੀਆ ਐੱਫ ਸੀ ਆਈ ਐਗਜ਼ੀਕਿਊਟਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਤੇ ਸੂਬਾਈ ਆਪ ਆਗੂ ਸਤਿੰਦਰ ਸਿੰਘ ਚੱਠਾ, ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ, ਕਾਂਗਰਸ ਦੇ ਰਾਸ਼ਟਰੀ ਬੁਲਾਰੇ ਸਮਿਤ ਸਿੰਘ ਮਾਨ, ਕਾਂਗਰਸ ਦੇ ਜਨਰਲ ਸਕੱਤਰ ਕੈਪਟਨ ਸੰਦੀਪ ਸੰਧੂ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ, ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਭਾਜਪਾ ਦੇ ਆਗੂ ਅਰਵਿੰਦ ਖੰਨਾ, ਆਪ ਦੇ ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਤੇ ਦੇਸ਼ ਭਗਤ ਕਾਲਜ ਬਰੜ੍ਹਵਾਲ ਟਰੱਸਟ ਦੇ ਟਰੱਸਟੀ ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ, ਅਕਾਲੀ ਆਗੂ ਗਗਨਜੀਤ ਸਿੰਘ ਬਰਨਾਲਾ, ਐਡਵੋਕੇਟ ਸਿਮਰਪ੍ਰਤਾਪ ਸਿੰਘ ਬਰਨਾਲਾ, ਰਾਈਸਿਲਾ ਦੇ ਡਾਇਰੈਕਟਰ ਵਿਜੈ ਗੋਇਲ, ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਆਫ਼ ਪੰਜਾਬ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ, ਐੱਸਜੀਪੀਸੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਸਾਬਕਾ ਚੇਅਰਮੈਨ ਮੁਨੀਸ਼ ਗਰਗ, ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ, ਸਾਬਕਾ ਚੇਅਰਮੈਨ ਅੱਛਰਾ ਸਿੰਘ ਭਲਵਾਨ, ਧੂਰੀ ਵਿਕਾਸ ਮੰਚ ਦੇ ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ, ਚੇਅਰਮੈਨ ਜੱਗੀ ਢੀਂਡਸਾ, ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ, ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਚੇਅਰਮੈਨ ਵਿਵੇਕ ਸਿੰਧਵਾਨੀ, ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ, ਜਨਰਲ ਸਕੱਤਰ ਵਿਜੈ ਸਿੰਗਲਾ, ਸੰਜੀਵ ਜੈਨ, ਪ੍ਰੈੱਸ ਟਰੱਸਟ ਪੰਜਾਬ ਦੇ ਮਨੋਹਰ ਸਿੰਘ ਸੱਗੂ ਤੇ ਹੋਰਨਾਂ ਨੇ ਦੁੱਖ ਪ੍ਰਗਟ ਕੀਤਾ।

## ਸਫਾਈ ਕਰਮਚਾਰੀਆਂ ਨੂੰ ਦਿੱਤਾ ਜਾਵੇ ਪੂਰਾ ਮਾਣ-ਸਨਮਾਨ : ਅੰਜਨਾ ਪਵਾਰ

### ■ ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਕੀਤੇ ਭੇਟ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਹਰੇਕ ਪ੍ਰਾਈਵੇਟ ਅਤੇ ਸਰਕਾਰੀ ਸੰਸਥਾ ਵਿੱਚ ਕੰਮ ਕਰ ਰਹੇ ਸਫਾਈ ਕਰਮਚਾਰੀਆਂ ਨੂੰ ਪੂਰਾ ਮਾਣ-ਸਨਮਾਨ ਦੇਣਾ ਲਾਜ਼ਮੀ ਬਣਾਇਆ ਜਾਵੇ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅੰਜਨਾ ਪਵਾਰ, ਉਪ ਪ੍ਰਧਾਨ ਨੈਸ਼ਨਲ ਕਮਿਸ਼ਨ ਫਾਰ ਸਫਾਈ ਕਰਮਚਾਰੀ, ਭਾਰਤ ਸਰਕਾਰ ਨੇ ਸੈਂਟਰਲ ਯੂਨੀਵਰਸਿਟੀ ਘੁੱਦਾ ਵਿਖੇ ਸਵੱਛ ਭਾਰਤ ਅਭਿਆਨ ਮਿਸ਼ਨ ਤਹਿਤ ਕਰਵਾਏ ਗਏ ਸੈਮੀਨਾਰ ਦੌਰਾਨ ਸੰਬੋਧਨ ਕਰਦਿਆਂ ਕੀਤਾ।ਇਸ ਤੋਂ ਪਹਿਲਾਂ ਅੰਜਨਾ ਪਵਾਰ ਦਾ ਸੈਂਟਰਲ ਯੂਨੀਵਰਸਿਟੀ ਘੁੱਦਾ ਵਿਖੇ ਪਹੁੰਚਣ 'ਤੇ ਵਾਇਸ ਚਾਂਸਲਰ ਪ੍ਰੋ. ਰਾਘਵੇਂਦਰ ਪੀ. ਤਿਵਾੜੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਦੌਰਾਨ ਅੰਜਨਾ ਪਵਾਰ ਨੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅੰਜਨਾ ਪਵਾਰ ਨੇ ਇਹ ਵੀ ਕਿਹਾ ਕਿ ਬਿਨਾਂ ਸਫਾਈ ਸੇਵਕਾਂ ਤੋਂ ਸਵੱਛ ਅਭਿਆਨ ਪੂਰਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਯੂਨੀਵਰਸਿਟੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਜਿਹੜੇ ਵੀ ਸਫਾਈ ਸੇਵਕ ਇੱਥੇ ਕੰਮ ਕਰਦੇ ਹਨ ਉਨ੍ਹਾਂ ਦੇ ਕੰਮ ਦੀ ਕਦਰ ਅਤੇ ਉਨ੍ਹਾਂ ਨੂੰ ਪੂਰਨ ਸਤਿਕਾਰ ਦਿੱਤਾ ਜਾਵੇ।ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਦੀ ਤਨਖਾਹ ਸਮੇਂ-ਸਮੇਂ ਪਾਉਣ ਦੇ ਨਾਲ-ਨਾਲ ਮੁਕੰਮਲ ਇੰਸ਼ੋਰੈਂਸ ਲਾਜ਼ਮੀ ਬਣਾਇਆ ਜਾਵੇ।ਸੇਵਾ ਮੁਕਤ ਕਰਮਚਾਰੀਆਂ ਨੂੰ ਪੈਨਸ਼ਨ ਆਦਿ ਸਬੰਧੀ ਚੱਕਰ ਨਾ ਮਾਰਨੇ ਪੈਣ, ਉਨ੍ਹਾਂ ਦਾ ਸਾਰਾ ਕੰਮ ਬਿਨਾਂ ਦੇਰੀ ਦੇ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਇਹ ਵੀ ਕਿਹਾ ਕਿ ਮੌਸਮ ਦੇ ਹਿਸਾਬ ਨਾਲ ਇਨ੍ਹਾਂ ਕਰਮਚਾਰੀਆਂ ਨੂੰ ਵਰਦੀਆਂ ਮੁਹੱਈਆ ਕਰਵਾਈਆਂ ਜਾਣ ਅਤੇ ਉਨ੍ਹਾਂ ਦੇ ਪਹਿਚਾਣ ਪੱਤਰ (ਆਈ ਡੀ) ਉੱਤੇ ਬੇਸਿਕ ਜਾਣਕਾਰੀ ਦਰਸਾਉਣੀ ਲਾਜ਼ਮੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀਆਂ ਦੀ ਸਹੂਲਤ ਲਈ ਇੱਕ ਸਪੈਸ਼ਲ ਡਰੈਸਿੰਗ ਰੂਮ ਬਣਾਇਆ ਜਾਵੇ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਸਤੀ-ਕਲੋਨੀਆਂ 'ਚ ਰਹਿੰਦੇ ਸਫਾਈ ਸੇਵਕਾਂ ਲਈ ਵੱਖਰੇ ਕਮਿਊਨਿਟੀ ਸੈਂਟਰ ਬਣਾਉਣੇ ਚਾਹੀਦੇ ਹਨ।ਉਨ੍ਹਾਂ ਖਾਸ ਹਦਾਇਤ ਕਰਦਿਆਂ ਕਿਹਾ ਕਿ ਸੀਵਰੇਜ ਦੀ ਸਫਾਈ ਇਨਸਾਨੀ ਤੌਰ 'ਤੇ ਨਹੀਂ ਬਲਕਿ ਮਸ਼ੀਨਾਂ ਨਾਲ ਹੀ ਕਰਵਾਉਣ ਨੂੰ ਤਰਜੀਹ ਦਿੱਤੀ ਜਾਵੇ।ਇਸ ਮੌਕੇ ਉਨ੍ਹਾਂ ਸਫਾਈ ਵਰਗ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਆਪੋ-ਆਪਣੇ ਬੱਚਿਆਂ ਖਾਸ ਕਰਕੇ ਲੜਕੀਆਂ ਨੂੰ ਵੱਧ ਤੋਂ ਵੱਧ ਸਿੱਖਿਆ ਹਾਸਲ ਕਰਵਾਉਣ।ਇਸ ਦੌਰਾਨ ਅੰਜਨਾ ਪਵਾਰ ਨੇ ਸਫਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ, ਜਿਨ੍ਹਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਸਫਾਈ ਕਰਮਚਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ।ਇਸ ਤੋਂ ਪਹਿਲਾ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ ਅਸ਼ਵਨੀ ਗਿੱਲ ਅਤੇ ਪ੍ਰੋ. ਘਨੱਈਆ ਤ੍ਰਿਪਾਠੀ ਨੇ ਸਫਾਈ ਕਰਮਚਾਰੀਆਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਐਸ ਸੀ ਕਾਰਪੋਰੇਸ਼ਨ ਦੇ ਡੀ ਐਮ ਮੈਡਮ ਸਪਨਾ ਤੋਂ ਇਲਾਵਾ ਸਫਾਈ ਕਰਮਚਾਰੀ ਆਦਿ ਹਾਜ਼ਰ ਸਨ।

## ਵਰਲਡ 'ਵਰਸਿਟੀ ਦੇ ਵਿਦਿਆਰਥੀਆਂ ਦਾ ਪੀ ਸਟੈਟ 'ਚ ਸ਼ਾਨਦਾਰ ਪ੍ਰਦਰਸ਼ਨ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਚਾਰ ਸਿੱਖਿਆ ਵਿਭਾਗ ਦੇ ਵਿਦਿਆਰਥੀਆਂ ਨੇ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ (ਪੀ ਸਟੈਟ) 2025 ਪਾਸ ਕੀਤੀ। ਮੁਸਕਾਨ, ਨੀਤਿਕਾ ਸ਼ਰਮਾ, ਕੋਮਲ ਪ੍ਰੀਤ ਕੌਰ ਅਤੇ ਅਰਸ਼ਦੀਪ ਸਿੰਘ ਨੇ ਇਸ ਪ੍ਰੀਖਿਆ ਨੂੰ ਸਫਲਤਾਪੂਰਵਕ ਪਾਸ ਕੀਤਾ ਹੈ। ਸਿੱਖਿਆ ਵਿਭਾਗ ਦੀ ਮੁਖੀ ਡਾ. ਹਰਨੀਤ ਬਿਲਿੰਗ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕਰਦੇ ਹੋਏ ਕਿਹਾ ਕਿ (ਪੀ ਸਟੈਟ) 2025 ਵਿੱਚ ਉਨ੍ਹਾਂ ਦੀ ਸਫਲਤਾ ਵਿਭਾਗ ਦੁਆਰਾ ਪ੍ਰਦਾਨ ਕੀਤੀ ਗਈ ਉੱਚ-ਗੁਣਵੱਤਾ ਵਾਲੀ ਅਧਿਆਪਕ ਸਿੱਖਿਆ ਦਾ ਪ੍ਰਤੀਬਿੰਬ ਹੈ। ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਵੀ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ। ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਵਾਈਸ ਚਾਂਸਲਰ, ਪ੍ਰੋ. ਪ੍ਰਿਤਪਾਲ ਸਿੰਘ ਨੇ ਟਿੱਪਣੀ ਕੀਤੀ ਕਿ ਯੂਨੀਵਰਸਿਟੀ ਹੁਨਰਮੰਦ ਸਿੱਖਿਅਕਾਂ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ ਜੋ ਸਿੱਖਿਆ ਦੇ ਭਵਿੱਖ ਨੂੰ ਆਕਾਰ ਦੇਣਗੇ।ਉਨ੍ਹਾਂ ਵਿਦਿਆਰਥੀਆਂ ਦੇ ਪੇਸ਼ੇਵਰ ਯਤਨਾਂ ਵਿੱਚ ਨਿਰੰਤਰ ਸਫਲਤਾ ਦੀ ਕਾਮਨਾ ਕੀਤੀ।

## ਜੰਗਲਾਤ ਦੀ ਲੱਕੜ ਚੋਰੀ ਕਰਨ ਵਾਲੇ 2 ਗ੍ਰਿਫ਼ਤਾਰ



**ਮਾਛੀਵਾੜਾ ਸਾਹਿਬ/ਖੰਨਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਖਵਿੰਦਰ ਸਿੰਘ)**-ਕੂੰਮਕਲਾਂ ਪੁਲਸ ਵੱਲੋਂ ਜੰਗਲਾਤ ਵਿਭਾਗ ਦੀ ਲੱਕੜ ਚੋਰੀ ਕਰਕੇ ਲਿਜਾਣ ਦੇ ਕਥਿਤ ਦੋਸ਼ ਹੇਠ 2 ਵਿਅਕਤੀ ਹੈਪੀ ਸਿੰਘ ਵਾਸੀ ਹਾਦੀਵਾਲ, ਗੁਰਮੁੱਖ ਸਿੰਘ ਵਾਸੀ ਮੰਡ ਚੌਂਤਾ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਜੰਗਲਾਤ ਵਿਭਾਗ ਦੇ ਅਧਿਕਾਰੀ ਦਵਿੰਦਰ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਹਾਦੀਵਾਲ ਦੇ ਜੰਗਲ 'ਚੋਂ ਲੱਕੜ ਚੋਰੀ ਹੋ ਰਹੀ ਹੈ। ਜਦੋਂ ਉਨ੍ਹਾਂ ਮੌਕੇ 'ਤੇ ਜਾ ਕੇ ਪੜਤਾਲ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਜੰਗਲ 'ਚੋਂ ਸਫ਼ੈਦੇ ਦੇ ਰੁੱਖਾਂ ਦੀ ਲੱਕੜ ਨਾ-ਮਲੂਮ ਵਿਅਕਤੀ ਟ੍ਰੈਕਟਰ ਟਰਾਲੀ 'ਤੇ ਲੱਦ ਚੋਰੀ ਕਰਕੇ ਲੈ ਗਏ ਹਨ। ਜੰਗਲਾਤ ਵਿਭਾਗ ਦੇ ਅਧਿਕਾਰੀ ਦਵਿੰਦਰ ਸਿੰਘ ਅਨੁਸਾਰ ਉਸ ਨੇ ਵਣ ਗਾਰਡ ਅਫ਼ਸਰ ਮੁਹੰਮਦ ਮੁਸਤਫ਼ਾ ਤੇ ਜਸਵੀਰ ਸਿੰਘ ਨੂੰ ਨਾਲ ਲੈ ਕੇ ਪਿੱਛਾ ਕੀਤਾ ਤੇ 2 ਵਿਅਕਤੀਆਂ ਨੂੰ ਕਾਬੂ ਕਰ ਲਿਆ, ਜੋ ਟ੍ਰੈਕਟਰ ਟਰਾਲੀ 'ਤੇ ਚੋਰੀ ਦੀ ਲੱਕੜ ਲਿਜਾ ਰਹੇ ਸਨ। ਪੁੱਛਗਿੱਛ ਦੌਰਾਨ ਇਨ੍ਹਾਂ ਨੇ ਆਪਣਾ ਨਾਮ ਹੈਪੀ ਸਿੰਘ ਤੇ ਗੁਰਮੁੱਖ ਸਿੰਘ ਦੱਸਿਆ। ਇਨ੍ਹਾਂ ਦੋਵਾਂ ਵਿਅਕਤੀਆਂ ਨੇ ਦੱਸਿਆ ਕਿ ਟ੍ਰੈਕਟਰ-ਟਰਾਲੀ ਵਿੱਚ ਲੱਦੀ ਲੱਕੜ ਉਨ੍ਹਾਂ ਨੇ ਹਾਦੀਵਾਲ ਜੰਗਲ ਇਲਾਕੇ 'ਚੋਂ ਚੋਰੀ ਕੀਤੀ ਹੈ ਅਤੇ ਇਸ ਟ੍ਰੈਕਟਰ ਟਰਾਲੀ ਵਿੱਚ 40 ਪੀਸ ਲੱਕੜ ਦੇ ਲੱਦੇ ਹੋਏ ਸਨ। ਜੰਗਲਾਤ ਵਿਭਾਗ ਵੱਲੋਂ ਇਹ ਚੋਰੀ ਦੀ ਲੱਕੜ ਨਾਲ ਭਰੇ ਟ੍ਰੈਕਟਰ-ਟਰਾਲੀ ਤੇ ਦੋਵਾਂ ਵਿਅਕਤੀਆਂ ਨੂੰ ਪੁਲਸ ਦੇ ਸਪੁਰਦ ਕਰ ਦਿੱਤਾ, ਜਿਨ੍ਹਾਂ ਨੇ ਇਨ੍ਹਾਂ ਦੋਵਾਂ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ।

## ਤਾਰਾਂ ਚੋਰੀ ਕਰਨ ਵਾਲਾ ਕਬਾੜੀਏ ਸਮੇਤ ਕਾਬੂ



**ਭੀਖੀ (ਧਰਮਵੀਰ ਸ਼ਰਮਾ)**-ਪੁਲਸ ਨੇ ਖੇਤਾਂ ਵਿੱਚ ਮੋਟਰਾਂ ਦੀਆਂ ਤਾਰਾਂ ਚੋਰੀ ਕਰਕੇ ਵੇਚਣ ਵਾਲੇ ਵਿਅਕਤੀ ਸਮੇਤ ਇੱਕ ਕਬਾੜੀਏ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸੁਖਜੀਤ ਸਿੰਘ ਨੇ ਦੱਸਿਆ ਕਿ ਬਲਦੇਵ ਸਿੰਘ ਪੁੱਤਰ ਜਵਾਲਾ ਸਿੰਘ ਵਾਸੀ ਸਮਾਓਂ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਕੁਝ ਵਿਅਕਤੀ ਖੇਤਾਂ ਵਿੱਚ ਮੋਟਰਾਂ ਦੀਆਂ ਤਾਰਾਂ ਚੋਰੀ ਕਰਦੇ ਹਨ, ਜਿਸ ਤੋਂ ਬਾਅਦ ਪੁਲਸ ਨੇ ਤਾਰਾਂ ਚੋਰੀ ਕਰਨ ਵਾਲੇ ਗੋਲਡੀ ਸਿੰਘ ਪੁੱਤਰ ਬੌਬੀ ਸਿੰਘ ਵਾਸੀ ਭੀਖੀ ਨੂੰ ਗ੍ਰਿਫਤਾਰ ਕਰ ਲਿਆ।ਚੋਰੀ ਦੀਆਂ ਤਾਰਾਂ ਖ਼ਰੀਦਣ ਵਾਲੇ ਕਬਾੜੀਏ ਦੇਸ ਰਾਜ ਪੁੱਤਰ ਰੂਪ ਚੰਦ ਵਾਸੀ ਭੀਖੀ ਨੂੰ ਕਾਬੂ ਕਰਕੇ ਉਸ ਖਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਸ ਮੌਕੇ ਥਾਣਾ ਮੁਖੀ ਸੁਖਜੀਤ ਸਿੰਘ ਨੇ ਸ਼ਹਿਰ ਵਿੱਚ ਕਬਾੜ ਦਾ ਕੰਮ ਕਰਨ ਵਾਲੇ ਤੇ ਹੋਰ ਦੁਕਾਨਦਾਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਕਿਸੇ ਵੀ ਗਲਤ ਅਨਸਰ ਤੋਂ ਕੋਈ ਵੀ ਚੋਰੀ ਕੀਤਾ ਹੋਇਆ ਸਾਮਾਨ ਨਾ ਖ਼ਰੀਦਣ।

## ਸ਼ਹੀਦ ਊਧਮ ਸਿੰਘ ਨੂੰ ਸਮਰਪਤ ਕਲੱਬਾਂ ਦੇ ਮੈਂਬਰਾਂ ਵੱਲੋਂ ਗਜੇਂਦਰ ਸ਼ੇਖਾਵਤ ਨਾਲ ਮੁਲਾਕਾਤ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਊਧਮ ਸਿੰਘ ਵਾਲਾ ਤੋਂ ਪੰਜਾਬ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਦੇ ਸਹਿਯੋਗ ਨਾਲ ਸ਼ਹੀਦ ਊਧਮ ਸਿੰਘ ਨੂੰ ਸਮਰਪਤ ਵੱਖ-ਵੱਖ ਕਲੱਬਾਂ ਦੇ ਮੈਂਬਰਾਂ ਨੇ ਕੇਂਦਰੀ ਸੈਰ-ਸਪਾਟਾ ਤੇ ਸੱਭਿਆਚਾਰ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਦਿੱਲੀ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਜੀ ਦੇ ਵਿਸ਼ੇ ਉੱਪਰ ਹੀ ਚਰਚਾ ਕੀਤੀ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਮੈਡਮ ਦਾਮਨ ਬਾਜਵਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਸਾਨੂੰ ਪੂਰਨ ਵਿਸ਼ਵਾਸ ਦਿਵਾਇਆ ਹੈ ਕਿ ਸ਼ਹੀਦ ਊਧਮ ਸਿੰਘ ਜੀ ਦੀ ਸੋਚ ਨੂੰ ਜਿਉਂਦਾ ਰੱਖਣ ਲਈ ਕੇਂਦਰ ਸਰਕਾਰ ਤੇ ਕੇਂਦਰ ਦੇ ਸਬੰਧਤ ਮਹਿਕਮੇ ਵੱਲੋਂ ਕੋਈ ਕਸਰ ਨਹੀਂ ਛੱਡੀ ਜਾਵੇਗੀ ਤੇ ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਜਲਦ ਹੀ ਸੁਨਾਮ ਊਧਮ ਸਿੰਘ ਵਾਲਾ ਵਿਖੇ ਪਹੁੰਚ ਕੇ ਊਧਮ ਸਿੰਘ ਵਾਲਾ ਦੇ ਵਾਸੀਆਂ ਨੂੰ ਵੱਡਾ ਤੋਹਫਾ ਦੇ ਕੇ ਜਾਣਗੇ।ਇਸ ਮੌਕੇ ਹਰਮਨਦੇਵ ਬਾਜਵਾ, ਰਜਿੰਦਰ ਸਿੰਘ ਕੈਫੀ, ਕਰਨੈਲ ਸਿੰਘ ਢੋਟ, ਠੇਕੇਦਾਰ ਅਮਰਜੀਤ ਸਿੰਘ, ਬਲਜਿੰਦਰ ਸਿੰਘ ਕਾਕਾ, ਜਸਪਾਲ ਪਾਲਾ, ਮਲਕੀਤ ਸਿੰਘ ਥਿੰਦ, ਕਰਨਵੀਰ ਬੱਬੂ ਆਦਿ ਹਾਜ਼ਰ ਸਨ।

## ਜਾਫਰ ਅਲੀ ਬਣੇ ਮਾਰਕੀਟ ਕਮੇਟੀ ਮਾਲੇਰਕੋਟਲਾ ਦੇ ਚੇਅਰਮੈਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਅੰਦਰ ਕਿਸਾਨੀ ਹਿੱਤਾਂ ਤੇ ਮੰਡੀਕਰਨ ਨਾਲ ਜੁੜੀ ਸੰਸਥਾ ਮੰਡੀਕਰਨ ਬੋਰਡ ਨਾਲ ਸਬੰਧਤ ਮਾਰਕੀਟ ਕਮੇਟੀਆਂ ਨੂੰ ਗਤੀ ਦੇਣ ਲਈ ਭਗਵੰਤ ਮਾਨ ਸਰਕਾਰ ਵੱਲੋਂ ਨਿਯੁਕਤੀਆਂ ਕਰਦਿਆਂ ਵੱਖ ਵੱਖ ਕਮੇਟੀਆਂ ਦੇ ਚੇਅਰਮੈਨ ਨਿਯੁਕਤ ਕੀਤੇ ਗਏ। ਇਸ ਤਹਿਤ ਟਕਸਾਲੀ ਆਪ ਆਗੂ ਜਾਫਰ ਅਲੀ ਨੂੰ ਮਾਰਕੀਟ ਕਮੇਟੀ ਮਾਲੇਰਕੋਟਲਾ ਦਾ ਚੇਅਰਮੈਨ ਬਣਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਪਾਰਟੀ ਹਮੇਸ਼ਾ ਮਿਹਨਤੀ ਤੇ ਇਮਾਨਦਾਰ ਵਰਕਰਾਂ ਨੂੰ ਮਾਣ ਸਤਿਕਾਰ ਦਿੰਦੀ ਹੈ। ਉਨ੍ਹਾਂ ਜਾਫਰ ਅਲੀ ਦਾ ਮੂੰਹ ਮਿੱਠਾ ਕਰਵਾਉਂਦਿਆਂ ਆਸ ਪ੍ਰਗਟਾਈ ਕਿ ਨਵ-ਨਿਯੁਕਤ ਚੇਅਰਮੈਨ ਪਾਰਟੀ ਦੇ ਵਕਾਰ ਨੂੰ ਉੱਚਾ ਚੁੱਕਣਗੇ। ਜਾਫਰ ਅਲੀ ਨੇ ਕਿਹਾ ਕਿ ਵਿਧਾਇਕ ਤੇ ਪਾਰਟੀ ਨੇ ਉਨ੍ਹਾਂ ਨੂੰ ਜੋ ਮਾਣ ਬਖ਼ਸ਼ਿਆ ਹੈ, ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਉਹ ਕਿਸਾਨ ਭਰਾਵਾਂ, ਆੜ੍ਹਤੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ ਤੇ ਮੰਡੀਆਂ ਦੀ ਡਿਵੈਲਪਮੈਂਟ ਵਾਸਤੇ ਯੋਗ ਉਪਰਾਲਾ ਕਰਦੇ ਰਹਿਣਗੇ।

## ਪੰਜਾਬ ਸਟੇਟ ਸੇਵਾ ਸੰਘ ਛਾਜਲੀ ਦੀ ਚੋਣ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨੇੜਲੇ ਪਿੰਡ ਛਾਜਲੀ ਵਿਖੇ ਪੰਜਾਬ ਸਟੇਟ ਆਯੁਰਵੇਦ ਸੇਵਾ ਸੰਘ ਹੈੱਡ ਆਫ਼ਿਸ ਚੀਮਾ ਦੀ ਮੀਟਿੰਗ ਸਿੰਗਲਾ ਰੈਸਟੋਰੈਂਟ ਛਾਜਲੀ ਵਿਖੇ ਕੀਤੀ ਗਈ, ਜਿਸ ਵਿੱਚ ਪੰਜਾਬ ਸਟੇਟ ਸੇਵਾ ਸੰਘ ਦੀ ਇਕਾਈ ਛਾਜਲੀ ਦੀ ਚੋਣ ਸਰਬਸੰਮਤੀ ਕੀਤੀ ਗਈ, ਜਿਸ ਵਿੱਚ ਡਾ. ਜਗਦੇਵ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ।ਸੀਨੀਅਰ ਮੀਤ ਪ੍ਰਧਾਨ ਡਾ. ਰਾਜਿੰਦਰ ਸਿੰਘ ਛਾਜਲਾ, ਮੀਤ ਪ੍ਰਧਾਨ ਡਾ. ਗੁਰਜੰਟ ਸਿੰਘ, ਸੱਕਤਰ ਡਾ. ਜਰਨੈਲ ਸਿੰਘ ਧਨੋਆ, ਪ੍ਰੈੱਸ ਸੱਕਤਰ ਡਾ. ਗੁਰਸੇਵ ਛਾਜਲੀ, ਖਜ਼ਾਨਚੀ ਗੁਰਪ੍ਰਤਾਪ ਸਿੰਘ ਗੈਰੀ, ਸਹਾਇਕ ਖ਼ਜ਼ਾਨਚੀ ਵਿਕਰਮਜੀਤ ਸਿੰਘ (ਸ਼ਿਵਮ ਕਲੀਨੀਕਲ ਲੈਬੋਰੇਟਰੀ ਛਾਜਲੀ) ਚੁਣੇ ਗਏ।ਚੁਣੀ ਗਈ ਕਮੇਟੀ ਨੇ ਸਾਰੇ ਵਰਕਰਾਂ ਦਾ ਧੰਨਵਾਦ ਕੀਤਾ ਤੇ ਇਮਾਨਦਾਰੀ ਨਾਲ ਕੰਮ ਕਰਨ ਦਾ ਭਰੋਸਾ ਦਿਵਾਇਆ।

## ਸਮਾਈਲਿੰਗ ਫੇਸ ਕਲੱਬ ਨੇ ਰਾਸ਼ਨ ਕਿੱਟਾਂ ਦਿੱਤੀਆਂ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਮਾਈਲਿੰਗ ਫੇਸ ਇੰਟਰਨੈਸ਼ਨਲ ਕਲੱਬ (ਰਜਿ.) ਫਰੀਦਕੋਟ ਵੱਲੋਂ ਸਥਾਨਕ ਸਿਵਲ ਹਸਪਤਾਲ ਫਰੀਦਕੋਟ ਵਿਖੇ ਟੀ ਬੀ ਵਾਰਡ ਵਿਖੇ ਲੋੜਵੰਦਾਂ ਨੂੰ ਰਾਸ਼ਨ ਦੀਆਂ ਕਿੱਟਾਂ ਦਿੱਤੀਆਂ ਗਈਆਂ।ਇਸ ਮੌਕੇ ਡਾ. ਲੀਨਾ ਭੱਲਾ ਜ਼ਿਲ੍ਹਾ ਟੀ ਬੀ ਅਫਸਰ, ਡਾ. ਪ੍ਰੀਤੀ ਗੋਇਲ, ਰਮਨਜੀਤ ਸਿੰਘ, ਸੋਹਣ ਸਿੰਘ, ਲਖਵਿੰਦਰ ਸਿੰਘ, ਰੋਸ਼ਨ ਲਾਲ ਤੋਂ ਇਵਾਲਾ ਕਲੱਬ ਮੈਂਬਰ ਮੰਜੂ ਸੁਖੀਜਾ, ਚਿਤਰਾ ਸ਼ਰਮਾ, ਰਜਨੀ, ਸ਼ੋਭਾ ਅਗਰਵਾਲ, ਰਜਨੀ ਮਹਿਤਾ ਤੇ ਕੇ ਪੀ ਸਿੰਘ ਸਰਾਂ ਹਾਜ਼ਰ ਸਨ।ਕਲੱਬ ਦੇ ਸੀਨੀਅਰ ਮੈਂਬਰ ਸ੍ਰੀਮਤੀ ਮੰਜੂ ਸੁਖੀਜਾ ਨੇ ਦੱਸਿਆ ਕਿ ਲੋੜਵੰਦਾਂ ਨੂੰ ਰਾਸ਼ਨ ਕਿੱਟਾਂ ਦੇਣ ਦੀ ਸੇਵਾ ਅਗਲੇ ਚਾਰ ਮਹੀਨੇ ਨਿਰੰਤਰ ਜਾਰੀ ਰਹੇਗੀ।

## ਮਾਡਰਨ ਕਾਲਜ ਬੀਰ ਕਲਾਂ ਵਿਖੇ ਰਾਸ਼ਟਰੀ ਸਾਇੰਸ ਦਿਵਸ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਰਾਸ਼ਟਰੀ ਸਾਇੰਸ ਦਿਵਸ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਜਾਣਕਾਰੀ ਦਿੰਦੇ ਦੱਸਿਆ ਕਿ 1986 ਤੋਂ ਬਾਅਦ ਹਰ ਸਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਦੇਸ਼ ਦੇ ਮਹਾਨ ਵਿਗਿਆਨੀ ਸੀ ਵੀ ਰਮਨ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।ਕਾਲਜ ਵਿੱਚ ਇਸ ਦਿਨ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਵੱਲੋਂ ਚਾਰਟ ਬਣਾਏ ਗਏ ਤੇ ਸੀ ਵੀ ਰਮਨ ਦੇ ਜੀਵਨ ਬਾਰੇ ਭਾਸ਼ਣ ਵੀ ਕਰਵਾਏ ਗਏ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਵਿਦਿਆਰਥੀਆਂ ਨੂੰ ਇਸ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਜਾਗਰੂਕਤਾ ਪੈਦਾ ਕਰਨ ਲਈ ਸਮੇਂ ਸਮੇਂ ਇਹੋ ਜਿਹੇ ਸਮਾਗਮ ਕਰਾਏ ਜਾਂਦੇ ਹਨ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਅਧਿਆਪਕਾਂ ਨੇ ਕੀਤਾ ਰੋਸ ਪ੍ਰਦਰਸ਼ਨ

**8 ਨੂੰ ਆਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ ਸੂਬਾ ਪੱਧਰੀ ਰੈਲੀ : ਸੁਰਿੰਦਰ ਕੰਬੋਜ**



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ, ਪਰਮਜੀਤ ਢਾਂਬਾ)**-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਸੱਦੇ 'ਤੇ ਜਲਾਲਾਬਾਦ ਤਹਿਸੀਲ ਦੇ ਅਧਿਆਪਕਾਂ ਵੱਲੋਂ ਤਹਿਸੀਲ ਕੰਪਲੈਕਸ ਵਿੱਚ ਇਕੱਠੇ ਹੋਣ ਉਪਰੰਤ ਪੰਜਾਬ ਦੇ ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਗਈ। ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਾਂਝਾ ਅਧਿਆਪਕ ਮੋਰਚਾ ਦੇ ਆਗੂਆਂ ਸੂਬਾ ਕਨਵੀਨਰ ਸੁਰਿੰਦਰ ਕੰਬੋਜ, ਮੇਜਰ ਸਿੰਘ, ਕਪਿਲ ਕਪੂਰ, ਮਦਨ ਲਾਲ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਮ 'ਤੇ ਬਣੀ ਸਰਕਾਰ ਤੋਂ ਪੰਜਾਬ ਦੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਨੂੰ ਬਹੁਤ ਉਮੀਦਾਂ ਸਨ, ਪਰ ਸਾਰੇ ਵਰਗਾਂ ਦੀਆਂ ਉਮੀਦਾਂ ਧਰੀਆਂ-ਧਰਾਈਆਂ ਰਹਿ ਗਈਆਂ ਹਨ। ਦੋ ਏਜੰਡਿਆਂ ਸਿੱਖਿਆ ਤੇ ਸਿਹਤ ਨੂੰ ਮੁੱਖ ਰੱਖ ਕੇ ਬਣੀ ਸਰਕਾਰ ਨੇ ਦੋਵਾਂ ਖੇਤਰਾਂ ਵਿੱਚ ਪੰਜਾਬ ਨੂੰ ਪਿੱਛੇ ਧੱਕ ਦਿੱਤਾ ਹੈ।

ਪੰਜਾਬ ਦੇ ਸਿੱਖਿਆ ਮੰਤਰੀ ਅਧਿਆਪਕਾਂ ਦੀਆਂ ਮੀਟਿੰਗਾਂ 'ਤੇ ਬੁਲਾ ਕੇ ਤੇ ਫਿਰ ਮੀਟਿੰਗਾਂ ਵਿੱਚ ਮੰਗਾਂ ਮੰਨ ਕੇ ਮੁੱਕਰ ਰਿਹਾ ਹੈ। ਸਿੱਖਿਆ ਮੰਤਰੀ ਚਲਦੀਆਂ ਮੀਟਿੰਗਾਂ ਵਿੱਚ ਅੱਧ ਵਿਚਕਾਰੋਂ ਭੱਜ ਰਿਹਾ ਹੈ। ਆਗੂਆਂ ਨੇ ਐਲਾਨ ਕੀਤਾ ਕਿ ਤਹਿਸੀਲ ਪੱਧਰੀ ਅਰਥੀ ਫੂਕ ਮੁਜ਼ਾਹਰਿਆਂ ਤੋਂ ਬਾਅਦ 8 ਮਾਰਚ 2025 ਨੂੰ ਆਨੰਦਪੁਰ ਸਾਹਿਬ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ।

ਆਗੂਆਂ ਨੇ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੀ.ਟੀ.ਆਈਜ਼/ਆਰਟ ਐਂਡ ਕਰਾਫਟ ਟੀਚਰਜ਼ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਲੈਕਚਰਾਰਾਂ ਤੇ ਮਾਸਟਰ ਕੇਡਰ ਦੀਆਂ ਤਰੱਕੀਆਂ ਵਿੱਚ ਸਾਰੀਆਂ ਖਾਲੀ ਪੋਸਟਾਂ ਦਿਖਾ ਕੇ ਦੁਬਾਰਾ ਸਟੇਸ਼ਨ ਚੋਣ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਪਿਕਟਸ ਸੁਸਾਇਟੀ ਦੀ ਬਜਾਏ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ ਸਮੇਤ ਤਨਖਾਹ ਦੁਹਰਾਈ ਤੇ ਮਹਿੰਗਾਈ ਭੱਤੇ ਦੇ ਪੱਤਰ ਲਾਗੂ ਕਰਨ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ, ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਦੀ ਸਿੱਖਿਆ ਨੀਤੀ ਬਣਾਉਣ, 16 ਫਰਵਰੀ 2024 ਦੀ ਕੌਮੀ ਹੜਤਾਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਬੀ.ਐੱਲ.ਓ. ਸਮੇਤ ਅਧਿਆਪਕਾਂ ਤੋਂ ਵੱਖ-ਵੱਖ ਗੈਰ-ਵਿੱਦਿਅਕ ਕੰਮ ਲੈਣੇ ਤੁਰੰਤ ਬੰਦ ਕੀਤੇ ਜਾਣ, ਬਦਲੀਆਂ ਦਾ ਕੰਮ ਨਵੇਂ ਸੈਸ਼ਨ ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇ, ਆਪਣੇ ਵਾਅਦੇ ਅਨੁਸਾਰ ਵਿਸ਼ੇਸ਼ ਕੈਟਾਗਰੀਆਂ ਲਈ ਬਦਲੀ ਦਾ ਪੋਰਟਲ ਹਰ ਮਹੀਨੇ ਖੋਲ੍ਹਿਆ ਜਾਵੇ, ਐਸ. ਐੱਲ. ਏ. ਦੀ ਪੋਸਟ ਦਾ ਨਾਂ ਬਦਲਣ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਤੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕਰਨ, ਦਫਤਰੀ ਕਾਮਿਆਂ ਸਮੇਤ ਹਰ ਤਰ੍ਹਾਂ ਦੇ ਰਹਿੰਦੇ ਕੱਚੇ ਅਧਿਆਪਕ ਪੂਰੇ ਗ੍ਰੇਡ 'ਤੇ ਪੱਕੇ ਕਰਨ, ਮੈਰੀਟੋਰੀਅਸ ਤੇ ਆਦਰਸ਼ ਸਕੂਲਾਂ ਦੇ ਸਟਾਫ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਨ, ਮਿਡਲ ਸਕੂਲਾਂ ਦੀ ਮਰਜਿੰਗ ਰੱਦ ਕਰਨ, ਸੋਧ ਦੇ ਨਾਂ 'ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕਰਨ, ਤਨਖਾਹ ਦੁਹਰਾਈ ਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕਰਨ ਸਮੇਤ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੀ ਮੰਗ ਕੀਤੀ।

ਇਸ ਮੌਕੇ ਰਾਜ ਕੁਮਾਰ ਮਾਹਮੂਜੋਈਆ, ਸਤਨਾਮ ਸਿੰਘ, ਅਸ਼ੋਕ ਕੁਮਾਰ, ਰਾਜ ਕੁਮਾਰ ਬੂੰਗਾ, ਪਵਨ ਕੁਮਾਰ, ਸੁਰਜੀਤ ਸਿੰਘ ਪੁਰਥੀ, ਸੁਖਦੇਵ ਸਿੰਘ ਬੂੰਗਾ, ਕੁਲਵੰਤ ਰਾਏ, ਸੰਦੀਪ ਸਿੰਘ, ਓਮ ਪ੍ਰਕਾਸ਼, ਪੰਕਜ ਕੁਮਾਰ, ਸਰਬੂਟਾ ਸਿੰਘ, ਅਮਿਤ ਸ਼ਰਮਾ, ਪ੍ਰਭਦੀਪ ਸਿੰਘ, ਅਮਨਦੀਪ ਸੋਢੀ, ਰਾਜੇਸ਼ ਨਾਰੰਗ, ਮੁਕੇਸ਼ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਕਿਰਤ ਵਿਭਾਗ 'ਚ ਫੈਲੇ ਭ੍ਰਿਸ਼ਟਾਚਾਰ ਕਾਰਨ ਮਜ਼ਦੂਰ ਸਹੂਲਤਾਂ ਤੋਂ ਵਾਂਝੇ : ਚੌਹਾਨ/ਉੱਡਤ

*ਕਿਰਤ ਵਿਭਾਗ ਕੈਂਪ ਲਗਾ ਕੇ ਕਿਰਤੀਆਂ ਨੂੰ ਸਹੂਲਤਾਂ ਪ੍ਰਤੀ ਕਰੇ ਜਾਗਰੂਕ*



**ਮਾਨਸਾ (ਆਤਮਾ ਸਿੰਘ ਪਮਾਰ)**-ਕੰਸਟਰਕਸ਼ਨ ਵੈੱਲਫੇਅਰ ਬੋਰਡ ਅਧੀਨ ਮਿਲਣ ਵਾਲੀਆਂ ਸਹੂਲਤਾਂ ਲਾਭਪਾਤਰੀਆਂ ਨੂੰ ਨਾ ਮਿਲਣਾ ਕਿਰਤ ਵਿਭਾਗ ਵਿੱਚ ਫੈਲੇ ਭ੍ਰਿਸ਼ਟਾਚਾਰ ਤੇ ਅਣਗਹਿਲੀ ਦਾ ਸਿੱਟਾ ਹੈ, ਜਿਸ ਸਬੰਧੀ ਮਹਿਕਮਾ ਪਾਰਦਰਸ਼ੀ ਢੰਗ ਸਹੂਲਤਾਂ ਪ੍ਰਦਾਨ ਕਰਨ ਲਈ ਕਿਰਤੀਆਂ ਨੂੰ ਪ੍ਰੇਰਿਤ ਕਰਨ ਲਈ ਜਾਗਰੂਕਤਾ ਕੈਂਪ ਲਗਾਵੇ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਤੇ ਏਟਕ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਸੀ ਪੀ ਆਈ ਦਫ਼ਤਰ ਵਿਖੇ ਪੇਂਟਰ ਯੂਨੀਅਨ ਦੀ ਮੀਟਿੰਗ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੀਤਾ।ਆਗੂਆਂ ਨੇ ਸੂਬੇ ਦੀ ਮਾਨ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕਿਰਤ ਵਿਭਾਗ ਦੀਆਂ ਨਾਕਾਮੀਆਂ, ਅਣਗਹਿਲੀ ਤੇ ਭ੍ਰਿਸ਼ਟਾਚਾਰ ਦੇ ਚਲਦਿਆਂ ਪਾਰਦਰਸ਼ਤਾ ਸੰਭਵ ਨਹੀਂ ਹੋ ਸਕੀ, ਜਿਸ ਕਾਰਨ ਕਿਰਤੀ ਸਹੂਲਤਾਂ ਤੋਂ ਵਾਂਝੇ ਹਨ।ਉਨ੍ਹਾਂ ਮੰਗ ਕੀਤੀ ਕਿ ਜ਼ਿਲ੍ਹਾ ਮਾਨਸਾ ਵਿੱਚ ਮਾਨਸਾ ਸ਼ਹਿਰ, ਬੁਢਲਾਡਾ, ਸਰਦੂਲਗੜ੍ਹ, ਬਰੇਟਾ, ਜੋਗਾ ਵਿਖੇ ਕਿਰਤੀਆਂ ਦੇ ਅਰਾਮ ਕਰਨ ਲਈ ਸ਼ੈੱਡ ਬਣਾਉਣ, ਲਾਭਪਾਤਰੀ ਕਾਪੀਆਂ ਬਣਾਉਣ, ਪੈਨਸ਼ਨ, ਸ਼ਗਨ ਸਕੀਮ ਆਦਿ ਮੰਗਾਂ ਨੂੰ ਲਾਗੂ ਕੀਤਾ ਜਾਵੇ।ਮੰਗਾਂ ਨੂੰ ਲਾਗੂ ਨਾ ਕਰਨ ਦੀ ਸਥਿਤੀ 'ਚ ਜਥੇਬੰਦੀ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਜਥੇਬੰਦੀ ਦੇ ਪ੍ਰਧਾਨ ਜੀਤ ਰਾਮ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਦੌਰਾਨ ਇਸ ਸਬੰਧੀ ਮੰਗ ਪੱਤਰ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤਾ ਜਾਵੇਗਾ।ਮੀਟਿੰਗ ਦੌਰਾਨ ਭੁਪਿੰਦਰ ਸਿੰਘ ਭਿੰਦੀ, ਪਵਨ ਕੁਮਾਰ, ਸੁਰਿੰਦਰ ਸਿੰਘ ਛਿੰਦੀ, ਜਗਸੀਰ ਸਿੰਘ ਕਾਲਾ, ਬਲਜਿੰਦਰ ਸਿੰਘ, ਨੌਜਵਾਨ ਸਭਾ ਦੇ ਹਰਪ੍ਰੀਤ ਸਿੰਘ ਮਾਨਸਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਮੋਗਾ ਪੁਲਸ ਵੱਲੋਂ 'ਯੁੱਧ ਨਸ਼ੇ ਦੇ ਵਿਰੁੱਧ' ਮੁਹਿੰਮ ਤਹਿਤ ਸਫਲ ਕੈਸੋ ਅਪ੍ਰੇਸ਼ਨ

**ਨਸ਼ਾ ਤਸਕਰਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ, ਲੋਕ ਪੁਲਸ ਨੂੰ ਸਹਿਯੋਗ ਕਰਨ : ਏ ਡੀ ਜੀ**





**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ 3 ਮਹੀਨੇ ਵਿੱਚ ਨਸ਼ੇ ਨੂੰ ਖਤਮ ਕਰਨ ਦੇ ਐਲਾਨ ਤੋਂ ਬਾਅਦ ਅੱਜ ਮੋਗਾ ਪੁਲਸ ਨੇ ਜ਼ਿਲ੍ਹੇ ਵਿੱਚ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਤਿੰਨ ਜਗ੍ਹਾ ਬਸਤੀ ਸਾਧਾਂਵਾਲੀ, ਐੱਮ ਪੀ ਬਸਤੀ ਮੋਗਾ ਤੇ ਪਿੰਡ ਦੌਲੇਵਾਲਾ ਵਿਖੇ ਕਾਰਡਨ ਤੇ ਸਰਚ ਅਪ੍ਰੇਸ਼ਨ (ਕਾਸੋ) ਕੀਤਾ ਗਿਆ।ਇਸ ਮੁਹਿੰਮ ਦਾ ਮਕਸਦ ਸਮਾਜ ਵਿਰੋਧੀ ਤੱਤਾਂ ਤੇ ਨਸ਼ਾ ਤਸਕਰਾਂ ਖ਼ਿਲਾਫ਼ ਲੜਾਈ ਨੂੰ ਤੇਜ਼ ਕਰਨਾ ਹੈ ਅਤੇ ਨੱਥ ਪਾਉਣਾ ਹੈ।ਇਸ ਮੌਕੇ ਪੰਜਾਬ ਪੁਲਸ ਦੇ ਵਧੀਕ ਡਾਇਰੈਕਟਰ ਜਨਰਲ (ਅੰਦਰੂਨੀ ਸੁਰੱਖਿਆ) ਸ਼ਿਵੇ ਕੁਮਾਰ ਵਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਹ ਕਾਰਵਾਈ ਸੀਨੀਅਰ ਪੁਲਸ ਅਧਿਕਾਰੀਆਂ ਦੀ ਅਗਵਾਈ ਵਿੱਚ ਯੋਜਨਾਬੱਧ ਤੇ ਸਫਲ ਤੌਰ 'ਤੇ ਕੀਤੀ ਗਈ ਅਤੇ ਇਸ ਵਿੱਚ ਬਹੁਤ ਸਾਰੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ।ਇਸ ਮੁਹਿੰਮ ਦੌਰਾਨ 2 ਐੱਸ ਪੀ, 6 ਡੀ ਐੱਸ ਪੀ, 13 ਐੱਸ ਐੱਚ ਓ ਤੇ ਸੈਂਕੜੇ ਹੋਰ ਰੈਂਕ ਦੇ ਪੁਲਸ ਕਰਮਚਾਰੀਆਂ ਦੀਆਂ ਵੱਖ-ਵੱਖ ਟੀਮਾਂ ਵਿੱਚ ਨਿਯੁਕਤ ਕੀਤੇ ਗਏ।ਇਹ ਟੀਮਾਂ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਇੱਕੋ ਸਮੇਂ ਕਾਰਵਾਈ ਕਰ ਰਹੀਆਂ ਸਨ।ਵਧੀਕ ਡਾਇਰੈਕਟਰ ਜਨਰਲ ਅੰਦਰੂਨੀ ਸੁਰੱਖਿਆ ਸ਼ਿਵੇ ਕੁਮਾਰ ਵਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਮੁਹਿੰਮ ਮੋਗਾ ਪੁਲਸ ਦੀ ਲੋਕਾਂ ਦੀ ਸੁਰੱਖਿਆ ਤੇ ਸੁਹਿਰਦੀ ਲਈ ਵਚਨਬੱਧਤਾ ਨੂੰ ਦਰਸਾਉਂਦੀ ਹੈ।ਮੋਗਾ ਪੁਲਸ ਇਸ ਤਰ੍ਹਾਂ ਦੀਆਂ ਮੁਹਿੰਮਾਂ ਨੂੰ ਜਾਰੀ ਰੱਖੇਗੀ ਤਾਂ ਜੋ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਿਆ ਜਾ ਸਕੇ ਅਤੇ ਸਮਾਜ ਨੂੰ ਨਸ਼ਿਆਂ ਤੇ ਅਪਰਾਧਕਰਤਾਵਾਂ ਤੋਂ ਬਚਾਇਆ ਜਾ ਸਕੇ।ਉਨ੍ਹਾ ਦੱਸਿਆ ਕਿ ਇਸ ਮੁਹਿੰਮ ਦੌਰਾਨ 3 ਮੁਕੱਦਮੇ ਦਰਜ ਕਰਕੇ 4 ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ।ਇਨ੍ਹਾਂ ਕੋਲੋਂ 35 ਗ੍ਰਾਮ ਹੈਰੋਇਨ, 150 ਗ੍ਰਾਮ ਸੋਨਾ, 500 ਗ੍ਰਾਮ ਚਾਂਦੀ ਤੇ 6500 ਰੁਪਏ ਨਗਦ ਬਰਾਮਦ ਕੀਤੇ ਗਏ ਹਨ।ਉਨ੍ਹਾ ਦੱਸਿਆ ਕਿ ਅੱਜ ਦੀ ਮੁਹਿੰਮ ਦੌਰਾਨ ਮਿਲੀਆਂ ਹੋਰ ਉਪਲਬਧੀਆਂ ਤਹਿਤ 66 ਵਿਅਕਤੀਆਂ ਨੂੰ ਰੋਕ ਕੇ ਜਾਂਚ ਕੀਤੀ ਗਈ।ਕਈ ਗੱਡੀਆਂ ਚੈੱਕ ਕੀਤੀਆਂ ਗਈਆਂ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਨੂੰ ਸਹਿਯੋਗ ਕਰਨ।ਸਹੀ ਸੂਚਨਾ ਪੁਲਸ ਨੂੰ ਦੇ ਕੇ ਉਹ ਆਪਣੇ ਪਰਵਾਰਾਂ ਨੂੰ ਬਚਾ ਸਕਦੇ ਹਨ।ਉਨ੍ਹਾਂ ਨੌਜਵਾਨਾਂ ਨੂੰ ਵੀ ਕਿਹਾ ਕਿ ਉਹ ਆਪਣੀ ਜਵਾਨੀ ਨੂੰ ਖਰਾਬ ਨਾ ਕਰਨ।ਇਸ ਮੌਕੇ ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ, ਐੱਸ ਪੀ ਆਈ ਬਾਲ ਕ੍ਰਿਸ਼ਨ ਸਿੰਗਲਾ ਡੀ.ਐੱਸ.ਪੀ. ਸਿਟੀ ਰਵਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

## ਕਾਤਰਾਂ

### ਭੇਦਭਰੇ ਹਾਲਾਤ 'ਚ ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਸਰਹਿੰਦ ਦੀ ਪੁਲਿਸ ਨੂੰ ਸਰਹਿੰਦ ਜੀ ਟੀ ਰੋਡ ਵਿਖੇ ਸਥਿਤ ਯਾਦਵ ਢਾਬੇ ਨੇੜਿਓਂ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ ਹੈ।ਥਾਣਾ ਸਰਹਿੰਦ ਦੇ ਐਸ ਐਚ ਓ. ਇੰਸਪੈਕਟਰ ਸੰਦੀਪ ਸਿੰਘ ਨੇ ਦੱਸਿਆ ਕਿ ਸਰਹਿੰਦ ਦੇ ਯਾਦਵ ਢਾਬੇ ਨੇੜਿਓਂ ਇੱਕ ਵਿਅਕਤੀ ਮ੍ਰਿਤਕ ਹਾਲਤ 'ਚ ਪਿਆ ਮਿਲਿਆ ਹੈ। ਮ੍ਰਿਤਕ ਦੀ ਉਮਰ ਕਰੀਬ 35 ਸਾਲ, ਕੰਨਾਂ 'ਚ ਮੁੰਦਰਾਂ ਪਾਈਆਂ ਹੋਈਆਂ, ਸੱਜੀ ਬਾਂਹ 'ਤੇ ਟੈਟੂ ਬਣਿਆ ਹੋਇਆ,ਪੂਰੀ ਬਾਹਵਾਂ ਦੀ ਟੀ-ਸ਼ਰਟ ਅਤੇ ਲੋਅਰ ਪਹਿਨੀ ਹੋਈ ਹੈ। ਲਾਸ਼ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੋਰਚਰੀ ਵਿੱਚ ਰਖਵਾ ਦਿਤੀ ਗਈ ਹੈ ਤੇ ਸ਼ਨਾਖਤ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦੀ ਹਾਲੇ ਤੱਕ ਪਹਿਚਾਣ ਨਹੀਂ ਹੋ ਸਕੀ।

### ਹੈਰੋਇਨ ਸਮੇਤ ਤਿੰਨ ਨੌਜਵਾਨ ਕਾਬੂ

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਲੰਬੀ ਪੁਲਸ ਨੇ ਹੈਰੋਇਨ ਸਮੇਤ ਤਿੰਨ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਚੰਨੂੰ ਸੀ ਤਾਂ ਤਿੰਨ ਨੌਜਵਾਨ ਬੈਠੇ ਇੱਕ ਮੋਮੀ ਲਿਫ਼ਾਫ਼ੇ ਵਿੱਚ ਫਰੋਲਾ ਫਰਾਲੀ ਕਰ ਰਹੇ ਸਨ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਉਥੋਂ ਖਿਸਕਣ ਲੱਗੇ ਤਾਂ ਪੁਲਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਉਕਤ ਨੌਜਵਾਨਾਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਨ੍ਹਾਂ ਆਪਣਾ ਨਾਮ ਗਿੰਦਾ ਸਿੰਘ, ਅਕਾਸ਼ਦੀਪ ਸਿੰਘ ਵਾਸੀ ਚੰਨੂੰ ਤੇ ਸਿਮਰਜੀਤ ਸਿੰਘ ਵਾਸੀ ਪਿੰਡ ਲੰਬੀ ਦੱਸਿਆ, ਜਿਸ ਉਪਰੰਤ ਮੋਮੀ ਲਿਫ਼ਾਫ਼ੇ ਦੀ ਜਾਂਚ ਕਰਨ ਉਪਰੰਤ ਉਸ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਨੰ. 31 ਧਾਰਾ 21ਬੀ, 27/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਪਾਰਟੀ ਬਲਕਾਰ ਸਿੱਧੂ ਨੂੰ ਵਿਖਾਏ ਬਾਹਰ ਦਾ ਰਸਤਾ : ਔਲਖ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਰਾਮਗੜ੍ਹੀਆ ਬਰਾਦਰੀ ਦੇ ਖਿਲਾਫ਼ ਬਲਕਾਰ ਸਿੱਧੂ ਐਮ ਐਲ ਏ ਆਮ ਆਦਮੀ ਪਾਰਟੀ ਵੱਲੋਂ ਬੋਲੇ ਮਾੜੇ ਸ਼ਬਦਾਂ ਦੀ ਆਡੀਓ ਸੁਣ ਕੇ ਮਨਜੀਤ ਸਿੰਘ ਔਲਖ ਪੰਜਾਬ ਪ੍ਰਧਾਨ, ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਭਾਰਤ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਕਿ ਪਾਰਟੀ ਬਲਕਾਰ ਸਿੱਧੂ ਦੀ ਸੰਦਸਤਾ ਰੱਦ ਕਰਕੇ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਏ ਇਹੋ ਜਿਹੇ ਲੋਕਾਂ ਕਰਕੇ ਆਪਸੀ ਭਾਈਚਾਰਕ ਸਾਂਝਾਂ ਖ਼ਤਮ ਹੋ ਰਹੀਆਂ ਹਨ। ਇਸ ਮੌਕੇ ਨਿਰਵੈਰ ਸਿੰਘ ਸਿੰਧੀ,ਭਗਵਾਨ ਸਿੰਘ ਦੜਿਆਲਾ,ਹਰਭਜਨ ਸਿੰਘ ਦੜਿਆਲਾ, ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਕਲਸੀ, ਮੇਹਰ ਸਿੰਘ ਕਲਸੀ, ਸਰਬਜੀਤ ਸਿੰਘ ਲਾਡੀ,ਸੁਖਵਿੰਦਰ ਸਿੰਘ ਲਾਡ, ਸੁਖਚੈਨ ਸਿੰਘ ਖਾਲਸਾ, ਸੰਤੋਖ ਸਿੰਘ ਨਕਸ਼ੇ ਵਾਲੇ, ਕਰਮਜੀਤ ਸਿੰਘ ਅਤੇ ਹੋ ਹਾਜ਼ਰ ਸਨ।

# ਮੁੱਖ ਮਾਰਗ 'ਤੇ ਬੰਦ ਪਿਆ ਟੋਲ ਪਲਾਜ਼ਾ ਦੇ ਰਿਹੈ ਹਾਦਸਿਆਂ ਨੂੰ ਸੱਦਾ

*ਮਲਬਾ ਹਟਾ ਕੇ ਚੌੜੀ ਸੜਕ ਬਣਾਈ ਜਾਵੇ : ਕੈਪਟਨ ਸਿੱਧੂ*



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਿਲ ਕਲਾਂ ਨੇੜੇ ਬਰਨਾਲਾ-ਲੁਧਿਆਣਾ ਮੁੱਖ ਮਾਰਗ 'ਤੇ ਸਥਿਤ ਟੋਲ ਪਲਾਜ਼ਾ, ਜੋ ਕਰੀਬ ਇਕ ਸਾਲ ਤੋਂ ਬੰਦ ਕਰ ਦਿੱਤਾ ਗਿਆ ਸੀ, ਹੁਣ ਉਜਾੜ ਬਣਿਆ ਸੜਕ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ।ਇਹ ਪ੍ਰਗਟਾਵਾ ਭਾਜਪਾ ਆਗੂ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਕੀਤਾ।ਉਨ੍ਹਾ ਕਿਹਾ ਕਿ ਇਹ ਟੋਲ ਪਲਾਜ਼ਾ ਤਿੰਨ ਰੋਡ ਡਿਵਾਈਡਰਾਂ ਨਾਲ ਲੈਸ ਹੈ, ਜਿਸ ਨਾਲ ਇਥੋਂ ਦੀ ਸੜਕ ਚਾਰ ਬਰਾਬਰ ਹਿੱਸਿਆਂ ਵਿੱਚ ਵੰਡੀ ਹੋਈ ਹੈ, ਰਾਤ ਸਮੇਂ ਇਥੇ ਲਾਇਟਾਂ ਦਾ ਕੋਈ ਵੀ ਪ੍ਰਬੰਧ ਨਾ ਹੋਣ ਕਾਰਨ ਇਹ ਟੋਲ ਪਲਾਜ਼ਾ ਸੁੰਨਸਾਨ ਥਾਂ ਬਣਿਆ ਹੋਇਆ ਪਿਆ ਹੈ।ਕਈ ਵਾਰ ਰਾਤ ਵੇਲੇ ਵਾਹਨ ਅੱਗੋਂ ਵਿਖਾਈ ਨਾ ਦੇਣ ਕਰਕੇ ਡਿਵਾਈਡਰਾਂ ਨਾਲ ਟਕਰਾ ਹਾਦਸਾਗ੍ਰਸਤ ਹੋ ਜਾਂਦੇ ਹਨ, ਜਿਸ ਕਰਕੇ ਹਰ ਵੇਲੇ ਜਾਨੀ ਤੇ ਮਾਲੀ ਨੁਕਸਾਨ ਦਾ ਡਰ ਬਣਿਆ ਰਹਿੰਦਾ ਹੈ।ਬਾਹਰ-ਬਾਹਰ ਸੁੰਨਸਾਨ ਥਾਂ ਹੋਣ ਕਰਕੇ ਬੀਤੇ ਦਿਨੀਂ ਇਥੇ ਲੁੱਟ-ਖੋਹ ਦੀਆਂ ਕਈ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ।ਕੈਪਟਨ ਸਿੱਧੂ ਨੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਟੋਲ ਪਲਾਜਾ ਦੇ ਸਾਰੇ ਰੋਡ ਡਿਵਾਈਡਰਾਂ ਨੂੰ ਖਤਮ ਕਰਕੇ, ਉਥੇ ਸਿੱਧੀ ਸੜਕ ਬਣਾਈ ਜਾਵੇ ਤਾਂ ਜੋ ਬਿਨਾਂ ਵਜ੍ਹਾ ਹਾਦਸੇ ਨਾ ਵਾਪਰਨ।ਕੈਪਟਨ ਸਿੱਧੂ ਨੇ ਸਪੱਸ਼ਟ ਕਿਹਾ ਕਿ ਜੇਕਰ ਇੱਕ ਮਹੀਨੇ ਵਿੱਚ ਇਸ ਟੋਲ ਪਲਾਜ਼ੇ ਨੂੰ ਢਾਹ ਕੇ ਪੱਧਰਾ ਨਾ ਕੀਤਾ ਤਾਂ ਭਾਜਪਾ ਵੱਲੋਂ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।ਇਸ ਮੌਕੇ ਜਤਿੰਦਰਪਾਲ ਸਿੰਘ ਚਹਿਲ, ਗੁਰਮੀਤ ਸਿੰਘ ਧੌਲਾ, ਜਗਸੀਰ ਸਿੰਘ ਕੁਰੜ, ਪਰਜਿੱਤ ਸਿੰਘ ਕਿਰਪਾਲ ਸਿੰਘ ਵਾਲਾ, ਜਸਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਇੰਦਰ ਸਿੰਘ ਮਾਨ ਆਦਿ ਹਾਜ਼ਰ ਸਨ।

# ਮਹਿਕ ਰੇਡੀਓ ਤੇ ਮਹਿਕ ਟੀ ਵੀ ਟੋਰਾਂਟੋ ਦੇ ਮਾਲਕ ਤੋਂ ਫਿਰੌਤੀ ਮੰਗਣ ਦਾ ਮਾਮਲਾ ਆਇਆ ਸਾਹਮਣੇ

**ਹਵਾਈ ਫਾਇਰਿੰਗ ਹੋਣ ਕਾਰਨ ਪਿੰਡ 'ਚ ਸਹਿਮ ਦਾ ਮਾਹੌਲ**



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਭਰ 'ਚ ਸ਼ਾਂਤੀ ਲਿਆਉਣ ਦਾ ਸਰਕਾਰ ਦਾ ਵਾਅਦਾ ਨਿਕਲਿਆ ਖੋਖਲਾ। ਅੱਜ ਵੀ ਫੋਨ ਕਾਲ ਕਰਕੇ ਫਰੌਤੀ ਮੰਗਣ ਵਾਲਿਆਂ ਦੀਆਂ ਹਰ ਰੋਜ਼ ਖਬਰਾਂ ਸੁਣਨ ਨੂੰ ਮਿਲਦੀਆਂ ਹਨ। ਇਸੇ ਤਰ੍ਹਾਂ ਹੀ ਪਿੰਡ ਖੋਸਾ ਕੋਟਲਾ ਦੇ ਵਾਸੀ ਜਗਰਾਜ ਸਿੰਘ, ਜੋ ਕਿ ਹੁਣ ਬਰੈਮਟਨ ਕੈਨੇਡਾ ਦੇ ਵਸਨੀਕ ਹਨ, ਜੋ ਕਿ ਆਪਣਾ ਮਹਿਕ ਰੇਡੀਓ ਤੇ ਮਹਿਕ ਟੀ ਵੀ ਚਲਾਉਂਦੇ ਹਨ ਅਤੇ ਕੈਨੇਡਾ ਵਿੱਚ ਹੋਣ ਵਾਲੇ ਪੰਜਾਬੀ ਮੇਲੇ ਦੇ ਪ੍ਰਮੋਟਰ ਹਨ। ਉਨ੍ਹਾਂ ਤੋਂ ਕੈਨੇਡਾ ਵਿੱਚ ਫੋਨ ਕਰਕੇ ਪੈਸਿਆਂ ਦੀ ਮੰਗ ਕੀਤੀ ਗਈ ਅਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਜਗਰਾਜ ਸਿੰਘ ਸਿੱਧੂ ਇਨ੍ਹੀਂ ਦਿਨੀਂ ਆਪਣੇ ਪਿੰਡ ਖੋਸਾ ਕੋਟਲਾ ਵਿਖੇ ਪਰਿਵਾਰ ਨਾਲ ਆਏ ਹੋਏ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਆਪਣੀ ਜਾਨ-ਮਾਲ ਦੀ ਰੱਖਿਆ ਲਈ ਗੁਹਾਰ ਲਗਾਈ। ਜਗਰਾਜ ਸਿੱਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 17 ਫਰਵਰੀ ਦੀ ਰਾਤ ਨੂੰ ਡੇਢ ਵਜੇ ਸਾਡਾ ਮੇਨ ਗੇਟ ਕੁਝ ਬੰਦਿਆਂ ਵੱਲੋਂ ਭੰਨਣ ਦੀ ਕੋਸ਼ਿਸ਼ ਕੀਤੀ। ਗੇਟ ਨਾ ਖੁੱਲ੍ਹਣ ਕਰਕੇ ਜਾਂਦੇ ਹੋਏ ਗੋਲੀਆਂ ਚਲਾ ਕੇ ਗਏ ਤੇ ਧਮਕੀ ਦੇ ਕੇ ਗਏ ਕਿ ਅੱਜ ਤਾਂ ਬਚ ਗਿਆ ਹੈ, ਫਿਰ ਕਿੰਨਾ ਚਿਰ ਬਚੇਗਾ।

ਇਹ ਸਾਰੀ ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ। ਜਗਰਾਜ ਸਿੰਘ ਨੇ ਦੱਸਿਆ ਕਿ ਇਹ ਸਾਰੀ ਘਟਨਾ ਦੀ ਜਾਣਕਾਰੀ ਤੜਕਸਾਰ ਮੈਂ ਪਿੰਡ ਦੇ ਸਰਪੰਚ ਨੂੰ ਦੱਸੀ ਤੇ ਫਿਰ ਅਸੀਂ ਇਸ ਦੀ ਜਾਣਕਾਰੀ ਪੁਲਸ ਨੂੰ ਵੀ ਦਿੱਤੀ ਸੀ, ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੁਲਸ ਨੇ ਅਜੇ ਤੱਕ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ। ਗੋਲੀਆਂ ਚਲਾਉਣ ਵਾਲੇ ਵਿੱਚੋਂ ਕੁਝ ਕੁ ਵਿਅਕਤੀ ਟਰੇਸ ਕੀਤੇ ਹਨ ਤੇ ਅਣਪਛਾਤੇ ਵਿਅਕਤੀਆਂ ਦੀ ਭਾਲ ਤੇ ਮਾਮਲਾ ਪੁਲਸ ਅਧੀਨ ਆਇਆ ਤਾਂ ਹੋਰ ਕੈਮਰੇ ਦੀ ਫੁਟੇਜ ਆਈ। ਏਰੀਏ ਦੇ ਵਿੱਚ ਗੋਲੀਆਂ ਚੱਲਣ ਕਾਰਨ ਬੜਾ ਸਹਿਮ ਦਾ ਮਾਹੌਲ ਹੈ ਪਿੰਡ ਦੇ ਮੌਜੂਦਾ ਸਰਪੰਚ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹੀਂ ਦਿਨੀਂ ਜਗਰਾਜ ਸਿੱਧੂ ਤੇ ਉਸ ਦੀ ਫੈਮਿਲੀ ਇੰਡੀਆ ਫੇਰੀ ਤੇ ਹਰ ਸਾਲ ਦੀ ਤਰ੍ਹਾਂ ਪਿੰਡ ਆਏ ਹੋਏ ਸਨ। ਪਿਛਲੇ ਦਿਨੀਂ 17 ਤਰੀਕ ਦੀ ਰਾਤ ਨੂੰ ਜਗਰਾਜ ਸਿੰਘ ਦੇ ਘਰ ਕੁਝ ਅਣਪਛਾਤੇ ਵਿਅਕਤੀਆਂ ਨੇ ਗੇਟ ਨੂੰ ਧੱਕੇ ਮਾਰੇ, ਅੰਦਰ ਕੁੱਤੇ ਖੁੱਲ੍ਹੇ ਹੋਣ ਕਰਕੇ ਉਹ ਅੰਦਰ ਤਾਂ ਨਹੀਂ ਆ ਸਕੇ, ਪਰ ਬਾਹਰੋਂ ਹੀ ਹਵਾਈ ਫਾਇਰ ਚਲਾ ਕੇ ਚਲੇ ਗਏ। ਅਸੀਂ ਪੁਲਸ ਨੂੰ ਇਸ ਬਾਰੇ ਜਾਣਕਾਰੀ ਦੇ ਦਿੱਤੀ ਸੀ, ਮੈਨੂੰ ਪੂਰਨ ਉਮੀਦ ਹੈ ਕਿ ਮੋਗਾ ਪੁਲਸ ਪੂਰੀ ਤਨਦੇਹੀ ਨਾਲ ਇਨ੍ਹਾਂ ਲੋਕਾਂ ਨੂੰ ਨੱਥ ਪਾਊਗੀ, ਜੋ ਕਿ ਪੰਜਾਬ ਦਾ ਸ਼ਾਂਤੀ ਭਰਿਆ ਮਾਹੌਲ਼ ਖਰਾਬ ਨਾ ਹੋ ਸਕੇ। ਇਸ ਸਬੰਧ ਵਿੱਚ ਜਦੋਂ ਕੋਟ ਈਸੇ ਖਾਂ ਥਾਣਾ ਇੰਚਾਰਜ ਨਾਲ ਇਸ ਸਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਅਸੀਂ ਦੋਨਾਂ ਪਾਰਟੀਆਂ ਨੂੰ ਬੁਲਾ ਕੇ ਤੇ ਸੀਸੀਟੀਵੀ ਫੁਟੇਜ ਨੂੰ ਦੇਖ ਕੇ ਜੋ ਜੋ ਪੱਖ ਸਾਹਮਣੇ ਆਇਆ, ਉਸ ਹਿਸਾਬ ਨਾਲ ਜੋ ਕਾਰਵਾਈ ਬਣੇਗੀ, ਉਹ ਕੀਤੀ ਜਾਵੇਗੀ।

# ਪੱਤਰਕਾਰ ਮਨਿੰਦਰਜੀਤ 'ਤੇ ਕੇਸ ਦਰਜ ਕਰਨ ਖਿਲਾਫ ਰੋਸ ਮਾਰਚ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-'ਆਪ' ਸਰਕਾਰ ਦੇ ਇਤਿਹਾਸ ਵਿੱਚ ਅੱਜ ਪਹਿਲਾ ਮੌਕਾ ਸੀ ਕਿ ਜਿਸ ਵਿਅਕਤੀ ਖਿਲਾਫ਼ ਮਾਮਲਾ ਦਰਜ ਹੋਇਆ ਹੋਵੇ, ਉਹ ਆਪਣੇ ਸਾਥੀਆਂ ਸਮੇਤ ਸ਼ਹਿਰ ਵਿੱਚ ਮੁਜ਼ਾਹਰਾ ਕਰਦਾ ਹੋਇਆ ਐੱਸ ਐੱਸ ਪੀ ਦਫ਼ਤਰ ਤੱਕ ਜਾਵੇ ਤੇ ਪੁਲਸ ਉਸ ਨੂੰ ਗ੍ਰਿਫ਼ਤਾਰ ਵੀ ਨਾ ਕਰੇ।ਇਸ ਦਾ ਅਹਿਮ ਕਾਰਨ ਸੀ ਕਿ ਲੋਕ ਪੱਖੀ ਧਿਰਾਂ, ਮੀਡੀਆ ਕਰਮੀ ਤੇ ਇਨਸਾਫ਼ ਪਸੰਦ ਲੋਕਾਂ ਦਾ ਉਸ ਵਿਅਕਤੀ ਨੂੰ ਭਰਵਾਂ ਸਾਥ।ਇਹ ਮੰਜ਼ਰ ਉਦੋਂ ਬਣਿਆ, ਜਦ ਪੱਤਰਕਾਰ ਮਨਿੰਦਰਜੀਤ ਸਿੰਘ ਸਿੱਧੂ ਖਿਲਾਫ਼ ਰਾਮਪੁਰਾ ਫੂਲ ਤੋਂ ਵਿਧਾਇਕ ਬਲਕਾਰ ਸਿੱਧੂ ਦੇ ਪੀ ਏ ਰੇਸ਼ਮ ਸਿੰਘ ਵੱਲੋਂ ਦਰਜ ਕਰਵਾਏ ਝੂਠੇ ਮੁਕੱਦਮੇ ਨੂੰ ਰੱਦ ਕਰਵਾਉਣ ਖਾਤਰ ਐਕਸ਼ਨ ਉਲੀਕਣ ਲਈ ਸਥਾਨਕ ਟੀਚਰਜ਼ ਹੋਮ ਵਿੱਚ ਮੀਟਿੰਗ ਰੱਖੀ ਗਈ, ਜਿਸ ਦੌਰਾਨ ਕਿਸਾਨ ਆਗੂ ਮਨਜੀਤ ਧਨੇਰ ਨੇ ਕਿਹਾ, 'ਮਨਿੰਦਰਜੀਤ ਸਿੰਘ ਸਿੱਧੂ ਨੂੰ ਇੱਥੇ ਸਟੇਜ 'ਤੇ ਲਿਆਂਦਾ ਜਾਵੇ, ਜਿਸ ਵਿੱਚ ਹਿੰਮਤ ਹੋਈ, ਉਸ ਨੂੰ ਗ੍ਰਿਫ਼ਤਾਰ ਕਰ ਲਵੇ।' ਫਿਰ ਸੀਨੀਅਰ ਪੱਤਰਕਾਰ ਬਖ਼ਤੌਰ ਢਿੱਲੋਂ ਵੱਲੋਂ ਕੀਤੇ ਐਲਾਨ ਮੁਤਾਬਿਕ ਟੀਚਰਜ਼ ਹੋਮ ਤੋਂ ਮਿੰਨੀ ਸਕੱਤਰੇਤ ਤੱਕ ਰੋਸ ਮਾਰਚ ਕੱਢਿਆ ਗਿਆ, ਜਿਸ ਵਿੱਚ ਖੁਦ ਮਨਿੰਦਰਜੀਤ ਸਿੰਘ ਸਿੱਧੂ ਵੀ ਸ਼ਾਮਲ ਸੀ।ਪੱਤਰਕਾਰ ਭਾਈਚਾਰਾ, ਵੱਖ ਵੱਖ ਸਮਾਜਿਕ ਜਥੇਬੰਦੀਆਂ ਤੇ ਇਨਸਾਫ਼ ਪਸੰਦ ਧਿਰਾਂ ਦੇ ਨੁਮਾਇੰਦਿਆਂ ਦੀ ਸਮੂਹਕ ਮੀਟਿੰਗ ਵਿੱਚ ਸਾਰਿਆਂ ਨੇ ਇੱਕਮਤ ਹੋ ਕੇ ਮਨਿੰਦਰਜੀਤ ਸਿੰਘ ਸਿੱਧੂ ਖਿਲਾਫ਼ ਵਿਧਾਇਕ ਦੇ ਪੀਏ ਵੱਲੋਂ ਦਰਜ ਕਰਵਾਏ ਝੂਠੇ ਮੁਕੱਦਮੇ ਨੂੰ ਰੱਦ ਕਰਵਾਉਣ ਤੇ ਬਲਕਾਰ ਸਿੱਧੂ ਖਿਲਾਫ਼ ਮੁਕੱਦਮਾ ਕਰਵਾਉਣ ਤੇ ਸਹਿਮਤੀ ਬਣੀ।ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ 3 ਮਾਰਚ ਨੂੰ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਬਠਿੰਡਾ ਦੇ ਮਿੰਨੀ ਸਕੱਤਰੇਤ ਵਿੱਚ ਭਰਵਾਂ ਰੋਸ ਪ੍ਰਦਰਸ਼ਨ ਕਰਕੇ ਸੱਤਾ ਦੇ ਨਸ਼ੇ 'ਚ ਸਰਕਾਰ ਤੇ ਪ੍ਰਸ਼ਾਸਨ ਦੇ ਕੰਨਾਂ ਤੱਕ ਲੋਕ ਰੋਹ ਦੀ ਆਵਾਜ਼ ਪਹੁੰਚਾਈ ਜਾਵੇ।

# ਕਾਮਰੇਡ ਜਗਸੀਰ ਸਿਹਤ ਸੰਬੰਧੀ ਸਮੱਸਿਆਵਾਂ ਦੇ ਹੱਲ ਲਈ ਸਿਰ-ਤੋੜ ਯਤਨ ਕਰੇਗਾ : ਅਰਸ਼ੀ




**ਬੁਢਲਾਡਾ (ਅਸ਼ੋਕ ਲਾਕੜਾ)**-ਸਿਹਤ ਵਿਭਾਗ ਅੰਦਰ ਨਿੱਤ ਦਿਨ ਆਮ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਸਿਰ ਤੋੜ ਯਤਨ ਕਰੇਗਾ ਕਾਮਰੇਡ ਜਗਸੀਰ ਸਿੰਘ ਰਾਏਕੇ।ਇਹ ਸ਼ਬਦ ਇੱਥੇ ਇੱਕ ਨਿੱਜੀ ਪੈਲੇਸ ਵਿਖੇ ਵਿਦਾਇਗੀ ਸਮਾਰੋਹ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਹੇ।ਉਨ੍ਹਾ ਕਿਹਾ ਕਿ ਵਿਦਿਆਰਥੀ ਜੀਵਨ ਤੋਂ ਹੀ ਸੰਘਰਸ਼ਾਂ ਦੇ ਰਾਹ ਤੁਰੇ ਨੌਜਵਾਨ ਕਾਮਰੇਡ ਜਗਸੀਰ ਸਿੰਘ ਰਾਏਕੇ ਸਿਹਤ ਵਿਭਾਗ ਨੂੰ 29 ਸਾਲ ਦੇ ਕੇ ਬੇਦਾਗ ਤੇ ਇਮਾਨਦਾਰੀ ਨਾਲ ਡਿਊਟੀ ਕਰਕੇ ਅੱਜ ਸੇਵਾ ਮੁਕਤ ਹੋਏ ਹਨ।ਉਨ੍ਹਾ ਕਿਹਾ ਕਿ ਸਾਧਾਰਨ ਪਰਿਵਾਰ ਤੋਂ ਪੈਦਾ ਹੋਏ ਜਗਸੀਰ ਸਿੰਘ ਰਾਏਕੇ ਜਿੱਥੇ ਆਪਣੀ ਪੜ੍ਹਾਈ ਰਾਏਕੇ ਪਿੰਡ ਜ਼ਿਲ੍ਹਾ ਬਠਿੰਡਾ ਤੋਂ ਸ਼ੁਰੂ ਕਰਕੇ ਅੱਜ ਬੁਢਲਾਡਾ ਖੇਤਰ ਵਿੱਚ ਵੱਡਾ ਨਾਮ ਕਮਾ ਚੁੱਕੇ ਹਨ।ਅਰਸ਼ੀ ਨੇ ਕਿਹਾ ਕਿ ਸਿਹਤ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਦੇਣ ਤੋਂ ਬਾਅਦ ਹੁਣ ਬਾਕੀ ਰਹਿੰਦੀ ਸੇਵਾ ਪਾਰਟੀ ਨੂੰ ਸਮਰਪਿਤ ਕਰਕੇ ਲੋਕ ਹਿੱਤ ਤੇ ਸਮਾਜ ਭਲਾਈ ਦੇ ਕੰਮ ਕਰਨਗੇ।ਉਨ੍ਹਾ ਮੌਜੂਦਾ ਸਰਕਾਰ 'ਤੇ ਚੋਟ ਕਰਦਿਆਂ ਕਿਹਾ ਕਿ ਸਿਹਤ ਸਹੂਲਤਾਂ ਦੇ ਦਮਗਜ਼ਿਆਂ 'ਤੇ ਬਣੀ ਸਰਕਾਰ ਦਿੱਲੀ ਵਿੱਚ ਹੋਰ ਤੇ ਪੰਜਾਬ 'ਚ ਹੋਰ ਹੀ ਰਾਗ ਅਲਾਪ ਰਹੀ ਹੈ, ਪ੍ਰੰਤੂ ਦਿੱਲੀ ਦੀ ਜਨਤਾ ਨੇ ਉਨ੍ਹਾਂ ਦੇ ਚਿਹਰੇ ਤੋਂ ਲਾਰਿਆਂ ਦਾ ਨਕਾਬ ਉਤਾਰ ਕੇ ਰੱਖ ਦਿੱਤਾ ਹੈ।ਹੁਣ ਪੰਜਾਬ ਦੇ ਲੋਕ ਵੀ ਆਉਣ ਵਾਲੀਆਂ ਚੋਣਾਂ 'ਚ ਫਤਵਾ ਦੇਣ ਦਾ ਆਪਣਾ ਫੈਸਲਾ ਕਰ ਚੁੱਕੇ ਹਨ।ਇਸ ਮੌਕੇ ਕਾਮਰੇਡ ਕ੍ਰਿਸ਼ਨ ਚੌਹਾਨ, ਕਾਮਰੇਡ ਵੇਦ ਪ੍ਰਕਾਸ਼, ਕਾਮਰੇਡ ਕੁਲਵਿੰਦਰ ਉੱਡਤ, ਕਾਮਰੇਡ ਸੀਤਾਰਾਮ ਗੋਵਿੰਦਪੁਰਾ, ਕਾਮਰੇਡ ਮਲਕੀਤ ਸਿੰਘ ਮੰਦਰਾਂ, ਚਿਮਨ ਲਾਲ ਕਾਕਾ, ਮਾ. ਰਘੂਨਾਥ ਸਿੰਗਲਾ, ਕਾਮਰੇਡ ਹਰਦਿਆਲ ਸਿੰਘ, ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਹਰਵਿੰਦਰਦੀਪ ਸਿੰਘ ਸਵੀਟੀ, ਡਾ. ਦੀਪਕ ਗਰਗ, ਡਾ. ਸਤਿੰਦਰ ਕੌਰ, ਸਿਹਤ ਸੁਪਰਵਾਈਜ਼ਰ ਭੋਲਾ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਤੀਜੀ ਪੰਜਾਬ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਅੱਜ ਤੋਂ

**ਜੈਤੋ (ਸਤੀਸ਼ ਕੁਮਾਰ ਭੀਰੀ)**-ਨਿਊ ਗੰਗਸਰ ਸਪੋਰਟਸ ਕਲੱਬ ਜੈਤੋ ਵੱਲੋਂ ਕਰਵਾਈ ਜਾ ਰਹੀ ਤੀਜੀ ਪੰਜਾਬ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਸਬੰਧੀ ਸਰਪ੍ਰਸਤ ਸੰਤ ਰਿਸ਼ੀ ਰਾਮ ਜਲਾਲਵਾਲੇ (ਮੁੱਖ ਸੰਚਾਲਕ ਮਾਤਾ ਅਮਰ ਕੌਰ ਟੇਰੀਟੇਬਲ ਟਰਸੱਟ ਜੈਤੋ) ਤੇ ਪ੍ਰਧਾਨ ਗੁਰਬੀਰ ਸਿੰਘ ਬਰਾੜ ਦੀ ਅਗਵਾਈ ਵਿੱਚ ਫੋਰ ਸੀਜ਼ਨ ਰਿਜੋਰਟ ਜੈਤੋ ਵਿਖੇ ਪ੍ਰੈੱਸ ਮੀਟਿੰਗ ਕੀਤੀ ਗਈ, ਜਿਸ ਦੌਰਾਨ ਇੱਕਤਰ ਸਮੂਹ ਅਹੁਦੇਦਾਰਾਂ ਤੇ ਸਮੁੱਚੀ ਟੀਮ ਵੱਲੋਂ 2 ਮਾਰਚ ਨੂੰ ਹੋਣ ਵਾਲੀ ਤੀਜੀ ਪੰਜਾਬ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਬਾਰੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਪ੍ਰਧਾਨ ਗੁਰਬੀਰ ਸਿੰਘ ਬਰਾੜ ਵੱਲੋਂ ਐਥਲੈਟਿਕ ਚੈਂਪੀਅਨਸ਼ਿਪ ਦੀ ਰੂਪ ਰੇਖਾ ਦੀ ਤਿਆਰੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜੈਤੋ ਦੇ ਖੇਡ ਸਟੇਡੀਅਮ ਵਿਖੇ ਕਰਵਾਈ ਜਾ ਰਹੀ ਤੀਜੀ ਪੰਜਾਬ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਵਿੱਚ 3000 ਮੀਟਰ ਵਾਕ ਦੌੜ, 1600 ਮੀਟਰ (ਲੜਕੇ) ਓਪਰ, 800 ਮੀਟਰ ਦੌੜ, ਸ਼ਾਟ-ਪੁੱਟ, ਲੌਂਗ ਜੰਪ, ਡਿਸਕਸ ਥ੍ਰੋ, 100 ਮੀਟਰ (ਮਰਦ\ਔਰਤਾਂ) ਤੇ ਜੈਵਲਿਨ ਥ੍ਰੋ, 3000 ਮੀਟਰ ਦੌੜ, 400 ਮੀਟਰ (ਮਰਦ\ਔਰਤਾਂ) ਤੇ 1500 (ਮਰਦ\ਔਰਤਾਂ) ਅਤੇ ਰਿਲੇਅ ਰੇਸ (ਮਰਦ\ਔਰਤਾਂ) ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਇਸ ਮੌਕੇ ਕਲੱਬ ਦੇ ਜਰਨਲ ਸਕੱਤਰ ਦੇਵਿੰਦਰ ਬਾਬੂ ਨੇ ਦੱਸਿਆ ਕਿ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਵਿੱਚ ਜੇਤੂਆਂ ਨੂੰ ਮੈਡਲ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ ਤੇ ਉਨ੍ਹਾਂ ਲਈ ਕਲੱਬ ਵੱਲੋਂ ਲੰਗਰ ਤੇ ਰਹਿਣ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਅਮਰੀਕ ਸਿੰਘ ਬਰਾੜ, ਗੁਰਵਿੰਦਰ ਸਿੰਘ ਬਰਾੜ ਰੋੜੀਕਪੂਰਾ ਤੇ ਪਰਮਜੀਤ ਸਿੰਘ ਜੈਤੋ ਦੱਸਿਆ ਕਿ ਐਥਲੈਟਿਕ ਚੈਂਪੀਅਨਸ਼ਿਪ ਲਈ ਪੰਜਾਬ ਭਰ ਦੇ ਖੇਡ ਪ੍ਰੇਮੀ ਹਿੱਸਾ ਲੈ ਰਹੇ ਹਨ।

# ਭੁਪੇਸ਼ ਬਘੇਲ ਦੀ ਆਮਦ 'ਤੇ ਮਹਿਲਾ ਕਾਂਗਰਸ ਦੇ ਵੱਡੇ ਇਕੱਠ ਨੇ ਤੋੜੇ ਰਿਕਾਰਡ

**ਬਘੇਲ, ਵੜਿੰਗ ਤੇ ਬਾਜਵਾ ਨੇ ਰੰਧਾਵਾ ਨੂੰ ਦਿੱਤੀ ਵਧਾਈ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਜਨਰਲ ਸਕੱਤਰ ਇੰਚਾਰਜ ਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਭੁਪੇਸ਼ ਬਘੇਲ ਆਪਣੀ ਪੰਜਾਬ ਦੀ ਪਹਿਲੀ ਫੇਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੱਥਾ ਟੇਕਣ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਪੁੱਜੇ।ਇਸੇ ਦੌਰਾਨ ਏਅਰਪੋਰਟ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਜਾਂਦਿਆਂ ਜ਼ਿਲ੍ਹਾ ਅੰਮ੍ਰਿਤਸਰ ਦੇ ਹਲਕਾ ਇੰਚਾਰਜਾਂ ਤੇ ਪੰਜਾਬ ਕਾਂਗਰਸ ਦੇ ਸੰਗਠਨਾਂ ਵੱਲੋਂ ਇਕੱਠ ਕਰਕੇ ਉਨ੍ਹਾਂ ਦਾ ਵੱਖ-ਵੱਖ ਥਾਂਵਾਂ 'ਤੇ ਸਵਾਗਤ ਕੀਤਾ ਗਿਆ।ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਵੀ ਐਰੋ ਸਿਟੀ ਵਿਖੇ ਮਹਿਲਾਵਾਂ ਦਾ ਵੱਡਾ ਇਕੱਠ ਕਰਕੇ ਬਘੇਲ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ।ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਮਹਿਲਾ ਕਾਂਗਰਸ ਦਾ ਇਹ ਵੱਡਾ ਇਕੱਠ ਹੁਣ ਤੱਕ ਦੇ ਮਹਿਲਾ ਕਾਂਗਰਸ ਦੇ ਸਾਰੇ ਹੀ ਵੱਡੇ ਇਕੱਠਾਂ ਨੂੰ ਮਾਤ ਦੇ ਗਿਆ।

ਇਸ ਮੌਕੇ ਬਘੇਲ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਆਲੋਕ ਸ਼ਰਮਾ ਸਪੋਕਸਪਰਸਨ ਆਲ ਇੰਡੀਆ ਕਾਂਗਰਸ ਕਮੇਟੀ ਤੇ ਰਵਿੰਦਰ ਦਾਲਵੀ ਸਮੇਤ ਸਾਰੇ ਸੀਨੀਅਰ ਲੀਡਰਸ਼ਿਪ ਮੌਜੂਦ ਸਨ, ਜਿਨ੍ਹਾਂ ਨੇ ਰੱਜ ਕੇ ਇੱਕ ਦੂਜੇ ਸਾਹਮਣੇ ਪੰਜਾਬ ਮਹਿਲਾ ਕਾਂਗਰਸ ਦੀ ਮਿਹਨਤੀ ਇਮਾਨਦਾਰ ਤੇ ਵਫਾਦਾਰ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਦੀ ਰੱਜ ਕੇ ਤਾਰੀਫ਼ ਕੀਤੀ ਤੇ ਸਾਰਿਆਂ ਨੇ ਗੁਰਸ਼ਰਨ ਕੌਰ ਰੰਧਾਵਾ ਤੇ ਮਹਿਲਾ ਕਾਂਗਰਸ ਨੂੰ ਵਧਾਈ ਦਿੱਤੀ।

ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਅੱਜ ਦਾ ਮਹਿਲਾਵਾਂ ਦਾ ਵੱਡਾ ਇਕੱਠ ਮੇਰੀਆਂ ਮਹਿਲਾ ਕਾਂਗਰਸ ਦੀਆਂ ਭੈਣਾਂ, ਬੇਟੀਆਂ ਤੇ ਮਾਤਾਵਾਂ ਦੀ ਬਦੌਲਤ ਹੀ ਸੰਭਵ ਹੋ ਪਾਇਆ ਹੈ।ਉਨ੍ਹਾਂ ਕਿਹਾ ਕਿ ਮਹਿਲਾ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਅਲਕਾ ਲਾਂਬਾ ਜੀ ਦੀ ਯੋਗ ਅਗਵਾਈ ਹੇਠ ਪੰਜਾਬ ਮਹਿਲਾ ਕਾਂਗਰਸ ਦਾ ਗ੍ਰਾਫ ਸਿਖਰਾਂ 'ਤੇ ਪਹੁੰਚ ਚੁੱਕਿਆ ਹੈ।

ਇਸ ਮੌਕੇ ਰਾਸ਼ਟਰੀ ਕਨਵੀਨਰ ਜਲਸੀਨ ਸੇਠੀ, ਅੰਮ੍ਰਿਤਸਰ ਦੇ ਪ੍ਰਧਾਨ ਸ਼ਿਵਾਨੀ ਸ਼ਰਮਾ, ਪੰਜਾਬ ਮਹਿਲਾ ਕਾਂਗਰਸ ਦੇ ਮੀਤ ਪ੍ਰਧਾਨ ਕਿਰਨ ਗਰੇਵਾਲ, ਸੰਤੋਸ਼ ਰਾਣੀ, ਭੁਪਿੰਦਰ ਕੌਰ ਸਮਾਣਾ, ਜਸਬੀਰ ਕੌਰ ਮੂਨਕ, ਰਣਜੀਤ ਬਦੇਸ਼ਾ, ਮਨਵਿੰਦਰ ਪੱਖੋ, ਰੇਨੂੰ ਸੇਠ, ਪ੍ਰਿੰਸੀਪਲ ਅਮਰਜੀਤ ਕੌਰ, ਹਰਮਿੰਦਰ ਸੈਣੀ, ਸੁੱਖ ਬਾਠ, ਨਵਦੀਪ ਸੰਧੂ, ਜਤਿੰਦਰ ਕਲਸੀ, ਸੁਨੀਤਾ ਤਨਜ਼ਾਨੀਆ, ਰਵਿੰਦਰ ਬਜਾਜ, ਸਮੇਤ ਸਮੁੱਚੀ ਮਹਿਲਾ ਕਾਂਗਰਸ ਕਾਰਜਕਾਰਨੀ ਹਾਜ਼ਰ ਰਹੀ।

# ਪੰਜ ਦੇ ਚੰਡੀਗੜ੍ਹ ਧਰਨੇ ਲਈ ਤਿਆਰੀਆਂ ਜ਼ੋਰਾਂ 'ਤੇ



**ਹਠੂਰ (ਨਛੱਤਰ ਸੰਧੂ)**-ਅੱਜ ਪਿੰਡ ਅਖਾੜਾ ਦੇ ਕੈਂਸਰ ਗੈਸ ਫੈਕਟਰੀ ਵਿਰੋਧੀ ਸੰਘਰਸ਼ ਮੋਰਚੇ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਜਗਰਾਂਓ ਦੀ ਮੀਟਿੰਗ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਨੇ ਕਿਸਾਨ ਸੰਘਰਸ਼ ਦੇ ਦਬਾਅ ਹੇਠ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਭੇਜਿਆ ਖੇਤੀ ਮੰਡੀਕਰਨ ਨੀਤੀ ਖਰੜਾ ਵਿਧਾਨ ਸਭਾ 'ਚ ਰੱਦ ਕਰ ਦਿੱਤਾ ਹੈ। ਪਰ ਪੰਜਾਬ ਲਈ ਨਵੀਂ ਖੇਤੀ ਨੀਤੀ ਮੁਕੰਮਲ ਕਰਨ, ਐਮ ਐਸ ਪੀ ਲਾਗੂ ਕਰਨ, ਕਿਸਾਨਾਂ ਮਜ਼ਦੂਰਾਂ ਦੇ ਸਾਰੇ ਕਰਜ਼ੇ ਰੱਦ ਕਰਨ, ਫਸਲੀ ਬੀਮਾ ਸਕੀਮ ਲਾਗੂ ਕਰਨ, 60 ਸਾਲ ਤੋਂ ਉੱਪਰ ਦੇ ਕਿਸਾਨਾਂ ਦੀ ਪੈਨਸ਼ਨ ਸਕੀਮ ਲਾਗੂ ਕਰਨ , ਕਿਸਾਨ ਅੰਦੋਲਨ 'ਚ ਸ਼ਹੀਦ ਹੋਏ ਕਿਸਾਨਾਂ ਦੇ ਆਸ਼ਰਿਤਾਂ ਨੂੰ ਮੁਆਵਜ਼ਾ ਤੇ ਨੌਕਰੀ ਦੇਣ, ਕਿਸਾਨਾਂ ਮਜ਼ਦੂਰਾਂ ਤੇ ਦਰਜ ਪੁਲਸ ਕੇਸ ਰੱਦ ਕਰਨ , ਆਬਾਦਕਾਰਾਂ ਨੂੰ ਜ਼ਮੀਨੀ ਹੱਕ ਦੇਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਪੰਜ ਮਾਰਚ ਦੇ ਸੰਯੁਕਤ ਕਿਸਾਨ ਮੋਰਚੇ 'ਚ ਚੰਡੀਗੜ੍ਹ ਧਰਨੇ 'ਚ ਸਾਰੇ ਪਿੰਡਾਂ 'ਚੋਂ ਵੱਡੀ ਪੱਧਰ 'ਤੇ ਟ੍ਰਾਲੀਆਂ ਰਾਹੀਂ ਕਿਸਾਨ ਕੂਚ ਕਰਨਗੇ। ਮੀਟਿੰਗ 'ਚ ਇਸ ਸਬੰਧੀ ਡਿਊਟੀਆਂ ਵੰਡੀਆਂ ਗਈਆਂ। ਇਸ ਸਮੇਂ ਮੀਟਿੰਗ 'ਚ ਅਖਾੜਾ ਕੈਂਸਰ ਗੈਸ ਫੈਕਟਰੀ ਵਿਰੋਧੀ ਸੰਘਰਸ਼ ਮੋਰਚੇ 'ਚ ਅੱਠ ਮਾਰਚ ਨੂੰ ਵੱਡੀ ਇੱਕਤਰਤਾ ਕਰਕੇ ਕੌਮਾਂਤਰੀ ਔਰਤ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ 'ਚ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇਕਰ 10 ਮਾਰਚ ਦੀ ਹਾਈਕੋਰਟ ਸੁਣਵਾਈ ਦੀ ਆੜ 'ਚ ਪੁਲਸ ਬਲ ਨੇ ਇੱਕ ਵੇਰ ਫਿਰ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਲਾਕੇ ਭਰ 'ਚੋਂ ਇੱਕਤਰ ਹੋਏ ਲੋਕ ਮੂੰਹ ਤੋੜ ਜਵਾਬ ਦੇਣਗੇ।

ਇਸ ਸਮੇਂ ਕਿਸਾਨ ਆਗੂ ਗੁਰਤੇਜ ਸਿੰਘ ਤੇਜ ਨੇ ਦੱਸਿਆ ਕਿ ਪਿੰਡ ਅਖਾੜਾ ਦੇ ਕੱਲੇ ਕੱਲੇ ਜੀਅ ਨੇ ਪ੍ਰਣ ਕੀਤਾ ਹੋਇਆ ਕਿ ਅਖਾੜਾ ਦੀ ਗੈਸ ਫੈਕਟਰੀ ਕਿਸੇ ਵੀ ਕੀਮਤ ਤੇ ਨਹੀਂ ਚੱਲਣ ਦਿੱਤੀ ਜਾਵੇਗੀ। ਇਸ ਸਮੇਂ ਜ਼ਿਲ੍ਹਾ ਸੱਕਤਰ ਇੰਦਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਹਾਲਾਂਕਿ ਪੰਜਾਬ ਵਿਧਾਨ ਸਭਾ ਚ ਦੋ ਵਿਧਾਇਕਾਂ ਨੇ ਇਹ ਮਸਲਾ ਜ਼ੋਰ ਨਾਲ ਉਠਾਉਂਦਿਆਂ ਸਰਕਾਰ ਨੂੰ ਪੁਲਸ ਜਬਰ ਤੋ ਹੱਥ ਪਿੱਛੇ ਰੱਖਣ ਦੀ ਸੁਨਾਉਣੀ ਕਰ ਦਿੱਤੀ ਹੈ ਤੇ ਹੁਣ ਪੰਜਾਬ ਸਰਕਾਰ ਨੂੰ ਇੰਨਾਂ ਬਾਇਓ ਗੈਸ ਫ਼ੈਕਟਰੀਆਂ ਨੂੰ ਪੱਕੇ ਤੇਰ ਤੇ ਬੰਦ ਕਰਨ ਵੱਲ ਤੁਰਨਾ ਚਾਹੀਦਾ ਹੈ।

# ਨਰੇਗਾ ਕੰਮ ਜਾਂ ਬੇਰੁਜ਼ਗਾਰੀ ਭੱਤੇ ਲਈ 14 ਨੂੰ ਡੀ ਸੀ ਦਫਤਰ ਘੇਰਾਂਗੇ : ਨਰੇਗਾ ਆਗੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਜ਼ਿਲ੍ਹਾ ਮੀਟਿੰਗ ਪ੍ਰਧਾਨ ਬੋਹੜ ਸਿੰਘ ਸੁਖਨਾ ਦੀ ਪ੍ਰਧਾਨਗੀ ਹੇਠ ਹੋਈ।ਵੱਖ ਵੱਖ ਪਿੰਡਾਂ ਵਿੱਚ ਨਰੇਗਾ ਕੰਮ ਵਿੱਚ ਆ ਰਹੀਆਂ ਮੁਸ਼ਕਲਾਂ ਜਿਵੇਂ ਕੰਮ ਅਰਜ਼ੀਆਂ 'ਤੇ ਕੰਮ ਨਾ ਦੇਣਾ ਤੇ ਬੇਰੁਜ਼ਗਾਰੀ ਭੱਤਾ ਦੇਣ ਤੋਂ ਇਨਕਾਰ ਕਰਨਾ, ਕੀਤੇ ਕੰਮ ਦੀ ਉਜ਼ਰਤ-ਪੈਸੇ ਨਾ ਦੇਣਾ, ਕੰਮ ਦੇਣ ਵਿੱਚ ਬਹਾਨਾ ਕਿ ਜ਼ਿਲ੍ਹਾ ਅਧਿਕਾਰੀਆਂ ਨੇ ਕੰਮ ਦੀ ਮਨਜ਼ੂਰੀ ਨਹੀਂ ਦਿੱਤੀ ਆਦਿ ਨਰੇਗਾ ਕੰਮ ਜਾਂ ਭੱਤੇ ਦੀ ਗਰੰਟੀ ਤੋਂ ਮੁਨਕਰ ਹੋਣਾ ਹੈ।ਮੀਟਿੰਗ ਵਿੱਚ ਵੱਖ ਵੱਖ ਪਿੰਡਾਂ ਤੋਂ ਰਿਪੋਰਟ ਇਕੱਤਰ ਹੋਈ ਕਿ ਖੂਨਣ ਕਲਾਂ, ਬਾਮ, ਵਿਰਕ ਖੇੜਾ, ਭੰਗ ਚੜੀ, ਕੌਣੀ, ਆਸਾ ਬੁੱਟਰ, ਕੋਟਲੀ ਸੰਘਰ, ਦੋਦਾ ਆਦਿ ਪਿੰਡਾਂ ਵਿੱਚ ਕੰਮ ਅਰਜ਼ੀਆਂ ਦੇਣ ਦੇ ਬਾਵਜੂਦ ਕੰਮ ਨਹੀਂ ਦਿੱਤਾ ਗਿਆ।ਹੁਣ ਬੇਰੁਜ਼ਗਾਰੀ ਭੱਤਾ ਵੀ ਨਹੀਂ ਦਿੱਤਾ ਜਾ ਰਿਹਾ।ਮੀਟਿੰਗ ਵਿੱਚ ਵੱਖ ਵੱਖ ਪਿੰਡਾਂ ਤੋਂ ਰਿਪੋਰਟ ਇਕੱਠੀ ਹੋਈ ਕਿ ਮਨ-ਮਰਜ਼ੀ ਨਾਲ ਕੰਮ ਕਰਵਾ ਕੇ ਹਾਜ਼ਰੀ ਆਨਲਾਈਨ ਕਰਕੇ ਪਿੱਛੋਂ ਮਾਸਟਰ ਰੋਲ ਜ਼ੀਰੋ ਕਰ ਦਿੱਤੇ ਜਾਂਦੇ ਹਨ।ਉਦਾਹਰਨ ਦੇ ਤੌਰ 'ਤੇ ਸੰਗੂ ਧੌਣ ਪਿੰਡ ਵਿੱਚ ਇਹ ਅਮਲ ਤਿੰਨ ਵਾਰ ਕੀਤਾ ਜਾ ਚੁੱਕਾ ਹੈ।ਇਸ ਦੀ ਸ਼ਿਕਾਇਤ ਕਰਨ 'ਤੇ ਵੀ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਇਸ ਦੀ ਸ਼ਿਕਾਇਤ ਜ਼ਿਲ੍ਹਾ ਕੁਆਰਡੀਨੇਟਰ ਸ੍ਰੀ ਮੁਕਤਸਰ ਸਾਹਿਬ ਨੂੰ ਕੀਤੇ ਜਾਣ ਦੇ ਬਾਵਜੂਦ, ਨਾ ਕਾਮਿਆਂ ਨੂੰ ਮਾਸਟਰੋਲ ਆਨਲਾਈਨ ਕਰਕੇ ਉਜ਼ਰਤ ਭੁਗਤਾਨ ਦੀ ਕੋਈ ਕਾਰਵਾਈ ਹੋਈ ਹੈ, ਨਾ ਹੀ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਹੋਈ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਮੀਟਿੰਗ ਨੂੰ ਰਾਇ ਦਿੱਤੀ ਕਿ 14 ਮਾਰਚ ਨੂੰ ਜ਼ਿਲ੍ਹਾ ਕੁਆਡੀਨੇਟਰ ਨਰੇਗਾ ਦੇ ਦਫਤਰ ਅੱਗੇ ਰੋਸ ਧਰਨਾ ਤੇ ਪਰਦਰਸ਼ਨ ਕੀਤਾ ਜਾਵੇ।ਨਰੇਗਾ ਦੀ ਪਾਰਦਰਸ਼ਤਾ ਬਹਾਲੀ ਬਹੁਤ ਜ਼ਰੂਰੀ ਹੈ।ਚਾਲੂ ਅਨਫੇਅਰ ਲੇਬਰ ਪ੍ਰੈਕਟਿਸ ਰੋਕਣੀ ਜ਼ਰੂਰੀ ਹੈ।ਜਿੱਥੇ ਕੰਮ ਅਰਜ਼ੀਆਂ 'ਤੇ ਕੰਮ ਨਹੀਂ ਦਿੱਤਾ, ਉੱਥੇ ਬੇਰੁਜ਼ਗਾਰੀ ਭੱਤੇ ਦੀ ਮੰਗ ਦੀਆਂ ਦਰਖਾਸਤਾਂ ਦਿੱਤੀਆਂ ਜਾਣ।ਜਿੱਥੇ ਕੰਮ ਕਰਵਾ ਕੇ ਮਾਸਟਰ ਰੋਲ ਜ਼ੀਰੋ ਕੀਤੇ ਹਨ, ਉੱਥੇ ਉਜ਼ਰਤ ਵਸੂਲੀ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਤੱਕ ਅਮਲ ਵਿੱਚ ਲਿਆਉਣ ਲਈ ਜ਼ਬਰਦਸਤ ਘੋਲ ਕੀਤਾ ਜਾਵੇ।ਇੱਕਤੀ ਮਾਰਚ ਤੱਕ ਇਹ ਸਾਲ ਸਮਾਪਤ ਹੋ ਜਾਵੇਗਾ।ਇੱਕ ਅਪ੍ਰੈਲ ਤੋਂ ਇਨ੍ਹਾਂ ਮੰਗਾਂ ਲਈ ਡੀ ਸੀ ਦਫਤਰਾਂ ਦਾ ਘਰਾਓ ਕੀਤਾ ਜਾਵੇ ਤੇ ਨਰੇਗਾ ਦੀ ਪਾਰਦਰਸ਼ਤਾ ਬਹਾਲੀ ਦੇ ਨਾਲ ਨਾਲ ਕੀਤੇ ਕੰਮ ਜਾਂ ਬੇਰੁਜ਼ਗਾਰੀ ਭੱਤਾ, ਜ਼ੀਰੋ ਕੀਤੇ ਮਾਸਟਰ ਰੋਲਾਂ ਦੀ ਉਜ਼ਰਤ ਅਦਾਇਗੀ ਤੱਕ ਸੰਘਰਸ਼ ਲੜ ਕੇ ਗਰੰਟੀ ਹੱਕ ਦੀ ਬਹਾਲੀ ਯਕੀਨੀ ਬਣਾਈ ਜਾਵੇ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਸਕੱਤਰ ਸੀ ਪੀ ਆਈ ਹਰਲਾਭ ਸਿੰਘ ਦੂਹੇਵਾਲਾ ਨੇ ਸਾਰੀਆਂ ਮੰਗਾਂ ਦੀ ਹਮਾਇਤ ਕਰਨ ਦਾ ਯਕੀਨ ਦਵਾਇਆ ਅਤੇ ਦ੍ਰਿੜ ਘੋਲ ਲਈ ਹੱਲਾਸ਼ੇਰੀ ਦਿੱਤੀ। ਇਸ ਮੀਟਿੰਗ ਨੂੰ ਜਥੇਬੰਦੀ ਦੇ ਮੀਤ ਸਕੱਤਰ ਸੁਰਜੀਤ ਸਿੰਘ ਛਤਿਆਣਾ, ਮੀਤ ਪ੍ਰਧਾਨ ਚੰਬਾ ਸਿੰਘ ਵਾੜਾ ਕਿਸ਼ਨਪੁਰਾ, ਬਿੰਦਰ ਸਿੰਘ ਖੂਨਣ ਕਲਾਂ, ਜੈਮਲ ਸਿੰਘ ਭੰਗ ਚੜੀ, ਗੁਰਮੇਲ ਸਿੰਘ ਦੋਦਾ, ਬੋਹੜ ਸਿੰਘ ਖੂਨਣ, ਗੁਰਭੇਜ ਸਿੰਘ ਕੋਟਲੀ ਸੰਗਰ, ਮਨਜੀਤ ਸਿੰਘ ਬਰਕੰਦੀ ਤੇ ਸੰਗੂਧੌਣ, ਕੌਣੀ, ਕੋਟ ਭਾਈ, ਹਰਾਜ, ਸੋਥਾ ਆਦਿ ਪਿੰਡਾਂ ਦੇ ਨਰੇਗਾ ਆਗੂਆਂ ਨੇ ਸੰਬੋਧਨ ਕੀਤਾ। ਮੀਟਿੰਗ ਨੇ ਸਰਬਸੰਮਤੀ ਨਾਲ ਪਾਸ ਕੀਤਾ ਕਿ 14 ਮਾਰਚ ਨੂੰ ਮੰਗਾਂ ਦੀ ਪ੍ਰਾਪਤੀ ਲਈ ਜ਼ਿਲ੍ਹਾ ਕੇਂਦਰ ਤੇ ਧਰਨਾ, ਪ੍ਰਦਰਸ਼ਨ ਕੀਤਾ ਜਾਵੇਗਾ।ਸਾਰੀਆਂ ਬਰਾਂਚਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਆਪਣੀਆਂ ਮੁਸ਼ਕਲਾਂ ਦੇ ਹੱਲ ਲਈ 14 ਮਾਰਚ ਨੂੰ ਡੀ ਸੀ ਦਫਤਰ ਸ੍ਰੀ ਮੁਕਤਸਰ ਸਾਹਿਬ ਪੁੱਜੋ।ਆਪਣੇ ਆਪਣੇ ਪਿੰਡ ਦੀਆਂ ਮੁਸ਼ਕਲਾਂ ਜ਼ਿਲ੍ਹਾ ਦਫਤਰ ਵਿੱਚ ਛੇਤੀ ਤੋਂ ਛੇਤੀ ਪੁੱਜਦੀਆਂ ਕਰੋ ਤੇ ਧਰਨੇ ਮੁਜ਼ਾਹਰੇ ਦੀ ਤਿਆਰੀ ਕਰੋ।

# ਸਰੀਰ ਦਾਨੀ ਮਾਤਾ ਬਲਵੀਰ ਕੌਰ ਨੂੰ ਸ਼ਰਧਾਜਲੀਆਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੰਘੇ ਦਿਨ ਸਰੀਰ ਦਾਨੀ ਮਾਤਾ ਬਲਵੀਰ ਕੌਰ ਸੁਪਤਨੀ ਸ. ਭਗਤਾ ਸਿੰਘ ਪਿੰਡ ਬੁਰਜ ਸੇਮਾ, ਜਿਨ੍ਹਾਂ ਦੀ ਮੌਤ ਉਪਰੰਤ ਉਹਨਾਂ ਦੀ ਇੱਛਾ ਅਨੁਸਾਰ ਮ੍ਰਿਤਕ ਸਰੀਰ ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਖੋਜ ਕਾਰਜਾਂ ਹਿਤ ਆਦੇਸ਼ ਮੈਡੀਕਲ ਕਾਲਜ (ਯੂਨੀਵਰਸਿਟੀ) ਭੁੱਚੋ,ਬਠਿੰਡਾ ਨੂੰ ਸੌਂਪ ਦਿੱਤਾ ਗਿਆ ਸੀ, ਨਮਿਤ ਭੋਗ ਅਤੇ ਸ਼ਰਧਾਜਲੀ ਸਮਾਰੋਹ ਹੋਇਆ।ਭੋਗ ਉਪਰੰਤ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਤਲਵੰਡੀ ਸਾਬੋ ਦੇ ਆਗੂ ਐਡਵੋਕੇਟ ਅਵਤਾਰ ਸਿੰਘ ਸਿੱਧੂ ਹੁਰਾਂ ਨੇ ਸ਼ਰਧਾਜਲੀ ਮੰਚ ਦਾ ਸੰਚਾਲਨ ਕਰਦਿਆਂ ਸਰੀਰਦਾਨੀ ਮਾਤਾ ਜੀ ਦੇ ਅਗਾਂਹ ਵਧੂ ਵਿਚਾਰਾਂ ਅਤੇ ਉਹਨਾਂ ਦੇ ਪਰਿਵਾਰ ਦੀ ਦ੍ਰਿੜਤਾ ਅਤੇ ਸਰੀਰਦਾਨ ਕਰਕੇ ਮ੍ਰਿਤਕ ਦੇਹ ਦਾ ਸੰਸਕਾਰ ਨਾ ਕਰਕੇ, ਧਾਰਮਿਕ ਕਰਮਕਾਂਡ ਅਤੇ ਵੇਲਾ ਵਿਹਾ ਚੁੱਕੀਆਂ ਰਸਮਾਂ ਨੂੰ ਤਿਲਾਂਜਲੀ ਦੇਣ ਲਈ ਮਾਤਾ ਅਤੇ ਪਰਿਵਾਰ ਦਾ ਧੰਨਵਾਦ ਕੀਤਾ।ਇਸ ਮੌਕੇ ਸਰੀਰ ਦਾਨੀ ਮਾਤਾ ਜੀ ਨੂੰ ਸ਼ਰਧਾਜਲੀ ਭੇਂਟ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਠਿੰਡਾ ਦੇ ਆਗੂ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਨੇ ਦੱਸਿਆ ਕਿ ਮਰਨ ਉਪਰੰਤ ਸਰੀਰ ਦਾਨ ਕਰਨ ਦੀ ਪਿਰਤ 23 ਸਾਲ ਪਹਿਲਾਂ ਤਰਕਸ਼ੀਲ ਆਗੂ ਸ਼੍ਰੀ ਕ੍ਰਿਸ਼ਨ ਬਰਗਾੜੀ ਦਾ ਮ੍ਰਿਤਕ ਸਰੀਰ ਸੀ ਐਮ ਸੀ ਲੁਧਿਆਣਾ ਨੂੰ ਉਹਨਾਂ ਦੇ ਪਰਿਵਾਰ ਅਤੇ ਤਰਕਸ਼ੀਲ ਸੰਸਥਾ ਵੱਲੋ ਮੈਡੀਕਲ ਖੋਜ ਕਾਰਜਾਂ ਅਤੇ ਮਨੁੱਖਤਾ ਦੀ ਭਲਾਈ ਹਿਤ ਪ੍ਰਦਾਨ ਕਰਕੇ ਪਾਈ ਗਈ ਸੀ,ਜੋ ਅੱਜ ਇਕ ਲਹਿਰ ਬਣ ਚੁੱਕੀ ਹੈ। ਸੈਂਕੜੇ ਵਿਅਕਤੀਆਂ ਦੇ ਸਰੀਰ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਵੱਖ ਵੱਖ ਮੈਡੀਕਲ ਕਾਲਜਾਂ ਨੂੰ ਇਸ ਮਕਸਦ ਲਈ ਪ੍ਰਦਾਨ ਕੀਤੇ ਜਾ ਚੁਕੇ ਹਨ।ਸਰੀਰਦਾਨੀਆਂ ਨੇ ਆਪਣੇ ਸਰੀਰ ਦਾਨ ਕਰਕੇ ਇਸ ਧਾਰਨਾ ਨੂੰ ਬਦਲ ਦਿੱਤਾ ਹੈ ਜੋ ਕਦੇ ਅਟਲ ਸੱਚਾਈ ਮੰਨੀ ਜਾਂਦੀ ਸੀ ਕਿ ਤੇਰਾ ਚੰਮ ਨਹੀ ਕਿਸੇ ਕੰਮ ਆਉਣਾ ਪਸ਼ੂਆਂ ਦੇ ਹੱਡ ਵਿਕਦੇ।ਅੱਜ ਅਸੀ ਮਾਣ ਅਤੇ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਤੇਰਾ ਚੰਮ ਵੀ ਜ਼ਰੂਰ ਕੰਮ ਆਊ, ਮਨੁੱਖੀ ਅੰਗ ਕੰਮ ਆਉਂਦੇ ਐ।

ਆਦੇਸ਼ ਮੈਡੀਕਲ ਕਾਲਜ/ਹਸਪਤਾਲ ਬਠਿੰਡੇ ਦੇ ਅਨਾਟਮੀ ਵਿਭਾਗ ਤੋਂ ਪਹੁੰਚੇ ਮੈਡਮ ਡਾ. ਸਿਮਰਨ ਮਾਨ ਨੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਆਖਿਆ ਕਿ ਮਾਤਾ ਜੀ ਵਰਗੇ ਸੈਂਕੜੇ ਸਰੀਰ ਦਾਨੀਆਂ ਦੇ ਮੈਡੀਕਲ ਖੋਜ ਕਾਰਜਾਂ ਵਿੱਚ ਆਪਣਾ ਸਰੀਰ ਪ੍ਰਦਾਨ ਕਰਕੇ ਪਾਏ ਯੋਗਦਾਨ ਦਾ ਦੇਣਾ ਨਹੀ ਦਿੱਤਾ ਜਾ ਸਕਦਾ,ਉਹਨਾਂ ਦਾ ਨਾਮ ਮੈਡੀਕਲ ਖੇਤਰ ਦੇ ਇਤਿਹਾਸ ਵਿੱਚ ਸੁਨਹਿਰੀ ਚਾਨਣ ਮੁਨਾਰਾ ਹੈ। ਸਮਾਗਮ ਦੇ ਅੰਤ ਵਿੱਚ ਸਮੂਹ ਪਰਿਵਾਰ ਦਾ ਧੰਨਵਾਦ ਕਰਦਿਆ ਡਾਕਟਰ ਸਿਮਰਨ ਮਾਨ ਵਲੋਂ ਮੈਡੀਕਲ ਕਾਲਜ ਦੁਆਰਾ ਸਰੀਰਦਾਨ ਸਬੰਧੀ ਅਤੇ ਮਿਰਤਕ ਸਰਟੀਫਿਕੇਟ ਪਰਿਵਾਰ ਨੂੰ ਸੌਂਪਿਆ।ਇਸ ਮੌਕੇ ਉਕਤ ਤਰਕਸ਼ੀਲ ਆਗੂਆਂ ਤੋਂ ਇਲਾਵਾ ਮਹਿਮਾ ਸਿੰਘ ਧਿੰਗੜ, ਹਰਵਿੰਦਰ ਸਿੰਘ ਪੱਪੀ ਤਰਕਸ਼ੀਲ ਆਗੂ ਤਲਵੰਡੀ ਇਕਾਈ ਅਤੇ ਬਿਕਰਮਜੀਤ ਬਠਿੰਡਾ ਇਕਾਈ ਵੀ ਸ਼ਾਮਲ ਸਨ।

2- March Page - 6-Advt-25.qxd 3/1/2025 9:33 PM Page 1



# ਅਧਿਆਪਕਾਂ ਨੇ ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

## * ਮੰਗਾਂ ਮੰਨ ਕੇ ਵੀ ਹੱਲ ਨਾ ਕਰਨ ਦਾ ਦੋਸ਼



ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)- ਸਾਂਝਾ ਅਧਿਆਪਕ ਮੋਰਚਾ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਸੱਦੇ 'ਤੇ ਅੱਜ ਸਥਾਨਕ ਗੁਰੂ ਨਾਨਕ ਪਾਰਕ ਵਿਖੇ ਅਧਿਆਪਕਾਂ ਨੇ ਇਕੱਤਰ ਹੋ ਕੇ ਸਿੱਖਿਆ ਮੰਤਰੀ ਵਿਰੁੱਧ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ।ਅਧਿਆਪਕ ਆਗੂਆਂ ਕੁਲਦੀਪ ਪੁਰੋਵਾਲ, ਕਰਨੈਲ ਸਿੰਘ ਚਿੱਟੀ, ਰਜਨੀ ਪਰਕਾਸ਼, ਬਲਵਿੰਦਰ ਰਾਜ, ਰਸ਼ਪਾਲ ਸਿੰਘ ਭੁੰਬਲੀ, ਲਵਪ੍ਰੀਤ ਰੋੜਾਂਵਾਲੀ ਨੇ ਪ੍ਰੈੱਸ ਨੂੰ ਦਸਿਆ ਕਿ ਸਿੱਖਿਆ ਵਿਭਾਗ ਵੱਲੋਂ ਤਰੱਕੀਆਂ ਵਿੱਚ ਸਟੇਸ਼ਨ ਲੁਕਾਏ ਗਏ ਅਤੇ ਅਧਿਆਪਕਾਂ ਨੂੰ ਦੂਰ ਦੁਰਾਡੇ ਜਾਣਬੁੱਝ ਕੇ ਭੇਜਿਆ ਗਿਆ, ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰਨ ਦੀ ਥਾਂ ਕੇਂਦਰ ਨਾਲ ਲਿਹਾਜ਼ ਪਾਲਿਆ ਜਾ ਰਿਹਾ ਹੈ, ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ, ਤਰੱਕੀਆਂ ਜਲਦ ਨਹੀਂ ਕੀਤੀਆਂ ਜਾ ਰਹੀਆਂ, ਏ ਸੀ ਪੀ ਸਕੀਮ ਅਤੇ ਭੱਤੇ ਬੰਦ ਕਰ ਦਿੱਤੇ ਗਏ ਹਨ, ਡੀ ਏ ਦੀ ਕਿਸ਼ਤ ਜਾਰੀ ਨਹੀਂ ਕੀਤੀ ਜਾ ਰਹੀ, ਪੇ ਕਮਿਸ਼ਨ ਦਾ ਬਕਾਇਆ 2028 ਨੂੰ ਦੇਣ ਦਾ ਐਲਾਨ ਦੱਸਦਾ ਹੈ ਕਿ ਸਰਕਾਰ ਕੁਝ ਵੀ ਨਹੀਂ ਦੇਣਾ ਚਾਹੁੰਦੀ। ਅਧਿਆਪਕਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਪੇਪਰਾਂ ਦੇ ਦਿਨਾਂ ਵਿੱਚ ਵੀ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਸਰਕਾਰ ਖੁਦ ਨੁਕਸਾਨ ਕਰ ਰਹੀ ਹੈ। ਗੈਰ ਵਿੱਦਿਅਕ ਪ੍ਰੋਜੈਕਟ ਦੇ ਤਹਿਤ ਹਜ਼ਾਰਾਂ ਅਧਿਆਪਕਾਂ ਨੂੰ ਸਕੂਲਾਂ ਤੋਂ ਬਾਹਰ ਕਰ ਦਿੱਤਾ ਗਿਆ ਹੈ। ਆਗੂਆਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਕੂਲਾਂ ਨੂੰ ਦਿੱਤੀਆਂ ਜਾ ਰਹੀਆਂ ਗ੍ਰਾਂਟਾਂ ਦੀ ਉੱਚ ਪੱਧਰੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਜਿਨ੍ਹਾਂ ਸਕੂਲਾਂ ਨੂੰ ਜ਼ਰੂਰਤ ਹੈ ਉੱਥੇ ਗ੍ਰਾਂਟਾਂ ਨਹੀਂ ਦਿੱਤੀਆਂ ਜਾ ਰਹੀਆਂ। ਆਗੂਆਂ ਕਿਹਾ ਕਿ ਅਧਿਆਪਕਾਂ ਦੀ ਵਿਭਾਗ ਵੱਲੋਂ ਸਾਰ ਨਾ ਲਏ ਜਾਣ ਕਾਰਨ 8 ਮਾਰਚ ਨੂੰ ਅਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਇਸ ਸਮੇਂ ਦਿਲਦਾਰ ਭੰਡਾਲ, ਗੁਰਵਿੰਦਰ ਸਿੰਘ, ਸੰਜੀਵ ਕੁਮਾਰ, ਕਪਿਲ ਸ਼ਰਮਾ, ਨਰਿੰਦਰ ਸ਼ਰਮਾ, ਜਗਦੀਸ਼ ਰਾਜ ਬੈਂਸ, ਤੇਜ ਕੁਮਾਰ, ਪਰਸ਼ੋਤਮ ਲਾਲ, ਜੋਤ ਪਰਕਾਸ਼ ਸਿੰਘ, ਮੰਗਲਦੀਪ, ਕੁਲਵੰਤ ਸਿੰਘ, ਮਨਜੀਤ ਸਿੰਘ, ਅਨਿਲ ਸ਼ਰਮਾ, ਨਰੇਸ਼ ਕੁਮਾਰ, ਬਲਵਿੰਦਰ, ਲਖਵਿੰਦਰ ਸਿੰਘ, ਯਸ਼ਪਾਲ, ਬੰਟੀ ਆਦਿ ਹਾਜ਼ਰ ਸਨ।

# ਪੈਦਲ ਯਾਤਰਾ ਦਾ ਅੱਜ ਹਰਚੋਵਾਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਜਾਵੇਗਾ: ਭਾਈ ਰਿਆੜ



ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)- ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖਡਿਆਲਾ ਸੈਣੀਆਂ ਗੁਰਦੁਆਰਾ ਸਾਹਿਬ ਤੋਂ ਚੋਲਾ ਸਾਹਿਬ ਦੇ ਦਰਸ਼ਨਾਂ ਲਈ 1 ਮਾਰਚ ਨੂੰ ਡੇਰਾ ਬਾਬਾ ਨਾਨਕ ਰਵਾਨਾ ਹੋਈ ਪੈਦਲ ਯਾਤਰਾ ਬਿਆਸ ਦਰਿਆ ਨੂੰ ਪਾਰ ਕਰਕੇ ਭੇਟ ਪੱਤਣ ਸਮੇਤ ਵੱਖ ਵੱਖ ਪਿੰਡਾਂ ਵਿੱਚੋਂ ਹੁੰਦੀ ਹੋਈ ਹਰ ਸਾਲ 2 ਮਾਰਚ ਨੂੰ ਵੱਡਾ ਗੁਰਦੁਆਰਾ ਹਰਚੋਵਾਲ ਵਿਖੇ ਪਹੁੰਚ ਕੇ ਰਾਤ ਨੂੰ ਅਰਾਮ ਕਰਦੀ ਹੈ। ਇਸ ਪੈਦਲ ਯਾਤਰਾ ਦੀ ਅਗਵਾਈ ਜਥੇਦਾਰ ਮਾਸਟਰ ਰਣਧੀਰ ਸਿੰਘ ਕਰ ਰਹੇ ਹਨ। ਇਸ ਯਾਤਰਾ ਵਿੱਚ ਸ਼ਾਮਲ ਸੰਗਤਾਂ ਦੇ ਰਾਤ ਰਹਿਣ ਅਤੇ ਸੇਵਾ ਸੰਭਾਲ ਲਈ ਹਰਚੋਵਾਲ ਵਿੱਚ ਗੁਰਦੁਆਰਾ ਸਾਹਿਬ ਤੋਂ ਇਲਾਵਾ ਹਰੇਕ ਘਰ ਵਿੱਚ ਪੂਰਾ ਪ੍ਰਬੰਧ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਰਿਆੜ ਨੇ ਦੱਸਿਆ ਇਸ ਪੈਦਲ ਯਾਤਰਾ ਦਾ ਹਰਚੋਵਾਲ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਜਾਵੇਗਾ। ਇਹ ਪੈਦਲ ਯਾਤਰਾ ਡੇਰਾ ਬਾਬਾ ਨਾਨਕ ਵਿਖੇ ਗੁਰਦੁਆਰਾ ਸਾਹਿਬ ਵਿੱਚ ਰੱਖ/ਸੁਸ਼ੋਭਿਤ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ (ਚੋਲਾ ਸਾਹਿਬ) ਦੇ ਦਰਸ਼ਨ ਕਰਕੇ 4 ਮਾਰਚ ਨੂੰ ਸਮਾਪਤ ਹੁੰਦੀ ਹੈ।

ਇਸ ਮੌਕੇ ਗਗਨਦੀਪ ਸਿੰਘ ਰਿਆੜ ਤੋਂ ਇਲਾਵਾ ਬਾਬਾ ਬਲਵਿੰਦਰ ਸਿੰਘ, ਸੂਬੇਦਾਰ ਹਰਭਜਨ ਸਿੰਘ, ਬਚਨ ਸਿੰਘ, ਮਾਸਟਰ ਰਣਜੀਤ ਸਿੰਘ ਰਾਣਾ, ਕੁਲਵੰਤ ਸਿੰਘ, ਗੁਰਮੁਖ ਸਿੰਘ, ਸੁਖਚੈਨ ਸਿੰਘ, ਕਰਮ ਸਿੰਘ, ਦਲੇਰ ਸਿੰਘ, ਸਰਪੰਚ ਧਰਮਿੰਦਰ ਸਿੰਘ, ਮਹਿਕਦੀਪ ਸਿੰਘ ਰਿਆੜ, ਗੁਰਤਾਜਬੀਰ ਸਿੰਘ, ਗੁਰਤਨਬੀਰ ਸਿੰਘ, ਹਰਕੀਰਤ ਸਿੰਘ, ਕਰਨਬੀਰ ਸਿੰਘ, ਅਮਨਦੀਪ ਸਿੰਘ ਰਿਆੜ ਆਦਿ ਸੇਵਾਦਾਰ ਮੌਜੂਦ ਸਨ।

## ਪੰਜਾਬ ਸਰਕਾਰ ਦੀ ਫੈਸਲਾਕੁੰਨ ਜੰਗ ਸੂਬੇ 'ਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰੇਗੀ: ਈ ਟੀ ਓ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਤਸਕਰੀ ਵਿਰੁੱਧ ਸ਼ੁਰੂ ਕੀਤੀ ਗਈ ਫੈਸਲਾਕੁੰਨ ਜੰਗ ਦੇ ਸਾਕਾਰਾਤਮਕ ਨਤੀਜੇ ਸਾਹਮਣੇ ਆਉਣਗੇ ਅਤੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਹੋਵੇਗਾ।ਇੱਥੇ ਜਾਰੀ ਪ੍ਰੈਸ ਬਿਆਨ ਰਾਹੀਂ ਕੈਬਨਿਟ ਮੰਤਰੀ ਈ.ਟੀ.ਓ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਾ ਤਸਕਰੀ ਵਿੱਚ ਸ਼ਾਮਲ ਲੋਕਾਂ ਨੂੰ ਸਪੱਸ਼ਟ ਅਤੇ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਉਹ ਜਾਂ ਤਾਂ ਸੂਬਾ ਛੱਡ ਦੇਣ ਜਾਂ ਫਿਰ ਆਪਣੀਆਂ ਨਾਜਾਇਜ਼ ਗਤੀਵਿਧੀਆਂ 'ਤੇ ਮੁਕੰਮਲ ਰੋਕ ਲਗਾ ਦੇਣ। ਉਨ੍ਹਾਂ ਕਿਹਾ ਕਿ ਇਹ ਚੇਤਾਵਨੀ ਪੰਜਾਬ ਸਰਕਾਰ ਵੱਲੋਂ ਆਪਣੇ ਨਾਗਰਿਕਾਂ ਲਈ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਨਸ਼ਿਆਂ ਦੀ ਲਾਹਨਤ ਨਾਲ ਨਜਿੱਠਣ ਲਈ ਪੁੱਟੇ ਜਾ ਰਹੇ ਠੋਸ ਕਦਮਾਂ ਦੇ ਹਿੱਸੇ ਵਜੋਂ ਆਈ ਹੈ।ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੀ ਨਸ਼ਿਆਂ ਦੀ ਤਸਕਰੀ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਦਾ ਉਦੇਸ਼ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਤੋਂ ਬਚਾਉਣ ਲਈ ਵਚਨਬੱਧਤਾ ਹੈ।

# ਸੰਗ ਬਾਬੇ ਨਾਨਕ ਦਾ ਕਮੇਟੀ ਮਹੱਲਾ ਅਕਾਲਗੜ੍ਹ ਕਾਦੀਆਂ ਵੱਲੋਂ ਗੁਰੂ ਕੇ ਲੰਗਰ ਆਰੰਭ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਵਸਤਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਜੋੜ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖਡਿ

ਆਲਾ ਸੈਣੀਆਂ ਦੇ ਗੁਰਦੁਆਰਾ ਸਿੰਘ ਸਭਾ ਸਾਹਿਬ ਤੋਂ ਬਾਬਾ ਰਣਧੀਰ ਸਿੰਘ ਦੀ ਅਗਵਾਈ ਵਿੱਚ ਚੱਲੇ ਪੈਦਲ ਸੰਗ ਰੂਪੀ ਯਾਤਰਾ ਦਾ ਕਾਦੀਆਂ ਪਹੁੰਚਣ 'ਤੇ ਸੰਗ ਬਾਬੇ ਨਾਨਕ ਦਾ ਕਮੇਟੀ ਮਹੱਲਾ ਅਕਾਲਗੜ੍ਹ ਕਾਦੀਆਂ ਵੱਲੋਂ ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਗ ਬਾਬੇ ਨਾਨਕ ਦਾ ਕਮੇਟੀ ਮਹੱਲਾ ਅਕਾਲਗੜ੍ਹ ਦੇ ਸਮੂਹ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸ੍ਰੀ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਤ ਅਟੁੱਟ ਲੰਗਰ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਲਗਾਏ ਜਾ ਰਹੇ ਹਨ।ਉਹਨਾਂ ਕਿਹਾ ਕਿ ਇਹ ਗੁਰੂ ਜੀ ਦੇ ਅਟੁੱਟ ਲੰਗਰ ਤਿੰਨ ਤਰੀਕ ਤੱਕ ਚੱਲਣਗੇ । ਉਹਨਾਂ ਦੱਸਿਆ ਕਿ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਗੁਰੂ ਦੇ ਨਾਮ ਦੇ ਅਟੁੱਟ ਲੰਗਰ ਦੀ ਸ਼ੁਰੂਆਤ ਕੀਤੀ ਜਾਂਦੀ ਹੈ ਅਤੇ ਬਾਅਦ ਵਿੱਚ ਸੰਗਤਾਂ ਵਿੱਚ ਇਹ ਗੁਰੂ ਜੀ ਦੇ ਨਾਮ ਦੇ ਅਟੁੱਟ ਲੰਗਰ ਵਰਤਾਏ ਜਾਂਦੇ ਹਨ। ਇਸ ਮੌਕੇ ਸਮੂਹ ਪ੍ਰਬੰਧਕਾਂ ਅਤੇ ਸੇਵਾਦਾਰਾਂ ਨੇ ਪੈਦਲ ਯਾਤਰਾ ਸੰਗ ਦੇ ਰੂਪ ਵਿੱਚ ਜੋ ਸੰਗਤਾਂ ਪਹੁੰਚਦੀਆਂ ਹਨ ਉਹਨਾਂ ਦੇ ਸਵਾਗਤ ਲਈ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ ਹਨ ਅਤੇ ਸਮੂਹ ਸੰਗਤਾਂ ਨੂੰ ਪ੍ਰਬੰਧਕਾਂ ਦੇ ਸੇਵਾਦਾਰਾਂ ਵੱਲੋਂ ਜੋੜ ਮੇਲੇ ਦੀਆਂ ਵਧਾਈਆਂ ਦਿੱਤੀਆਂ ਗਈਆਂ । ਇਸ ਮੌਕੇ ਪ੍ਰਬੰਧਕਾਂ 'ਚ ਰੂਬਲ ਭਾਟੀਆ, ਰਮਨਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਹਰਜਿੰਦਰ ਸਿੰਘ, ਅਵਤਾਰ ਸਿੰਘ ਟਿੱਕਾ, ਤਰਲੋਕ ਸਿੰਘ ਭਾਟੀਆ, ਬੱਬੂ ਭਾਟੀਆ, ਅਮਨ ਭਾਟੀਆ ਆਦਿ ਪ੍ਰਬੰਧਕ ਤੇ ਸੇਵਾਦਾਰ ਹਾਜ਼ਰ ਸਨ।

# ਸੰਗ ਜੋੜ ਮੇਲੇ 'ਤੇ ਪੁਲਸ ਵੱਲੋਂ ਪੁਖਤਾ ਪ੍ਰਬੰਧ : ਐੱਸ ਐੱਚ ਓ ਨਿਰਮਲ ਸਿੰਘ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਤ ਜ਼ਿਲਾ ਹੁਸ਼ਿਆਰਪੁਰ ਦੇ ਖਡਿਆਲਾ ਸੈਣੀਆਂ ਦੇ ਗੁਰਦੁਆਰਾ ਸਿੰਘ ਸਭਾ ਸਾਹਿਬ ਤੋਂ ਬਾਬਾ ਰਣਧੀਰ ਸਿੰਘ ਦੀ ਅਗਵਾਈ ਵਿੱਚ ਪੈਦਲ ਯਾਤਰਾ ਸੰਗ ਰੂਪੀ ਸੰਗਤਾਂ ਨੂੰ ਕਾਦੀਆਂ ਪਹੁੰਚਣ 'ਤੇ ਕਿਸੇ ਤਰ੍ਹਾਂ ਦੀ ਕੋਈ ਵੀ ਪਰੇਸ਼ਾਨੀ ਨਾ ਆਵੇ, ਦੇ ਤਹਿਤ ਕਾਦੀਆਂ ਪੁਲਸ ਵੱਲੋਂ ਪੁਖਤਾ ਪ੍ਰਬੰਧ ਕਰ ਦਿੱਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐਸ ਐਚ ਓ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਦੇ ਐਸ ਐਸ ਪੀ ਸੁਹੇਲ ਕਾਸਿਮ ਮੀਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਾਦੀਆਂ ਸ਼ਹਿਰ 'ਚ ਵੱਖ-ਵੱਖ ਥਾਵਾਂ ਤੇ ਕਾਦੀਆਂ ਪੁਲਿਸ ਤੈਨਾਤ ਰਹੇਗੀ ਅਤੇ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਾ ਆਵੇ ਦੇ ਤਹਿਤ ਕਾਦੀਆਂ ਪੁਲਸ ਵੱਲੋਂ ਵੱਖ-ਵੱਖ ਟੀਮਾਂ ਦਾ ਗਠਨ ਕਰਕੇ ਵੱਖ-ਵੱਖ ਥਾਵਾਂ ਤੇ ਇਹਨਾਂ ਟੀਮਾਂ ਨੂੰ ਤੈਨਾਤ ਕਰ ਦਿੱਤਾ ਗਿਆ। ਗੱਲਬਾਤ ਦੌਰਾਨ ਐਸ ਐਚ ਓ ਕਾਦੀਆਂ ਨਿਰਮਲ ਸਿੰਘ ਨੇ ਦੱਸਿਆ ਕਿ ਸੰਗ ਜੋੜ ਮੇਲਾ ਜੋ ਕਿ ਕਾਦੀਆਂ ਸ਼ਹਿਰ ਦੇ ਵਿੱਚ 3 ਮਾਰਚ ਨੂੰ ਸੰਗਤਾਂ ਪਹੁੰਚ ਰਹੀਆਂ ਹਨ, ਉਸ ਵਿੱਚ ਜੇਕਰ ਕੋਈ ਹੁੱਲੜਬਾਜ਼ ਹੁੱਲੜਬਾਜ਼ੀ ਕਰਦਾ ਹੋਇਆ ਨਜ਼ਰ ਆਇਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਟਰੈਕਟਰ ਟਰਾਲੀਆਂ ਉੱਪਰ ਅਤੇ ਮੋਟਰਸਾਈਕਲਾਂ ਦੇ ਉੱਪਰ ਉੱਚੀ ਆਵਾਜ਼ ਵਾਲੇ ਹਾਰਨ ਅਤੇ ਉੱਚੀ ਆਵਾਜ਼ ਵਿੱਚ ਡੀਜੇ ਲਗਾਉਣ 'ਤੇ ਪਾਬੰਦੀ ਲਗਾਉਂਦਿਆਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਉਲੰਘਣਾ ਕਰਦਾ ਨਜ਼ਰ ਆਇਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅਜਿਹੀ ਭੀੜ 'ਚ ਜੇਬ ਕਤਰਿਆਂ ਤੋਂ ਸੁਚੇਤ ਰਹਿਣ ਅਤੇ ਜੇਕਰ ਕਿਤੇ ਵੀ ਕੋਈ ਸ਼ੱਕੀ ਵਿਅਕਤੀ ਕਿਸੇ ਨੂੰ ਨਜ਼ਰ ਆਉਂਦਾ ਤਾਂ ਉਸ ਦੀ ਇਤਲਾਹ ਤੁਰੰਤ ਥਾਣਾ ਕਾਦੀਆਂ ਨੂੰ ਦਿੱਤੀ ਜਾਵੇ। ਅਖੀਰ ਵਿੱਚ ਉਹਨਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਲੋਕ ਪੁਲਿਸ ਦਾ ਸਹਿਯੋਗ ਕਰਨ ਕਿਉਂਕਿ ਕਾਦੀਆਂ ਪੁਲਸ 24 ਘੰਟੇ ਲੋਕਾਂ ਲਈ ਹਾਜ਼ਰ ਹੈ। ਜੇਕਰ ਕਿਸੇ ਵਿਅਕਤੀ ਨੂੰ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਆਉਂਦੀ ਹੈ ਤਾਂ ਉਹ ਸਿੱਧਾ ਥਾਣਾ ਕਾਦੀਆਂ ਵਿਖੇ ਆ ਕੇ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ।

# ਗੁਰਦਿਆਲ ਸਿੰਘ ਲਾਲੀ ਗੰਡੀਵਿੰਡੀਆ ਨੂੰ ਵੱਖ ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



**ਝਬਾਲ** (ਮੱਖਣ ਮਨੋਜ/ਹਰਜਿੰਦਰ ਸਿੰਘ ਸੋਨੀ )-ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਇਲਾਕਾ ਝਬਾਲ ਦੇ ਮਸ਼ਹੂਰ ਜ਼ਿਊਲਰ ਦੁਪਿੰਦਰਜੀਤ ਸਿੰਘ ਜੱਜ ਅਤੇ ਵਿਕਰਮਜੀਤ ਸਿੰਘ ਮਨੀ ਦੇ ਪਿਤਾ ਜੀ ਅਤੇ ਸਰਬਜੀਤ ਸਿੰਘ ਗੰਡੀਵਿੰਡੀਆ ਦੇ ਭਰਾ ਗੁਰਦਿਆਲ ਸਿੰਘ ਲਾਲੀ ਜਿਊਲਰ ਗੰਡੀਵਿੰਡੀਆ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸ਼ਨੀਵਾਰ ਉਹਨਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਗੁਰਬਾਣੀ ਦੇ ਸ਼ਬਦ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਹੋਈ। ਉਪਰੰਤ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਗੁਰਦਿਆਲ ਸਿੰਘ ਲਾਲੀ ਗੰਡੀਵਿੰਡੀਆ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਵਾਈਸ ਪ੍ਰਧਾਨ ਕਰਨਬੀਰ ਸਿੰਘ ਬੁਰਜ, ਸੀਨੀ. ਕਾਂਗਰਸੀ ਆਗੂ ਦਵਿੰਦਰ ਸਿੰਘ ਲਾਲੀ ਢਾਲਾ, ਸੀਨੀਅਰ ਆਗੂ ਪੂਰਨ ਸਿੰਘ ਅੱਡਾ ਝਬਾਲ, ਅੰਗਦਦੀਪ ਸਿੰਘ, ਰਿਟਾਇਰਡ ਐਸ ਸੀ ਜਗਜੀਤ ਸਿੰਘ ਸੁੱਚੂ, ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ, ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਕਸ਼ਮੀਰ ਸਿੰਘ ਗੰਡੀਵਿੰਡ, ਸਰਬਜੀਤ ਸਿੰਘ ਗੰਡੀਵਿੰਡੀਆ, ਜਤਿੰਦਰ ਸਿੰਘ ਬਿੱਲੂ, ਮੈਨੇਜਰ ਰਜਿੰਦਰ ਸਿੰਘ ਰੂਬੀ, ਬਾਬਾ ਸੋਹਨ ਸਿੰਘ, ਬਾਬਾ ਖੁਸ਼ੀਆਂ ਦਾਸ ਵਾਲੇ, ਬਾਬਾ ਗੁਰਸੇਵਕ ਸਿੰਘ ਗੁਰਦੁਆਰਾ ਮਾਤਾ ਭਾਗ ਕੌਰ ਵਾਲੇ, ਇੰਸਪੈਕਟਰ ਐਕਸਾਈਜ਼ ਸਰਵਣ ਸਿੰਘ, ਬਲਵਿੰਦਰ ਸਿੰਘ ਛੀਨੀਆ ਵਾਲੇ , ਚੇਅਰਮੈਨ ਰਮਨ ਕੁਮਾਰ, ਅਰਵਿੰਦਰ ਸਿੰਘ ਰਾਜੂ, ਬੀ ਐਸ ਟੇਲਰਜ਼, ਪੱਪੂ ਮਲਕ, ਬਾਂਕਾ ਮਲਕ, ਪ੍ਰਧਾਨ ਰਿੰਕੂ ਛੀਨਾ, ਲੱਕੀ ਕਰਿਆਨਾ ਸਟੋਰ, ਸਾਬਕਾ ਸਰਪੰਚ ਹਰਦਿਆਲ ਸਿੰਘ ਝਬਾਲ, ਦਲਜੀਤ ਸਿੰਘ ਐਮਾ, ਸ਼ਰਨਜੀਤ ਸਿੰਘ ਭੋਜੀਆ, ਬਾਬਾ ਜਗਜੀਤ ਸਿੰਘ ਮਾਲੂਵਾਲ, ਬਾਬਾ ਮਨਜੀਤ ਸਿੰਘ, ਮਨੋਹਰ ਸਿੰਘ ਠੱਠਾ, ਹੈਡ ਗ੍ਰੰਥੀ ਗਿਆਨੀ ਨੱਥਾ ਸਿੰਘ, ਰਜਵੰਤ ਜੱਜ ਕਸੇਲ, ਹਰਜੋਤ ਸਿੰਘ ਛਾਪਾ, ਮੈਨੇਜਰ ਮੁਖਵਿੰਦਰ ਸਿੰਘ ਬਿੱਟੂ ਪੰਜਵੜ, ਵਸੀਕਾ ਬੰਟੀ ਸੂਦ, ਐਕਸੀਅਨ ਤਰਸੇਮ ਕੁਮਾਰ, ਬਲਵਿੰਦਰ ਸਿੰਘ ਧੁੰਨਾ ਜਿਊਲਰ, ਲੱਖਾ ਸਿੰਘ ਮੱਜੂਪੁਰ, ਸੁਰਿੰਦਰ ਸਿੰਘ ਕਪਤਾਨ ਜ਼ਿਊਲਰ, ਭਾਗ ਸਿੰਘ ਸੋਹਲ, ਸ਼ੈਲੀ ਸੋਹਲ, ਸੋਨੂ ਅੱਡਾ ਝਬਾਲ, ਨਿੱਪੀ ਸੂਦ, ਅਸ਼ੋਕ ਕੁਮਾਰ, ਕਾਮਰੇਡ ਅਸ਼ੋਕ ਸੋਹਲ, ਕਾਮਰੇਡ ਦਵਿੰਦਰ ਸੋਹਲ, ਯਾਦਵਿੰਦਰ ਉਯਾਦੋਂ ਗੰਡੀਵਿੰਡ, ਜਥੇਦਾਰ ਨਿਸ਼ਾਨ ਸਿੰਘ ਦੋਦੇ,ਪ੍ਰਗਟ ਸਿੰਘ ਭੋਜੀਆ, ਸੱਜਣ ਸਿੰਘ ਮਲਵਈ, ਸੁੱਖ ਆੜ੍ਹਤੀ ਝਬਾਲ, ਬਾਬਾ ਕਸ਼ਮੀਰ ਸਿੰਘ ਠੱਠਗੜ੍ਹ, ਜਸਕਰਨ ਸਿੰਘ ਸ਼ੇਰਾ, ਗੁਰਜੀਤ ਸਿੰਘ ਪੰਜਵੜ, ਸੈਂਡੀ ਸ਼ੈਲਰ ਵਾਲੇ, ਬਲਰਾਮ ਸਿੰਘ ਲੁਧਿਆਣਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਸਰਪੰਚਾਂ, ਪੰਚਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਸਮੇਂ ਉਹਨਾਂ ਦੇ ਵੱਡੇ ਪੁੱਤਰ ਦੁਪਿੰਦਰ ਸਿੰਘ ਜੱਜ ਨੂੰ ਵੱਖ ਵੱਖ ਸੰਪਰਦਾਇ ਵੱਲੋਂ ਦਸਤਾਰਾਂ ਭੇਟ ਕੀਤੀਆਂ।

# ਗੜੇਮਾਰੀ ਕਾਰਨ ਬਰਬਾਦ ਹੋਈ ਫਸਲ ਦੇ ਮੁਆਵਜ਼ੇ ਲਈ ਸਰਕਾਰ ਨੂੰ ਕੀਤੀ ਅਪੀਲ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਅਤੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਲਵਜੀਤ ਸਿੰਘ ਬਾਜਵਾ ਅੜਕਲੇ ਨੇ ਜੋ ਕਿਸਾਨਾਂ ਦੀਆਂ ਫਸਲਾਂ ਗੜੇਮਾਰੀ ਕਾਰਨ ਬਰਬਾਦ ਹੋਈਆਂ, ਦਾ ਜਾਇਜ਼ਾ ਲਿਆ, ਉੱਥੇ ਹੀ ਜ਼ਿਲ੍ਹਾ ਪ੍ਰਧਾਨ ਲਵਜੀਤ ਸਿੰਘ ਬਾਜਵਾ ਅੜਕਲੇ ਨੇ ਸਰਕਾਰ ਨੂੰ ਅਪੀਲ ਕਰਦੇ ਕਿਹਾ ਕਿ ਪਿੰਡ ਅਲਕੜੇ, ਕੱਥੂ ਨੰਗਲ ਵਿੱਚ ਮੌਸਮ ਦੀ ਮਾਰ ਜੋ ਕਿਸਾਨਾਂ ਨੂੰ ਗੜੇਮਾਰੀ ਕਰਕੇ ਪਈ ਹੈ, 'ਚ ਕਿਸਾਨਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਪੂਰੀ ਤਰ੍ਹਾਂ ਫਸਲਾਂ ਬਰਬਾਦ ਹੋ ਗਈਆਂ ਹਨ। ਉਹਨਾਂ ਕਿਹਾ ਕਿ ਸਰਕਾਰ ਜਲਦ ਤੋਂ ਜਲਦ ਸਪੈਸ਼ਲ ਗਰਦੋਰੀ ਕਰਾ ਕੇ ਕਿਸਾਨਾਂ ਦੀ ਭਰਪਾਈ ਕਰੇ। ਉਹਨਾਂ ਕਿਹਾ ਕਿ ਜੇਕਰ ਸਰਕਾਰਾਂ ਨੇ ਜਲਦੀ ਕਿਸਾਨਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਨਹੀਂ ਦਿੱਤਾ ਤਾਂ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਸਖ਼ਤ ਐਕਸ਼ਨ ਲੈਣ ਵਾਸਤੇ ਮਜਬੂਰ ਹੋਵੇਗੀ। ਇਸ ਸਮੇਂ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਲਵਜੀਤ ਸਿੰਘ ਅਲਕੜੇ, ਸੂਬਾ ਸਿੰਘ ਅਲਕੜੇ, ਵਿਰਸਾ ਸਿੰਘ, ਜਰਮਨ ਸਿੰਘ, ਰਾਜਨ ਪ੍ਰਗਟ ਸਿੰਘ, ਪਪਿੰਦਰ ਸਿੰਘ, ਗੋਰਾ ਸਿੰਘ, ਪ੍ਰਤਾਪ ਸਿੰਘ, ਤਰਲੋਚਨ ਸਿੰਘ, ਸੰਜੀਵ ਰਤਨ, ਰਜਵਿੰਦਰ ਸਿੰਘ, ਬਿਕਰਮ ਸਿੰਘ, ਆਦਿ ਹਾਜ਼ਰ ਸਨ।

# ਸੀਨੀਅਰ ਆਗੂ ਅਸ਼ੋਕ ਕੁਮਾਰ ਸਹਿਗਲ ਦਾ ਦੇਹਾਂਤ



ਅਜਨਾਲਾ (ਪੱਤਰ ਪ੍ਰੇਰਕ)-ਕੈਮਿਸਟ ਐਸੋਸੀਏਸ਼ਨ ਅਜਨਾਲਾ ਨੂੰ ਉਦੋਂ ਭਾਰੀ ਸਦਮਾ ਲੱਗਾ ਜਦੋਂ ਉਹਨਾਂ ਦੇ ਪੁਰਾਣੇ ਤੇ ਸੀਨੀਅਰ ਸਾਥੀ ਅਸ਼ੋਕ ਕੁਮਾਰ ਸਹਿਗਲ ਮੈਡੀਕਲ ਹਾਲ ਜੋ ਪਿਛਲੀ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਦੇ ਜਾਣ ਨਾਲ ਕੈਮਿਸਟ ਐਸੋਸੀਏਸ਼ਨ ਅਜਨਾਲਾ ਅਤੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਜੋ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।ਇਹ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਸਨ ।

ਇਹਨਾ ਦਾ ਸਸਕਾਰ 1 ਮਾਰਚ ਨੂੰ ਸ਼ਿਵ ਪੁਰੀ ਅਜਨਾਲਾ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਵੱਖ ਵੱਖ ਰਾਜਸੀ ਪਾਰਟੀਆਂ ਅਤੇ ਧਾਰਮਿਕ ਸੰਸਥਾਵਾਂ ਵਲੋਂ ਉਹਨਾ ਦੇ ਪਰਵਾਰ ਵੱਡੇ ਬੇਟੇ ਸੰਜੀਵ ਸਹਿਗਲ, ਪ੍ਰਿੰਸ ਸਹਿਗਲ ਨਾਲ ਦੁੱਖ ਸਾਂਝਾ ਕੀਤਾ ਗਿਆ।ਉਹਨਾਂ ਦੀ ਰਸਮ ਕਿਰਿਆ 2 ਮਾਰਚ ਦਿਨ ਐਤਵਾਰ ਨੂੰ ਸ਼ਿਵ ਮੰਦਰ ਅਜਨਾਲਾ ਵਿਖੇ 1 ਤੋਂ 2 ਵਜੇ ਤੱਕ ਹੋਵੇਗੀ।ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਏ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ, ਡਾ. ਅਵਤਾਰ ਕੌਰ ਅਜਨਾਲਾ, ਕੰਵਰਪ੍ਰਤਾਪ ਸਿੰਘ ਅਜਨਾਲਾ, ਬਾਰ ਐਸੋਸੀਏਸ਼ਨ ਅਜਨਾਲਾ ਦੇ ਸਾਬਕਾ ਪ੍ਰਧਾਨ ਐਡਵੋਕੇਟ ਬ੍ਰਿਜ ਮੋਹਨ ਔਲ, ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ, ਕੌਂਸਲਰ ਦੀਪਕ ਕੁਮਾਰ ਅਰੋੜਾ, ਐਡਵੋਕੇਟ ਸੁਨੀਲ ਪਾਲ ਸਿੰਘ ਅਜਨਾਲਾ, ਰੂਪ ਲਾਲ ਮਦਾਨ, ਸੰਜੀਵ ਕੁਮਾਰ ਲਾਡੀ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਆਪ ਸ਼ਹਿਰੀ ਪ੍ਰਧਾਨ ਅਮਿਤ ਕੁਮਾਰ ਔਲ, ਅਮਿਤ ਪੁਰੀ, ਪ੍ਰਦੀਪ ਕੁਮਾਰ ਬੰਟਾ, ਕੌਂਸਲਰ ਵਿਕਰਮ ਬੇਦੀ, ਬਾਬਾ ਗੋਲਡੀ ਸ਼ਾਹ, ਦਿਲਬਾਗ ਸਿੰਘ ਸਿਰਸਾ, ਸੁਸ਼ੀਲ ਕੁਮਾਰ, ਸਾਬਕਾ ਚੇਅਰਮੈਨ ਸੁਖਦੇਵ ਸਰੀਨ, ਦਵਿੰਦਰ ਪੁਰੀ, ਪ੍ਰਵੀਨ ਕੁਮਾਰ ਸਰੀਨ, ਡਾ. ਅੰਮ੍ਰਿਤ ਸਿੰਘ ਬਾਠ, ਡਾ. ਹਰਮੀਤ ਸਿੰਘ ਲਾਡੀ ਸੰਧੂ, ਵਿਨੋਦ ਕੁਮਾਰ ਰਾਣਾ, ਡ. ਬਲਜੀਤ ਸਿੰਘ, ਸੁਮੀਤ ਕੁਮਾਰ ਸ਼ਰਮਾ, ਨਰੇਸ਼ ਕੁਮਾਰ, ਆਦਿ ਦੁੱਖ ਦੀ ਘੜੀ ਵਿੱਚ ਹਾਜ਼ਰ ਸਨ।

# ਹੈਰੋਇਨ ਸਮੇਤ ਨੌਜਵਾਨ ਗ੍ਰਿਫਤਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੁਲਸ ਜ਼ਿਲ੍ਹਾ ਬਟਾਲਾ ਅਧੀਨ ਆਉਂਦੇ ਪੁਲਸ ਥਾਣਾ ਕਾਦੀਆਂ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਇੱਕ ਨੌਜਵਾਨ ਨੂੰ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਮੁਖੀ ਐਸ ਐਚ ਓ ਨਿਰਮਲ ਸਿੰਘ ਨੇ ਦੱਸਿਆ ਕਿ ਏ ਐਸ ਆਈ ਗੁਰਨਾਮ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਨੰਗਲ ਬਾਗਵਾਨਾਂ ਤੋਂ ਕਾਹਲਵਾਂ ਨੂੰ ਜਾਣ ਵਾਲੇ ਰਸਤੇ ਤੋਂ ਇੱਕ ਨੌਜਵਾਨ ਨੂੰ ਕਾਬੂ ਕੀਤਾ ਜਿਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਫੜੇ ਗਏ ਨੌਜਵਾਨ ਦੀ ਪਹਿਚਾਣ ਜਤਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਕਾਹਲਵਾਂ ਵਜੋਂ ਹੋਈ । ਜਿਸ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਕਾਦੀਆਂ ਦੇ ਅੰਦਰ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਏ ਐਸ ਆਈ ਗੁਰਨਾਮ ਸਿੰਘ ਦੇ ਨਾਲ ਏ ਐਸ ਆਈ ਮੰਗਲ ਸਿੰਘ ਅਤੇ ਏ ਐਸ ਆਈ ਹਰਦੀਪ ਸਿੰਘ ਆਦਿ ਪੁਲਸ ਕਰਮਚਾਰੀ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਦੀ ਤਿਆਰੀ ਲਈ ਇਕਾਈਆਂ ਨੂੰ ਕੀਤਾ ਲਾਮਬੰਦ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਖਡੂਰ ਸਾਹਿਬ ਦੀ ਮੀਟਿੰਗ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿੱਚ ਪੰਜ ਮਾਰਚ ਨੂੰ ਚੰਡੀਗੜ੍ਹ ਵਿਖੇ ਲੱਗਣ ਵਾਲੇ ਸੰਯੁਕਤ ਕਿਸਾਨ ਮੋਰਚੇ ਦੀ ਤਿਆਰੀ ਵਾਸਤੇ ਇਕਾਈਆਂ ਨੂੰ ਲਾਮਬੰਦ ਕੀਤਾ ਗਿਆ ਅਤੇ ਜਥੇਬੰਦੀ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ ਗਿਆ, ਜਿਸ ਵਿੱਚ ਜ਼ੋਨ ਖਡੂਰ ਸਾਹਿਬ ਦੇ ਪਿੰਡਾਂ ਦੀਆਂ ਇਕਾਈਆਂ ਦੇ ਅਹੁਦੇਦਾਰ ਮੈਂਬਰ ਸਾਹਿਬਾਨ ਪਹੁੰਚੇ, ਜਿਨ੍ਹਾਂ ਵਿੱਚ ਸੁਖਦੇਵ ਸਿੰਘ ਤੁੜ, ਬਾਬਾ ਮਹਿੰਦਰ ਸਿੰਘ ਵੇਈਂਪੂਈਂ, ਰਤਨ ਸਿੰਘ ਢੰਡ, ਸੁਖਜਿੰਦਰ ਸਿੰਘ ਜੌਹਲ, ਅਵਤਾਰ ਸਿੰਘ ਚਾਹਲ, ਜੱਸਾ ਸਿੰਘ ਕੱਦਗਿੱਲ, ਹੀਰਾ ਸਿੰਘ ਭੈਲ, ਸਤਨਾਮ ਸਿੰਘ ਮਾਨਕ, ਕਵਲਜੀਤ ਸਿੰਘ ਭਰੋਵਾਲ, ਬੂਟਾ ਸਿੰਘ ਮੁਗਲ ਚੱਕ, ਜਗੀਰ ਸਿੰਘ ਸੰਗਲ, ਦਿਲਬਾਗ ਸਿੰਘ ਬਾਣੀਆਂ, ਅਮਨ ਸਿੰਘ ਕਲੇਰ ਸਰਪੰਚ, ਗੁਰਦੇਵ ਸਿੰਘ ਜਲਾਲਾਬਾਦ, ਜਸਵੀਰ ਸਿੰਘ ਕੋਟਲੀ ਆਦਿ ਹਾਜ਼ਰ ਸਨ। ਮੀਟਿੰਗ ਵਿੱਚ ਪੰਜ ਤਰੀਕ ਦੀ ਤਿਆਰੀ ਨੂੰ ਲੈ ਕੇ ਗੁਰਮਤੇ ਕੀਤੇ ਗਏ, ਜਿਸ ਵਿੱਚ ਇਲਾਕੇ ਦੀ ਸੰਗਤ ਵੱਧ ਤੋਂ ਵੱਧ ਸ਼ਿਰਕਤ ਕਰੇਗੀ। ਬਹੁਤ ਭਾਰੀ ਇਕੱਠ 'ਚ ਕਾਫਲੇ ਖਡੂਰ ਸਾਹਿਬ ਤੋਂ ਚੱਲਣਗੇ।


## ਆਮ ਸੂਚਨਾ

ਮੈਂ ਸੁਖਜੀਤ ਕੌਰ ਪਤਨੀ ਹਰਜਿੰਦਰ ਸਿੰਘ, ਵਾਸੀ ਭੋਰਸ਼ੀ ਰਾਜਪੂਤਾਂ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਸੂਚਿਤ ਕਰਦੀ ਹਾਂ ਕਿ ਹਰਭਜਨ ਕੌਰ ਪਤਨੀ ਜਗਜੀਤ ਸਿੰਘ, ਵਾਸੀ ਰਈਆ (ਅੰਮ੍ਰਿਤਸਰ) ਦੀ ਰਹਿਣ ਵਾਲੀ ਹੈ, ਜੋ ਕਿ ਮੇਰੀ ਮਾਲਕੀ ਜਗ੍ਹਾ 06 ਮਰਲੇ ਵਾਕਿਆ ਰਕਬਾ ਪਿੰਡ ਰਈਆ (ਅੰਮ੍ਰਿਤਸਰ) ਵਿੱਚ ਬਿਨਾਂ ਕਿਸੇ ਭਾਰ 'ਤੇ ਹੈ, ਉਕਤ ਜਗ੍ਹਾ 06 ਮਰਲੇ ਬਹੱਕ ਸੁਖਜੀਤ ਕੌਰ ਪਤਨੀ ਹਰਜਿੰਦਰ ਸਿੰਘ ਪਿੰਡ ਭੋਰਸ਼ੀ ਰਾਜਪੂਤਾਂ (ਅੰਮ੍ਰਿਤਸਰ) ਦੇ ਹੱਕ 'ਚ ਸੰਨ 2019 ਵਿੱਚ ਕੀਤੀ ਹੈ, ਜਿਸਦਾ ਸਫਾ ਨੰਬਰ 2019/20/94/1/108, ਜਿਲਦ ਨੰ: 01 ਹੈ, ਦੂਸਰੀ ਰਜਿਸਟਰੀ ਰਣਜੀਤ ਕੌਰ ਪਤਨੀ ਮਾਨ ਸਿੰਘ ਪੁੱਤਰ ਬਲਕਾਰ ਸਿੰਘ ਨੇ ਬਹੱਕ ਗੁਰਜੀਤ ਕੌਰ ਪਤਨੀ ਸਵਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ (ਵਸੀਕਾ ਨੰ: 2753, ਮਿਤੀ 10/3/2018 ਹੈ ਅਤੇ ਇਕ ਰਜਿਸਟਰੀ ਗੁਰਜੀਤ ਕੌਰ ਪਤਨੀ ਸਵਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਬਹੱਕ ਹਰਭਜਨ ਕੌਰ ਪਤਨੀ ਜਗਜੀਤ ਸਿੰਘ ਜਿਸਦਾ ਵਸੀਕਾ ਨੰ: 1544 ਮਿਤੀ 09/10/2017 ਹੈ, ਉਕਤ ਦੋਵੇਂ ਰਜਿਸਟਰੀਆਂ ਮੇਰੇ ਕੋਲੋਂ ਹੀ ਤਹਿਸੀਲ ਬਾਬਾ ਬਕਾਲਾ ਸਾਹਿਬ ਵਿੱਚ ਗੁੰਮ ਹੋ ਗਈਆਂ ਹਨ, ਉਕਤ ਰਜਿਸਟਰੀਆਂ ਕਿਸੇ ਵੀ ਬੈਂਕ ਵਿੱਚ ਜਮ੍ਹਾਂ ਨਹੀਂ ਹਨ ਅਤੇ ਨਾ ਹੀ ਇਨ੍ਹਾਂ ਰਜਿਸਟਰੀਆਂ ਉੱਪਰ ਕੋਈ ਕਰਜਾ ਹੈ, ਉਕਤ ਰਜਿਸਟਰੀਆਂ ਮੇਰੇ ਕੋਲੋਂ ਹੀ ਗੁੰਮ ਹੋਈਆਂ ਹਨ, ਜਿਸਦੀ ਮੈਂ ਖੁਦ ਜਿੰਮੇਵਾਰ ਹੋਵਾਂਗੀ ।

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

Sr.DEN-IV/FZR ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਕੰਮ ਕਰਦੇ ਹੋਏ ਹੇਠਾ ਦਿਤੀ ਗਈ ਟੈਂਡਰਾਂ ਦੇ ਲਈ ਖੁਲੀ ਟੈਂਡਰਾਂ (ਈ-ਟੈਂਡਰਾ) ਮੰਗ ਕਰਦੇ ਹਨ ਅਤੇ ਪੂਰਾ ਕਰਨ ਦੀ ਮਿਤੀ ਦੇ ਨਾਲ www.ireps.gov.in ਉਤੇ ਉਪਲਬਧ ਹੈ 18.03.2025 ਅਤੇ 21.03.2025 ਤਕ 15.00 ਘੰਟੇ, ਬੋਲੀਦਾਤਾਅਪਣੀ ਮੂਲ/ਸੰਸ਼ੋਧਿਤ ਬੋਲੀਆਂ ਆਖਰੀ ਮਿਤੀ ਅਤੇ ਸਮੇਂ ਤਕ ਹੀ ਜਮਾਂ ਕਰ ਸਕਣਗੇ । ਇਸ ਟੈਂਡਰ ਦੇ ਵਿਰੁਧ ਮੈਨੂੰਅਲ ਆਫਰ ਦੀ ਅਨੁਮਤੀ ਨਹੀਂ ਹੈ, ਅਤੇ ਪ੍ਰਾਪਤ ਐਸੇ ਕਿਸੀ ਵੀ ਮੈਨੂੰਅਲ ਆਫਰ ਨੂੰ ਅਣਦੇਖਿਆ ਕਰ ਦਿਤਾ ਜਾਵੇਗਾ । ਠੇਕੇਦਾਰਾਂ ਨੂੰ ਇਸ ਟੈਂਡਰ ਦੀ ਦਸਤਾਵੇਜ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਉਤੇ ਉਪਲਬਧ ਭੁਗਤਾਨ ਮੋਡ ਦੇ ਦੁਵਾਰਾ ਤੋਂ ਕਰਨ ਦੀ ਅਨੁਮਤੀ ਹੈ । ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਜਿਸਤਰ੍ਹਾਂ ਪੋਰਟਲ, ਡਿਮਾਂਡ ਡਰਾਫਟ, ਬੈਂਕਰ ਚੈਕ, ਜਮਾ ਰਸੀਦਾਂ, ਐਫਡੀਆਰ ਆਦਿ ਤੇ ਦੁਵਾਰਾ ਤੋਂ ਮੈਨੂੰਅਲ ਭੁਗਤਾਨ ਦੀ ਅਨੁਮਤੀ ਨਹੀਂ ਹੈ । ਜ਼ਿਆਦਾ ਜਾਣਕਾਰੀ ਦੇ ਲਈ ਲਾਗਆਨ ਕਰੇ www.ireps.gov.in

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਟੈਂਡਰ ਪ੍ਰਣਾਲੀ |
|---|---|---|
| ਖੁਲੀ | ਕੰਮ | ਇਕ ਪੈਕੇਟ ਪ੍ਰਣਾਲੀ- 03-2024-25-BDGM-DRM-JAT<br>ਦੋ ਪੈਕੇਟ ਪ੍ਰਣਾਲੀ- 02-2024-25-BDGM-DRM-JAT & 04-2024-25-BDGM-DRM-JAT |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਟੈਂਡਰ ਸ਼ੁਰੂ ਦੀ ਮਿਤੀ** | **ਟੈਂਡਰ ਬੰਦ ਕਰਨ ਦੀ ਮਿਤੀ/ਸਮਾਂ** |
| 25.02.2025 03-2024-25-BDGM-DRM-JAT & 04.2024.25-BDGM-DRM-JAT<br>28.02.2025 02-2024-25-BDGM-DRM-FZR | 04.03.2025 03-2024-25-BDGM-DRM-JAT & 04-2024-25-BDGM-DRM-JAT<br>07.03.2025 02-2024-25-BDGM-DRM-FZR | 18.03.2025, 15:00 03-2024-25-BDGM-DRM-JAT & 04-2024-25-BDGM-DRM-JAT<br>21.03.2025 02-2024-25-BDGM-DRM-FZR |

| ਲੜੀ ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 02-2024-25-BDGM-DRM-JAT | 16 ਕੋਚ (09 ਸਟੇਸ਼ਨ)/22 ਕੋ (02 ਸਟੇਸ਼ਨ) ਨੂੰ ਸਮਾਯੋਜਿਤ ਕਰਨ ਦੇ ਲਈ BAHL-BRML ਖੰਡ ਵਿਚ 11 ਸਟੇਸ਼ਨਾਂ ਉਤੇ ਮੌਜੂਦਾ ਪਲੇਟਫਾਰਮਾਂ ਨੂੰ ਉਪਰ ਉਠਾਣਾ ਅਤੇ ਵਿਸਤਾਰ ਕਰਨਾ | | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ | |
| | 25,41,04,791.06 | 14,20,500.00 | 90 ਦਿਨ | 18 ਮਹੀਨੇ | |
| | ਕੰਮ ਦੀ ਸਮਾਨ ਪ੍ਰਕ੍ਰਿਤੀ :- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | | |
| 2 | 03-2024-25-BDGM-DRM-JAT | ADEN/BDGM ਦੇ ਅਧੀਨ BDGM ਵਿਚ ਵਾਸ਼ਿੰਗ ਲਾਇਨ (100 ਮੀਟਰ ਵਿਸਤਾਰ) ਉਤੇ ਕਵਰਡ ਸ਼ੇਡ ਦਾ ਪ੍ਰਾਵਧਾਨ ਅਤੇ ਹੋਰ ਸਬੰਧਤ ਕੰਮ ਦੇ ਲਈ ਬਾਕੀ ਕੰਮ | | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ | |
| | 2,63,40,910.12 | 2,81,700.00 | 60 ਦਿਨ | 6 ਮਹੀਨੇ | |
| | ਕੰਮ ਦੀ ਸਮਾਨ ਪ੍ਰਕ੍ਰਿਤੀ :- ਸਟੀਲ ਨਿਰਮਾਣ ਜਾਂ FOB ਜਾਂ PF ਸ਼ੇਲਟਰ ਜਾਂ ਉਦਯੋਗਿਕ ਸ਼ੇਡ ਜਾਂ ਸਟੀਲ/ਕੰਮਪੋਜਿਟ ਗਰਡਰ ਬ੍ਰਿਜ ਜਾਂ ਚੈਨਲ ਸਲੀਪਰਾਂ ਦੇ ਮਾਈਕ੍ਰੋਵੇਵ/ਐਚਟੀ ਟਾਵਰ ਦੇ ਨਿਰਮਾਣ ਅਤੇ ਸਥਾਪਨਾ ਦਾ ਕੋਈ ਵੀ ਕੰਮ | | | | |
| 3 | 04-2024-25-BDGM-DRM-JAT | ਜੇਈਟੀ ਐਸਵੀਡੀ ਦੇ ਸੈਕਸ਼ਨ ਉਤੇ ਬ੍ਰਿਜ ਨੰਬਰ 186 ਦੇ ਥਰੂ ਬ੍ਰਿਜ ਸਲੀਪਰ ਰਿਨਯੂਵਲ (ਟੀਬੀਐਸਆਰ) ਐਚ ਬੀਮ-3000 ਨੰਬਰ ਅਤੇ ਸੀਨੀਅਰ ਡੀਈਐਨ-IV/ਐਫਜ਼ੇਡਆਰ ਦੇ ਤਹਿਤ ਬੀਏਐਚਐਲ-ਬੀਆਰਐਮਐਲ ਸੈਕਸ਼ਨ ਉਤੇ ਬ੍ਰਿਜ ਨੰਬਰ 115, 7, 08, 106, 13ਡੀ, 12ਬੀ, 11ਜੀ, 146, 85ਏ, 92ਸੀ, 122, 125, 86, 105, 207, 214, 199, 81, 174, 141, 173ਈ, 162 | | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ | |
| | 10,98,95,805.03 | 6,99,500.00 | 90 ਦਿਨ | 12 ਮਹੀਨੇ | |
| | ਕੰਮ ਦੀ ਸਮਾਨ ਪ੍ਰਕ੍ਰਿਤੀ :- ਰਨਿੰਗ ਟ੍ਰੈਕ ਵਿਚ ਚੈਨਲ ਸਲੀਪਰਾਂ ਦਾ ਨਿਰਮਾਣ ਅਤੇ ਵਿਛਾਣਾ | | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਬੋਲੀ ਲਗਾਣ ਵਾਲਿਆਂ ਦੀ ਜਾਂਚ ਕਰਨੀ ਹੋਵੇਗੀ । ਟੈਂਡਰ ਦੇ ਵਿਰੁਧ ਜਾਰੀ ਕਿਸੀ ਵੀ ਸ਼ੁੱਧੀਪੱਤਰ ਦੇ ਲਈ।

ਨੰ: 770-W/169/WA/FZR/2024-25 ਮਿਤੀ : 28.02.2025 654/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Public Notice

It hereby informs to public at large that Mohan Lal. has avail loan from AU SMALL FINANCE BANK LIMITED have its branch office at Hoshiarpur. Mohan Lal S/o Mela Ram owned Property i.e. Shops Bearing Property No.77 Measuring 1 Marla 1 Sarsai under Redline Area Situated at Village Urmar, Tehsil Tanda, District Hoshiarpur. Property was earlier owned by Sohan Lal S/o Mela Ram but no document is produced which prove their ownership beyond 15 Years. That Sohan Lal S/o Mela Ram executed a transfer deed for property area measuring 1 Marla 1 Sarsai in favour of Mohan Lal S/o Mela Ram vide Transfer Deed No. 191 Dated 20.09.2018. No Earlier Sale Deed in favor of Sohan Lal S/o Mela Ram is available.. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/ bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

## Public Notice

It hereby informs to public at large that Nishan Ralh has avail loan from AU SMALL FINANCE BANK LIMITED have its branch office at Nawanshahar. Nishan Ralh S/o Bishan Singh owned Property i.e. Property Measuring 1 Kanal comprising under Khasra No. 1930/411-412-584-585 Situated at Village Chak Hazipur,Tehsil Garhshankar, District Hoshiarpur. Property was earlier owned by Bishan Singh S/o Joginder Singh died, and his property area measuring 1 Kanal devolved in favour of Usha Rani WO Bishan Singh vide Registered Will Dated 20.06.2014, which is duly mutated vide mutation no.1796. Usha Rani WO Bishan Singh executed a transfer deed for property area measuring 1 Kanal in favour of Nishan Ralh S/o Bishan Singh vide Transfer Deed No.498 dated 22.05.2024. Earlier Sale Deed in favor of Bishan Singh s/o Joginder is incomplete and some pages are missing and Other Legal Hier of Bishan Singh have no objection in raising Loan from AU Small. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

## Public Notice

It hereby informs to public at large that Gautam Trading Co has avail loan from AU SMALL FINANCE BANK LIMITED have its branch office at Mukherian. Jyoti Gautam S/o Chaman Lal Gautam owned Property i.e. Property Measuring 5.5 Marla Comprising under Khasra No.2911/1, 2911/2, 2904, 2909 Situated at Village Talwara, Tehsil Talwara, District Hoshiarpur. Property was earlier owned by Subhash Chand S/o Rakha Ram i.e. more than 15 years. • That Subhash Chand S/o Rakha Ram executed a sale deed for property area measuring 5.5 Marla in favour of Sajjan Singh S/o Sulakhan Singh vide Sale Deed No.430 dated 14.07.2010, which is duly mutated vide mutation no.8328. • That Sajjan Singh S/o Sulakhan Singh executed a GPA in favour of Ram Kaushal S/o Ram Saroop vide GPA No.120 dated 30.07.2019.. Ram Kaushal S/o Ram Saroop as GPA of Sajjan Singh S/o Sulakhan Singh executed a sale deed for property area measuring 5.5 Marla in favour of Punam Gautam W/o Jyoti Gautam vide Sale Deed No. 440 Dated 06.07.2021, Earlier Sale Deed No.430 dated 14.07.2010 and GPA No.120 dated 30.07.2019 are missing and not traceable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

## 172 MILITARY HOSPITAL, TIBRI CANTT, GURDASPUR

**REGISTRATION OF FIRMS/VENDORS IN VENDOR DATA BASE OF MILITARY HOSPITAL TIBRI CANTT P.O GURDASPUR**

1. Commanding Officer, 172 Military Hospital, Tibri Cantt, Gurdaspur invites application from Pharmaceutical Manufactures/Distributors/Vendors/ Stockists/Dealers/Agencies for registration in **'Vendor Data Base'** (VBN) of Military Hospital 172 for the year FY 2025-26. The application form can be obtained from DGLP Cell, 172 Military Hospital on any working days from 0900hrs to 1400hrs.
2. Application duly filled in all respect along with all required documents to be dropped in TENDER box placed near by Adm Officers Office (Administrative Block) at 172 Military Hospital by on or before **09 Mar 2025 (1000hrs)** Opening date: **10 Mar 2025.**
3. Further details may be obtained from the below mentioned address during office hours on working days :-

The OIC DGLP Cell
172 Military Hospital
Tibri Cantt, Gurdaspur (Punjab)
e-mail- medstoreproccell@gmail.com

Commanding Officer
172 Military Hospital






## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰ.ਕੇ.ਏ.ਪੀ. 517-451ਜੋ ਪਿੰਡ ਜੰਗ ਵਿਖੇ ਕਰਨੈਲ ਸਿੰਘ ਪੁਤਰ ਖੇਮਨ ਸਿੰਘ ਦੇ ਨਾਮ ਪਰ ਚਲ ਰਿਹਾ ਹੈ।ਹੁਣ ਇਸ ਕੁਨੈਕਸ਼ਨ ਨੂੰ ਆਪਣੇ ਨਾਮ ਕਰਵਾਉਣ ਲਈ ਸੁਖਰਾਜ ਕੌਰ ਪਤਨੀ ਗੁਰਪ੍ਰੀਤ ਸਿੰਘ ਪਿੰਡ ਝੋਕ ਮੋਹੜੇ (ਫਿਰੋਜ਼ਪੁਰ ) ਨੇ ਦਸਤਾਵੇਜ ਦਿੱਤੇ ਹਨ, ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਦਫਤਰ ਝੋਕ ਟਹਿਲ ਸਿੰਘ (ਫਿਰੋਜ਼ਪੁਰ ) ਵਿਖੇ ਕਰੇ।

ਮੈਂ, ਸੁਖਮੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਬਹੋਨਾ, ਜ਼ਿਲ੍ਹਾ ਮੋਗਾ ਨੇ ਮੋਟਰ ਕੁਨੈਕਸ਼ਨ ਆਪਣੇ ਨਾਂਅ 'ਤੇ ਤਬਦੀਲ ਕਰਵਾਉਣ ਲਈ ਬਿਨੈ ਪੱਤਰ ਉਪ ਮੰਡਲ ਚੜਿੱਕ ਵਿਖੇ ਪੇਸ਼ ਕੀਤਾ ਹੈ, ਜੋ ਕਿ ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ 01/0290 ਗੁਰਬਖਸ਼ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਪਿੰਡ ਬਹੋਨਾ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਚੱਲਦਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਸੰਬੰਧਤ ਦਫਤਰ ਵਿੱਚ ਪੇਸ਼ ਕਰੇ। 15 ਦਿਨਾਂ ਬਾਅਦ ਇਹ ਕੁਨੈਕਸ਼ਨ ਸੁਖਮੰਦਰ ਸਿੰਘ ਦੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ।

## ਬੇਦਖਲੀ ਨੋਟਿਸ

ਮੈਂ, ਜੋਗਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਵਡਾਲਾ ਭਿੱਟੇਵੱਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਦੇਵ ਸਿੰਘ ਅਤੇ ਉਸ ਦੀ ਪਤਨੀ ਸੋਨੀਆ ਅਤੇ ਉਨ੍ਹਾਂ ਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹੀਰਾ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਕਾਨ ਨੰ. ਐੱਲ-2/1516 ਸੀ-26, ਗਲੀ ਨੰਬਰ 20, ਨਿਊ ਗੁਰਨਾਮ ਨਗਰ, ਸੁਲਤਾਨਵਿੰਡ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਇਕਬਾਲ ਸਿੰਘ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਉਰਫ ਸੋਨਮ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਦਰਸ਼ਨ ਮਸੀਹ ਪੁੱਤਰ ਲੇਟ ਬੂਟਾ ਮਸੀਹ ਵਾ ਰਜਨੀ ਪਤਨੀ ਦਰਸ਼ਨ ਮਸੀਹ ਵਾਸੀਆਨ ਪਿੰਡ ਭਾਖਰਪੁਰ, ਤਹਿਸੀਲ ਡੇਰਾ ਬਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ-140201 ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਅਨੁਰਾਗ (ਅਨੂ) ਅਤੇ ਉਸ ਦਾ ਪਤੀ ਰਾਜਨ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੇ ਨਾਲ ਚੰਗਾ ਵਿਹਾਰ ਨਹੀਂ ਕਰਦੇ, ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਸ਼ਿੰਦਾ ਸਿੰਘ ਵਾਸੀ ਪਿੰਡ ਚੋਹਲਾ ਸਾਹਿਬ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੰਵਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਹਰਜਿੰਦਰ ਸਿੰਘ ਪੁੱਤਰ ਨਸੀਬ ਸਿੰਘ ਵਾਸੀ ਪਿੰਡ ਰਾਮਪੁਰ ਸੈਣੀਆਂ ਡਾਕਖਾਨਾ ਰਾਮਪੁਰ ਝੰਜੋਵਾਲ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਬਲਜਿੰਦਰ ਸਿੰਘ ਤੇ ਅੰਮ੍ਰਿਤ ਪਾਲ ਸਿੰਘ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜ਼ੁੰਮੇਵਾਰ ਹੋਣਗੇ।

ਮੈਂ, ਸੁਰਿੰਦਰ ਪਾਲ ਸ਼ਰਮਾ ਪੁੱਤਰ ਜਗਨ ਨਾਥ ਸ਼ਰਮਾ ਵਾਸੀ ਮਕਾਨ ਨੰਬਰ 50, ਗਲੀ ਨੰਬਰ 6-1, ਸਾਹਿਬਜ਼ਾਦਾ ਜੁਝਾਰ ਸਿੰਘ ਐਵੀਨਿਊ,ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਭਵੇਸ਼ ਕੁਮਾਰ ਉਰਫ ਰਿਤਿਕ ਮੇਰੇ ਕੰਟਰੋਲ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਸਾਰੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਦੇ ਕਿਸੇ ਵੀ ਲੈਣ ਦੇਣ ਜਾਂ ਕਾਰ ਵਿਹਾਰ ਦਾ ਮੈਂ ਜਾਂ ਮੇਰਾ ਬਾਕੀ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ।

ਮੈਂ, ਕੁਲਦੀਪ ਸਿੰਘ ਅਰੋੜਾ ਪੁੱਤਰ ਜੀਤ ਸਿੰਘ, ਵਾਸੀ ਮਕਾਨ ਨੰਬਰ-78, ਦਲੀਪ ਐਵੀਨਿਊ, ਲੋਹਰਕਾ ਰੋਡ, ਗੁਮਟਾਲਾ, ਅੰਮ੍ਰਿਤਸਰ; ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਸਾਨੀਆ ਅਰੋੜਾ ਸਾਡੇ ਕੰਟਰੋਲ ਤੋਂ ਬਾਹਰ । ਮੈਂ ਉਨ੍ਹਾਂ ਨੂੰ ਆਪਣੀ ਸਾਰੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਾਰ ਦਿੱਤਾ ਹੈ । ਉਨ੍ਹਾਂ ਦੇ ਕਿਸੇ ਵੀ ਲੈਣ ਦੇਣ ਜਾਂ ਕਰ ਵਿਹਾਰ ਦਾ ਮੈਂ ਜਾਂ ਮੇਰਾ ਬਾਕੀ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ।

ਮੈਂ ਬਲਦੇਵ ਪੁੱਤਰ ਸਾਕਾ ਨਿੱਝਰ ਬਸਤੀ ਗੁਰੂਹਰਸਹਾਏ ਤਹਿਸੀਲ ਗੁਰੂਹਰਸਹਾਏ ਜਿਲਾ ਫਿਰੋਜਪੁਰ ਦਾ ਰਹਿਣ ਵਾਲਾ ਹਾਂ । ਮੇਰੀ ਲੜਕੀ ਅੰਜੂ ਕੌਰ ਜਿਸ ਦੀ ਉਮਰ ਕਰੀਬ 20 ਸਾਲ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦੀ ਹੈ ਅੱਜ ਤੋਂ ਬਾਅਦ ਸਾਡਾ ਉਸ ਨਾਲ ਕੋਈ ਲੈਣ ਦੇਣ ਨਹੀਂ । ਮੇਰੀ ਲੜਕੀ ਅਗਰ ਕਿਸੇ ਪੁਲਿਸ ਕੇਸ ਜਾਂ ਕਿਸੇ ਹੋਰ ਝਗੜੇ ਵਿੱਚ ਫਸਦੀ ਹੈ ਤਾਂ ਮੇਰੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ ਮੇਰਾ ਉਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ । ਮੈਂ ਉਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਰਿਸ਼ਤੇਦਾਰ ਅਤੇ ਸਬੰਧਤ ਨੋਟ ਕਰਨ ।

ਮੈਂ ਬਿਮਲ ਕੌਰ ਪਤਨੀ ਮੱਖਨ ਸਿੰਘ ਵਾਸੀ ਦੌਲੇਵਾਲਾ, ਤਹਿ: ਧਰਮਕੋਟ (ਮੋਗਾ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਮੇਰੇ ਅਤੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ 'ਚੋਂ ਬੇਦਖਲ ਕਰਦੀ ਹਾਂ। ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸ਼ੀਲਾ ਵੰਤੀ ਪਤਨੀ ਵਜੀਰਾ ਲਾਲ ਵਾਸੀ ਪਿੰਡ ਹਵੇਲੀਆਂ ਵਾਰਡ ਨੰ. 1, ਫਤਿਹਗੜ੍ਹ ਚੂੜੀਆਂ, ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਗਗਨਦੀਪ ਮਾਹਲਾ ਅਤੇ ਉਸਦੀ ਪਤਨੀ ਪਲਵਿੰਦਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਸਰਬਜੀਤ ਕੌਰ ਵਿਧਵਾ ਪਤਨੀ ਸਵ. ਮਹਿੰਦਰ ਸਿੰਘ ਵਾਸੀ ਪਿੰਡ ਮਾਨੇਪੁਰ, ਡਾਕਖਾਨਾ ਭਿਖਾਰੀਵਾਲ, ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਰਣਜੀਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ

## Change of Name

I,Kamlesh Kumari W/O Gurdev Singh Sangalpal R/O F9/1862,Lane No.1, Jagdambay Colony, Amritsar, Punjab have changed my name from Kamlesh Kumari to Kamlesh Kumari Sangalpal.Concerned note.

I,Rattan Kaur W/O Murta Singh R/O VPO Bahoru, Distt.Amritsar, Punjab have changed my name from Rattan Kaur to Ratan Kaur.Concerned note.

I, Manjith Kaur W/o Sh. Manjit Singh R/o Vill. Dhurian PO Hussainpur Lalowal Tehsil Dasuya Distt. Hoshiarpur Punjab have changed my name from Manjith Kaur to Manjit Kaur. Concerned note.

I, Smt, Bachni W/O Shinda Masih R/O Village Bazarh Po Jagowal Bet, Tehsil And Distt-Gurdaspur, State- Punjab. Have Changed My Name From Raj To Bachni.

I, Jayati w/o Paras Marwaha D/o Parshotam Dhir resident of H. No. 2, Opposite Bhatia Hospital, Sarabjit Nagar, Kapurthala, Punjab, India have changed my name from JAYATI to JAYATI MARWAHA. All concerned may please note.

I, Kanwajit Kaur W/o Surjit Singh R/o Village Rattan Garh, PO Bhinder Tehsil Baba Bakala District Amritsar have changed my name from Kanwaljit Kaur to Kawaljit Kaur

I, Maninder Kaur W/o Satnam Singh R/o Tehsil Patti Harike, Taran Taran have chagend my name from Maninder Kaur to Maninderpal Kaur

I, Pargat Singh S/o Kashmir Singh R/o Doake, Daoke, Bhaini Rajputan Amritsar have changed my name from Pargat Singh to Pargat Singh Guron

I, Kawaljit Kaur W/o Pargat Singh Guron R/o Daoke PO Bhaini Rajputan District Amritsar have changed my name from Kawaljit Kaur to Kawaljit Kaur Guron

I, Ranjit Singh S/o Sher Singh R/o 25-A, Parkash Enclave, Khurla Kingra, Jalandhar-144003, Punjab declare that I have changed my name from Ranjit Singh to Ranjit Singh Negi. (Contact)

## ਨਾਂਅ ਦੀ ਬਦਲੀ

ਮੈਂ, ਸੁਖਦੀਪ ਸਿੰਘ ਪੁੱਤਰ ਸ੍ਰੀ ਰਜਿੰਦਰ ਸਿੰਘ ਵਾਸੀ ਪਿੰਡ ਲਸ਼ਕਰੀ ਨੰਗਲ, ਹਾਲ ਵਾਸੀ ਮਾਛੀ ਨੰਗਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਂਅ ਸੁਖਦੀਪ ਸਿੰਘ ਤੋਂ ਬਦਲ ਕੇ ਸੁਖਬੀਰ ਸਿੰਘ ਰੱਖ ਲਿਆ ਹੈ। ਮੇਰੀ ਜਮ੍ਹਾਂਬੰਦੀ ਵਿੱਚ ਮੇਰਾ ਨਾਂਅ ਸੁਖਬੀਰ ਸਿੰਘ ਠੀਕ ਕੀਤਾ ਜਾਵੇ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪੈਦਲ ਸੰਗ ਯਾਤਰਾ ਦਾ ਪੁਰਾਣਾ ਸ਼ਾਲਾ ਵਿਖੇ ਭਲਕੇ ਹੋਵੇਗਾ ਭਰਵਾਂ ਸਵਾਗਤ : ਚਾਵਲਾ, ਲਾਲੀਆ



ਗੁਰਦਾਸਪੁਰ (ਜਨਕ ਮਹਾਜਨ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਅਵਸਤਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨ ਦੀਦਾਰੇ ਕਰਨ ਵਾਸਤੇ ਜਾਣ ਵਾਲੇ ਸਲਾਨਾ ਪੈਦਲ ਸੰਗ ਦਾ ਸਮੂਹ ਸੰਗਤਾਂ ਵਲੋਂ ਪੁਰਾਣਾ ਸ਼ਾਲਾ ਵਿਖੇ 3 ਮਾਰਚ ਨੂੰ ਸਵੇਰੇ 6 ਵਜੇ ਭਰਵਾਂ ਸਵਾਗਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਕਮਲਜੀਤ ਚਾਵਲਾ ਅਤੇ ਸਰਕਲ ਪ੍ਰਧਾਨ ਸਰਬਜੀਤ ਸਿੰਘ ਲਾਲੀਆ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਇਤਿਹਾਸਕ ਪਿੰਡ ਖਡਿਆਲਾ ਸੈਣੀਆਂ ਤੋਂ 1 ਮਾਰਚ ਨੂੰ ਬਾਬਾ ਮਹਿੰਗਾ ਸਿੰਘ ਦੀ ਅਗਵਾਈ ਵਿਚ ਆਰੰਭ ਹੋਣ ਵਾਲੇ ਇਤਿਹਾਸਿਕ ਸਲਾਨਾ ਪੈਦਲ ਸਿੰਘ ਦਾ ਪੁਰਾਣਾ ਸ਼ਾਲਾ ਪਹੁੰਚਣ 'ਤੇ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਜਿੱਥੇ ਭਰਵਾਂ ਸਵਾਗਤ ਕੀਤਾ ਜਾਵੇਗਾ ਉੱਥੇ ਹੀ ਸੰਗ ਵਿੱਚ ਸ਼ਾਮਲ ਸੰਗਤਾਂ ਲਈ ਕਈ ਤਰ੍ਹਾਂ ਦੇ ਲੰਗਰ ਵਰਤਾਏ ਜਾਣਗੇ। ਉਨ੍ਹਾਂ ਕਿਹਾ ਪੁਰਾਣਾ ਸ਼ਾਲਾ ਦੀਆਂ ਸੰਗਤਾਂ ਵਿਚ ਸੰਗ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।


## ਬੇਦਖਲੀ ਨੋਟਿਸ

ਮੈਂ, ਰਾਮ ਅਵਤਾਰ ਪੁੱਤਰ ਬਾਬੂ ਰਾਮ ਵਾਸੀ ਪਿੰਡ ਪੱਖਵਾਲ ਕੋਠੇ, ਡਾਕਖਾਨਾ ਤਾਲਿਬਪੁਰ ਪੰਡੋਰੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰੋਹਿਤ ਕੁੰਡਲ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਨੋਹਰ ਲਾਲ ਪੁੱਤਰ ਸਰਨ ਦਾਸ, ਵਾਸੀ ਮਕਾਨ ਨੰਬਰ ਬੀ9-607, ਗਲੀ ਨੰ. 9, ਸੰਤੋਖਪੁਰਾ, ਜਲੰਧਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਬਲਵੀਰ ਕੁਮਾਰ ਉਰਫ ਬਬੱਲੂ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ ਉਹ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## Change of Name

I, Ashok Kumar S/o Ram Murti Sehgal R/o 291/12, Trimmo Road, Gurdaspur, Tehsil/ Distt. Gurdaspur, Punjab-143521, have changed my name from Ashok Kumar to Ashok Kumar Sehgal.

I, Lovepreet S/o Kamal Raj R/o Vill. Chhourian Bangar, Kotli Sainian, P.O. Kotli Sainian, Tehsil Kahnowan, Distt. Gurdaspur, Punjab-143530, have changed my name from Lovepreet to Lovepreet Kalyan.

I, Pooja D/o Raj Kumar R/o H.no. 352/1 Mohalla Sagran Adampur Doaba, Distt. Jalandhar have changed my name from Pooja to Pooja Kaur.

I, Bhupesh Singh Negi S/o Late Bhopal Singh Negi R/o H. No. WJ 171, Dabbi Pura, Basti Guzan, Jalandhar City declare change of name of my minor son Bhavik Singh to Bhavik Singh Negi. Please Note.

I, Abhishek S/o Chhote Lal R/o 15 A, Hargobind Nagar, Jalandhar, Punjab have changed my name from Abhishek to Abhishek Thakur. All concerned please note.

2 Mar Page-07.qxd 3/1/2025 9:24 PM Page 1



# ਪੰਜਾਬ ਸਰਕਾਰ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨ ਲਈ ਵਚਨਬੱਧ : ਰਾਜਾ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਓਂਕਾਰ ਸਿੰਘ)-** ਪੰਜਾਬ ਵਿੱਚ ਪੰਚਾਇਤੀ ਰਾਜ ਨੂੰ ਮਜਬੂਤ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਅਨੇਕਾਂ ਹੀ ਸਕੀਮਾਂ ਚਲਾਈਆਂ ਗਈਆਂ ਹਨ ਪਿੰਡਾਂ ਦਾ ਵਿਸ਼ੇਸ਼ ਵਿਕਾਸ ਕੀਤਾ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਬੀ.ਡੀ.ਪੀ.ਓ ਟਾਂਡਾ ਦਫਤਰ ਵਿਖੇ ਅੱਜ ਹਲਕੇ ਦੇ ਨਵੇਂ ਚੁਣੇ ਗਏ ਸਰਪੰਚ ਤੇ ਪੰਚਾਂ ਦੀ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਕੀਤਾ। ਬੀ.ਡੀ.ਪੀ.ਓ ਟਾਂਡਾ ਰਾਜਵਿੰਦਰ ਕੌਰ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਦੌਰਾਨ ਬਲਾਕ ਟਾਂਡਾ ਦੇ 118 ਨਵ ਨਿਯੁਕਤ ਸਰਪੰਚਾਂ ਤੇ ਪੰਚਾਂ ਨੇ ਭਾਗ ਲਿਆ। ਮੀਟਿੰਗ ਵਿੱਚ ਰਾਜਾ ਗਿੱਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਸੱਤਾ ਸੰਭਾਲਦਿਆਂ ਹੀ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਵਿਸ਼ੇਸ਼ ਪਹਿਲੂ ਦੀ ਅਤੇ ਇਸ ਵਾਸਤੇ ਵੱਖ-ਵੱਖ ਸਕੀਮਾਂ ਤਹਿਤ ਗਰਾਂਟਾਂ ਵੀ ਜਾਰੀ ਕੀਤੀਆਂ ਜਿਸ ਨਾਲ ਪਿੰਡਾਂ ਦੇ ਵਿੱਚ ਵਿਕਾਸ ਕਾਰਜ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੇ ਹਨ । ਇਸ ਤੋਂ ਇਲਾਵਾ ਇਹਨਾਂ ਵਿਕਾਸ ਕਾਰਜਾਂ ਦੀ ਨਿਗਰਾਨੀ ਵਾਸਤੇ ਬੀ.ਡੀ.ਪੀ.ਓ ਦਫਤਰ ਟਾਂਡਾ ਦੀ ਵੀ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਹੈ ਜੋ ਕਿ ਸਮੇਂ ਸਮੇਂ 'ਤੇ ਕੀਤੇ ਜਾ ਰਹੇ ਇਨਾਂ ਵਿਕਾਸ ਕਾਰਜਾਂ ਦੀ ਸਮੀਖਿਆ ਅਤੇ ਸਰਪੰਚਾਂ ਪੰਚਾਂ ਨੂੰ ਦੇਰ ਦਰਪੇਸ਼ ਆ ਰਹੀਆਂ



ਮੁਸ਼ਕਿਲਾਂ ਦਾ ਹੱਲ ਕੱਢਦੀ ਹੈ। ਇਸ ਮੌਕੇ ਉਹਨਾਂ ਨਵੇਂ ਸਰਪੰਚਾਂ ਪੰਚਾਂ ਨੂੰ ਮਹਿਕਮੇ ਦੇ ਵੱਖ ਵੱਖ-ਵੱਖ ਕਾਰਜਾਂ ਦੀ ਵਿਸ਼ੇਸ਼ ਜਾਣਕਾਰੀ ਦਿੱਤੀ ਅਤੇ ਕੋਈ ਵੀ ਮੁਸ਼ਕਿਲ ਪੇਸ਼ ਆਉਣ 'ਤੇ ਵਿਭਾਗ ਦੇ ਧਿਆਨ ਵਿੱਚ ਲਿਆਉਣ ਲਈ ਕਿਹਾ। ਇਸ ਮੌਕੇ ਬੀਡੀਪੀਓ ਟਾਂਡਾ ਮੈਡਮ ਰਾਜਵਿੰਦਰ ਕੌਰ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਪਿੰਡਾਂ ਦੇ ਸਰਪੰਚਾਂ ਪੰਚਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਨੂੰ ਵਿਕਾਸ ਪੱਖੋਂ ਮਜਬੂਤ ਕਰਨ ਲਈ ਹਰ ਸੰਭਵ ਉਪਰਾਲਾ ਕਰੇਗੀ ਜਿਸ ਵਾਸਤੇ ਪੇਂਡੂ ਵਿਕਾਸ ਵਿਭਾਗ ਹਰ ਸਮੇਂ ਸੇਵਾ ਵਿੱਚ ਹਾਜ਼ਰ ਹੈ। ਮੀਟਿੰਗ ਦੌਰਾਨ ਹਲਕਾ ਟਾਂਡਾ ਨੂੰ ਖਾਸ ਵਿਕਾਸ ਕਾਰਜਾਂ ਵਾਸਤੇ ਜਾਰੀ ਕੀਤੀ ਗਈਆਂ ਗਰਾਂਟਾਂ ਅਤੇ ਆਉਣ ਵਾਲੀਆਂ ਗਰਾਂਟਾਂ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕੇਸ਼ਵ ਸਿੰਘ ਸਾਨੀ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਟਾਂਡਾ, ਸਰਪੰਚ ਗੋਲਡੀ ਨਰਵਾਲ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਸਰਪੰਚ ਜਸਵੰਤ ਸਿੰਘ ਬਿੱਟੂ, ਸਰਪੰਚ ਗੋਪੀ ਹੁੰਦਲ, ਸਰਪੰਚ ਮਨਪ੍ਰੀਤ ਕੌਰ, ਸਰਪੰਚ ਮਨਵੀਰ ਸਿੰਘ ਖਾਲਸਾ, ਸਰਪੰਚ ਜਸਵੀਰ ਕੌਰ, ਸਰਪੰਚ ਜਸਪਾਲ ਸਿੰਘ ਪਾਲੀ, ਸਰਪੰਚ ਨਗਿੰਦਰ ਸਿੰਘ, ਸਰਪੰਚ ਕੁਲਦੀਪ ਕੌਰ, ਸਰਪੰਚ ਹਰਬੰਸ ਸਿੰਘ ਖੁੱਡਾ,ਪੰਚ ਤਜਿੰਦਰ ਸਿੰਘ ਲਾਡੀ, ਪੰਚ ਜਤਿੰਦਰ ਸਿੰਘ ਲਾਡੀ, ਹਰਪ੍ਰੀਤ ਸਿੰਘ , ਜਰਨੈਲ ਸਿੰਘ ਕੁਰਾਲਾ ਸੁਰਜੀਤ ਸਿੰਘ ਕਾਲਾ,ਸਰਪੰਚ ਜਸਪਾਲ ਸਿੰਘ, ਵੱਖ-ਵੱਖ ਪਿੰਡਾਂ ਦੇ ਸਰਪੰਚ ਪੰਚ ਤੇ ਪੰਚਾਇਤਾਂ ਦੇ ਨੁਮਾਇੰਦੇ ਤੇ ਬੀ.ਡੀ.ਪੀ.ਓ ਦਫਤਰ ਟਾਂਡਾ ਦੇ ਸਟਾਫ ਮੈਂਬਰ ਵੀ ਮੌਜੂਦ ਸਨ।

# 8 ਨੂੰ ਆਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ ਵਿਸ਼ਾਲ ਸੂਬਾ ਪੱਧਰੀ ਰੈਲੀ : ਖਹਿਰਾ



**ਐਸ ਏ ਐਸ਼ ਨਗਰ (ਗੁਰਜੀਤ ਬਿੱਲਾ)** ਸਾਂਝਾ ਅਧਿਆਪਕ ਮੋਰਚਾ ਤੇ ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਸੱਦੇ 'ਤੇ ਸੈਂਕੜੇ ਅਧਿਆਪਕਾਂ ਨੇ ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਾਂਝਾ ਅਧਿਆਪਕ ਮੋਰਚਾ ਦੇ ਆਗੂ ਬਾਜ ਸਿੰਘ ਖਹਿਰਾ,ਐਨ ਡੀ ਤਿਵਾੜੀ ,ਰਵਿੰਦਰ ਸਿੰਘ ਪੱਪੀ ,ਗੁਰਜੀਤ ਸਿੰਘ,ਮਨਪ੍ਰੀਤ ਸਿੰਘ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਂਅ 'ਤੇ ਬਣੀ ਸਰਕਾਰ ਤੋਂ ਪੰਜਾਬ ਦੇ ਮੁਲਾਜਮਾਂ, ਕਿਸਾਨਾਂ, ਮਜਦੂਰਾਂ ਅਤੇ ਵਿਦਿਆਰਥੀਆਂ ਨੂੰ ਬਹੁਤ ਉਮੀਦਾਂ ਸਨ ਪਰ ਸਾਰੇ ਵਰਗਾਂ ਦੀਆਂ ਉਮੀਦਾਂ ਧਰੀਆਂ-ਧਰਾਈਆਂ ਰਹਿ ਗਈਆਂ। ਦੋ ਏਜੰਡਿਆਂ ਸਿੱਖਿਆ ਅਤੇ ਸਿਹਤ ਨੂੰ ਮੁੱਖ ਰੱਖ ਕੇ ਬਣੀ ਸਰਕਾਰ ਨੇ ਦੋਵਾਂ ਖੇਤਰਾਂ ਵਿੱਚ ਪੰਜਾਬ ਨੂੰ ਪਿੱਛੇ ਧੱਕ ਦਿੱਤਾ ਹੈ। ਪੰਜਾਬ ਦਾ ਸਿੱਖਿਆ ਮੰਤਰੀ ਅਧਿਆਪਕਾਂ ਨੂੰ ਮੀਟਿੰਗ ਤੇ ਬੁਲਾ ਕੇ ਅਤੇ ਮੀਟਿੰਗਾਂ ਵਿੱਚ ਮੰਗਾਂ ਮੰਨ ਕੇ ਮੁੱਕਰ ਰਿਹਾ ਹੈ। ਪੰਜਾਬ ਦਾ ਸਿੱਖਿਆ ਮੰਤਰੀ ਸੈਣੀ,ਮੋਹਾਲੀ ਜ਼ਿਲ੍ਹੇ ਦੇ ਕਨਵੀਨਰ ਜਗਦੀਸ਼ ਸਿੰਘ ਸਰਾਓ,ਸੁਰਜੀਤ ਸਿੰਘ ,ਕੁਲਦੀਪ ਸਿੰਘ ਜਾਂਗਲਾ,ਪ੍ਰੀਤਪਾਲ ਸਿੰਘ ,ਦਰਸ਼ਨ ਸਿੰਘ ,ਰਣਜੀਤ ਸਿੰਘ ਰਬਾਬੀ, ਗੁਰਮੀਤ ਸਿੰਘ ਖਾਲਸਾ,ਤਰਲੋਚਨ ਸਿੰਘ , ਰਣਵੀਰ ਸਿੰਘ, ਗੁਰਦੀਪ ਸਿੰਘ , ਪ੍ਰੇਮ ਚੰਦ, ਮਲਾਗਰ ਸਿੰਘ, ਗੁਰੇਕ ਸਿੰਘ, ਸੋਹਨ ਸਿੰਘ , ਰਾਕੇਸ਼ ਕੁਮਾਰ, ਹਰੀਸ਼ ਕੁਮਾਰ ਸ਼ਰਮਾ, ਕਮਲ ਕੁਮਾਰ, ਗੁਰਨਾਮ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਆਗੂ ਵੀ ਸ਼ਾਮਲ ਸਨ। ਚਲਦੀਆਂ ਮੀਟਿੰਗਾਂ ਵਿੱਚ ਅੱਧ ਵਿਚਕਾਰ ਭੱਜ ਰਿਹਾ ਹੈ। ਬਲਾਕ ਤਹਿਸੀਲ ਪੱਧਰੀ ਅਰਥੀ ਫੂਕ ਮੁਜ਼ਾਹਰਿਆ ਤੋਂ ਬਾਅਦ 8 ਮਾਰਚ ਨੂੰ ਆਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਇਸ ਜਥੇਬੰਦਕ ਸੈਸ਼ਨ ਵਿੱਚ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਵੱਲੋਂ ਸੂਬਾ ਕਨਵੀਨਰ ਸੁਖਦੇਵ

# ਮੇਜਰ ਲੀਗ ਕਬੱਡੀ ਕੱਪ ਭਲਕੇ

**ਤਲਵੰਡੀ ਚੌਧਰੀਆਂ ( ਪਰਸਨ ਲਾਲ ਭੋਲਾ )** ਸਖੀ ਸਰਵਰ, ਲਾਲਾਂ ਵਾਲਾ ਪੀਰ ਦੀ ਯਾਦ ਵਿੱਚ ਸੰਗ ( ਚੌਕੀਆਂ) ਦੇ ਜੋੜ ਮੇਲੇ ਤੇ ਲਾਲਾਂ ਵਾਲਾ ਪੀਰ ਟੂਰਨਾਮੈਂਟ ਤਿੰਨ ਰੋਜ਼ਾ ਵਾਲੀਬਾਲ ਅਤੇ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸਰਪੰਚ ਲਖਵਿੰਦਰ ਸਿੰਘ ਲੱਡੂ ਪ੍ਰਧਾਨ ਨੇ ਦੱਸਿਆ ਕਿ ਇੱਕ ਮਾਰਚ ਨੂੰ ਲਾਲਾਂ ਵਾਲੇ ਪੀਰ ਸਟੇਡੀਅਮ ਵਿਖੇ ਸਟੇਡੀਅਮ ਤਲਵੰਡੀ ਚੌਧਰੀਆਂ ਵਿਖੇ ਵਾਲੀਬਾਲ ਜੂਨੀਅਰ ਟੀਮਾਂ ਦੇ ਮੈਚਾਂ ਨਾਲ ਆਰੰਭਤਾ ਹੋਵੇਗੀ। ਦੋ ਮਾਰਚ ਨੂੰ ਸੀਨੀਅਰ ਵਾਲੀਬਾਲ ਦੀਆਂ ਟੀਮਾਂ ਦੇ ਮੈਚ ਕਰਵਾਏ ਜਾਣਗੇ ਜਦ ਕਿ ਤਿੰਨ ਮਾਰਚ ਨੂੰ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੀ ਅਗਵਾਈ ਵਿੱਚ ਕਬੱਡੀ ਕੱਪ ਕਰਵਾਇਆ ਜਾਵੇਗਾ, ਜਿਸ ਵਿੱਚ ਦੁਨੀਆਂ ਦੇ ਨਾਮਵਾਰ ਖਿਡਾਰੀ ਭਾਗ ਲੈਣਗੇ। ਜੇਤੂ ਟੀਮ ਨੂੰ 2.5 ਲੱਖ ਰੁਪਏ ਅਤੇ ਉਪ ਜੇਤੂ ਟੀਮ ਨੂੰ 2 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਬੈਸਟਾਂ ਨੂੰ 51-51 ਹਜ਼ਾਰ ਰੁਪਏ ਨਾਲ ਨਿਵਾਜਿਆ ਜਾਵੇਗਾ।



# ਧਾਮੀ ਦੇ ਗ੍ਰਹਿ ਪਹੁੰਚੇ ਅਕਾਲ ਤਖਤ ਸਾਹਿਬ ਤੇ ਕੇਸਗੜ੍ਹ ਸਾਹਿਬ ਦੇ ਜਥੇਦਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ ) -** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਤੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅਚਾਨਕ ਅਸਤੀਫ਼ਾ ਦੇਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਡੈਮੇਜ ਕੰਟਰੋਲ ਦੀ ਨੀਤੀ ਅਧੀਨ ਪਾਰਟੀ ਦੇ ਹਰ ਵੱਡੇ ਲੀਡਰ ਵੱਲੋਂ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਨੂੰ ਮਨਾਉਣ ਦੀ ਕਿਵਾਇਦ ਅਧੀਨ ਜਿੱਥੇ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪਹਿਲੀ ਕਤਾਰ ਦੇ ਵੱਡੇ ਲੀਡਰ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ ਉਥੇ ਬਿਕਰਮ ਸਿੰਘ ਮਜੀਠੀਆ ਤੋਂ ਬਾਅਦ ਸਿੱਖ ਪੰਥ ਦੀ ਸਿਰਮੌਰ ਹਸਤੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਵੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਗ੍ਰਹਿ ਮਹਾਰਾਜਾ ਰਣਜੀਤ ਸਿੰਘ ਨਗਰ ਹੁਸ਼ਿਆਰਪੁਰ ਵਿਖੇ ਪਹੁੰਚੇ, ਜਿੱਥੇ ਧਾਮੀ ਨੇ ਗਰਮ ਜੋਸ਼ੀ ਨਾਲ ਦੋਵਾਂ ਧਾਰਮਿਕ ਹਸਤੀਆਂ ਦਾ ਸਵਾਗਤ ਕੀਤਾ। ਸਿੱਖ ਪੰਥ ਦੀਆਂ ਦੋਵੇਂ ਵੱਡੀਆਂ ਧਾਰਮਿਕ ਸ਼ਖ਼ਸੀਅਤਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਮੁਲਾਕਾਤ ਦੇ



ਵੇਰਵੇ ਮੀਡੀਆ ਨਾਲ ਸਾਂਝੇ ਕਰਨ ਤੋਂ ਜਥੇਦਾਰ ਸਾਹਿਬਾਨਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗੁਰੇਜ ਹੀ ਕੀਤਾ। ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਕੋਠੀ ਤੋਂ ਬਾਹਰ ਆਉਂਦੇ ਹੋਏ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਉਹ ਕੇਵਲ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਪਰਵਾਰਕ ਮੁਲਾਕਾਤ ਕਰਨ ਹੀ ਆਏ ਹਨ। ਕਿਉਂਕਿ ਉਹਨਾਂ ਦੇ ਗ੍ਰਹਿ ਵਿਖੇ ਅਕਾਲ ਪੁਰਖ ਨੇ ਪੋਤਰੇ ਦੀ ਦਾਤ ਬਖਸ਼ਿਸ਼ ਕੀਤੀ ਹੈ ਇਸ ਲਈ ਇਸ ਖੁਸ਼ੀ ਵਿੱਚ ਸ਼ਰੀਕ ਹੋਣ ਅਤੇ ਵਧਾਈ ਦੇਣ ਲਈ ਹੀ ਉਨ੍ਹਾਂ ਦੇ ਘਰ ਪਹੁੰਚੇ ਹਨ। 02 ਦਸੰਬਰ ਨੂੰ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਪਾਬੰਦ ਸੱਤ ਮੈਂਬਰੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਅਸਤੀਫਾ ਵਾਪਸ ਲੈਣ ਸਬੰਧੀ ਪੁੱਛੇ ਗਏ ਸਵਾਲਾਂ ਨੂੰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੜੀ ਸਫਾਈ ਦੇ ਨਾਲ ਟਾਲ ਦਿੱਤਾ । ਪ੍ਰੰਤੂ ਭਰੋਸੇਯੋਗ ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਸਰਵੋ ਸਰਵਾ ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਮੁਤਾਬਿਕ ਮੋਹਰਲੀ ਕਤਾਰ ਦੇ ਲੀਡਰਾਂ ਦੀ ਮਿਹਨਤ ਸਦਕਾ ਧਾਮੀ ਦਾ ਅਸਤੀਫਾ ਵਾਪਸ ਲੈਣ ਲਈ ਗਰਾਊਂਡ ਲਗਭਗ ਤਿਆਰ ਕੀਤੀ ਜਾ ਚੁੱਕੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦਾ ਜਲਦੀ ਹੀ ਐਲਾਨ ਹੋਣ ਦੀ ਪੂਰੀ ਸੰਭਾਵਨਾ ਹੈ।

# ਇਟਲੀ ਤੋਂ ਬੰਦ ਬਕਸੇ 'ਚ ਲਾਸ਼ ਰਾਹੋਂ ਪੁੱਜੀ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ )-** ਰਾਹੋਂ ਮੁਹੱਲਾ ਰੋਤਾ ਨੇੜੇ ਬੱਸ ਸਟੈਂਡ ਦੇ ਰਹਿਣ ਵਾਲੇ ਅਵਤਾਰ ਸਿੰਘ ਬਿੱਲਾ (53) ਸਪੁੱਤਰ ਸਵਰਗਵਾਸੀ ਪ੍ਰੀਤਮ ਸਿੰਘ ਬੰਗੜ ਜੋ ਕਿ 23 ਸਾਲ ਤੋਂ ਇਟਲੀ ਵਿੱਚ ਸੀ ਤੇ ਜਿਸ ਦੀ 24 ਦਸੰਬਰ 2024 ਨੂੰ ਇਟਲੀ ਦੇ ਵਿੱਚ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ। ਉਹਨਾਂ ਦੀ ਕਾਗਜੀ ਕਾਰਵਾਈ ਉਹਨਾਂ ਦੀ ਭਤੀਜੀ ਜਸਵੀਰ ਕੌਰ ਅਤੇ ਉਸਦੇ ਪਤੀ ਸੰਦੀਪ ਕੁਮਾਰ ਜਰਮਨ ਵਾਸੀ ਵਲੋਂ ਇਟਲੀ ਵਿੱਚ ਪੁੱਜ ਕੇ ਪੂਰੀ ਕੀਤੀ ਗਈ।ਅਵਤਾਰ ਸਿੰਘ ਬਿੱਲਾ ਦੀ ਮ੍ਰਿਤਕ ਦੇਹ ਜਹਾਜ ਰਾਹੀਂ ਅੰਮ੍ਰਿਤਸਰ ਏਅਰਪੋਰਟ 'ਤੇ ਪੁੱਜੀ ਅਤੇ ਉਸਦੇ ਵਾਰਸਾਂ ਵੱਲੋਂ ਏਅਰਪੋਰਟ ਤੋਂ ਟੈਪੂ ਟਰੈਵਲ ਵਿੱਚ ਰਾਹੋਂ ਲਿਆਂਦੀ ਗਈ ਤੇ ਸੂਰਜ ਕੁੰਡ ਸ਼ਮਸ਼ਾਨਘਾਟ ਵਿਖੇ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਅਵਤਾਰ ਸਿੰਘ ਬਿੱਲੇ ਦਾ ਭਰਾ ਮੋਹਨ ਸਿੰਘ ਇੰਦਰਜੀਤ ਸਿੰਘ, ਸਤਪਾਲ ਸਿੰਘ ਕੌਂਸਲਰ ਮਨਜੀਤ ਕੌਰ ਇੰਸਪੈਕਟਰ ਕਸ਼ਮੀਰ ਲਾਲ ਆਪ ਆਗੂ ਹਰਪਬਿੰਦਰ ਸਿੰਘ ਭਿੰਡਾ ਬਲਵਿੰਦਰ ਸਿੰਘ ਸੁਖਦੇਵ ਸਿੰਘ ਸੁੱਖਾ ਆਟੋ ਯੂਨੀਅਨ ਦੇ ਪ੍ਰਧਾਨ ਪ੍ਰਦੀਪ ਕੁਮਾਰ ਬੰਗੜ ਰੋਹਿਤ ਕੁਮਾਰ ਨਰੇਸ਼ ਕੁਮਾਰ ਰਕੇਸ਼ ਕੁਮਾਰ ਮੋਲਾ ਸਿੰਘ ਕਾਂਗਰਸੀ ਆਗੂ ਕੁਲਵੀਰ ਸਿੰਘ ਖੱਦਰ ਬਾਬਾ ਰਜਿੰਦਰ ਸਿੰਘ ਹਾਜ਼ਰ ਸਨ। ਬਿੱਲਾ ਆਪਣੇ ਪਿੱਛੇ ਇੱਕ ਲੜਕਾ ਸਾਹਿਲ ਸਿੰਘ (24) ਜੋ ਕਿ ਅੱਜ ਕੱਲ੍ਹ ਗਰੀਸ ਵਿੱਚ ਹੈ ਅਤੇ ਪਤਨੀ ਸੁਨੀਤਾ ਰਾਣੀ ਨੂੰ ਛੱਡ ਗਿਆ ਹੈ। ਅਵਤਾਰ ਸਿੰਘ ਦੀ ਅੰਤਿਮ ਅਰਦਾਸ 8 ਮਾਰਚ ਨੂੰ ਹੋਵੇਗੀ।

# .ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਕੀਤਾ ਸਨਮਾਨਤ

**ਨਵਾਂਸ਼ਹਿਰ, (ਮਨੋਜ ਲਾਡੀ)** ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਸਨਮਾਨਿਤ ਕਰਨ ਲਈ ਦੋਆਬਾ ਰਿਜ਼ੋਰਟ, ਬੰਗਾ ਵਿਖੇ ਜ਼ਿਲ੍ਹਾ ਪੱਧਰੀ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿਚ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ 150 ਦੇ ਕਰੀਬ ਕਿਸਾਨ ਸ਼ਾਮਿਲ ਹੋਏ। ਪੰਜਾਬ ਸਟੇਟ ਕੰਨਟੇਨਰ ਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਦੇ ਉੱਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਵਾਂਸ਼ਹਿਰ ਸਤਨਾਮ ਸਿੰਘ ਜਲਵਾਹਾ ਵੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੁੱਖੀ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮੂਹ ਹਾਜ਼ਰ ਕਿਸਾਨ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਪਰਾਲੀ ਨੂੰ ਅੱਗ ਨਾ ਲਗਾ ਕੇ ਮਿੱਟੀ ਅਤੇ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਪੈਦਾ ਹੋਏ ਧੂੰਏਂ ਦੇ ਮਨੁੱਖੀ ਸਿਹਤ 'ਤੇ ਬਹੁਤ ਬੁਰੇ ਪ੍ਰਭਾਵ ਪੈਂਦੇ ਹਨ।ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੂਝਵਾਨ ਕਿਸਾਨਾਂ ਦੀ ਬਦੌਲਤ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ 84 ਫੀਸਦੀ ਘਟੇ ਹਨ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਬੰਗਾ ਵਿਪਨ ਭੰਡਾਰੀ ਨੇ ਕਿਸਾਨਾਂ ਨੂੰ ਖੇਤੀ ਮਾਹਿਰਾਂ ਵੱਲੋਂ ਵਿਕਸਿਤ ਕੀਤੀਆਂ ਤਕਨੀਕਾਂ ਅਪਣਾ ਕੇ ਖੇਤੀ ਕਰਨ ਦੀ ਸਲਾਹ ਦਿੱਤੀ। ਐਸ.ਡੀ.ਐਮ ਬਲਾਚੌਰ



ਰਵਿੰਦਰ ਕੁਮਾਰ ਬਾਂਸਲ ਵੀ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ।ਮੁੱਖ ਖੇਤੀਬਾੜੀ ਅਫਸਰ ਡਾ. ਰਜਿੰਦਰ ਕੁਮਾਰ ਕੰਬੋਜ ਨੇ ਦੱਸਿਆ ਕਿ ਇਸ ਸਕੀਮ ਅਧੀਨ ਸਾਲ 2024-25 ਦੌਰਾਨ ਵੱਖ-ਵੱਖ ਮਸ਼ੀਨਰੀ ਉਪਦਾਨ 'ਤੇ ਦੇਣ ਲਈ ਆਨਲਾਈਨ ਪੋਰਟਲ 'ਤੇ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਪ੍ਰਾਪਤ ਟੀਚੇ ਅਨੁਸਾਰ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਅਨੁਸਾਰ 229 ਮਸ਼ੀਨਾਂ ਦੀ ਕੁੱਲ 3,91,74,800 ਰੁਪਏ ਦੀ ਰਾਸ਼ੀ ਕਿਸਾਨਾਂ ਦੇ ਖਾਤੇ ਵਿਚ ਡੀ.ਬੀ.ਟੀ ਰਾਹੀਂ ਟਰਾਂਸਫਰ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਸ਼ੀਨਾਂ ਵਿਚ 13 ਬੇਲਰ, 1 ਕਰਾਪ ਰੀਪਰ, 3 ਐਚ ਆਰ.ਐਮ.ਬੀ ਪਲਾਓ, 1 ਪੈਡੀ ਸਟਰਾਅ ਚੌਪਰ, 15 ਰੋਟਰੀ ਸਲੈਸ਼ਰ, 9 ਸਟਰਾਅ ਰੇਕ,167 ਸੁਪਰ ਸੀਡਰ, 7 ਟ੍ਰੈਕਟਰ, 6 ਟਰਾਲੀਆਂ ਅਤੇ 7 ਜ਼ੀਰੋ ਟਿੱਲ ਡਰਿੱਲ ਸ਼ਾਮਲ ਹਨ।ਖੇਤੀਬਾੜੀ ਅਫਸਰ ਬੰਗਾ ਡਾ. ਲਛਮਣ ਦਾਸ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉਹ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਗਈਆਂ ਤਕਨੀਕਾਂ ਅਤੇ ਵੱਖ-ਵੱਖ ਫ਼ਸਲਾਂ ਦੀਆਂ ਕਿਸਮਾਂ ਨੂੰ ਅਪਣਾ ਕੇ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਡਾ. ਜਸਵਿੰਦਰ ਕੁਮਾਰ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਸਮਾਗਮ ਦੌਰਾਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਪਰਾਲੀ ਪ੍ਰਬੰਧਨ ਲਈ ਵਧੀਆਂ ਸੇਵਾਵਾਂ ਦੇਣ ਲਈ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਇਸ ਮੌਕੇ ਡਾ. ਰਾਜ ਕੁਮਾਰ ਖੇਤੀਬਾੜੀ ਅਫਸਰ ਨਵਾਂਸ਼ਹਿਰ ਡਾ. ਕੁਲਵਿੰਦਰ ਕੌਰ ਏ.ਪੀ.ਪੀ.ਓ, ਡਾ.ਲਛਮਣ ਦਾਸ ਖੇਤੀਬਾੜੀ ਅਫਸਰ ਬੰਗਾ, ਡਾ. ਲੇਖ ਰਾਜ ਖੇਤੀਬਾੜੀ ਅਫਸਰ ਔੜ, ਡਾ. ਸੁਰਿੰਦਰ ਕੁਮਾਰ ਖੇਤੀਬਾੜੀ ਅਫਸਰ, ਬਲਾਚੌਰ, ਡਾ. ਨਿਤਿਨ ਖੇਤੀਬਾੜੀ ਅਫਸਰ ਸੜੋਆ, ਡਾ. ਕਮਲਦੀਪ ਸਿੰਘ ਪ੍ਰੋਜੈਕਟ ਡਾਇਰੈਕਟਰ ਆਤਮਾ ਅਤੇ ਪਰਮਵੀਰ ਕੌਰ ਡੀ.ਪੀ.ਡੀ ਹਾਜ਼ਰ ਤੇ ਹੋਰ ਹਾਜ਼ਰ ਸਨ।

# ਕਪੂਰਥਲਾ ਦੀ ਲੜਕੀ ਨੇ ਜਲੰਧਰ ਦੇ ਪਾਸਟਰ ਖਿਲਾਫ ਜਿਸਮਾਨੀ ਛੇੜ-ਛਾੜ ਦੇ ਲਾਏ ਦੋਸ਼

**ਮੋਹਾਲੀ, ( ਗੁਰਜੀਤ ਬਿੱਲਾ )-** ਇੱਕ 21 ਸਾਲ਼ਾ ਕੁੜੀ ਨੇ ਜਲੰਧਰ ਦੇ ਇੱਕ ਗਿਰਜਾਘਰ ਦੇ ਪਾਸਟਰ 'ਤੇ ਜਿਸਮਾਨੀ ਛੇੜਖਾਨੀ ਦੇ ਗੰਭੀਰ ਦੋਸ਼ ਲਾਏ ਹਨ ਅਤੇ ਪਾਸਟਰ ਬਲਜਿੰਦਰ ਸਿੰਘ ਦੀਆਂ ਕਰਤੂਤਾਂ ਦਾ ਪਰਦਾਫਾਸ਼ ਕੀਤਾ ਹੈ ਮੋਹਾਲੀ ਪ੍ਰੈਸ ਕਲੱਬ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਆਪਣੀ ਦਰਦ ਭਰੀ ਕਹਾਣੀ ਸੁਣਾਉਂਦੇ ਹੋਏ ਪੀੜਿਤ ਕੁੜੀ ਨੇ ਦੱਸਿਆ ਕਿ ਉਹ 2017 ਤੋਂ ਆਪਣੇ ਮਾਤਾ ਪਿਤਾ ਨਾਲ ਗਿਰਜਾਘਰ ਜਾਣਾ ਸ਼ੁਰੂ ਕੀਤਾ ਸੀ ਜਦੋਂ ਉਹ ਨਬਾਲਿਗ ਸੀ। ਹੌਲੀ ਹੌਲੀ ਬਲਜਿੰਦਰ ਸਿੰਘ ਨੇ ਉਸ ਨਾਲ ਅਸ਼ਲੀਲ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸਨੂੰ ਕਈ ਵਾਰ ਗਲਤ ਤਰੀਕੇ ਨਾਲ ਛੂਹਣਾ (touch) ਤੇ ਜਿਸਮਾਨੀ ਛੇੜਖਾਨੀ ਕੀਤੀ। ਬਲਾਤਕਾਰ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਬੇਹੋਸ਼ ਹੋ ਜਾਂਦੀ ਸੀ ਅਤੇ ਉਸਨੂੰ ਫੇਰ ਛੱਡ ਦਿੰਦਾ ਸੀ। ਪੀੜਤਾ ਆਪਣੇ ਪਤੀ ਅਤੇ ਵਾਲਮੀਕਿ ਸ਼ਕਤੀ ਸੰਗਠਨ ਦੇ ਰੌਕੀ ਵਾਲਮੀਕੀ ਤੇ ਹੋਰਨਾਂ ਨਾਲ ਡੀਜੀਪੀ ਗੌਰਵ ਯਾਦਵ ਨੂੰ ਮਿਲੀ। ਉਸਨੇ ਕਿਹਾ ਕਿ ਡੀਜੀਪੀ ਨੇ ਉਸਨੂੰ ਕਰਵਾਈ ਦਾ ਭਰੋਸਾ ਦਿੱਤਾ ਹੈ।ਪਾਸਟਰ



ਬਲਜਿੰਦਰ ਉਸਨੂੰ ਅਸ਼ਲੀਲ ਮੈਸੇਜ ਵੀ ਪਾਉਂਦਾ ਰਿਹਾ ਜਿਸ ਦੇ ਸਬੂਤ ਐਸਐਸਪੀ ਕਪੂਰਥਲਾ ਨੂੰ 20/02/2025 ਨੂੰ ਲਿਖਤੀ ਸ਼ਿਕਾਇਤ ਨਾਲ ਦਿੱਤੇ ਗਏ। ਐਸਐਸਪੀ ਨੇ ਸ਼ਿਕਾਇਤ 'ਤੇ 533485 ਨੰਬਰ ਲਗਾ ਕੇ ਥਾਣਾ ਸਿਟੀ ਨੂੰ ਭੇਜ ਦਿੱਤੀ ਪਰ ਅੱਜ ਤੱਕ ਨਾ ਸ਼ਿਕਾਇਤਕਰਤਾ ਦੇ ਬਿਆਨ ਦਰਜ ਕੀਤੇ ਗਏ ਤੇ ਨਾ ਹੀ ਕੇਸ ਦਰਜ ਕੀਤੀ ਗਈ ਹੈ।ਉਸਨੇ ਦੋਸ਼ ਲਾਇਆ ਕਿ ਦੂਜੇ ਪਾਸੇ, ਪਾਸਟਰ ਬਲਜਿੰਦਰ ਸਿੰਘ ਦੇ ਹਮਾਇਤੀਆਂ ਨੇ ਥਾਣਾ ਲਾਂਬੜਾ, ਜਲੰਧਰ ਦਿਹਾਤੀ ਵਿਚ ਉਸਦੇ ਪਤੀ ਰਾਜ ਲਵੀ ਸਿੰਘ ਅਤੇ ਮਾਤਾ ਪਿਤਾ ਵਿਰੁੱਧ ਝੂਠੀਆਂ ਸ਼ਿਕਾਇਤ ਦੇ ਦਿੱਤੀਆਂ ਜਿਥੋਂ ਐ ਸ . ਐ ਚ . ਓ . ਤੇਜਿੰਦਰ ਸਿੰਘ ਸਿੱਧੂ ਉਹਨਾਂ ਨੂੰ ਵਾਰ ਵਾਰ ਥਾਣੇ ਆਉਣ ਨੂੰ ਕਹਿ ਰਿਹਾ ਹੈ।ਪੀੜਤਾ ਨੇ ਦੱਸਿਆ ਕਿ ਲਾਂਬੜਾ ਦਾ ਐਸ.ਐਚ.ਓ. ਉਹਨਾਂ 'ਤੇ ਦਬਾਅ ਬਣਾਉਣਾ ਚਾਹੁੰਦਾ ਹੈ ਕਿ ਪਾਸਟਰ ਵਿਰੁੱਧ ਸ਼ਿਕਾਇਤ ਵਾਪਿਸ ਲੈ ਲਈ ਜਾਵੇ। ਪੀੜਤਾਂ ਨੇ ਅੱਗੇ ਦੱਸਿਆ ਕਿ ਉਸਨੂੰ ਮਾਰਨ ਦੀਆਂ ਧਮਕੀਆਂ ਲਗਾਤਾਰ ਮਿੱਲ ਰਹੀਆਂ ਹਨ।ਵਾਲਮੀਕਿ ਸ਼ਕਤੀ ਸੰਗਠਨ ਦੇ ਰੌਕੀ ਵਾਲਮੀਕਿ ਨੇ ਦਸਿਆ ਕਿ ਪਾਸਟਰ ਆਪਣੀ ਚਰਚ ਵਿਚ ਕੁੜੀਆਂ ਨਾਲ ਗਲਤ ਕੰਮ ਕਰਦਾ ਹੈ ਪਰ ਮਾਮਲੇ ਦਬਾਅ ਦਿੱਤੇ ਜਾਂਦੇ ਹਨ। ਇਥੇ ਹੀ ਬਸ ਨਹੀਂ ਸਗੋਂ ਨਸ਼ੇ ਦੀ ਵਰਤੋਂ ਵੀ ਸੇਵਕਾਂ ਨੂੰ ਕਾਰਵਾਈ ਜਾਂਦੀ ਹੈ।

# ਭਵਾਨੀਗੜ੍ਹ ਟਰੱਕ ਯੂਨੀਅਨ ਮਾਮਲੇ ਦੀ ਜਾਂਚ ਸਿਟਿੰਗ ਜੱਜ ਜਾਂ ਈ ਡੀ ਤੋਂ ਕਰਵਾਈ ਜਾਵੇ : ਖੰਨਾ

**ਚੰਡੀਗੜ੍ਹ, (ਗੁਰਜੀਤ ਬਿੱਲਾ )** : ਭਵਾਨੀਗੜ੍ਹ ਟਰੱਕ ਯੂਨੀਅਨ 'ਚ ਪੈਸਿਆਂ ਦਾ ਲੈਣ ਦੇਣ ਕਰਕੇ ਪ੍ਰਧਾਨ ਬਣਾਉਣ ਦੇ ਮਾਮਲੇ 'ਚ ਹਲਕਾ ਵਿਧਾਇਕ ਅਤੇ ਉਨ੍ਹਾਂ ਦੇ ਪਤੀ ਦਾ ਨਾਂਅ ਸਾਹਮਣੇ ਆਉਣਾ ਅਤੇ ਇੱਕ ਟਰੱਕ ਆਪਰੇਟਰ ਵੱਲੋਂ ਜਹਿਰੀਲੀ ਚੀਜ਼ ਨਿਗਲਕੇ ਆਤਮ ਹੱਤਿਆ ਦੀ ਕੋਸ਼ਿਸ਼ ਕਰਨਾ ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਉੱਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।ਇਹ ਵਿਚਾਰ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਸ੍ਰੀ ਅਰਵਿੰਦ ਖੰਨਾ ਵੱਲੋਂ ਪੱਤਰਕਾਰਾਂ ਨਾਲ ਸਾਂਝੇ ਕੀਤੇ ਗਏ।ਖੰਨਾ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ੀਰੋ ਟੋਲਰੈਂਸ ਨੀਤੀ ਆਪਣੇ ਚਹੇਤੇ ਵਿਧਾਇਕਾਂ 'ਤੇ ਲਾਗੂ ਨਹੀਂ ਹੁੰਦੀ ਤੇ ਸਿਰਫ਼ ਛੋਟੇ ਮੁਲਾਜ਼ਮਾਂ ਤੱਕ ਸੀਮਿਤ ਹੈ।ਉਨ੍ਹਾਂ ਕਿਹਾ ਕਿ ਟਰੱਕ ਆਪਰੇਟਰ ਮਨਜੀਤ ਕਾਕਾ ਵੱਲੋਂ ਵੀਡੀਓ ਨਸ਼ਰ ਕਰਕੇ ਸਿੱਧੇ ਤੌਰ 'ਤੇ 30 ਲੱਖ 'ਚ ਵਿਧਾਇਕ ਨਰਿੰਦਰ ਕੌਰ ਭਰਾਜ ਅਤੇ ਉਨ੍ਹਾਂ ਦੇ ਪਤੀ ਨਾਲ ਪ੍ਰਧਾਨਗੀ ਨੂੰ ਲੈ ਕੇ ਸੌਦੇਬਾਜ਼ੀ ਦੇ ਦੋਸ਼ ਲਗਾਏ ਹਨ ਤੇ ਵੀਡੀਓ 'ਚ ਨਗਦੀ ਪਈ ਵੀ ਸਾਫ਼ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਉੱਤੇ ਪਹਿਲਾਂ ਤੋਂ ਵੀ ਅਜਿਹੇ ਦੋਸ਼ ਲੱਗਦੇ ਹੀ ਆ ਰਹੇ ਹਨ ਤੇ ਆਮ ਜਨਤਾ ਤੱਕ ਵੀ ਉਨ੍ਹਾਂ ਦੀ ਸੰਪਤੀ 'ਚ ਵਾਧੇ ਅਤੇ ਵਿਦੇਸ਼ੀ ਟੂਰਾਂ ਤੋਂ ਹੈਰਾਨ ਹੈ।ਟਰੱਕ ਆਪਰੇਟਰ ਮਨਜੀਤ ਕਾਕਾ ਵੱਲੋਂ ਆਪਣੇ ਨਾਲ ਹੋਈ ਵਾਅਦਾ ਖਿਲਾਫ਼ੀ ਤੋਂ ਦੁਖੀ ਹੋਕੇ ਜ਼ਹਿਰੀਲੀ ਚੀਜ ਨਿਗਲ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਹਾਲੇ ਵੀ ਇਲਾਜ ਅਧੀਨ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਾਹਿਬ ਨੂੰ ਮਾਮਲਾ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ ਤੇ ਸਾਰੇ ਮਾਮਲੇ ਦੀ ਜਾਂਚ ਸਿਟਿੰਗ ਜੱਜ ਜਾਂ ਈ ਡੀ ਦੇ ਸਪੁਰਦ ਕਰਨੀ ਚਾਹੀਦਾ ਹੈ, ਕਿਉਂਕਿ ਪੰਜਾਬ ਸਰਕਾਰ ਦੀ ਜਾਂਚ ਤੇ ਕਿਸੇ ਨੂੰ ਕੋਈ ਭਰੋਸਾ ਨਹੀਂ ਇਸ ਤੋਂ ਪਹਿਲਾਂ ਵੀ ਇਨ੍ਹਾਂ ਦੇ ਕਈ ਵਿਧਾਇਕ ਆਪਣੇ ਸਰਕਾਰੀ ਰਸੂਖ ਕਾਰਨ ਬਚ ਨਿਕਲੇ ਹਨ। ਮਾਨਸਾ ਤੋਂ ਵਿਧਾਇਕ ਵਿਜੈ ਸਿੰਗਲਾ ਦਾ ਮਾਮਲਾ ਵੀ ਸਭ ਦੇ ਸਾਹਮਣੇ ਹੈ।ਉਨ੍ਹਾਂ ਕਿਹਾ ਕਿ ਸਰਕਾਰਾਂ ਤੇ ਵਿਧਾਇਕ ਅਕਸਰ ਹੀ ਆਪਣੇ ਲੀਡਰਾਂ ਦੀ ਵੱਖ ਵੱਖ ਅਹੁਦਿਆਂ ਲਈ ਮੱਦਦ ਕਰਦੇ ਹਨ। ਪਰ ਇਸ ਲਈ ਕਿਸੇ ਕਿਸਮ ਦੀ ਲੁੱਟਬਾਜ਼ੀ ਸਰਾਸਰ ਗੈਰ ਕਾਨੂੰਨੀ ਹੈ।ਖੰਨਾ ਨੇ ਕਿਹਾ ਕਿ ਵਿਧਾਇਕ ਭਰਾਜ ਮਨਜੀਤ ਕਾਕਾ ਨਾਲ ਪੈਸਿਆਂ ਵਾਲੀ ਵੀਡੀਓ 'ਚ ਦਿਖਾਈ ਦੇ ਰਹੇ ਗੁਰਪ੍ਰੀਤ ਸਿੰਘ ਨਦਾਮਪੁਰ ਤੋਂ ਵੀ ਪੱਲਾ ਝਾੜ ਰਹੇ ਹਨ। ਹਲਕੇ 'ਚ ਸਭਨੂੰ ਪਤਾ ਹੈ ਕਿ ਗੁਰਪ੍ਰੀਤ ਸਿੰਘ ਆਮ ਆਦਮੀ ਪਾਰਟੀ ਦਾ ਮੋਹਰੀ ਆਗੂ ਤੇ ਬਲਾਕ ਪ੍ਰਧਾਨ ਹੈ, ਜੋ ਵਿਧਾਇਕ ਭਰਾਜ ਦਾ ਕਾਫ਼ੀ ਨਜ਼ਦੀਕੀ ਹੈ ਤੇ ਵਿਧਾਇਕ ਭਰਾਜ ਸ਼ਰੇਆਮ ਝੂਠ ਬੋਲ ਰਹੇ ਹਨ ਕਿ ਉਸ ਦਾ ਅਤੇ ਆਮ ਆਦਮੀ ਪਾਰਟੀ ਦਾ ਗੁਰਪ੍ਰੀਤ ਸਿੰਘ ਨਾਲ ਕੋਈ ਨਾਤਾ ਨਹੀਂ।

# ਚੀਮਿਆਂ ਦਾ ਛਿੰਝ ਮੇਲਾ ਹੁਣ 7 ਨੂੰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਛਿੰਝ ਕਮੇਟੀ ਚੀਮਾ ਕਲਾਂ ਚੀਮਾ ਖੁਰਦ ਵਲੋਂ 27 ਫਰਵਰੀ ਦਾ ਛਿੰਝ ਮੇਲਾ ਮੀਂਹ ਕਰਨ ਮੁਲਤਵੀ ਕਰ ਦਿੱਤਾ ਗਿਆ ਸੀ। ਕਮੇਟੀ ਦੇ ਬੁਲਾਰੇ ਖੁਸ਼ਪਾਲ ਨਾਹਣਾ ਨੇ ਦੱਸਿਆ ਕਿ ਹੁਣ ਇਹ ਛਿੰਝ ਮੇਲਾ ਹੁਣ 7 ਮਾਰਚ ਦਿਨ ਸ਼ੁੱਕਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਛਿੰਝ ਮੇਲੇ ਵਿੱਚ ਉੱਚ ਕੋਟੀ ਦੇ ਪਹਿਲਵਾਨ ਕੁਸ਼ਤੀਆਂ ਲੜਨਗੇ ਅਤੇ ਕਮੇਟੀ ਵਲੋਂ ਰੱਖੇ ਇਨਾਮ ਪ੍ਰਾਪਤ ਕਰਨਗੇ।

# ਹੁਣ ਬਿਨਾਂ ਐਨ ਓ ਸੀ ਤੋਂ 31 ਅਗਸਤ ਤੱਕ ਹੋਵੇਗੀ ਰਜਿਸਟਰੀ : ਜੈਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਬਿਨਾ ਐਨ ਓ ਸੀ ਤੋਂ ਰਜਿਸਟਰੀਆਂ ਕਰਨ ਦੀ 28 ਫਰਵਰੀ 2025 ਤੱਕ ਦੀ ਮਿਆਦ ਨੂੰ ਵਧਾ ਕੇ 31 ਅਗਸਤ 2025 ਕਰ ਦਿੱਤਾ ਹੈ, ਜਿਸ ਨਾਲ 500 ਗਜ਼ ਤੱਕ ਦੇ ਪਲਾਟਾਂ ਦੀ ਰਜਿਸਟਰੀ ਬਿਨਾ ਐਨ ਓ ਸੀ ਤੋਂ ਹੋਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਬਿਨਾ ਐਨ ਓ ਸੀ ਤੋਂ ਰਜਿਸਟਰੀਆਂ ਕਰਨ ਦੀ ਮਿਆਦ ਨੂੰ 1 ਮਾਰਚ ਤੋਂ 31 ਅਗਸਤ 2025 ਤੱਕ ਵਧਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਣ ਅਧਿਕਾਰਤ ਕਲੋਨੀਆਂ ਵਿਚ ਉਹ ਪਲਾਟ ਜਿਨ੍ਹਾਂ ਦੀ ਖਰੀਦ ਬਾਰੇ ਬਿਨੈਕਾਰਾਂ ਵੱਲੋਂ 31 ਜੁਲਾਈ 2024 ਤੋਂ ਪਹਿਲਾਂ ਅਸ਼ਟਾਮ ਰਾਹੀਂ ਐਗਰੀਮੈਂਟ ਆਦਿ ਕੀਤਾ ਗਿਆ ਹੈ ਤਾਂ ਬਿਨੇਕਾਰ 31 ਅਗਸਤ ਤੋਂ ਪਹਿਲਾਂ ਬਿਨਾ ਐਨ ਓ ਸੀ ਤੋਂ ਰਜਿਸਟਰੀ ਕਰਵਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹੇ ਵਿਚ ਮਾਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਜਾ ਚੁੱਕੇ ਹਨ ਕਿ ਹਦਾਇਤਾਂ ਦੀ ਇਨਬਿਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਵਧੀ ਮਿਆਦ ਦਾ ਲਾਭ ਮਿਲ ਸਕੇ।



# ਕਬੱਡੀ ਖਿਡਾਰੀ ਦੇ ਕਤਲ ਮਾਮਲੇ 'ਚ ਹਥਿਆਰ ਬਰਾਮਦ

**ਜਲੰਧਰ, ( ਸ਼ੈਲੀ ਐਲਬਰਟ)-** ਦਿਹਾਤੀ ਪੁਲਸ ਨੇ 2022 ਵਿੱਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆ ਦੇ ਕਤਲ ਵਿੱਚ ਸ਼ਾਮਲ ਦੋ ਨਿਸ਼ਾਨੇਬਾਜ਼ਾਂ ਤੋਂ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਹਨ। ਇਹ ਜਾਣਕਾਰੀ ਇੱਥੇ ਐਸ.ਐਸ.ਪੀ. ਜਲੰਧਰ ਦਿਹਾਤੀ, ਹਰਕਮਲਪ੍ਰੀਤ ਸਿੰਘ ਖੱਖ ਨੇ ਦਿੱਤੀ।ਮੁਲਜ਼ਮ ਪੁਨੀਤ ਕੁਮਾਰ ਉਰਫ਼ ਲਖਨਪਾਲ ਪੁੱਤਰ ਰਜਿੰਦਰ ਕੁਮਾਰ ਵਾਸੀ ਮੁਹੱਲਾ ਅਮਨ ਨਗਰ, ਜਲੰਧਰ ਅਤੇ ਨਰਿੰਦਰ ਕੁਮਾਰ ਉਰਫ਼ ਲਾਲੀ ਪੁੱਤਰ ਸੁਭਾਸ਼ ਚੰਦਰ ਵਾਸੀ ਗੋਬਿੰਦ ਨਗਰ, ਜਲੰਧਰ ਨੂੰ ਜਲੰਧਰ ਦਿਹਾਤੀ ਪੁਲਿਸ ਵੱਲੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ। ਪੁੱਛਗਿੱਛ ਦੌਰਾਨ, ਉਨ੍ਹਾਂ ਨੇ ਅਪਰਾਧ ਵਿੱਚ ਵਰਤੇ ਗਏ ਹਥਿਆਰਾਂ ਬਾਰੇ ਜਾਣਕਾਰੀ ਦਾ ਖੁਲਾਸਾ ਕੀਤਾ, ਜੋ ਹੁਣ ਪੁਲਸ ਨੇ ਬਰਾਮਦ ਕਰ ਲਏ ਹਨ। ਬਰਾਮਦ ਕੀਤੀਆਂ ਗਈਆਂ ਚੀਜ਼ਾਂ ਵਿੱਚ ਦੋ ਪਿਸਤੌਲ ਅਤੇ ਜ਼ਿੰਦਾ ਗੋਲਾ ਬਾਰੂਦ ਸ਼ਾਮਲ ਹਨ। ਮੁਲਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਇਨ੍ਹਾਂ ਹਥਿਆਰਾਂ ਨੂੰ ਬਰਾਮਦ ਕਰਨ ਲਈ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ। ਇਹਨਾਂ ਹਥਿਆਰਾਂ ਨੂੰ ਸੰਦੀਪ ਨੰਗਲ ਅੰਬੀਆ ਦੇ ਕਤਲ ਨੂੰ ਅੰਜਾਮ ਦੇਣ ਵਿੱਚ ਵਰਤਿਆ ਗਿਆ ਸੀ।ਹਥਿਆਰਾਂ ਦੀ ਬਰਾਮਦਗੀ ਨਾਲ ਦਿਹਾਤੀ ਪੁਲਸ ਨੇ ਇਸ ਕਤਲ ਵਿੱਚ ਸ਼ਾਮਲ ਕੁੱਲ 16 ਮੁਲਜ਼ਮਾਂ ਵਿਰੁੱਧ ਕੇਸ ਨੂੰ ਮਜ਼ਬੂਤ ਕੀਤਾ ਹੈ।



# ਆਰ ਬੀ ਯੂ ਵੱਲੋਂ ਜੀਵਨ ਵਿਗਿਆਨ, ਸਿਹਤ 'ਤੇ ਅੰਤਰਰਾਸ਼ਟਰੀ ਕਾਨਫਰੰਸ




**ਚੰਡੀਗੜ੍ਹ ( ਗੁਰਜੀਤ ਬਿੱਲਾ)-** ਰਿਆਤ ਬਾਹਰਾ ਯੂਨੀਵਰਸਿਟੀ ਦੇ ਜੀਵਨ ਵਿਗਿਆਨ ਵਿਭਾਗ ਵਲੋਂ ਜੀਵਨ ਵਿਗਿਆਨ, ਸਿਹਤ ਅਤੇ ਵਾਤਾਵਰਣ ਸਥਿਰਤਾ 'ਤੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਆਯੋਜਿਤ ਕੀਤੀ ਗਈ ।ਹਾਈਬ੍ਰਿਡ ਮੋਡ ਵਿੱਚ ਆਯੋਜਿਤ ਇਸ ਕਾਨਫਰੰਸ ਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀਐਸਸੀਐਸਟੀ), ਸਾਇੰਸ ਐਂਡ ਟੈਕਨਾਲੋਜੀ ਵਿਭਾਗ (ਡੀਐਸਟੀ), ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ (ਐਨਸੀਐਸਟੀਸੀ), ਮਾਈਕ੍ਰੋਬਾਇਓਲੋਜੀਕਲ ਸੋਸਾਇਟੀ ਆਫ ਇੰਡੀਆ ਅਤੇ ਰੇਡ ਰਿਬਨ ਕਲੱਬ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ।ਕਾਨਫਰੰਸ ਦਾ ਉਦੇਸ਼ ਜੀਵਨ ਵਿਗਿਆਨ, ਸਿਹਤ ਅਤੇ ਵਾਤਾਵਰਣ ਸਥਿਰਤਾ ਵਿੱਚ ਅਤਿ-ਆਧੁਨਿਕ ਤਰੱਕੀ 'ਤੇ ਚਰਚਾ ਨੂੰ ਉਤਸ਼ਾਹਿਤ ਕਰਨਾ ਸੀ।ਇਸ ਵਿੱਚ ਕੁੰਜੀਵਤ ਸੈਸ਼ਨ, ਮਾਹਰ ਭਾਸ਼ਣ, ਖੋਜ ਪੱਤਰ ਪ੍ਰਸਤੁਤੀਆਂ, ਪ੍ਰੋਜੈਕਟ ਡਿਸਪਲੇ, ਵਿਗਿਆਨਕ ਪ੍ਰਦਰਸ਼ਨੀਆਂ, ਪੈਨਲ ਚਰਚਾਵਾਂ ਅਤੇ ਇੰਟਰਐਕਟਿਵ ਮੁਕਾਬਲੇ ਸ਼ਾਮਲ ਸਨ।ਉਦਘਾਟਨੀ ਸੈਸ਼ਨ ਦੀ ਸ਼ੁਰੂਆਤ ਡਾ: ਸਿਮਰਜੀਤ ਕੌਰ, ਡਾਇਰੈਕਟਰ-ਆਈਕਿਊਏਸੀ, ਰਿਆਤ ਬਾਹਰਾ ਯੂਨੀਵਰਸਿਟੀ ਦੇ ਸੁਆਗਤੀ ਭਾਸ਼ਣ ਨਾਲ ਹੋਈ, ਇਸ ਤੋਂ ਬਾਅਦ ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਅਤੇ ਪਤਵੰਤਿਆਂ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ।ਮੁੱਖ ਮਹਿਮਾਨ ਡਾ. ਵਰਿੰਦਰ ਗਾਰਗ, ਜੋ ਕਿ ਪ੍ਰੈਜ਼ੀਡੈਂਟ ਪੀਜੀਆਈਐਮਈਆਰ (ਕੇਂਦਰੀ ਸਿਹਤ ਮੰਤਰੀ, ਭਾਰਤ) ਦੇ ਓਐਸਡੀ ਹਨ ਇਸ ਕਾਨਫਰੰਸ ਦੇ ਮੁੱਖ ਮਹਿਮਾਨ ਸਨ, ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜਕਰਤਾਵਾਂ ਵਿੱਚ ਵਿਚਾਰਾਂ ਦੇ ਆਦਾਨ-ਪ੍ਰਦਾਨ ਅਤੇ ਨੈਟਵਰਕਿੰਗ ਦੀ ਮਹੱਤਤਾ ਉਜਾਗਰ ਕੀਤਾ ।ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਆਪਣੇ ਸੰਬੋਧਨ ਵਿੱਚ ਕੀਨੋਟ ਸੈਸ਼ਨ, ਮਾਹਿਰ ਭਾਸ਼ਣ, ਖੋਜ ਪੱਤਰ ਪ੍ਰਸਤੁਤੀ ਅਤੇ ਵਿਚਾਰ-ਵਟਾਂਦਰੇ ਦੇ ਨਾਲ-ਨਾਲ ਬਹੁਤ ਹੀ ਰੁਝੇਵੇਂ ਭਰਪੂਰ ਪ੍ਰੋਜੈਕਟਾਂ ਦੀ ਆਸ ਪ੍ਰਗਟਾਈ ਅਤੇ ਕਿਹਾ ਕਿ ਵਿਸ਼ੇ ਨਾਲ ਸੰਬੰਧਿਤ ਕਵਿਜ਼ ਮੁਕਾਬਲੇ ਭਾਗੀਦਾਰਾਂ ਲਈ ਲਾਭਦਾਇਕ ਸਾਬਤ ਹੋਣਗੇ ।ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਕਾਨਫਰੰਸ ਦਾ ਉਦੇਸ਼ ਬਹੁ-ਅਨੁਸ਼ਾਸਨੀ ਸਿੱਖਿਆ, ਖੋਜ ਅਤੇ ਫੰਡਿੰਗ ਲਈ ਇੱਕ ਈਕੋਸਿਸਟਮ ਬਣਾਉਣਾ ਸੀ।ਦੂਜੇ ਦਿਨ ਭਾਰਤੀ ਰੈੱਡ ਕਰਾਸ ਸੋਸਾਇਟੀ ਪੰਜਾਬ ਰਾਜ ਸ਼ਾਖਾ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਆਈ.ਏ.ਐਸ.(ਸੇਵਾਮੁਕਤ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ।ਗੈਸਟ ਆਫ ਆਨਰ, ਪ੍ਰੋ. (ਡਾ.) ਨੀਨਾ ਪਜਨੀ ਸੇਠ, ਪ੍ਰਿੰਸੀਪਲ, ਜੀ.ਪੀ.ਸੀ., ਖੰਨਾ ਨੇ ਵੀ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ।ਡਾ. ਡੀਪੀਐਸ ਬਡਵਾਲ, ਜਸਟ ਐਗਰੀਕਲਚਰ ਦੇ ਸੰਸਥਾਪਕ ਅਤੇ ਸੀਈਓ, ਨੇ ਉੱਦਮਤਾ ਦੇ ਵਾਧੇ ਲਈ ਰਣਨੀਤੀਆਂ 'ਤੇ ਵਿਚਾਰ ਕੀਤਾ। ਡਾ.ਜੀ.ਆਰ.ਚੌਧਰੀ, ਚੇਅਰਪਰਸਨ, ਕੈਮਿਸਟਰੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਡਾ: ਅਮਿਤ ਕੁਮਾਰ ਯੂਨੀਵਰਸਿਟੀ ਆਫ਼ ਟੈਨੇਸੀ, ਨੌਕਸਵਿਲੇ, ਅਮਰੀਕਾ ਨੇ (ਆਨਲਾਈਨ ਮੋਡ) ਤੋਂ ਮੁੱਖ ਭਾਸ਼ਣ ਦਿੱਤਾ।ਅਤੇ ਐਸ. ਪਰਮਜੀਤ ਸਿੰਘ, ਨਿਰਦੇਸ਼ਕ, ਖੇਤਰੀ ਉੱਦਮ ਵਿਕਾਸ ਕੇਂਦਰ, ਚੰਡੀਗੜ੍ਹ ਦੁਆਰਾ ਉੱਦਮਤਾ ਅਤੇ ਸਟਾਰਟਅੱਪਸ ਬਾਰੇ ਇੱਕ ਸੈਸ਼ਨ ਲਿਆ ਗਿਆ ।ਸਮਾਗਮ ਦੌਰਾਨ ਰਿਆਤ ਬਾਹਰਾ ਇੰਟਰਨੈਸ਼ਨਲ ਜਰਨਲ ਆਫ਼ ਮਲਟੀਡਿਸਿਪਲਨਰੀ ਰਿਸਰਚ (ਆਰਬੀਆਈਜੇਐਮਆਰ) ਦਾ ਇੱਕ ਵਿਸ਼ੇਸ਼ ਕਾਨਫਰੰਸ ਅੰਕ ਅਤੇ ਕਾਨਫਰੰਸ ਦਾ ਸੰਖੇਪ ਕਿਤਾਬਚਾ ਵੀ ਜਾਰੀ ਕੀਤਾ ਗਿਆ।

# ਪਰੇਮ ਚੰਦ ਨੂੰ ਦਿੱਤੀ ਨਿੱਘੀ ਵਿਦਾਇਗੀ



**ਬਲਾਚੌਰ (ਜਸਵਿੰਦਰ ਬੈਂਸ )-** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਅਧੀਨ ਦਫਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ, ਬਲਾਚੌਰ ਵਿਖੇ ਤਾਇਨਾਤ ਪ੍ਰੇਮ ਚੰਦ ਨੂੰ 60 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਸੇਵਾ ਮੁਕਤੀ 'ਤੇ ਸਮੂਹ ਸਟਾਫ ਵੱਲੋ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਪੂਰਨ ਪੰਕਜ਼ ਸ਼ਰਮਾ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਬਲਾਚੌਰ ਨੇ ਪ੍ਰੇਮ ਚੰਦ ਵੱਲੋਂ ਨਿਭਾਈ ਗਈ ਸੇਵਾ ਲਈ ਉਨ੍ਹਾਂ ਦੀ ਸ਼ਲਾਘਾ ਕਰਦੇ ਹੋਏ ਸਨਮਾਨ ਚਿੰਨ੍ਹ ਪ੍ਰਦਾਨ ਕੀਤਾ। ਪ੍ਰੇਮ ਚੰਦ ਵੱਲੋਂ ਸਮੁੱਚੇ ਸਟਾਫ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਕਰਨਦੀਪ ਸਿੰਘ ਸੀਨੀਅਰ ਸਹਾਇਕ, ਸੰਦੀਪ ਚੌਧਰੀ ਕਲਰਕ, ਹਰਸ਼ ਬਾਲਾ, ਨੀਲਮ ਕੁਮਾਰੀ, ਅੰਜ਼ਲੀ, ਪਰਮਜੀਤ ਕੌਰ ਸੁਪਰਵਾਈਜ਼ਰ ਅਤੇ ਹੋਰ ਸ਼ਖ਼ਸ਼ੀਅਤਾਂ ਹਾਜ਼ਰ ਸਨ।

# ਮਜ਼ਬੂਤ ਭਾਈਚਾਰਕ ਸਾਂਝ ਦਾ ਅਧਾਰ ਹਨ ਧਾਰਮਿਕ ਸਮਾਗਮ : ਬੈਂਸ



**ਭਲਾਣ ( ਹਰਭਜਨ ਢਿੱਲੋਂ )** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਚੇਰੀ ਸਿੱਖਿਆ, ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਹੈ ਕਿ ਧਾਰਮਿਕ ਸਮਾਗਮ ਸਾਡੇ ਸੂਬੇ ਵਿੱਚ ਅਮਨ, ਸ਼ਾਤੀ, ਖੁਸ਼ਹਾਲੀ ਤੇ ਤਰੱਕੀ ਦੇ ਪ੍ਰਤੀਕ ਹਨ। ਮਜਬੂਤ ਭਾਈਚਾਰਕ ਸਾਂਝ ਦਾ ਅਧਾਰ ਇਹ ਧਾਰਮਿਕ ਸਮਾਗਮ ਹਨ, ਜਿਨ੍ਹਾਂ ਵਿੱਚ ਵੱਖ ਵੱਖ ਧਰਮਾਂ ਦੇ ਲੋਕ ਰਲ ਮਿਲ ਕੇ ਸਾਰੇ ਧਰਮਾਂ ਦੇ ਧਾਰਮਿਕ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਦੇ ਹਨ। ਸ੍ਰੀ ਮਾਧਵ ਮੰਦਿਰ ਸੇਵਾ ਸਮਿਤੀ ਪਿੰਡ ਟੱਪਰੀਆਂ ਨੰਗਲੀ ਵੱਲੋਂ ਬੀਤੇ ਦਿਨ ਕਰਵਾਏ ਗਏ ਧਾਰਮਿਕ ਪ੍ਰੋਗਰਾਮ ਦੌਰਾਨ ਆਯੋਜਿਤ ਸ਼ੋਭਾ ਯਾਤਰਾ ਵਿਚ ਸ਼ਮੂਲੀਅਤ ਕਰਨ ਪਹੁੰਚੇ ਬੈਂਸ ਨੇ ਕਿਹਾ ਕਿ ਅਸੀ ਪੰਜਾਬ ਨੂੰ ਵਿਕਾਸ ਤੇ ਤਰੱਕੀ ਦੇ ਮਾਰਗ 'ਤੇ ਲਿਆ ਕੇ ਸੂਬਾ ਖੁਸ਼ਹਾਲ ਬਣਾਉਣ ਦਾ ਉਪਰਾਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਬੀਤੇ 3 ਸਾਲਾ ਦੌਰਾਨ ਸਾਡੇ ਸੂਬੇ ਨੇ ਤਰੱਕੀ ਦੀਆਂ ਨਵੀਆਂ ਪੁਲਾਘਾਂ ਪੁੱਟੀਆਂ ਹਨ। ਅਗਲੇ ਦੋ ਸਾਲਾਂ ਵਿੱਚ ਵਿਕਾਸ ਦੀ ਰਫਤਾਰ ਨੂੰ ਹੋਰ ਗਤੀ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਸਿੱਖਿਆ ਅਤੇ ਸਿਹਤ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਕਦਮ ਚੁੱਕੇ ਹਨ।ਸ੍ਰੀ ਮਾਧਵ ਮੰਦਿਰ ਸੇਵਾ ਸਮਿਤੀ ਟੱਪਰੀਆ ਵੱਲੋਂ ਰਾਧਾ ਕ੍ਰਿਸ਼ਨ ਮੰਦਿਰ ਤੋਂ ਸ਼ੁਰੂ ਹੋਏ ਭਨੂਪਲੀ ਬਜਾਰ ਵਿਚ ਹੁੰਦੇ ਹੋਏ ਇਹ ਸ਼ੋਭਾ ਯਾਤਰਾ ਵਾਪਸ ਆਸ਼ਰਮ ਵਿੱਚ ਹੀ ਆ ਗਈ। ਸ੍ਰੀ ਮਾਧਵ ਮੰਦਿਰ ਸੇਵਾ ਸਮਿਤੀ ਪਿੰਡ ਟੱਪਰੀਆਂ ਵੱਲੋਂ ਬੈਂਸ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ, ਨਿਤਿਨ ਸੋਨੀ ਕਮੇਟੀ ਮੈਂਬਰ, ਮਹੇਸ਼ ਕੁਮਾਰ, ਅਨਿਲ ਕੁਮਾਰ, ਅਖਿਲ ਕੋਚਰ, ਸੁਧੀਰ ਸੋਨੀ, ਰੋਹਿਤ ਕੋਚਰ, ਅੰਸ਼ਲ, ਹਰੀ ਓਮ ਉੱਪਲ ਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਕਰੀਮਪੁਰੀ ਨੇ ਕੀਤੀ ਪਾਰਟੀ ਦੇ ਅਹੁਦੇਦਾਰਾਂ ਦੀ ਨਿਯੁਕਤੀ

**ਬਲਾਚੌਰ, (ਜਸਵਿੰਦਰ ਬੈਂਸ)** ਬੁੱਧ ਬਿਹਾਰ ਬਲਾਚੌਰ ਵਿਖੇ ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ ਤੇ ਕਿਹਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਨੂੰ ਸਮਰਪਿਤ ਵਿਧਾਨ ਸਭਾ ਫਗਵਾੜਾ ਵਿਖੇ ਉਨ੍ਹਾਂ ਵਲੋਂ 15 ਮਾਰਚ ਨੂੰ ਇਕ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ।ਉਸ ਦਿਨ ਤੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਇੱਕ ਮੁਹਿੰਮ ਵਿੱਢੀ ਜਾ ਰਹੀ ਹੈ। ਪੰਜਾਬ ਵਿੱਚ ਵੱਖ ਵੱਖ ਪਾਰਟੀ ਦੀਆਂ ਸਰਕਾਰਾਂ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀਆਂ ਸੌਂਹਾਂ ਵੀ ਖਾਦੀਆਂ ਪਰੰਤੂ ਪੰਜਾਬ ਨੂੰ ਇਸ ਨਸ਼ੇ ਦੀ ਦਲਦਲ ਵਿੱਚ ਨੌਜਵਾਨਾਂ ਨੂੰ ਜਾਣ ਬੁੱਝ ਕੇ ਧੱਕਿਆ ਗਿਆ। ਇਸ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਜਿੰਮੇਵਾਰ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਤੇ ਭਾਰਤ ਦੇ ਨੌਜਵਾਨ ਰੁਜ਼ਗਾਰ ਲਈ ਧੱਕੇ ਖਾਂਦੇ ਹੋਏ ਵਿਦੇਸ਼ਾਂ ਵੱਲ ਨਾ ਜਾਂਦੇ ਜੇਕਰ ਇਥੇ ਉਨ੍ਹਾਂ ਨੂੰ ਰੁਜ਼ਗਾਰ ਮਿਲਦਾ ਹੁੰਦਾ। ਉਨ੍ਹਾਂ ਨੇ ਵਰਕਰਾਂ ਨੂੰ ਇਕਜੁੱਟ ਹੋ ਕੇ ਪਾਰਟੀ ਦੀ ਮਜਬੂਤੀ ਕਰਨ ਲਈ ਪ੍ਰੇਰਿਤ ਕੀਤਾ। ਕਰੀਮਪੁਰੀ ਵੱਲੋਂ ਵਿਧਾਨ ਸਭਾ ਹਲਕਾ ਬਲਾਚੌਰ ਦੇ ਅਹੁਦੇਦਾਰਾਂ ਦੀ ਨਿਯੁਕਤੀ ਵੀ ਕੀਤੀ ਗਈ। ਇਸ ਮੌਕੇ ਪ੍ਰਧਾਨ ਡਾ. ਚਰਨਜੀਤ ਸੁਮਨ ਬਲਾਚੌਰ, ਮੀਤ ਪ੍ਰਧਾਨ ਬਖਸ਼ੀਸ਼ ਸਿੰਘ ਮਾਜਰਾ ਜੱਟਾ, ਜਨਰਲ ਸਕੱਤਰ ਡਾਕਟਰ ਪਰਸ਼ੋਤਮ ਲਾਲ ਚਣਕੋਈ, ਕੈਸ਼ੀਅਰ ਜਸਵਿੰਦਰ ਮਾਨ ਰਕੜਾ ਢਾਹਾਂ , ਸਕੱਤਰ ਡਾ ਬਲਵੰਤ ਸਿੰਘ ਬਲਾਚੌਰ, ਦਿਲਬਾਗ ਮਹਿੰਦੀਪੁਰ ਸੂਬਾ ਸਕੱਤਰ, ਭੁਪਿੰਦਰ ਬੇਗਮਪੁਰੀ ਜਿਲਾ ਇੰਚਾਰਜ, ਵਿਜੇ ਮੇਨਕਾ, ਮਹਿੰਦਰ ਸਿੰਘ ਜਾਡਲੀ, ਤੁਲਸੀ ਰਾਮ ਫਤਿਹਪੁਰ, ਗਿਆਨ ਚੰਦ, ਭਗਵਤ ਰੰਗਾ, ਸੁਖਵਿੰਦਰ ਚਾਹਲ, ਮੱਖਣ ਚਾਹਲ, ਸਿੰਗਾਰਾ ਰਾਮ ਜੱਟਪੁਰ, ਐਡਵੋਕੇਟ ਰਾਜ ਬਲਵਿੰਦਰ ਸਿੰਘ ਸਹੂੰਗੜਾ, ਸੌਰਵ ਭਾਟੀਆ, ਮਹਿੰਦਰ ਰਾਮ ਆਕਲਿਆਣਾ, ਪ੍ਰੋਫੈਸਰ ਪਰਿੰਦਰ ਕੁਮਾਰ, ਡਾ. ਅਵਤਾਰ ਸਿੰਘ, ਰਾਮ ਸਰਨ ਮੋਹਰ, ਸੁਖਦੇਵ ਭਾਟੀਆ ਆਦਿ ਹਾਜਰ ਸਨ।

# ਕੁਦਰਤੀ ਆਫ਼ਤਾਂ ਤੋਂ ਬਚਾਓ ਲਈ ਮੌਕ ਐਕਸਰਸਾਈਜ਼ ਕੈਂਪ ਲਗਾਇਆ



**ਫਿਲੌਰ (ਹਰਜਿੰਦਰ ਕੌਰ ਚਾਹਲ )-** ਐਨ.ਡੀ.ਆਰ.ਐਫ ਇੰਡੀਆ ਦੀ ਟੀਮ ਵੱਲੋਂ ਸਤਲੁਜ ਦਰਿਆ ਦੇ ਵਿਚਕਾਰ ਟੀਮ ਦੇ ਇੰਚਾਰਜ ਅਸਿਸਟੈਂਟ ਕਮਾਂਡੇਟ ਡੀ ਐਲ ਜਾਖੜ ਦੀ ਦੇਖਰੇਖ ਹੇਠ ਹੜ ਵਰਗੀਆਂ ਕੁਦਰਤੀ ਆਫ਼ਤਾਂ ਤੋਂ ਬਚਾਉ ਲਈ ਮੌਕ ਐਕਸਰਸਾਈਜ਼ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਐਸਡੀਐਮ ਫਿਲੌਰ ਅਮਨਪਾਲ ਸਿੰਘ ਅਹੂਜਾ, ਤਹਿਸੀਲਦਾਰ ਸਤਵਿੰਦਰ ਸਿੰਘ, ਕਾਨੂੰਗੋ ਸੰਦੀਪ ਕੁਮਾਰ, ਕਾਨੂੰਗੋ ਯੂਨੀਅਨ ਜਲੰਧਰ ਦੇ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਹੋਰ ਹਾਜ਼ਰ ਹੋਏ। ਡੀ.ਐਲ. ਜਾਖੜ ਨੇ ਦੱਸਿਆ ਕਿ ਫਲੱਡ ਵਰਗੀਆਂ ਕੁਦਰਤੀ ਆਫ਼ਤਾਂ ਆਉਣ ਸਮੇਂ ਉਨ੍ਹਾਂ ਨਾਲ ਨਜਿੱਠਣ ਲਈ ਆਮ ਲੋਕਾਂ ਨੂੰ ਜਾਗਰੂਕ ਕਰਨਾ ਉਨ੍ਹਾਂ ਦਾ ਨੈਤਿਕ ਫਰਜ਼ ਹੈ, ਉਨ੍ਹਾਂ ਦੱਸਿਆ ਕਿ ਸਤਲੁਜ ਦਰਿਆ ਦੇ ਕਿਨਾਰਿਆਂ 'ਤੇ ਵਸੇ ਲੋਕਾਂ ਨੂੰ ਫਲੱਡ ਦੌਰਾਨ ਸੁਰੱਖਿਆ ਲਈ ਸਹੂਲਤਾਂ ਤਾਂ ਐਨ.ਡੀ.ਆਰ.ਐਫ. ਦੀ ਟੀਮ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਮਿਲ ਜਾਂਦੀਆਂ ਹਨ ਪਰ ਕਈ ਵਾਰ ਸਥਿਤੀ ਖਰਾਬ ਹੋਣ ਕਾਰਨ ਲੋਕਾਂ ਦੀ ਜਾਨ ਮਾਲ ਨੂੰ ਖਤਰਾ ਹੋ ਜਾਂਦਾ ਹੈ, ਇਸ ਸਥਿਤੀ ਵਿੱਚ ਲੋਕਾਂ ਨੂੰ ਆਪਣੀ ਮਦਦ ਆਪ ਕਰਨ ਲਈ ਜਾਗਰੂਕ ਹੋਣ ਦੀ ਲੋੜ ਹੈ, ਉਨ੍ਹਾਂ ਦੱਸਿਆ ਕਿ ਘਰ ਵਿੱਚ ਹੀ ਪਏ ਕੁਝ ਅਜੇਹੇ ਸਮਾਨ ਜਿਵੇਂ ਰੱਸੀ,ਟਿਊਬ, ਪਲਾਸਟਿਕ ਦੀਆਂ ਬੋਤਲਾਂ,ਕਰੇਟ, ਘਿਓ ਵਾਲੇ ਟੀਨ ਅਤੇ ਹੋਰ ਸਮਾਨ ਦੀ ਵਰਤੋਂ ਕਰਕੇ ਆਮ ਆਦਮੀ ਵੀ ਫਲੱਡ ਵਿੱਚ ਬਚਨ ਅਤੇ ਹੋਰਨਾਂ ਨੂੰ ਬਚਾਉਣ ਲਈ ਸਹਾਈ ਹੋ ਸਕਦਾ ਹੈ। ਕੈਂਪ ਦੌਰਾਨ ਐਨ.ਡੀ.ਆਰ.ਐਫ ਦੀ ਟੀਮ ਮੈਂਬਰਾਂ ਨੇ ਉਦਾਹਰਣ ਤੌਰ 'ਤੇ ਪਾਣੀ ਵਿਚ ਡੁੱਬ ਰਹੇ ਵਿਅਕਤੀ ਅਤੇ ਹੜ ਦੌਰਾਨ ਫਸੇ ਹੋਏ ਵਿਅਕਤੀਆਂ ਨੂੰ ਕਿਸ਼ਤੀ ਦੀ ਮਦਦ ਨਾਲ ਕਿਵੇਂ ਬਚਾਇਆ ਜਾ ਸਕਦਾ ਹੈ ਤੇ ਡੇਮੋ ਪੇਸ਼ ਕਰਕੇ ਆਮ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫਲੱਡ ਵਰਗੀਆਂ ਕੁਦਰਤੀ ਆਫ਼ਤਾਂ ਦੌਰਾਨ ਘਬਰਾਉਣ ਦੀ ਬਜਾਏ ਉਨ੍ਹਾਂ ਨਾਲ ਨਜਿੱਠਣ ਲਈ ਅੱਗੇ ਵਧਣ ਅਤੇ ਹੋਰਨਾਂ ਨੂੰ ਵੀ ਜਾਗਰੂਕ ਕਰਨ।

# ਵਿੱਤ ਮੰਤਰੀ ਵੱਲੋਂ ਨਸ਼ਾ ਤਸਕਰਾਂ ਨੂੰ ਆਖਰੀ ਚੇਤਾਵਨੀ, ਨਸ਼ਾ ਤਸਕਰੀ ਛੱਡ ਦਿਓ ਜਾਂ ਪੰਜਾਬ ਛੱਡੋ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਨਸ਼ਾ ਤਸਕਰਾਂ ਨੂੰ ਸਖ਼ਤ ਅਤੇ ਅੰਤਮ ਚੇਤਾਵਨੀ ਦਿੱਤੀ ਹੈ ਕਿ ਉਹ ਜਾਂ ਤਾਂ ਨਸ਼ਾ ਤਸਕਰੀ ਛੱਡ ਦੇਣ ਜਾਂ ਪੰਜਾਬ ਛੱਡ ਦੇਣ। ਉਨ੍ਹਾਂ ਨੇ ਇਹ ਚਿਤਾਵਨੀ ਕੈਬਨਿਟ ਸਬ-ਕਮੇਟੀ ਦੇ ਆਪਣੇ ਸਹਿ-ਮੈਂਬਰ ਅਮਨ ਅਰੋੜਾ, ਡਾ: ਬਲਬੀਰ ਸਿੰਘ, ਤਰੁਨਪ੍ਰੀਤ ਸਿੰਘ ਸੌਂਦ ਅਤੇ ਲਾਲਜੀਤ ਸਿੰਘ ਭੁੱਲਰ, ਅਤੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਡੀ ਜੀ ਪੀ ਗੌਰਵ ਯਾਦਵ ਦੀ ਹਾਜ਼ਰੀ ਵਿੱਚ ਅੱਜ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪਿਛਲੇ ਤਿੰਨ ਸਾਲਾਂ ਦੌਰਾਨ ਵੱਡੀ ਮੁਹਿੰਮ ਵਿੱਢੀ ਹੋਈ ਹੈ।ਨਵੀਂ ਬਣੀ ਕੈਬਨਿਟ ਸਬ-ਕਮੇਟੀ ਦਾ ਉਦੇਸ਼ ਪੰਜਾਬ ਭਰ ਵਿੱਚ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਾਲ 24 ਘੰਟੇ ਕੰਮ ਕਰਦੇ ਹੋਏ ਯਤਨਾਂ ਨੂੰ ਤੇਜ਼ ਕਰਨਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਵਿੱਚ ਇਹ ਮੁਹਿੰਮ ਅੰਤਿਮ ਪੜਾਅ 'ਤੇ ਹੈ, ਜਿਸ ਵਿੱਚ ਨਸ਼ਾ ਤਸਕਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਉਣ ਦੇ ਨਾਲ-ਨਾਲ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਕੋਈ ਵੀ ਵਿਅਕਤੀ ਭਾਵੇਂ ਉਹ ਕਿਸੇ ਵੀ ਅਹੁਦੇ ਜਾਂ ਪ੍ਰਭਾਵ ਦਾ ਹੋਵੇ, ਬਖ਼ਸ਼ਿਆ ਨਹੀਂ ਜਾਵੇਗਾ।ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਵੱਲੋਂ 2002 ਤੋਂ 2022 ਤੱਕ ਦੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਦਾ ਦੋਸ਼ ਲਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਰਾਜ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਸਰਪ੍ਰਸਤੀ ਦੇਣ ਵਾਲੇ ਸਿਆਸੀ ਆਗੂਆਂ, ਨਸ਼ਾ ਤਸਕਰਾਂ ਅਤੇ ਪੁਲੀਸ ਅਧਿਕਾਰੀਆਂ ਦਰਮਿਆਨ ਨਾਪਾਕ ਗੱਠਜੋੜ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਤਲਵੰਡੀ ਸਾਬੋ ਵਿਖੇ ਹੱਥ ਵਿੱਚ ਗੁਟਕਾ ਸਾਹਿਬ ਲੈ ਕੇ ਸਹੁੰ ਖਾਧੀ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰ ਦਿੱਤਾ ਜਾਵੇਗਾ ਪਰ ਸੱਤਾ ਵਿੱਚ ਆਉਣ ਤੋਂ ਬਾਅਦ ਅਜਿਹਾ ਕੁਝ ਨਹੀਂ ਕੀਤਾ ਗਿਆ। ਨਸ਼ਾ ਤਸਕਰਾਂ ਵਿਰੁੱਧ ਕਾਰਵਾਈਆਂ ਬਾਰੇ ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਐਂਟੀ ਨਾਰਕੋਟਿਕ ਫੋਰਸ ਬਣਾਈ ਹੈ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਐਨ ਡੀ ਪੀ ਐਸ ਐਕਟ ਤਹਿਤ 30,000 ਤੋਂ ਵੱਧ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਨੇ 6,500 ਤੋਂ ਵੱਧ ਵੱਡੇ ਅਤੇ 4,500 ਛੋਟੇ ਨਸ਼ਾ ਤਸਕਰਾਂ ਦੀ ਗ੍ਰਿਫਤਾਰੀ, ਨਸ਼ਾ ਤਸਕਰੀ ਵਿੱਚ ਸ਼ਾਮਲ 100 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੂੰ ਹਿਰਾਸਤ ਵਿੱਚ ਲੈਣ ਅਤੇ 10,000 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੇ ਤਬਾਦਲੇ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਸਰਹੱਦ ਪਾਰੋਂ ਨਸ਼ੇ ਲਿਆਉਣ ਵਾਲੇ 294 ਡਰੋਨ ਫੜੇ ਜਾਣ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਨਸ਼ਾ ਤਸਕਰੀ ਨਾਲ ਨਜਿੱਠਣ ਲਈ ਤਕਰੀਬਨ 12,500 ਪਿੰਡਾਂ ਵਿੱਚ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਓਟ ਸੈਂਟਰਾਂ ਵਿੱਚ ਤਿੰਨ ਲੱਖ ਤੋਂ ਵੱਧ ਨਸ਼ਾ ਪੀੜਤਾਂ ਦਾ ਇਲਾਜ ਚੱਲ ਰਿਹਾ ਹੈ।ਕੈਮਿਸਟਾਂ ਦੁਆਰਾ ਓਵਰ-ਦ-ਕਾਊਂਟਰ (ਓ ਟੀ ਸੀ) ਦਵਾਈਆਂ ਦੀ ਅਣਅਧਿਕਾਰਤ ਵਿਕਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ, ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਨੇ ਪਹਿਲਾਂ ਹੀ ਕੇਂਦਰ ਸਰਕਾਰ ਨੂੰ ਕੁਝ ਓ ਟੀ ਸੀ ਦਵਾਈਆਂ ਨੂੰ ਸੂਚੀਬੱਧ ਕਰਨ ਲਈ ਲਿਖਿਆ ਹੈ-ਜੋ ਕਿ ਕਾਨੂੰਨੀ ਹਨ ਪਰ ਮੌਜੂਦਾ ਸਮੇਂ ਵਿੱਚ ਸ਼ੈਡਿਊਲ ਐਚ-1 ਦਵਾਈਆਂ ਦੀ ਸੂਚੀ ਵਿੱਚ ਸੂਚੀਬੱਧ ਨਹੀਂ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸੂਬੇ ਵਿੱਚ ਅਜਿਹੀਆਂ ਦਵਾਈਆਂ ਦੀ ਮਾਤਰਾ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਜਿਨ੍ਹਾਂ ਨੂੰ ਰਿਟੇਲਰ ਅਤੇ ਥੋਕ ਵਿਕਰੇਤਾ ਸਟਾਕ ਕਰ ਸਕਦੇ ਹਨ। ਪ੍ਰਚੂਨ ਵਿਕਰੇਤਾਵਾਂ ਨੂੰ 20-30 ਤੋਂ ਵੱਧ ਕੈਪਸੂਲ ਰੱਖਣ ਦੀ ਇਜਾਜ਼ਤ ਨਹੀਂ ਹੈ, ਜਦੋਂ ਕਿ ਥੋਕ ਵਿਕਰੇਤਾ 500 ਤੋਂ ਵੱਧ ਕੈਪਸੂਲ ਨਹੀਂ ਰੱਖ ਸਕਦੇ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਸੂਬੇ ਭਰ ਦੇ ਸਪਲਾਇਰਾਂ ਅਤੇ ਨਿਰਮਾਤਾਵਾਂ ਤੇ ਲਾਗੂ ਕੀਤੀਆਂ ਗਈਆਂ ਹਨ। ਨਸ਼ਾ ਛੁਡਾਊ ਕੇਂਦਰ ਚਲਾਉਣ ਵਿੱਚ ਕੁਝ ਵਿਅਕਤੀਆਂ ਦੇ ਏਕਾਧਿਕਾਰ ਬਾਰੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਸਿਹਤ ਮੰਤਰੀ ਨੇ ਖੁਲਾਸਾ ਕੀਤਾ ਕਿ ਪੰਜਾਬ ਸਰਕਾਰ ਇੱਕ ਨਵੀਂ ਮਾਨਸਿਕ ਸਿਹਤ ਨੀਤੀ ਲਿਆ ਰਹੀ ਹੈ।ਇਸ ਨੀਤੀ ਤਹਿਤ ਵਿਅਕਤੀ ਸਿਰਫ਼ ਸੀਮਤ ਗਿਣਤੀ ਵਿੱਚ ਨਸ਼ਾ ਛੁਡਾਊ ਕੇਂਦਰ ਖੋਲ੍ਹ ਸਕਣਗੇ। ਸ੍ਰੀ ਅਰੋੜਾ ਨੇ ਕਿਹਾ ਕਿ ਸਰਹੱਦ ਨਾਲ ਲੱਗਦੇ 50 ਕਿਲੋਮੀਟਰ ਤੱਕ ਦਾ ਇਲਾਕਾ ਬੀ ਐਸ ਐਫ ਦੇ ਅਧਿਕਾਰ ਖੇਤਰ ਵਿੱਚ ਹੋਣ ਦੇ ਬਾਵਜੂਦ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਹੁਣ ਤੱਕ ਰੋਕਿਆ ਨਹੀਂ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਸੂਬੇ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਬਜਾਏ ਸਰਹੱਦ ਪਾਰ ਤੋਂ ਨਸ਼ਿਆਂ ਦੀ ਤਸਕਰੀ ਦੀ ਖੁਦ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।



# ਸੀ ਪੀ ਨੇ ਸ਼ਹਿਰ 'ਚ 11 ਥਾਵਾਂ 'ਤੇ ਚਲਾਇਆ ਸਰਚ ਅਪ੍ਰੇਸ਼ਨ



**ਜਲੰਧਰ, ( ਸ਼ੈਲੀ ਐਲਬਰਟ)** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਜੰਗ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਅੱਜ ਕਮਿਸ਼ਨਰੇਟ ਅਧੀਨ 11 ਥਾਵਾਂ 'ਤੇ ਵੱਡੇ ਪੱਧਰ 'ਤੇ ਸਰਚ ਆਪ੍ਰੇਸ਼ਨ ਚਲਾਇਆ ਗਿਆ।ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ, ਜਿਨ੍ਹਾਂ ਸਥਾਨਕ ਭਾਰਗੋ ਕੈਂਪ ਵਿਖੇ ਖੁਦ ਇਸ ਆਪ੍ਰੇਸ਼ਨ ਦੀ ਅਗਵਾਈ ਕੀਤੀ, ਨੇ ਦੱਸਿਆ ਕਿ ਕਮਿਸ਼ਨਰੇਟ ਅਧੀਨ 11 ਵੱਖ-ਵੱਖ ਸੰਵੇਦਨਸ਼ੀਲ ਥਾਵਾਂ 'ਤੇ ਲੋੜੀਂਦੀ ਪੁਲਿਸ ਫੋਰਸ ਤਾਇਨਾਤ ਕਰਕੇ ਏ ਸੀ ਪੀ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਇਹ ਤਲਾਸ਼ੀ ਮੁਹਿੰਮ ਚਲਾਈ ਗਈ ਹੈ।ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਦੌਰਾਨ ਸ਼ਹਿਰ ਦੀਆਂ ਅਜਿਹੀਆਂ ਥਾਵਾਂ, ਜਿਥੇ ਨਸ਼ੇ ਵਿਕਣ ਦੀਆਂ ਸ਼ਿਕਾਇਤਾਂ ਮਿਲਦੀਆਂ ਸਨ, 'ਤੇ ਬਾਰੀਕੀ ਨਾਲ ਚੈਕਿੰਗ ਕੀਤੀ ਗਈ।ਉਨ੍ਹਾਂ ਕਿਹਾ ਕਿ ਇਸ ਅਭਿਆਨ ਦਾ ਉਦੇਸ਼ ਸ਼ਹਿਰ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨਾ ਹੈ, ਜਿਸ ਤਹਿਤ ਕਮਿਸ਼ਨਰੇਟ ਪੁਲਿਸ ਵੱਲੋਂ ਸਟ੍ਰੀਟ ਪੈਡਲਿੰਗ ਨੂੰ ਰੋਕ ਕੇ ਨਸ਼ਿਆਂ ਦੀ ਸਪਲਾਈ ਚੇਨ ਤੋੜਨ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ।ਨਸ਼ਿਆਂ ਦੀ ਲਾਹਨਤ ਦਾ ਸਫਾਇਆ ਕਰਨ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਿਸ ਨਸ਼ਿਆਂ ਦਾ ਸਫਾਇਆ ਕਰਨ ਦੇ ਨਾਲ-ਨਾਲ ਸਮਾਜ ਨੂੰ ਇਸ ਬੁਰਾਈ ਤੋਂ ਮੁਕਤ ਕਰਨ ਲਈ ਦ੍ਰਿੜ ਸੰਕਲਪ ਹੈ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਲੋਕਾਂ ਨੂੰਅਪੀਲ ਕੀਤੀ ਕਿ ਆਪਣੇ ਆਲੇ-ਦੁਆਲੇ ਨਸ਼ੇ ਵੇਚਣ ਦੀ ਗਤੀਵਿਧੀ ਦੇਖਣ 'ਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਕਪੂਰਥਲਾ ਪੁਲਸ ਨੇ ਨਸ਼ਾ ਪ੍ਰਭਾਵਿਤ ਖੇਤਰਾਂ 'ਚ ਕੀਤੀ ਛਾਪੇਮਾਰੀ



**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਕਪੂਰਥਲਾ ਪੁਲਿਸ ਵੱਲੋਂ ਅੱਜ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਦੇ ਨਾਲ ਕਪੂਰਥਲਾ ਦੇ ਨਸ਼ਾ ਪ੍ਰਭਾਵਿਤ ਖੇਤਰਾਂ ਅੰਦਰ ਛਾਪੇਮਾਰੀ ਕੀਤੀ ਗਈ ।ਐਸ ਐਸ ਪੀ ਕਪੂਰਥਲਾ ਸ੍ਰੀ ਗੌਰਵ ਤੂਰਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ . ਭਗਵੰਤ ਸਿੰਘ ਮਾਨ ਤੇ ਡੀ ਜੀ ਪੀ ਸ੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ ਹੇਠ ਕਪੂਰਥਲਾ ਪੁਲਿਸ ਵੱਲੋਂ ਕਪੂਰਥਲਾ,ਫਗਵਾੜਾ ਦੇ ਨਸ਼ਾ ਪ੍ਰਭਾਵਿਤ ਇਲਾਕਿਆਂ ਅੰਦਰ ਛਾਪੇਮਾਰੀ ਕਰਕੇ ਸ਼ੱਕੀ ਵਿਅਕਤੀਆਂ ਤੋਂ ਪੁੱਛ-ਗਿੱਛ ਕੀਤੀ ਗਈ। ਉੱਥੇ ਹੀ ਵਾਹਨਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ ।ਉਨ੍ਹਾਂ ਦੱਸਿਆ ਕਿ ਕਪੂਰਥਲਾ ਸ਼ਹਿਰ ਵਿਖੇ ਵੱਖ ਵੱਖ ਮੁਹੱਲਿਆਂ ਵਿੱਚ ਪੁਲਿਸ ਵੱਲੋਂ ਐਸ ਪੀਜ਼ ਤੇ ਡੀ ਐਸ ਪੀਜ਼ ਦੀ ਅਗਵਾਈ ਹੇਠ ਸ਼ੱਕੀਆਂ ਦੀ ਤਲਾਸ਼ੀ ਦੇ ਨਾਲ-ਨਾਲ ਪੁਲਿਸ ਵੱਲੋਂ ਮਹੱਤਵਪੂਰਨ ਥਾਵਾਂ ਵਿਖੇ ਵੀ ਜਾਂਚ ਕੀਤੀ ਜਾ ਰਹੀ ਹੈ ।

# ਐੱਸ ਐੱਸ ਪੀ ਦੀ ਅਗਵਾਈ 'ਚ ਓਪਰੇਸ਼ਨ ਕਾਸੋ ਜਾਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )**— ਸਥਾਨਕ ਪੁਲਸ ਵਲੋਂ ਜ਼ਿਲ੍ਹੇ ਭਰ ਵਿਚ ਕਾਸੋ ਓਪਰੇਸ਼ਨ ਦੀ ਸ਼ੁਰੂਆਤ ਸਥਾਨਕ ਪੁਲਸ ਸਟੇਸ਼ਨ ਤੋਂ ਕੀਤੀ ਗਈ ਜਿਸ ਦੀ ਅਗਵਾਈ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਕੀਤੀ। ਸਿਟੀ ਪੁਲਸ ਸਟੇਸ਼ਨ ਤੋਂ ਘੰਟਾ ਘਰ ਇਲਾਕੇ ਵਿਚ ਕਾਸੋ ਓਪਰੇਸ਼ਨ ਚਲਾਉਂਦਿਆਂ ਐਸ.ਐਸ.ਪੀ.ਨੇ ਦੱਸਿਆ ਕਿ ਜ਼ਿਲ੍ਹੇ ਵਿਚ ਨਸ਼ਾ ਸਮਗਲਰਾਂ ਨੂੰ ਪੂਰੀ ਸਖਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਪੁਲਸ ਵਲੋਂ ਪਿਛਲੇ ਸਮਿਆਂ ਦੌਰਾਨ ਨਸ਼ਾ ਸਮਗਲਰਾਂ ਦੀ ਨਸ਼ੇ ਵੇਚ ਕੇ ਬਣਾਈ ਗਈ 20 ਕਰੋੜ ਰੁਪਏ ਤੋਂ ਵੱਧ ਦੀ ਨਾਜਾਇਜ਼ ਜਾਇਦਾਦ ਨੂੰ ਫਰੀਜ਼ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਨਸ਼ਿਆਂ ਦੇ ਸੌਦਾਗਰਾਂ ਖਿਲਾਫ਼ ਪੂਰੀ ਸਖਤੀ ਵਰਤੀ ਜਾਵੇਗੀ।



# ਸੀ ਟੀ ਗਰੁੱਪ ਨੇ 10ਵੇਂ ਕਨਵੋਕੇਸ਼ਨ ਸਮਾਰੋਹ ਦੀ ਕੀਤੀ ਮੇਜ਼ਬਾਨੀ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਨੇ ਆਪਣੇ 10ਵੇਂ ਕਨਵੋਕੇਸ਼ਨ ਸਮਾਰੋਹ ਦੀ ਮੇਜ਼ਬਾਨੀ ਕੀਤੀ, ਜਿੱਥੇ 700 ਤੋਂ ਵੱਧ ਵਿਦਿਆਰਥੀਆਂ ਨੂੰ ਮੈਨੇਜਮੈਂਟ, ਫਾਰਮੇਸੀ, ਕਾਨੂੰਨ, ਇੰਜੀਨੀਅਰਿੰਗ, ਫੈਸ਼ਨ ਡਿਜ਼ਾਈਨ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਚਾਲੀ ਤੋਂ ਵੱਧ ਡਾਕਟਰੇਟ ਧਾਰਕਾਂ ਨੇ ਡਿਗਰੀਆਂ ਪ੍ਰਦਾਨ ਕਰਨ ਵਿੱਚ ਹਿੱਸਾ ਲਿਆ । ਮੁੱਖ ਮਹਿਮਾਨ, ਸੰਸਦ ਮੈਂਬਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ, ਸਤਨਾਮ ਸਿੰਘ ਸੰਧੂ ਨੇ ਗ੍ਰੈਜੂਏਟਾਂ ਦੀ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਲਈ ਪ੍ਰਸ਼ੰਸਾ ਕੀਤੀ । ਵਿਸ਼ੇਸ਼ ਮਹਿਮਾਨਾਂ ਵਿੱਚ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸੁਸ਼ੀਲ ਮਿੱਤਲ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸ਼੍ਰੀਮਤੀ ਰਾਜਵਿੰਦਰ ਕੌਰ ਥਿਆੜਾ ਸ਼ਾਮਲ ਸਨ । ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਵਾਈਸ ਪ੍ਰੈਜ਼ੀਡੈਂਟ ਸੁਦਰਸ਼ਨ ਸ਼ਰਮਾ; ਦੈਨਿਕ ਭਾਸਕਰ ਦੇ ਸੰਸਥਾਪਕ ਸੰਪਾਦਕ ਸੁਰੇਂਦਰ ਸੇਠ; ਵਿਕਟਰ ਫੋਰਜਿੰਗ ਦੇ ਮੈਨੇਜਿੰਗ ਡਾਇਰੈਕਟਰ ਅਸ਼ਵਨੀ ਕੁਮਾਰ; ਅਤੇ ਜੇਏਓਐਫ ਯੂਨੀਵਰਸਿਟੀ ਇੰਸਟੀਚਿਊਟ ਆਫ਼ ਸਾਇੰਸ, ਕੈਮਰੂਨ ਦੇ ਪ੍ਰਧਾਨ ਪ੍ਰੋ. ਜੂਲੀਅਸ ਈ. ਓਬੇਨ ਸੀਟੀ ਗਰੁੱਪ ਦੇ ਚੇਅਰਮੈਨ, ਐਸ. ਚਰਨਜੀਤ ਸਿੰਘ ਚੰਨੀ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕੀਤਾ।ਸਮਾਰੋਹ ਵਿੱਚ ਸੀ ਟੀ ਗਰੁੱਪ ਦੀਆਂ ਮੁੱਖ ਸ਼ਖਸੀਅਤਾਂ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਸਹਿ-ਮੈਨੇਜਿੰਗ ਡਾਇਰੈਕਟਰ ਤਾਨਿਕਾ ਚੰਨੀ, ਸੀ ਟੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਭਿਸ਼ੇਕ ਤ੍ਰਿਪਾਠੀ, ਕਾਰਜਕਾਰੀ ਡਾਇਰੈਕਟਰ ਡਾ. ਨਿਤਿਨ ਟੰਡਨ ਅਤੇ ਕੈਂਪਸ ਦੇ ਡਾਇਰੈਕਟਰ ਡਾ. ਜਸਦੀਪ ਕੌਰ ਧਾਮੀ ਸ਼ਾਮਲ ਸਨ।



# ਪੈਦਲ ਸੰਗ ਯਾਤਰਾ ਲਈ ਮੈਡੀਕਲ ਟੀਮਾਂ ਗਠਿਤ : ਡਾ. ਸੈਣੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਡੇਰਾ ਬਾਬਾ ਜਾਣ ਵਾਲੇ ਸੰਗਤ ਲਈ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਿਵਲ ਹਸਪਤਾਲ ਟਾਂਡਾ ਵੱਲੋਂ ਪੰਜ ਮੈਡੀਕਲ ਟੀਮਾਂ ਦਾ ਗਠਨ ਕੀਤਾ ਗਿਆ ਹੈ ।ਡਾਕਟਰ ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਨੇ ਦੱਸਿਆ ਕਿ ਇੱਕ ਟੀਮ ਅੱਡਾ ਸਰਾਂ, ਬਿਜਲੀ ਘਰ ਚੌਂਕ, ਵਾਈਟ ਕੌਸਲ ਪੈਲਸ ,ਹੋਮਿਓਪੈਥਿਕ ਕੈਂਪ ਓਹੜਪੁਰ ਲਗਾਏ ਗਏ ਹਨ। ਇਸੇ ਤਰ੍ਹਾਂ ਜਦੋਂ ਸੰਗਤ ਮਿਆਣੀ ਵੱਲ ਜਾਵੇਗੀ ਤਾਂ ਦੋ ਕੈਂਪ 2 ਮਾਰਚ ਨੂੰ ਮੇਵਾ ਮਿਆਣੀ ਦਰਿਆ ਬਿਆਸ ਅਤੇ ਇੱਕ ਮੋਬਾਈਲ ਟੀਮ ਗੁਰਦੁਆਰਾ ਮੰਡ ਇਬਰਾਹਿਮਪੁਰ ਵਿਖੇ ਸਿਹਤ ਸਹੂਲਤਾਂ ਲਈ ਤਾਇਨਾਤ ਰਹੇਗੀ।

# ਤਸਕਰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



**ਫਿਲੌਰ, (ਨਿਰਮਲ)**- ਸਥਾਨਕ ਥਾਣਾ ਦੇ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਦੀ ਟੀਮ ਨੇ 2 ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਹਨ। ਸਰਵਣ ਸਿੰਘ ਬੱਲ, ਪੀ ਪੀ ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਸਪੈਸ਼ਲ ਚੈਕਿੰਗ ਦੌਰਾਨ ਬਾਹੱਦ ਰਕਬਾ ਗੰਨਾ ਪਿੰਡ ਤੇ ਕਸ਼ਮੀਰ ਚੰਦ ਉਰਫ ਤੋਤਾ ਪੁੱਤਰ ਸੁੱਚਾ ਰਾਮ ਵਾਸੀ ਬਕਾਪੁਰ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਪਾਸੋਂ 30 ਨਸ਼ੀਲੀਆ ਗੋਲੀਆ ਮਾਰਕਾ Etizolam ਅਤੇ ਯਤੀ ਉਰਫ ਜਤਿਨ ਸ਼ਰਮਾ ਪੁੱਤਰ ਵਿਜੈ ਕੁਮਾਰ ਵਾਸੀ ਨੂਰਮਹਿਲ ਰੋਡ ਮਹੁੱਲਾ ਰਵਿਦਾਸਪੁਰਾ ਥਾਣਾ ਫਿਲੌਰ ਪਾਸੋਂ 30 ਨਸ਼ੀਲੀਆਂ ਗੋਲੀਆਂ ਮਾਰਕਾ Etizolam ਬ੍ਰਾਮਦ ਕਰਕੇ ਮੁਕੱਦਮਾ ਦਰਜ ਕੀਤਾ।

# ਕਾਸੋ ਅਪ੍ਰੇਸ਼ਨ ਤਹਿਤ ਗੰਨਾਪਿੰਡ ਦੀ ਚੈਕਿੰਗ



**ਫਿਲੌਰ (ਨਿਰਮਲ)**- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਗੰਨਾ ਪਿੰਡ ਅਤੇ ਨਾਲ ਲਗਦੇ ਤਿੰਨ ਪਿੰਡਾਂ ਵਿੱਚ ਕਾਸੋ ਆਪਰੇਸ਼ਨ ਮੌਕੇ ਤੇ ਜਲੰਧਰ ਪੁਲਸ ਆਈ.ਜੀ ਨਵੀਨ ਸਿੰਗਲਾ, ਐਸ.ਪੀ ਜਗਰੂਪ ਕੌਰ ਬਾਠ ਭਾਰੀ ਪੁਲਸ ਫੋਰਸ ਟੀਮ ਦੇ ਨਾਲ ਪਹੁੰਚੇ, ਜਿੱਥੇ ਕਿ ਪਿੰਡਾਂ ਦੀਆਂ ਪੰਚਾਇਤਾਂ ਨੇ ਮਾਣ ਸਨਮਾਨ ਕੀਤਾ।ਸਿੰਗਲਾ ਵੱਲੋਂ ਵੱਖ-ਵੱਖ ਸ਼ੱਕੀ ਘਰਾਂ ਦੀ ਚੈਕਿੰਗ ਕੀਤੀ ਗਈ, ਕਈ ਲੋਕ ਘਰਾਂ ਨੂੰ ਤਾਲੇ ਲਗਾ ਕੇ ਪਹਿਲਾਂ ਹੀ ਫਰਾਰ ਹੋ ਗਏ।ਕਾਸੋ ਅਪ੍ਰੇਸ਼ਨ ਚੈਕਿੰਗ ਦੌਰਾਨ ਜੇਕਰ ਨਸ਼ਾ ਤਸਕਰ ਫੜਿਆ ਜਾਂਦਾ ਹੈ ਤਾਂ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਪਰਚਾ ਦਰਜ ਕਰਕੇ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸਖਤ ਆਦੇਸ਼ਾਂ ਦੇ ਤਹਿਤ ਨਸ਼ਾ ਤਸਕਰਾਂ ਦੀ ਪ੍ਰੋਪਰਟੀ ਸੀਲ ਕਰਨ ਦੇ ਆਦੇਸ਼ ਹਨ।

# 5 ਕਰੋੜ ਦੀ ਲਾਗਤ ਨਾਲ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹੈ : ਬਿੱਟੂ

**ਕਾਲਾ ਸੰਘਿਆਂ, ( ਮਨਜੀਤ ਮਾਨ)** ਮਾਰਕੀਟ ਕਮੇਟੀ ਕਪੂਰਥਲਾ ਦੇ ਚੇਅਰਮੈਨ ਜਗਜੀਤ ਸਿੰਘ ਬਿੱਟੂ ਨੇ ਇੰਕਸ਼ਾਫ ਕੀਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਮੰਡੀ ਬੋਰਡ ਪੰਜਾਬ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਯੋਗ ਅਗਵਾਈ ਹੇਠ ਮਾਰਕੀਟ ਕਮੇਟੀ ਕਪੂਰਥਲਾ ਅਧੀਨ ਪੈਂਦੀਆਂ ਕਰੀਬ 18 ਸੜਕਾਂ ਨੂੰ 5 ਕਰੋੜ ਦੇ ਬੱਜਟ ਨਾਲ ਕੰਕਰੀਟ ਪਾ ਕੇ ਨਵੀਨੀਕਰਨ ਕਰਕੇ ਨਵੀਂ ਦਿੱਖ ਪ੍ਰਦਾਨ ਕਰਨ ਲਈ ਕੰਮ ਜੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ, ਜਿਸ ਨੂੰ ਜਲਦ ਮੁਕੰਮਲ ਕਰ ਲਿਆ ਜਾਵੇਗਾ। ਇਸ ਗੱਲ ਦਾ ਇਜ਼ਹਾਰ ਚੇਅਰਮੈਨ ਬਿੱਟੂ ਨੇ ਆਲਮਗੀਰ ( ਕਾਲਾ ਸੰਘਿਆਂ ) ਵਿਖੇ ਮੋਤੀ ਨਗਰ ਮੁਹੱਲੇ ਤੋਂ ਮਾਤਾ ਦੇ ਮੰਦਰ ਤੱਕ ਬਣਾਈ ਜਾ ਰਹੀ 0. 62 ਮੀਟਰ ਕਰੀਬ (ਅੱਧਾ ਕਿਲੋਮੀਟਰ) ਸੜਕ ਦੇ ਚੱਲ ਰਹੇ ਕੰਮ ਦਾ ਨਿਰੀਖਣ ਕਰਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਚੇਅਰਮੈਨ ਜਗਜੀਤ ਸਿੰਘ ਬਿੱਟੂ ਨੇ ਆਖਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਅੰਦਰ ਬਿਨਾਂ ਕਿਸੇ ਵਿੱਤਕਰੇ ਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਯਤਨਸ਼ੀਲ ਹੈ। ਉਹਨਾਂ ਕਿਹਾ ਕਿ ਕਾਲਾ ਸੰਘਿਆਂ ਦੀ ਇਹ ਸੜਕ, ਜੋ ਪ੍ਰਸਿੱਧੀ ਪ੍ਰਾਪਤ ਧਾਰਮਿਕ ਅਸਥਾਨ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ ਕਾਲਾ ਸੰਘਿਆਂ ਦੇ ਮੂਹਰਿਓਂ ਦੀ ਲੰਘਦੀ ਹੈ , ਦੀ ਹਾਲਤ ਬੱਦਤਰ ਹੋ ਚੁੱਕੀ । ਮਨਜ਼ੂਰੀ ਮਿਲਣ 'ਤੇ ਇਸ ਸੜਕ ਨੂੰ ਹੁਣ ਕਰੀਬ 50 ਲੱਖ ਰੁਪਏ ਦੀ ਲਾਗਤ ਨਾਲ ਕੰਕਰੀਟ ਪਾ ਕੇ ਨਵਾਂ ਰੂਪ ਦਿੱਤਾ ਜਾ ਰਿਹਾ ਹੈ ਤੇ ਚੌੜਿਆਂ ਵੀ ਕੀਤਾ ਜਾ ਰਿਹਾ ਹੈ! ਚੇਅਰਮੈਨ ਹੋਰਾਂ ਕਿਹਾ ਕਿ ਜਿੰਨੀਆਂ ਵੀ ਇਹ ਸੜਕਾਂ ਨਵੀਆਂ ਬਣ ਰਹੀਆਂ ਹਨ, ਉਹ ਸਾਰੀਆਂ ਹੀ ਚੌੜੀਆਂ ਕਰਕੇ ਕੰਕਰੀਟ ਦੀਆਂ ਬਣਾਈਆਂ ਜਾ ਰਹੀਆਂ ਹਨ! ਉਹਨਾਂ ਕਿਹਾ ਕਿ ਜੋ ਮਾਤਾ ਦੇ ਮੰਦਿਰ ਤੋਂ ਅੱਗੇ ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੱਕ ਰਹਿੰਦੀ ਕਰੀਬ 400 ਮੀਟਰ ਸੜਕ ਨੂੰ ਵੀ ਆਉਣ ਵਾਲੇ ਸਮੇਂ ਵਿੱਚ ਮੰਡੀ ਬੋਰਡ ਤੋਂ ਪਾਸ ਕਰਵਾ ਕੇ ਬਣਵਾਉਣ ਦਾ ਉਹ ਯਤਨ ਕਰਨਗੇ !ਇਸ ਸਬੰਧੀ ਉਹਨਾਂ ਨੇ ਆਲਮਗੀਰ ਪੰਚਾਇਤ ਪਾਸੋਂ ਨਵਾਂ ਮਤਾ ਪਾ ਕੇ ਉਨਾਂ ਨੂੰ ਦਿੱਤੇ ਜਾਣ ਦੀ ਅਪੀਲ ਕੀਤੀ! ਚੇਅਰਮੈਨ ਹੋਰਾਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਨਿਰੰਤਰ ਪਿੰਡਾਂ ਨੂੰ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਤੇ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਰੱਖਿਆ ਜਾ ਰਿਹਾ , ਬਲਕਿ ਪੰਜਾਬ ਨੂੰ ਵਿਕਾਸ ਪੱਖੋਂ ਇੱਕ ਨੰਬਰ ਉੱਤੇ ਲਿਜਾਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਪਿੰਡ ਦੇ ਸਰਪੰਚ ਬੀਬੀ ਜਸਵਿੰਦਰ ਕੌਰ ਦੇ ਸਪੁੱਤਰ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਫੁੱਲ ਵੱਲੋਂ ਚੇਅਰਮੈਨ ਜਗਜੀਤ ਸਿੰਘ ਬਿੱਟੂ ਨੂੰ ਜਿੱਥੇ ਪਿੰਡ ਵਿਖੇ ਪੁੱਜਣ 'ਤੇ ਜੀ ਆਇਆਂ ਆਖਿਆ ਗਿਆ, ਉੱਥੇ ਹੀ ਉਹਨਾਂ ਨੇ ਉਹਨਾਂ ਵੱਲੋਂ ਗ੍ਰਾਮ ਪੰਚਾਇਤ ਦੀ ਮੰਗ ਤਹਿਤ ਸੜਕ ਦਾ ਨਵੀਨੀਕਰਨ ਕਰਨ ਲਈ ਦਿੱਤੇ ਜਾ ਰਹੇ ਸਹਿਯੋਗ ਦੇ ਲਈ ਪੰਚਾਇਤ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਹ ਸੜਕ ਹੁਣ ਭਾਵੇਂ ਕਰੀਬ 620 ਮੀਟਰ ਬਣ ਰਹੀ ਹੈ ਤੇ ਕਰੀਬ 400 ਮੀਟਰ ਦਾ ਟੋਟਾ, ਜੋ ਮਾਤਾ ਦੇ ਮੰਦਰ ਤੋਂ ਅੱਗੇ ਸਕੂਲ ਵਾਲੇ ਚੌਂਕ ਤੱਕ ਰਹਿੰਦਾ ਹੈ, ਉਸ ਨੂੰ ਵੀ ਬਣਵਾਉਣ ਲਈ ਉਹ ਜਲਦ ਪੰਚਾਇਤ ਰਾਹੀਂ ਮਤਾ ਪਾ ਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਨੂੰ ਭੇਜਣਗੇ ਤਾਂ ਜੋ ਇਸ ਸੜਕ ਦੇ ਕੰਪਲੀਟ ਹੋਣ ਨਾਲ ਲੋਕਾਂ ਨੂੰ ਕਪੂਰਥਲਾ ਦੇ ਆਉਣ- ਜਾਣ ਲਈ ਵੱਡੀ ਰਾਹਤ ਪ੍ਰਦਾਨ ਹੋ ਸਕੇ ਤੇ ਪਿੰਡ ਦੀ ਵੀ ਇਸ ਸੜਕ ਬਣ ਜਾਣ ਦੇ ਨਾਲ ਦਿੱਖ ਆਕਰਸ਼ਿਤ ਬਣ ਜਾਵੇਗੀ । ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਆਗੂ ਸੰਜੀਵ ਕੁਮਾਰ ਕੌਂਡਲ ਨੇ ਵੀ ਕਿਹਾ ਕਿ ਚੇਅਰਮੈਨ ਜਗਜੀਤ ਸਿੰਘ ਬਿੱਟੂ ਵੱਲੋਂ ਜੋ ਇਹ ਸੜਕ ਆਪਣੀ ਦੇਖਰੇਖ ਹੇਠ ਬਣਵਾਉਣ ਲਈ ਸਹਿਯੋਗ ਕੀਤਾ ਗਿਆ ਹੈ, ਉਸ ਲਈ ਸਥਾਨਕ ਆਮ ਆਦਮੀ ਪਾਰਟੀ ਦੀ ਟੀਮ , ਨਗਰ ਨਿਵਾਸੀ ਅਤੇ ਗ੍ਰਾਮ ਪੰਚਾਇਤ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ! ਇਸ ਮੌਕੇ ਉੱਤੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਤਨਾਮ ਸਿੰਘ ਸੰਘਾ, ਡਾਕਟਰ ਬਲਰਾਮ ਸ਼ਰਮਾ ਕਿੰਦੀ, ਡਾਕਟਰ ਬਲਕਾਰ ਸਿੰਘ ਲਾਲਕਾ, ਬਿੱਲੂ ਸ਼ਹਿਰੀ, ਰਾਕੇਸ਼ ਗਿੱਲ ਤੇਸੁਰਜੀਤ ਸਿੰਘ ਸੀਤਾ ਢੋਲੀ ਆਦਿ ਹਾਜ਼ਰ ਸਨ।



# ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਇਆ



**ਢਿਲਵਾਂ ( ਮਨਜੀਤ ਮਾਨ)** ਮੰਦਰ ਸੁਧਾਰ ਸਭਾ (ਰਜਿ) ਢਿਲਵਾਂ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਹਾਂਸ਼ਿਵਰਾਤਰੀ ਦਾ ਤਿਉਹਾਰ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਹਰਲੇ ਸ਼ਿਵ ਮੰਦਰ ਢਿਲਵਾਂ ਵਿੱਚ ਸ਼ਰਧਾਪੂਰਵਕ ਮਨਾਇਆ ਗਿਆ। ਇਸ ਸਬੰਧੀ ਸਵੇਰੇ 7 ਤੋਂ 9 ਵਜੇ ਵੱਕ ਕਸਬੇ ਦੇ ਤਿੰਨਾ ਮੰਦਰਾਂ ਵਿੱਚ ਹਵਨ ਕਰਵਾਇਆ ਗਿਆ। ਰਾਤ ਪੰਜਾਬ ਦੇ ਪ੍ਰਸਿੱਧ ਦੇ ਪ੍ਰਸਿੱਧ ਭਜਨ ਗਾਇਕ ਵਿੱਕੀ ਢੀਂਗਰਾ ਮਿਊਜ਼ੀਕਲ ਗਰੁੱਪ ਫਗਵਾੜਾ ਵੱਲੋਂ ਸ਼ਿਵ ਭਜਨ ਗਾਇਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ।ਇਸ ਤੋਂ ਇਲਾਵਾ ਸੁੰਦਰ ਝਾਕੀਆਂ ਵੀ ਕੱਢੀਆਂ ਗਈਆਂ। ਇਸ ਮੌਕੇ ਮੰਦਰ ਸੁਧਾਰ ਸਭਾ (ਰਜਿ ਢਿਲਵਾਂ ਦੇ ਪ੍ਰਧਾਨ ਕ੍ਰਿਸ਼ਨ ਲਾਲ ਸੁਖੀਜਾ, ਖਜਾਨਚੀ ਵਿਸ਼ਾਲ ਅਰੜਾ, ਅਸ਼ੋਕ ਅਰੋੜਾ, ਜਸਵਿੰਦਰ ਪਾਲੀ, ਜੋਗਿੰਦਰ ਪਾਲ ਸ਼ਰਮਾ ਵੱਲੋਂ ਇਲਾਕੇ ਦੀਆਂ ਮਾਨਯੋਗ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ । ਰਾਤ ਨੂੰ ਚਾਹ-ਪਕੌੜਿਆਂ ਦਾ ਅਤੁੱਟ ਲੰਗਰ ਵਰਤਾਇਆ ਗਿਆ । ਇਸ ਮੌਕੇ ਮੰਦਰ ਸੁਧਾਰ ਸਭਾ ਢਿਲਵਾਂ ਦੇ ਪ੍ਰਧਾਨ ਕ੍ਰਿਸ਼ਨ ਲਾਲ ਸੁਖੀਜਾ ਅਤੇ ਖਜਾਨਚੀ ਵਿਸ਼ਾਲ ਅਰੋੜਾ, ਅਸ਼ੋਕ ਅਰੋੜਾ, ਜੋਗਿੰਦਰ ਪਾਲ ਸ਼ਰਮਾ, ਜਸਵਿੰਦਰ ਪਾਲੀ, ਬੱਬੂ ਸੁਖੀਜਾ, ਕੇਵਲ ਬੱਗਾ, ਸੁਭਾਸ਼ ਸੁਖੀਜਾ, ਅਨਮੋਲ ਸੁਖੀਜਾ, ਪ੍ਰਦੀਪ ਬਜਾਜ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੂਬੇ ਦੇ ਕਿਸਾਨਾਂ ਨੂੰ ਹੋਰ ਲਾਭ ਪਹੁੰਚਾਉਣ ਲਈ ਏ ਆਈ ਐੱਫ ਅਧੀਨ ਅਲਾਟਮੈਂਟ 'ਚ ਕੀਤਾ ਵਾਧਾ : ਭਗਤ

**ਚੰਡੀਗੜ੍ਹ, ( ਗੁਰਜੀਤ ਬਿੱਲਾ )**— ਕੇਂਦਰ ਸਰਕਾਰ ਵੱਲੋਂ ਸੂਬੇ ਦੇ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਪੰਜਾਬ ਦੀ ਸ਼ਾਨਦਾਰ ਪ੍ਰਗਤੀ ਦੀ ਸ਼ਲਾਘਾ ਕੀਤੀ ਗਈ ਹੈ। ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ.) ਸਕੀਮ ਅਧੀਨ ਸੂਬੇ ਦੀ ਵਧੀਆ ਕਾਰਗੁਜ਼ਾਰੀ ਨੂੰ ਮਾਨਤਾ ਦਿੰਦਿਆਂ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਪੰਜਾਬ ਦੀ ਵਿੱਤ ਸਹੂਲਤ ਨੂੰ ?4,713 ਕਰੋੜ ਤੋਂ ਵਧਾ ਕੇ ?7,050 ਕਰੋੜ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ ਦਿੱਤੀ ਇਸ ਮਾਨਤਾ ਲਈ ਧੰਨਵਾਦ ਪ੍ਰਗਟ ਕਰਦਿਆਂ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਕਿਹਾ, 'ਅਲਾਟਮੈਂਟ ਵਿੱਚ ਕੀਤਾ ਇਹ ਵਾਧਾ ਕਿਸਾਨਾਂ ਨੂੰ ਸਸ਼ਕਤ ਬਣਾਉਣ ਪ੍ਰਤੀ ਪੰਜਾਬ ਦੀ ਵਚਨਬੱਧਤਾ ਦਾ ਪ੍ਰਮਾਣ ਹੈ।' ਉਨ੍ਹਾਂ ਅੱਗੇ ਕਿਹਾ ਕਿ ਇਸ ਵਾਧੇ ਨਾਲ ਸੂਬੇ ਖੇਤੀਬਾੜੀ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਹੋਰ ਤੇਜ਼ੀ ਆਵੇਗੀ, ਉਨ੍ਹਾ ਕਿਹਾ ਕਿ ਇਸ ਵਾਧੇ ਵਿੱਚ ਕੋਲਡ ਸਟੋਰੇਜ ਸਹੂਲਤਾਂ, ਵੇਅਰਹਾਊਸਿੰਗ, ਪ੍ਰੋਸੈਸਿੰਗ ਯੂਨਿਟਾਂ ਸਥਾਪਤ ਕਰਨ ਅਤੇ ਮੁੱਲ ਵਿੱਚ ਵਾਧੇ ਸਬੰਧੀ ਪਹਿਲਕਦਮੀਆਂ ਸ਼ੁਰੂ ਕਰਨਾ ਸ਼ਾਮਲ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਸੁਧਾਰਾਂ ਲਈ ਮਿਸਾਲੀ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ, ਜੋ ਦੂਜੇ ਸੂਬਿਆਂ ਲਈ ਇੱਕ ਮਾਪਦੰਡ ਸਥਾਪਤ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਏ.ਆਈ.ਐਫ. ਸਕੀਮ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂਕਰਨ ਵਿੱਚ ਮੋਹਰੀ ਸੂਬਾ ਬਣ ਕੇ ਉਭਰਿਆ ਹੈ, ਜਿਸ ਵਿੱਚ ਕਈ ਪ੍ਰਾਜੈਕਟ ਪਹਿਲਾਂ ਹੀ ਖੇਤੀਬਾੜੀ ਖੇਤਰ ਦੀ ਨੁਹਾਰ ਬਦਲ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀਆਂ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਨਾਲ ਨਾਲ ਸੂਬੇ ਦੇ ਸਮੁੱਚੇ ਖੇਤੀਬਾੜੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਏ.ਆਈ.ਐਫ. ਸਕੀਮ ਲਾਗੂ ਕਰਨ ਵਿੱਚ ਪੰਜਾਬ ਦੀ ਅਗਵਾਈ ਦੀ ਸ਼ਲਾਘਾ ਕੀਤੀ। ਕੇਂਦਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੂਬੇ ਨੇ ਲਗਾਤਾਰ ਵਧੀਆ ਕਾਰਗੁਜ਼ਾਰੀ ਕੀਤੀ ਹੈ ਅਤੇ ਖੇਤੀਬਾੜੀ ਬੁਨਿਆਦੀ ਢਾਂਚਾ ਪ੍ਰਾਜੈਕਟ ਸਬੰਧੀ ਪ੍ਰਵਾਨਗੀਆਂ ਵਿੱਚ ਦੇਸ਼ ਭਰ ਵਿੱਚ ਚੋਟੀ ਦਾ ਸਥਾਨ ਪ੍ਰਾਪਤ ਕੀਤਾ ਹੈ।ਭਗਤ ਨੇ ਅੱਗੇ ਦੱਸਿਆ ਕਿ ਬਾਗਬਾਨੀ ਵਿਭਾਗ ਪੰਜਾਬ ਏ.ਆਈ.ਐਫ. ਸਕੀਮ ਲਾਗੂ ਕਰਨ ਲਈ ਸਟੇਟ ਨੋਡਲ ਏਜੰਸੀ ਵਜੋਂ ਕੰਮ ਕਰਦਾ ਹੈ। ਇਸ ਸਕੀਮ ਦੇ ਪ੍ਰਭਾਵਸ਼ਾਲੀ ਅਮਲ ਨੂੰ ਯਕੀਨੀ ਬਣਾਉਣ ਲਈ, ਵਿਭਾਗ ਨੇ ਇੱਕ ਵਟਸਐਪ ਹੈਲਪਲਾਈਨ ਨੰਬਰ 9056092906 ਸ਼ੁਰੂ ਕੀਤਾ ਹੈ, ਜਿਸ ਰਾਹੀਂ ਕਿਸਾਨ ਇਸ ਸਕੀਮ ਬਾਰੇ ਪੂਰੀ ਜਾਣਕਾਰੀ ਲੈ ਸਕਦੇ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਸੇਵਾ-ਮੁਕਤ ਰਾਗੀ ਭਾਈ ਸੁਖਵਿੰਦਰ ਸਿੰਘ ਦਾ ਸਨਮਾਨ



**ਸੁਲਤਾਨਪੁਰ ਲੋਧੀ ( ਹਨੀ )** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਬੇਦਾਗ਼ ਸੇਵਾ ਨਿਭਾ ਕੇ ਸੇਵਾ ਮੁਕਤ ਹੋਏ ਭਾਈ ਸੁਖਵਿੰਦਰ ਸਿੰਘ ਰਾਗੀ ਦਾ ਗੁ. ਸ੍ਰੀ ਬੇਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯਾਦਗਾਰੀ ਤਸਵੀਰ ਤੇ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਬੰਧੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੈਨੇਜਰ ਅਵਤਾਰ ਸਿੰਘ ਤੇ ਹੈੱਡ ਗ੍ਰੰਥੀ ਭਾਈ ਸਤਨਾਮ ਸਿੰਘ ਦੀ ਅਗਵਾਈ ਹੇਠ ਵਿਸ਼ਾਲ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਉਚੇਚੇ ਤੌਰ 'ਤੇ ਪੁੱਜੇ ਜਥੇ. ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਤੇ ਗੁਰਦੁਆਰਾ ਪ੍ਰਬੰਧਕਾਂ ਨੇ ਭਾਈ ਸੁਖਵਿੰਦਰ ਸਿੰਘ ਰਾਗੀ ਦਾ ਸਨਮਾਨ ਕੀਤਾ ਤੇ ਉਨ੍ਹਾਂ ਵਲੋਂ ਬੜੀ ਇਮਾਨਦਾਰੀ ਨਾਲ ਨਿਭਾਈ ਗਈ ਰਾਗੀ ਸਿੰਘ ਦੀ ਸੇਵਾ ਦੀ ਸ਼ਲਾਘਾ ਕੀਤੀ।ਅਵਤਾਰ ਸਿੰਘ ਮੈਨੇਜਰ, ਚੈਂਚਲ ਸਿੰਘ ਮੀਤ ਮੈਨੇਜਰ, ਗੁਰਜੀਤ ਸਿੰਘ ਮੀਤ ਮੈਨੇਜਰ, ਗੁਰਪ੍ਰੀਤ ਸਿੰਘ ਮੀਤ ਮੈਨੇਜਰ, ਭਾਈ ਸਤਨਾਮ ਸਿੰਘ ਹੈੱਡ ਗ੍ਰੰਥੀ, ਭਾਈ ਹਰਜਿੰਦਰ ਸਿੰਘ ਗ੍ਰੰਥੀ, ਭਾਈ ਦਿਆਲ ਸਿੰਘ ਮੁਖੀ ਰਾਗੀ, ਭਾਈ ਦਿਲਬਾਗ ਸਿੰਘ ਇੰਚਾਰਜ ਰਾਗੀ, ਭਾਈ ਭੁਪਿੰਦਰ ਸਿੰਘ ਰਿਕਾਰਡ ਕੀਪਰ, ਭਾਈ ਇੰਦਰਜੀਤ ਸਿੰਘ ਸਟੋਰਕੀਪਰ ਬਿਜਲੀ, ਭਾਈ ਸਲਵੰਤ ਸਿੰਘ ਸਟੋਰ ਕੀਪਰ, ਭਾਈ ਸਰਵਣ ਸਿੰਘ ਨਿਗਰਾਨ ਅਤੇ ਸਮੂਹ ਰਾਗੀਆਂ ਨੇ ਕਿਹਾ ਕਿ ਭਾਈ ਸੁਖਵਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਨਾਲ ਜੋ ਸੇਵਾ ਨਿਭਾਈ ਹੈ, ਉਸਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ।

# ਮੰਗਲਵਾਰ ਨੂੰ ਤੈਅ ਕੀਤੀ ਜਾਵੇਗੀ ਅਗਲੀ ਰਣਨੀਤੀ : ਕੁਲਵੰਤ ਸੈਣੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸਰਪ੍ਰਸਤ ਕੁਲਵੰਤ ਸੈਣੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ 25 ਜਨਵਰੀ ਨੂੰ ਪੰਜਾਬ ਪੱਧਰ ਦੀ ਰੈਲੀ ਹੁਸ਼ਿਆਰਪੁਰ ਵਿੱਚ ਕੀਤੀ ਗਈ ਸੀ। ਇਸ ਦੌਰਾਨ ਪੰਜਾਬ ਭਰ ਤੋਂ ਪਹੁੰਚੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਏਡੀਸੀ (ਵਿਕਾਸ) ਨਿਕਾਸ ਕੁਮਾਰ ਨੇ ਮੰਗ ਪੱਤਰ ਲਿਆ ਸੀ ਅਤੇ ਜਥੇਬੰਦੀ ਨੂੰ ਵਿਸ਼ਵਾਸ ਦਿੱਤਾ ਸੀ ਕਿ 2-3 ਦਿਨਾਂ ਦੇ ਅੰਦਰ ਉਹਨਾਂ ਦੀ ਮੀਟਿੰਗ ਸਰਕਾਰ /ਸਥਾਨਕ ਨਿਕਾਏ ਮੰਤਰੀ ਨਾਲ ਮੀਟਿੰਗ ਕਰਵਾ ਦਿੱਤੀ ਜਾਏਗੀ। ਪਰ ਅੱਜ ਚਾਰ ਦਿਨ ਬੀਤ ਜਾਣ ਦੇ ਬਾਅਦ ਵੀ ਮੀਟਿੰਗ ਸਬੰਧੀ ਕੋਈ ਗੱਲਬਾਤ ਨਹੀਂ ਕੀਤੀ ਜਾ ਰਹੀ। ਉਹਨਾਂ ਨੇ ਕਿਹਾ ਕਿ ਇਸ ਗੱਲ ਨੂੰ ਲੈ ਕੇ ਜਥੇਬੰਦੀ ਵਿੱਚ ਰੋਸ ਪਾਇਆ ਜਾ ਰਿਹਾ ਹੈ ਅਤੇ ਸਾਰਿਆਂ ਨੇ ਇੱਕ ਮੱਤ ਹੋ ਕੇ ਫੈਸਲਾ ਕੀਤਾ ਹੈ ਕਿ ਜੇਕਰ ਪ੍ਰਸ਼ਾਸਨ ਨੇ ਸੋਮਵਾਰ ਨੂੰ ਉਹਨਾਂ ਦੀ ਮੀਟਿੰਗ ਨਾ ਕਰਵਾਈ ਤਾਂ ਮੰਗਲਵਾਰ ਨੂੰ ਜੱਥੇਬੰਦੀ ਵੱਲੋਂ ਸੰਘਰਸ਼ ਦੀ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।ਸੈਣੀ ਨੇ ਕਿਹਾ ਕਿ ਮੁਲਾਜ਼ਮਾਂ ਦੇ ਨਾਲ ਸਰਕਾਰ ਦਾ ਰਵੱਈਆ ਠੀਕ ਨਹੀਂ ਹੈ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਸਰਕਾਰ ਦੀ ਬੋਲੀ ਬੋਲ ਰਹੇ ਹਨ ਜਿਸ ਨਾਲ ਮੁਲਾਜ਼ਮ ਵਰਗ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਿਹਾ ਹੈ। ਉਹਨਾਂ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਪ ਦੀ ਸਰਕਾਰ ਆਈ ਹੈ ਉਦੋਂ ਤੋਂ ਹੀ ਸਰਕਾਰ ਦਾ ਰਵੱਈਆ ਮੁਲਾਜ਼ਮਾਂ ਪ੍ਰਤੀ ਮਾੜਾ ਹੀ ਰਿਹਾ ਹੈ। ਉਹਨਾਂ ਕਿਹਾ ਕਿ ਮੁਲਾਜ਼ਮ ਹੁਣ ਚੁੱਪ ਨਹੀਂ ਬੈਠਣਗੇ ਉਹ ਕਿਸੇ ਵੀ ਹੱਦ ਤੱਕ ਸੰਘਰਸ਼ ਕਰਨ ਲਈ ਮਜਬੂਰ ਹਨ।

# ਹੈਰੋਇਨ ਤੇ 40 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਆਦਮਪੁਰ (ਪਰਮਜੀਤ ਸਿੰਘ)**- ਸਥਾਨਕ ਪੁਲਸ ਨੇ ਥਾਣਾ ਮੁਖੀ ਰਵਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਇੱਕ ਵਿਆਕਤੀ ਪਾਸੋਂ 77 ਗ੍ਰਾਮ ਹੈਰੋਇਨ ਆਤੇ 40 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀ ਹੈ। ਕੁਲਵੰਤ ਸਿੰਘ ਪੀ ਪੀ ਐਸ ਉਪ ਕਪਤਾਨ ਸਬ ਡਵੀਜਨ ਆਦਮਪੁਰ ਨੇ ਦੱਸਿਆ ਕਿ ਏ ਐਸ ਆਈ ਦਯਾਚੰਦ ਚੌਕੀ ਇੰਚਾਰਜ ਜੰਡੂ ਸਿੰਘਾ ਪੁਲਸ ਪਾਰਟੀ ਸਮੇਤ ਅਗਸਤ ਤੇ ਪਿੰਡ ਚੂਹੜਵਾਲੀ ਤੋਂ ਪਿੰਡ ਤਲਵੰਡੀ ਅਰਾਈਆਂ ਵੱਲ ਜਾ ਰਹੇ ਸਨ ਕਿ ਪਿੰਡ ਤਲਵੰਡੀ ਅਰਾਈਆਂ ਵੱਲੋਂ ਇਕ ਮੋਨਾ ਵਿਆਕਤੀ ਪੈਦਲ ਆ ਰਿਹਾ ਸੀ ਜੋ ਕਿ ਪੁਲਸ ਨੂੰ ਕੇ ਘਬਰਾ ਭੱਜਣ ਲੱਗਾ ਤਾਂ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਜਦੋਂ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 7 ਗ੍ਰਾਮ ਹੈਰੋਇਨ ਅਤੇ 40 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਕਾਬੂ ਕੀਤੇ ਵਿਅਕਤੀ ਦੀ ਪਛਾਣ ਤਰਲੋਚਨ ਹੀਘ ਉਰਫ ਤੋਚੀ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਕੰਦੋਲਾ ਥਾਣਾ ਆਦਮਪੁਰ ਵਜੋਂ ਹੋਈ ਹੈ । ਪੁਲਸ ਨੇ ਉਸ ਨੂੰ ਕਾਬੂ ਕਰ ਉਸ 'ਤੇ ਮੁਕੱਦਮਾ ਦਰਜ ਕਰ ਲਿਆ ਹੈ ।



## ਵਰ੍ਹੇਗੰਢ ਮੁਬਾਰਕ



ਗੁਰਪ੍ਰੀਤ ਸਿੰਘ ਅਤੇ ਜਤਿੰਦਰ ਕੌਰ ਵਾਸੀ ਕੈਨੇਡਾ ਨੇ ਆਪਣੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ।



ਸਤਨਾਮ ਸਿੰਘ ਕਰਨਾਵਲ ਅਤੇ ਵੀਰਪਾਲ ਕੌਰ ਵਾਸੀ ਜਲਾਲਾਬਾਦ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਮੁਬਾਰਕਾਂ।

# 'ਪੰਜਾਬ ਸਰਕਾਰ ਜੀ ਸੀ ਦੇ ਲੋਕਾਂ ਨੂੰ ਸੰਘਰਸ਼ ਲਈ ਮਜਬੂਰ ਨਾ ਕਰੇ'



**ਮੁਹਾਲੀ (ਗੁਰਜੀਤ ਬਿੱਲਾ)** ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਸੂਬਾਈ ਆਗੂ ਸੁਖਬੀਰ ਇੰਦਰ ਸਿੰਘ, ਰਣਜੀਤ ਸਿੰਘ ਸਿੱਧੂ, ਜਰਨੈਲ ਸਿੰਘ ਬਰਾੜ, ਕਪਿਲ ਦੇਵ ਪ੍ਰਾਸ਼ਰ,ਜਸਵੀਰ ਸਿੰਘ ਗੜਾਂਗ, ਦਿਲਬਾਗ ਸਿੰਘ, ਮਨਦੀਪ ਸਿੰਘ ਰੰਧਾਵਾ, ਅਮਨ ਪ੍ਰੀਤ ਸਿੰਘ ਅਤੇ ਸੁਰਿੰਦਰ ਸਿੰਘ ਸੈਣੀ ਨੇ ਸਾਂਝੇ ਤੌਰ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਜਨਰਲ ਵਰਗ ਦੇ ਲੋਕਾਂ ਨਾਲ ਵਿੱਤਕਰਾ ਕਰ ਰਹੀ ਹੈ। ਤਿੰਨ ਸਾਲ ਬੀਤ ਜਾਣ 'ਤੇ ਵੀ ਸਰਕਾਰ ਅਜੇ ਤੱਕ ਜਨਰਲ ਕੈਟਾਗਰੀ ਵੈਲਫੇਅਰ ਲਈ ਕਾਂਗਰਸ ਸਰਕਾਰ ਵੇਲੇ ਬਣੇ ਕਮਿਸ਼ਨ ਦਾ ਚੇਅਰਮੈਨ ਅਤੇ ਅਮਲਾ ਨਿਯੁਕਤ ਕਰਨ ਵਿਚ ਦੇਰੀ ਕਰ ਰਹੀ ਹੈ।ਦੂਜੀਆਂ ਕੈਟਾਗਰੀਆਂ ਦੇ ਕਮਿਸ਼ਨਾਂ ਦੇ ਦਫ਼ਤਰ ਵਿੱਚ ਕੰਮ ਬਿਨਾ ਰੋਕ ਟੋਕ ਹੋ ਰਿਹਾ ਹੈ।ਜਨਰਲ ਕੈਟੇਗਰੀ ਕਮਿਸ਼ਨ ਦਾ ਚੇਅਰਮੈਨ ਨਾ ਨਿਯੁਕਤ ਹੋਣ ਕਾਰਨ ਜਨਰਲ ਵਰਗ ਵਿੱਚ ਸਰਕਾਰ ਪ੍ਰਤੀ ਰੋਸ ਹੈ। ਜਨਰਲ ਵਰਗ ਦੇ ਰੋਸ ਕਾਰਨ ਆਉਣ ਵਾਲੀ ਲੁਧਿਆਣਾ ਦੀ ਚੋਣ ਅਤੇ 2027 ਦੀਆਂ ਚੋਣ ਵਿੱਚ ਵਿਰੋਧ ਦਾ ਖਾਮਿਆਜ਼ਾ ਭੁਗਤਣਾ ਪਵੇਗਾ। ਫੈਡਰੇਸ਼ਨ ਦੇ ਆਗੂ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦਰ ਕੇਜਰੀਵਾਲ, ਪੰਜਾਬ ਇਕਾਈ ਦੇ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਅਤੇ ਗੁਰਮੀਤ ਮੀਤ ਹੇਅਰ ਸਭ ਨੂੰ ਅਪੀਲ ਕਰਦਿਆ ਕਿਹਾ ਕੀ ਜਨਰਲ ਕੈਟੇਗਰੀ ਕਮਿਸ਼ਨ ਦਾ ਚੇਅਰਮੈਨ ਅਤੇ ਅਮਲਾ ਦੀ ਨਿਯੁਕਤੀ ਛੇਤੀ ਕੀਤੀ ਜਾਵੇ।ਅਗਲੀ ਸੰਘਰਸ਼ ਰਣਨੀਤੀ ਤਹਿ ਕਰਨ ਲਈ ਫੈਡਰੇਸ਼ਨ ਦੇ ਆਗੂ ਨੇ 15 ਮਾਰਚ ਦੀ ਮੀਟਿੰਗ ਬੁਲਾਈ ਹੈ, ਕਿਉਂ ਕਿ ਜਨਰਲ ਵਰਗ ਦੇ ਸਹਿਯੋਗ ਬਗੈਰ ਚੋਣਾਂ ਜਿੱਤਣਾ ਅਸਾਨ ਨਹੀਂ ਹੈ।

# ਕੁਸ਼ਤੀ 'ਚ ਭਾਰਤ ਸਮੇਤ ਈਰਾਨ, ਕੈਨੇਡਾ ਤੇ ਬ੍ਰਾਜ਼ੀਲ ਦੇ ਪਹਿਲਵਾਨਾਂ ਨੇ ਜ਼ੋਰ ਦਿਖਾਇਆ

**ਬੰਗਾ (ਅਵਤਾਰ ਕਲੇਰ)**— ਦੋਆਬੇ ਦੀ ਓਲਿੰਪਿਕਸ ਵਜੋਂ ਜਾਣੀਆਂ ਜਾਂਦੀਆਂ ਹਕੀਮਪੁਰ ਦੀਆਂ 28ਵੀਆਂ ਪੁਰੇਵਾਲ ਖੇਡਾਂ ਦੇ ਦੂਜੇ ਦਿਨ ਕੁਸ਼ਤੀ ਦੇ ਸੱਤ ਟਾਈਟਲਾਂ ਲਈ ਵੱਡੇ ਪਹਿਲਵਾਨਾਂ ਨੇ ਜ਼ੋਰ ਅਜ਼ਮਾਇਸ਼ ਕੀਤੀ। ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਈਰਾਨ ਦੇ ਤਿੰਨ ਪਹਿਲਵਾਨਾਂ, ਕੈਨੇਡਾ ਦੇ ਤਿੰਨ ਤੇ ਬ੍ਰਾਜ਼ੀਲ ਦੇ ਇਕ ਪਹਿਲਵਾਨ ਨੇ ਵੀ ਹਿੱਸਾ ਲਿਆ। ਪੁਰੇਵਾਲ ਭਰਾਵਾਂ ਤੇ ਪੁਰੇਵਾਲ ਸਪੋਰਟਸ ਕਲੱਬ ਵੱਲੋਂ ਕਰਵਾਈਆਂ ਜਾਂਦੀਆਂ ਖੇਡਾਂ ਦੇ ਕੁਸ਼ਤੀ ਮੁਕਾਬਲੇ ਅਮਰਦੀਪ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਇੰਡੋਰ ਮਲਟੀਪਰਪਜ਼ ਹਾਲ ਵਿਖੇ ਭਾਰਤ ਦੇ ਸਾਬਕਾ ਚੀਫ ਕੋਚ ਪੀ.ਆਰ. ਸੋਂਧੀ ਦੀ ਦੇਖ-ਰੇਖ ਹੇਠ ਕਰਵਾਏ ਗਏ।ਪੁਰਸ਼ਾਂ ਦੇ ਓਪਨ ਭਾਰ ਵਰਗ ਦੇ 'ਮਹਾਂਭਾਰਤ ਕੇਸਰੀ', ਮਹਿਲਾਵਾਂ ਦੇ ਓਪਨ ਭਾਰ ਵਰਗ ਦੇ 'ਮਹਾਂਭਾਰਤ ਕੇਸਰੀ', ਮੁੰਡਿਆਂ ਦੇ 90 ਕਿਲੋ ਤੱਕ ਭਾਰ ਵਰਗ ਲਈ 'ਸ਼ੇਰ ਏ ਹਿੰਦ', ਮੁੰਡਿਆਂ ਦੇ 80 ਕਿਲੋ ਤੱਕ ਭਾਰ ਵਰਗ ਲਈ 'ਆਫ਼ਤਾਬ ਏ ਹਿੰਦ', ਮੁੰਡਿਆਂ ਦੇ 65 ਕਿਲੋ ਤੱਕ ਭਾਰ ਵਰਗ ਲਈ 'ਸਿਤਾਰ ਏ ਹਿੰਦ', ਕੁੜੀਆਂ ਦੇ 60 ਕਿਲੋ ਤੱਕ ਭਾਰ ਵਰਗ ਲਈ 'ਮਹਾਂਭਾਰਤ ਕੁਮਾਰੀ' ਅਤੇ 17 ਸਾਲ ਤੱਕ ਉਮਰ ਦੇ ਓਪਨ ਭਾਰ ਵਰਗ 'ਪੰਜਾਬ ਕੁਮਾਰ' ਦੇ ਖਿਤਾਬ ਲਈ 200 ਦੇ ਕਰੀਬ ਪਹਿਲਵਾਨਾਂ ਨੇ ਹਿੱਸਾ ਲਿਆ।ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਪੈਰਿਸ ਓਲਿੰਪਿਕਸ ਮੌਕੇ ਕੀਤੇ ਐਲਾਨ ਤਹਿਤ ਭਾਰਤੀ ਪਹਿਲਵਾਨ ਵਿਨੇਸ਼ ਫੋਗਟ ਨੂੰ ਆਪਣੇ ਖੇਡ ਰਤਨ ਨਾਲ ਸਨਮਾਨਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਜਿਸ ਵਿੱਚ ਵਿਨੇਸ਼ ਫੋਗਟ ਨੂੰ ਸਵਾ ਦੋ ਤੋਲੇ ਦੇ ਸ਼ੁੱਧ ਸੋਨੇ ਦਾ ਮੈਡਲ ਤੇ ਸੁਨਹਿਰੀ ਗੁਰਜ ਮਿਲਣੀ ਹੈ।ਖੇਡਾਂ ਦੇ ਮੁੱਖ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਵਿਨੇਸ਼ ਫੋਗਟ ਦੇ ਰੁਝੇਵਿਆਂ ਕਾਰਨ ਉਸ ਵੱਲੋਂ ਨਾ ਪਹੁੰਚੇ ਜਾਣ ਕਾਰਨ ਹੁਣ ਇਹ ਸਨਮਾਨ ਆਉਂਦੇ ਦਿਨਾਂ ਵਿੱਚ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ। ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਕੁਸ਼ਤੀ ਦੇ ਸੱਤ ਟਾਈਟਲਾਂ ਦੇ ਜੇਤੂਆਂ ਨੂੰ 10 ਲੱਖ ਰੁਪਏ ਤੋਂ ਵੱਧ ਨਗਦ ਇਨਾਮ ਰਾਸ਼ੀ, ਗੁਰਜ ਅਤੇ ਬਦਾਮਾਂ ਨਾਲ ਸਨਮਾਨਤ ਕੀਤਾ ਗਿਆ। ਕੈਲੇਫੋਰਨੀਆ ਤੋਂ ਖੇਡ ਪ੍ਰਮੋਟਰ ਸੁੱਖੀ ਘੁੰਮਣ, ਚਰਨਜੀਤ ਸਿੰਘ ਬਾਠ ਤੇ ਪਾਲ ਸਹੋਤਾ ਵੱਲੋਂ ਪ੍ਰਿੰਸੀਪਲ ਸਰਵਣ ਸਿੰਘ ਨੂੰ ਉਨ੍ਹਾਂ ਦੀਆਂ ਉਮਰ ਭਰ ਦੀਆਂ ਪ੍ਰਾਪਤੀਆਂ ਬਦਲੇ ਸਨਮਾਨਿਆ ਗਿਆ। ਇਸ ਮੌਕੇ ਗੁਰਚਰਨ ਸਿੰਘ ਸ਼ੇਰਗਿੱਲ, ਪ੍ਰਸਿੱਧ ਖੇਡ ਕੁਮੈਂਟੇਟਰ ਪ੍ਰੋ ਮੱਖਣ ਸਿੰਘ ਹਕੀਮਪੁਰ, ਕਾਲਜ ਦੇ ਪ੍ਰਿੰਸੀਪਲ ਸ਼ਮਸ਼ਾਦ ਅਲੀ, ਗੁਰਬਖਸ਼ ਸਿੰਘ ਸੰਘੇੜਾ ਕੈਨੇਡਾ, ਮਨਜੀਤ ਸਿੰਘ ਗਿੱਲ ਇੰਗਲੈਂਡ, ਅਮਰਜੀਤ ਸਿੰਘ ਟੁੱਟ, ਰਾਣਾ ਟੁੱਟ, ਕਬੱਡੀ ਕੋਚ ਹਰਪ੍ਰੀਤ ਸਿੰਘ, ਗੋਸਲ ਭਰਾ, ਕੁਲਤਾਰ ਸਿੰਘ, ਮਾਸਟਰ ਜੋਗਾ ਸਿੰਘ, ਰਾਜੀਵ ਸ਼ਰਮਾ, ਅਵਤਾਰ ਸਿੰਘ ਪੁਰੇਵਾਲ, ਲਹਿੰਬਰ ਸਿੰਘ ਪੁਰੇਵਾਲ, ਕੁਲਦੀਪ ਸਿੰਘ ਪੁਰੇਵਾਲ, ਨਛੱਤਰ ਸਿੰਘ ਬੈਂਸ, ਹਰਅਵਤਾਰ ਸਿੰਘ, ਹਰਮੇਸ਼ ਸਿੰਘ ਸੰਗਰ, ਰਵਿੰਦਰ ਸਿੰਘ ਚਹਿਲ, ਕਮਲ ਆਦਿ ਹਾਜ਼ਰ ਸਨ।ਸਵ. ਹਰਬੰਸ ਸਿੰਘ ਪੁਰੇਵਾਲ ਤੇ ਸਵ. ਮਲਕੀਤ ਸਿੰਘ ਪੁਰੇਵਾਲ ਦੀ ਯਾਦ ਵਿੱਚ ਕਰਵਾਈਆਂ ਜਾਂਦੀਆਂ ਪੁਰੇਵਾਲ ਖੇਡਾਂ ਇਸ ਵਾਰ ਸਵ. ਹਰਨੰਦਨ ਸਿੰਘ ਕਾਨੂ ਸਹੋਤਾ, ਸਵ. ਮੱਖਣ ਸਿੰਘ ਟਿਮਾਣਾ, ਸਵ. ਲਾਲੀ ਢੇਸੀ ਤੇ ਸਵ. ਰਵੀ ਸੋਢੀ ਨੂੰ ਸਮਰਪਿਤ ਹਨ। ਮੀਂਹ ਕਾਰਨ ਕਬੱਡੀ ਓਪਨ ਦੇ ਮੁਕਾਬਲੇ ਮੁਲਤਵੀ ਕੀਤੇ ਗਏ।



# ਚੇਨਈ ਹਵਾਈ ਅੱਡੇ 'ਤੇ ਵੀ ਖੁੱਲ੍ਹੀ ਸਸਤੀ ਕੰਟੀਨ

**ਨਵੀਂ ਦਿੱਲੀ, ( ਗੁਰਜੀਤ ਬਿੱਲਾ)**— ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੱਲੋਂ ਹਵਾਈ ਅੱਡਿਆਂ 'ਤੇ ਮਹਿੰਗੇ ਖਾਣੇ ਦਾ ਮੁੱਦਾ ਉਠਾਏ ਜਾਣ ਤੋਂ ਬਾਅਦ ਸਰਕਾਰ ਨੇ ਕੋਲਕਾਤਾ ਤੋਂ ਬਾਅਦ ਚੇਨਈ 'ਚ ਉਡਾਨ ਯਾਤਰੀ ਕੈਫੇ ਸ਼ੁਰੂ ਕਰਨ ਦਾ ਫੈਸਲਾ ਕੀਤਾ ਸੀ। ਇਸ ਦੀ ਸ਼ੁਰੂਆਤ ਪਹਿਲਾਂ ਕੋਲਕਾਤਾ ਏਅਰਪੋਰਟ ਤੋਂ ਕੀਤੀ ਗਈ ਸੀ ਅਤੇ ਹੁਣ ਚੇਨਈ ਏਅਰਪੋਰਟ ਵੀ ਇਸ ਪਹਿਲ ਨਾਲ ਜੁੜ ਗਿਆ ਹੈ। ਇਸ ਕਾਰਨ ਯਾਤਰੀਆਂ ਨੂੰ ਸਸਤੇ ਰੇਟਾਂ 'ਤੇ ਪਾਣੀ, ਚਾਹ ਅਤੇ ਸਨੈਕਸ ਮਿਲਣਾ ਸ਼ੁਰੂ ਹੋ ਗਿਆ ਹੈ, ਜਿਸ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ।ਚੱਢਾ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਮੁਹਿੰਮ ਲਈ ਆਮ ਲੋਕਾਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਆਪਣੇ ਐਕਸ (ਟਵਿੱਟਰ) ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ, 'ਇੱਕ ਛੋਟੀ ਜਿਹੀ ਚੰਗਿਆੜੀ ਵੀ ਹਨੇਰੇ ਨੂੰ ਰੌਸ਼ਨ ਕਰ ਸਕਦੀ ਹੈ... ਪਹਿਲਾਂ ਕੋਲਕਾਤਾ, ਹੁਣ ਚੇਨਈ।

2-MAR-PAGE-4.qxd 3/1/2025 10:21 PM Page 2




ਸੁਰ-ਸੰਗੀਤ ਦੇ ਹੀਰੇ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਔਖਾ ਕਬੂਲ ਕਰ ਜਾਂ
ਸੌਖਾ ਕਬੂਲ ਕਰ
ਜੋ ਆਤਮਾ ਨੇ ਪਾਇਆ
ਚੱਲਾ ਕਬੂਲ ਕਰ।
-ਸੁਰਿੰਦਰ ਸੋਹਰਾ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 2 ਮਾਰਚ 2025 www.nawanzamana.in ਕੀਮਤ 5.00 ਰੁਪਏ


# ਜ਼ਿੰਦਗੀ ਹੀ ਸਭ ਤੋਂ ਵੱਡਾ ਪ੍ਰੇਰਨਾ-ਸਰੋਤ

## ਗੈਬਰੀਅਲ ਗਾਰਸ਼ੀਆ ਮਾਰਖੇਜ਼


ਮੁਲਾਕਾਤੀ : ਪੀਟਰ ਐੱਚ ਸਟੋਨ

ਅਨੁ. : ਭਗਵੰਤ ਰਸੂਲਪੁਰੀ


**? ਅੱਜ ਮਾਰਖ਼ੇਜ਼ ਸਾਹਿਤ ਦੀ ਦੁਨੀਆ ਦਾ ਇਕ ਪ੍ਰਸਿੱਧ ਨਾਂਅ ਹੈ, ਪ੍ਰੰਤੂ ਇਸ ਸਫ਼ਰ ਦੀ ਸ਼ੁਰੂਆਤ ਤਾਂ ਪੱਤਰਕਾਰ ਦੇ ਤੌਰ 'ਤੇ ਹੋਈ ਸੀ। ਕੀ ਅੱਜ ਵੀ ਪੱਤਰਕਾਰੀ ਪ੍ਰਤੀ ਕੋਈ ਖਿੱਚ ਮਹਿਸੂਸ ਹੁੰਦੀ ਹੈ।**

—ਨਾਵਲਕਾਰ ਦੇ ਰੂਪ ਵਿਚ ਐਨਾ ਅੱਗੇ ਵਧ ਜਾਣ ਤੋਂ ਬਾਅਦ ਅੱਜ ਵੀ ਮੈਂ ਨਿਸਚਿਤ ਰੂਪ ਨਾਲ ਪੱਤਰਕਾਰੀ ਪ੍ਰਤੀ ਰੁਚੀ ਮਹਿਸੂਸ ਕਰਦਾ ਹਾਂ। ਮੈਨੂੰ ਹਮੇਸ਼ਾ ਹੀ ਇਸ ਪਾਸੇ ਰੁਚੀ ਰਹੀ ਹੈ ਕਿ ਮੇਰੀ ਠੀਕ ਥਾਂ ਪੱਤਰਕਾਰੀ ਵਿਚ ਹੀ ਹੈ। ਬਸ ਇਥੇ ਕੰਮ ਕਰਨ ਦੇ ਢੰਗ-ਤਰੀਕੇ ਤੰਗ ਕਰਦੇ ਹਨ। ਚਾਹੁੰਦਾ ਹਾਂ ਕਿ ਕੋਈ ਅਜਿਹਾ ਮੌਕਾ ਮਿਲੇ, ਜਿਹੜਾ ਮੈਨੂੰ ਪੁਰਾਣੇ ਦਿਨਾਂ ਨਾਲ ਜੋੜ ਦੇਵੇ। ਹਾਂ, ਇਹ ਜ਼ਰੂਰ ਹੈ ਕਿ ਰੋਟੀ-ਰੋਜ਼ੀ ਦੀ ਮਜਬੂਰੀ ਦੇ ਚੱਕਰ ਵਿਚ 'ਸਟੋਰੀ' ਦੇ ਮਗਰ ਭੱਜਣਾ ਸ਼ਾਇਦ ਹੁਣ ਸੰਭਵ ਨਾ ਹੋਵੇ।

**? ਕੀ ਅਜਿਹਾ ਲੱਗਦਾ ਹੈ ਕਿ ਕਿਰਦਾਰਾਂ ਦੇ ਮਾਧਿਅਮ ਨਾਲ ਤੁਸੀਂ ਉਹ ਕਹਿ ਸਕਦੇ ਹੋ, ਜਿਹੜਾ ਖ਼ਬਰਾਂ ਲਿਖਣ ਨਾਲ ਸੰਭਵ ਨਹੀਂ ਹੋ ਸਕਦਾ ਸੀ।**

-ਦੇਖੋ! ਚਾਹੇ ਅਖ਼ਬਾਰ 'ਚ ਛਪੀ ਕੋਈ ਖ਼ਬਰ ਹੋਵੇ ਜਾਂ ਬੁੱਕ ਸਟਾਲ ਉੱਤੇ ਪਿਆ ਨਾਵਲ 'ਚ ਕੋਈ 'ਕਹਾਣੀ' ਦੇਣ ਦਾ ਸਰੋਤ, ਸਮਗਰੀ ਅਤੇ ਨਾਂਅ-ਥਾਂ ਇਸ ਸਮਾਜ 'ਚੋਂ ਹੀ ਚੁਣੇ ਜਾਂਦੇ ਹਨ। ਜਿੱਥੇ ਤੱਕ ਕਿ ਭਾਸ਼ਾ, ਕਥਾ ਅਤੇ ਤੱਥ ਵੀ ਉਹੀ ਰਹਿੰਦੇ ਹਨ ਪ੍ਰੰਤੂ ਸ਼ੈਲੀ ਬਦਲ ਜਾਂਦੀ ਹੈ। ਪਾਤਰ ਉਸਾਰੀ ਖ਼ਬਰਾਂ ਲਿਖਣ ਵਾਂਗ ਹੀ ਹੈ।

**? ਜੇਕਰ ਗੱਲ ਕਰੀਏ 'ਸੱਚ ਬਨਾਮ ਕਲਪਨਾ' ਦੀ ਤਾਂ ਇਸ ਦਾ ਸੰਤੁਲਨ ਬਣਾਈ ਰੱਖਣ 'ਚ ਪੱਤਰਕਾਰਾਂ ਤੇ ਨਾਵਲਕਾਰਾਂ 'ਚੋਂ ਕਿਸ ਦੇ ਹਿੱਸੇ ਕਿੰਨੀ ਜ਼ਿੰਮੇਵਾਰੀ ਆਉਂਦੀ ਹੈ।**

—ਬਹੁਤ ਛੋਟੀ ਜਿਹੀ ਗੱਲ ਹੈ, ਪੱਤਰਕਾਰੀ ਵਿਚ ਕੇਵਲ ਇਕ ਗ਼ਲਤ ਤੱਥ ਪੂਰੇ ਬਿਰਤਾਂਤ ਉੱਤੇ ਸਵਾਲੀਆ ਨਿਸ਼ਾਨ ਲਾ ਦਿੰਦਾ ਹੈ, ਜਦ ਕਿ ਕਹਾਣੀ (ਚਾਹੇ ਨਿੱਕੀ ਹੋਵੇ ਜਾਂ ਲੰਮੀ) ਵਿਚ ਘੁਲਿਆ ਹੋਇਆ ਇਕ ਛੋਟਾ ਜਿਹਾ ਸੱਚ ਉਸ ਨੂੰ ਕਈ ਗੁਣਾ ਯਕੀਨ ਕਰਨ ਯੋਗ ਬਣਾ ਦਿੰਦਾ ਹੈ। ਸੱਚ ਅਤੇ ਕਲਪਨਾ.... ਚੋਣ ਲੇਖਕ ਦੀ ਸੋਚ ਅਤੇ ਪ੍ਰਤੀਬੱਧਤਾ ਉੱਤੇ ਨਿਰਭਰ ਕਰਦਾ ਹੈ। ਐਨਾ ਜ਼ਰੂਰ ਹੈ ਕਿ ਨਾਵਲਕਾਰ ਦੇ ਕੋਲ ਆਪਣੀ ਗੱਲ ਉਥੋਂ ਤੀਕ ਖਿੱਚ ਕੇ ਲੈ ਜਾਣ ਦੀ ਪੂਰੀ ਆਜ਼ਾਦੀ ਹੁੰਦੀ ਹੈ, ਜਿੱਥੋਂ ਤੱਕ ਲੋਕ ਉਸ ਉੱਤੇ ਭਰੋਸਾ ਕਰ ਸਕੇ। ਜਿੱਥੇ ਤੱਕ ਗੱਲ ਮੇਰੀ ਹੈ, ਪੱਤਰਕਾਰੀ ਨੇ ਮੇਰੀਆਂ ਕਹਾਣੀਆਂ ਦੇ ਸੱਚ ਨਾਲ ਜੋੜਿਆ ਅਤੇ ਕਹਾਣੀਆਂ ਨੇ ਮੇਰੀ ਪੱਤਰਕਾਰੀ ਨੂੰ ਸਾਹਿਤਕ ਵਜ਼ਨ ਦਿੱਤਾ।

**? ਪਿੱਛੇ ਮੁੜ ਕੇ ਦੇਖਣ 'ਤੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ।**

—ਮੈਨੂੰ ਲੱਗਦਾ ਹੈ ਅੱਜ ਦੇ ਹਾਲਾਤ 'ਚ ਕੁਝ ਵੀ ਲਿਖਣਾ ਪਹਿਲਾਂ ਨਾਲੋਂ ਔਖਾ ਹੈ। ਜਦੋਂ ਮੈਂ ਅਖ਼ਬਾਰ ਵਿਚ ਸੀ, ਉਦੋਂ ਮੇਰੇ 'ਚ ਆਪਣੇ ਲਿਖੇ ਸ਼ਬਦਾਂ ਦੇ ਪ੍ਰਤੀ ਉਹ ਨੇੜਤਾ ਸੀ। ਜ਼ਿੰਮੇਦਾਰੀ ਦਾ ਅਹਿਸਾਸ (ਰਤਾ ਭਰ ਵੀ) ਨਹੀਂ ਸੀ, ਜਿਹੜਾ ਅੱਜ ਹੈ। 'ਐਲ ਐਕਸਪੇਕਟਾਡੋਰ' 'ਚ ਕੰਮ ਕਰਦੇ ਹੋਏ ਮੈਂ ਰੋਜ਼ ਦੋ ਤਿੰਨ ਸੰਪਾਦਕੀਆਂ ਅਤੇ ਫਿਲਮ ਸਮੀਖਿਆ ਲਿਖਣ ਤੋਂ ਬਾਅਦ ਹਫਤੇ ਵਿਚ ਤਿੰਨ ਵੱਡੀਆਂ ਸਟੋਰੀਅਜ਼ ਵੀ ਲਿਖਦਾ ਸੀ। ਉਦੋਂ ਦਫ਼ਤਰ ਦੀ ਲਿਨੋਟਾਇਪ ਮਸ਼ੀਨ ਦੀ ਆਵਾਜ਼ ਮੈਨੂੰ ਮੀਂਹ ਦੀਆਂ ਬੂੰਦਾਂ ਵਰਗੀ ਲੱਗਦੀ ਸੀ। ਉਸੇ ਦੇ ਸਹਾਰੇ ਮੈਂ ਰਾਤ-ਰਾਤ ਭਰ ਲਿਖਦਾ ਰਹਿੰਦਾ ਸੀ ਅਤੇ ਅੱਜ ਚੰਗੇ ਸੁਹਾਵਣੇ ਮੌਸਮ ਵਿਚ 9 ਤੋਂ 3 ਵਜੇ ਤੱਕ ਸਟੱਡੀ ਟੇਬਲ ਨਾਲ ਚੁੰਬੜੇ ਰਹਿਣ ਤੋਂ ਬਾਅਦ ਮੁਸ਼ਕਲ ਨਾਲ 3-4 ਲਾਈਨਾਂ ਦਾ ਇਕ ਛੋਟਾ ਜਿਹਾ ਅੰਸ਼ ਲਿਖ ਸਕਦਾ ਹਾਂ ਅਤੇ ਅਗਲੇ ਦਿਨ ਉਹ 3-4 ਲਾਈਨਾਂ ਵੀ ਹਵਾ 'ਚ ਕਾਗਜ਼ ਦਾ ਜਹਾਜ਼ ਬਣ ਕੇ ਉਡ ਜਾਂਦੀਆਂ ਹਨ।

**? ਕੀ ਇਹ ਬਦਲਾਅ ਸਫ਼ਲਤਾ ਮਿਲਣ ਤੋਂ ਬਾਅਦ ਆਇਆ।**

—ਬਹੁਤ ਹੱਦ ਤੱਕ। ਇਸ ਦਾ ਕਾਰਨ ਸਫ਼ਲਤਾ ਹੀ ਹੈ। ਜਦੋਂ ਤੁਸੀਂ ਜਾਣ ਜਾਂਦੇ ਹੋ ਕਿ ਆਪਦੇ ਲਿਖੇ ਸ਼ਬਦ ਕਿੰਨੇ ਹੱਥਾਂ ਵਿਚੋਂ ਲੰਘਣ ਵਾਲੇ ਹਨ। ਕਿੰਨੇ ਲੋਕਾਂ ਦੀ ਜ਼ਿੰਦਗੀ, ਸੋਚ ਅਤੇ ਪਿਆਰ ਤੁਹਾਡੇ ਨਾਲ ਜੁੜਿਆ ਹੋਇਆ ਹੈ। ਉਦੋਂ ਕਲਮ ਖੁਦ-ਬ-ਖੁਦ ਜ਼ਿੰਮੇਵਾਰ ਹੋਣ ਲੱਗਦੀ ਹੈ। ਇਕ ਹੋਰ ਗੱਲ ਹੈ, ਇਕ ਵਾਰ ਉੱਪਰ ਚੜ੍ਹਨ ਤੋਂ ਬਾਅਦ ਆਪ ਵਾਪਸ ਉਤਰਨਾ ਨਹੀਂ ਚਾਹੁੰਦੇ, ਇਸ ਲਈ ਵਧੇਰੇ ਚੌਕੰਨੇ ਹੋ ਜਾਦੇ ਹੋ।

**? ਲਿਖਣ ਦਾ ਮੁੱਢ ਕਿਵੇਂ ਬੱਝਾ।**

—ਚਿੱਤਰ ਬਣਾਉਣ ਨਾਲ। ਯਕੀਨ ਮੰਨੋ, ਆਪਣੇ ਸਕੂਲੀ ਦਿਨਾਂ 'ਚ ਮੈਂ ਸ਼ੌਕ ਕਰਕੇ ਕਾਰਟੂਨ ਬਣਾਉਂਦਾ ਸੀ। ਸ਼ਾਇਦ ਉਥੋਂ ਮੇਰੇ ਵਿਚ ਆਪਣੀ ਗੱਲ ਕਹਿਣ ਦੀ ਲਲ੍ਹਕ ਜਾਗੀ। ਹਾਈ ਸਕੂਲ ਤੱਕ ਆਉਂਦੇ-ਆਉਂਦੇ ਮੇਰੀ ਪਛਾਣ ਲਿਖਣ, ਪੜ੍ਹਨ ਵਾਲੇ ਬੱਚੇ ਦੇ ਤੌਰ 'ਤੇ ਹੋਣ ਲੱਗੀ।

ਪੈਂਫ਼ਲਟ ਲਿਖਵਾਉਣੇ ਹੋਣ, ਕਿਸੇ ਮੀਟਿੰਗ ਦੀ ਕਾਰਵਾਈ ਜਾਂ ਕੋਈ ਪੱਤਰ, ਸਾਰੇ ਲੋਕ ਮੇਰੇ ਕੋਲ ਆਉਂਦੇ ਸਨ। ਬਾਗੋਟਾ ਯੂਨੀਵਰਸਿਟੀ ਵਿਚ ਆਉਣ ਤੋਂ ਬਾਅਦ ਮੈਂ ਥੋੜ੍ਹਾ ਗੰਭੀਰ ਹੋਇਆ। ਮੈਂ ਸਮਕਾਲੀ ਲੇਖਕਾਂ ਵਿਚ ਨੇੜਤਾ ਬਣਾਉਣੀ ਸ਼ੁਰੂ ਕਰ ਦਿੱਤੀ। ਇਕ ਦਿਨ ਮੇਰੇ ਇਕ ਦੋਸਤ ਨੇ ਮੈਨੂੰ ਫ੍ਰੈਂਜ ਕਾਫ਼ਕਾ ਦੀਆਂ ਕਹਾਣੀਆਂ ਪੜ੍ਹਨ ਨੂੰ ਦਿੱਤੀਆਂ। ਕਿਤਾਬ ਦਾ ਪਹਿਲਾ ਪੰਨਾ ਕਹਾਣੀ ਦੀ ਪਹਿਲੀ ਸਤਰ ਸੀ, 'ਘਣਘੋਰ ਸਮਾਂ ਸਵੇਰੇ ਆਪਣੇ ਅਧੂਰੇ ਸੁਪਨੇ ਤੋਂ ਜਾਗਿਆ ਅਤੇ ਉਸ ਨੇ ਖੁਦ ਨੂੰ ਬਿਸਤਰ ਉੱਤੇ ਰੀਂਗਦੇ ਹੋਏ ਇਕ ਕੀੜੇ ਵਿਚ ਤਬਦੀਲ ਪਾਇਆ...।' ਇਸ ਨੂੰ ਪੜ੍ਹ ਕੇ ਪੂਰੀ ਰਾਤ ਮੇਰੇ ਦਿਲ ਉੱਤੇ ਦਸਤਕ ਹੁੰਦੀ ਰਹੀ। ਮੈਂ ਕੀ ਸੋਚ ਰਿਹਾ ਸੀ ਕਹਾਣੀ ਦੇ ਸੰਬੰਧ ਵਿਚ ਜਾਂ ਆਪਣੇ ਸੰਬੰਧ ਵਿਚ? ਅਗਲੇ ਹੀ ਦਿਨ ਮੈਂ ਆਪਣੀ ਪਹਿਲੀ ਕਹਾਣੀ ਲਿਖੀ, ਜਿਹੜੀ ਜਾਅਸੀਅਨ ਤੋਂ ਪ੍ਰਭਾਵਤ ਸੀ। ਫਿਰ ਅਜਿਹੀਆਂ ਹੋਰ ਬਹੁਤ ਸਾਰੀਆਂ। ਇਹ ਬਾਗੋਟਾ ਦੇ 'ਏਲ ਐਕਸਪੇਕਟਾਡੋਰ' ਵਿਚ ਛਪੀ। ਮੈਂ ਇਨ੍ਹਾਂ ਕਹਾਣੀਆਂ ਨੂੰ ਸਾਹਿਤਕ ਅਨੁਭਵ ਨਾਲ ਪ੍ਰਾਪਤ ਕੀਤਾ ਨਾ ਕਿ ਜ਼ਿੰਦਗੀ ਦੀ ਖੁੱਲ੍ਹੀ ਖਿੜਕੀ ਤੋਂ ਝਾਕਦੇ ਸ਼ਬਦ ਤੋਂ। ਸ਼ਾਇਦ ਉਨ੍ਹਾਂ ਵਿਚ ਬੌਧਿਕਤਾ ਦੀ ਪੁੱਠ ਵਧੇਰੇ ਸੀ। ਫਿਰ ਵੀ ਸਮਾਂ ਤੇ ਸਮਾਜ ਦੇ ਸੰਬੰਧ ਵਿਚ ਲਿਖਣ-ਪੜ੍ਹਨ ਵਾਲੇ ਦੀ ਜਮਾਤ 'ਚ ਇਹ ਆਪਣੀ ਕਿਸਮ ਦਾ ਪਹਿਲਾ ਪ੍ਰਯੋਗ ਸੀ। ਇਸ ਲਈ ਉਹ ਰਚਨਾਵਾਂ ਹੱਥੋ-ਹੱਥੀ ਪੜ੍ਹੀਆਂ ਗਈਆਂ।

**? ਹੁਣੇ-ਹੁਣੇ ਤੁਸੀਂ ਕਿਹਾ ਕਿ ਆਪਣੀ ਪਹਿਲੀ ਕਹਾਣੀ 'ਜਾਇਸ' ਤੋਂ ਪ੍ਰਭਾਵਿਤ ਸੀ। ਕੀ ਉਸ ਸਮੇਂ ਤੱਕ 'ਜਾਇਸ' ਨੂੰ ਪੜ੍ਹਿਆ ਸੀ? ਕੁਝ ਉਨ੍ਹਾਂ ਲੋਕਾਂ ਦੇ ਸੰਬੰਧ ਵਿਚ ਦੱਸੋ, ਜਿਸ ਨਾਲ ਆਪ ਵਿਚ ਤਬਦੀਲੀ ਆਈ।**

—ਨਹੀਂ 'ਜਾਇਸ' ਨੂੰ ਮੈਂ ਕਦੇ ਨਹੀਂ ਪੜ੍ਹਿਆ। ਮੈਂ ਯੂਲੀਸੀਜ਼ ਪੜ੍ਹੀ ਹੈ ਸਪੈਨਿਸ਼ ਵਿਚ। ਹਾਲਾਂਕਿ ਇਸ ਦਾ ਫ੍ਰੈਂਚ ਅਤੇ ਅੰਗਰੇਜ਼ੀ ਅਨੁਵਾਦ ਪੜ੍ਹਨ ਤੋਂ ਬਾਅਦ ਮੈਨੂੰ ਪਤਾ ਲੱਗਿਆ ਕਿ ਮੈਂ ਕੀ ਛੱਡ ਰਿਹਾ ਸੀ। ਇਸ ਨੇ ਮੈਨੂੰ 'ਇਕੱਲਤਾ' ਦੇ ਸੰਬੰਧ ਵਿਚ ਸਿਖਾਇਆ। ਬਾਅਦ ਵਿਚ ਇਹੀ ਕੰਮ ਵਰਜੀਨੀਆ ਵੂਲਫ਼ ਨੇ ਵੀ ਕੀਤਾ। ਲਿਖਣ ਦੇ ਢੰਗ-ਤਰੀਕੇ ਮੈਂ ਇਸ ਤਰ੍ਹਾਂ ਸਿੱਖੇ। ਮੇਰੀਆਂ ਕਹਾਣੀਆਂ ਨੂੰ ਬੌਧਿਕ ਉਚਾਈਆਂ ਦੇਣ ਦਾ ਕੰਮ ਅਗਲੀ ਪੀੜ੍ਹੀ ਦੇ ਲੈਟਿਨ ਅਮਰੀਕੀ ਲੇਖਕਾਂ ਨੇ ਕੀਤਾ। ਉਨ੍ਹਾਂ ਨੂੰ ਪੜ੍ਹ ਕੇ ਮੈਂ ਜਾਣਿਆ ਕਿ ਮੇਰੀਆਂ ਕਹਾਣੀਆਂ ਉਨ੍ਹਾਂ ਦੀ ਸਿਰਜਣਾ ਸਾਹਮਣੇ ਅਜਿਹੀਆਂ ਸਨ, ਜਿਵੇਂ ਅਸਮਾਨ ਖਾਲੀ ਹੁੰਦਾ ਹੈ।

ਮੇਰੀ ਗ਼ਲਤਫਹਿਮੀਆਂ ਨੂੰ ਉਖਾੜ ਸੁੱਟਣ 'ਚ ਬਹੁਤ ਵੱਡਾ ਹੱਥ 9 ਅਪ੍ਰੈਲ, 1948 ਦੀ ਘਟਨਾ ਦਾ ਵੀ ਰਿਹਾ। ਉਸ ਦਿਨ 'ਗੈਟਨ' (ਰਾਜਨੇਤਾ) ਉੱਤੇ ਹਮਲਾ ਹੋਇਆ ਸੀ। ਸੜਕਾਂ 'ਤੇ ਪਾਗਲ ਹੋਈ ਭੀੜ ਦੁਕਾਨਾਂ ਅਤੇ ਘਰਾਂ ਨੂੰ ਲੁੱਟ ਕੇ ਆਪਣੇ ਦੁੱਖ ਅਤੇ ਗੁੱਸੇ ਨੂੰ ਠੰਢਾ ਕਰ ਰਹੀ ਸੀ ਅਤੇ ਮੈਂ ਸੋਚ ਰਿਹਾ ਸੀ ਕਿ ਕੀ ਮੇਰੀਆਂ ਕਹਾਣੀਆਂ ਕੁਝ ਬਦਲ ਸਕਣਗੀਆਂ। ਤਕਰੀਬਨ ਦੋ ਸਾਲ ਬਾਅਦ ਮੈਂ ਆਪਣੇ ਪਿੰਡ 'ਅਰਾਕਾਟਕਾ' ਗਿਆ। ਇਥੇ ਹੀ ਮੈਂ ਪਹਿਲੀ ਵਾਰ ਅੱਖਾਂ ਖੋਲ੍ਹੀਆਂ ਸਨ ਅਤੇ ਜੀਵਨ ਦਾ ਪਹਿਲਾ ਸਾਲ ਬਤੀਤ ਕੀਤਾ ਸੀ। ਉਥੇ ਪਹੁੰਚ ਕੇ ਇਸ ਤਰ੍ਹਾਂ ਲੱਗਾ, ਜਿਵੇਂ ਕਿਸੇ ਕਿਤਾਬ ਦੇ ਪੰਨੇ ਫੜ-ਫੜਾ ਰਹੇ ਸਨ। ਝੌਂਪੜੀ, ਝਰਨੇ, ਖੇਤ, ਨਹਿਰ, ਬਚਪਨ ਸਭ ਕੁਝ ਲਿਖਿਆ ਜਾ ਚੁੱਕਾ ਹੈ, ਬਹੁਤ ਪਹਿਲਾਂ। ਬਸ, ਮੈਂ ਉਸ ਨੂੰ ਮੁੜ ਲਿਖਣਾ ਹੈ, ਜਿਵੇਂ ਦਾ ਤਿਵੇਂ... ਪਰਤ ਕੇ ਮੈਂ ਆਪਣਾ ਨਾਵਲ ਲਿਖਿਆ, 'ਲੀਫ-ਸਟ੍ਰੋਮ' ਦੁਨੀਆ ਨੂੰ ਦੱਸਣ ਦੇ ਲਈ ਕਿ ਜ਼ਿੰਦਗੀ ਦਾ ਇਕ ਚਿਹਰਾ ਅਜਿਹਾ ਵੀ ਹੈ।

**? 'ਲੀਫ-ਸਟ੍ਰੋਮ' ਤੋਂ ਲੈ ਕੇ 'ਵਨ ਹੰਡਰੇਡ ਈਯਰ ਆਫ ਸਾਲਿਟਿਊਡ' ਤੱਕ ਤੁਹਾਡੀ ਵੱਖਰੀ ਸ਼ੈਲੀ ਰਹੀ ਹੈ। ਉਸ ਦੇ ਸੰਬੰਧ ਵਿਚ ਕੁਝ ਦੱਸੋ।**

—'ਲੀਫ-ਸਟ੍ਰੋਮ' ਲਿਖਣ ਤੋਂ ਬਾਅਦ ਮੇਰੇ ਵਿਚ ਇਹ ਅਹਿਸਾਸ ਜਾਗਿਆ ਕਿ ਪਿੰਡ, ਬਚਪਨ, ਯਾਦਾਂ, ਇਸ ਨਾਸਟੇਲਜਿਆ ਦੇ ਪਿੱਛੇ ਮੈਂ ਉਨ੍ਹਾਂ ਸੱਚਾਈਆਂ ਤੋਂ ਭੱਜ ਰਿਹਾ ਹਾਂ, ਜਿਸ ਨਾਲ ਦੇਸ਼ ਅਤੇ ਸਮਾਜ ਲੜ ਰਿਹਾ ਹੈ। 'ਫਾਕਨਰ' ਅਤੇ 'ਹੈਮਿੰਗਵੇ' ਨੂੰ ਪੜ੍ਹਦੇ ਹੋਏ ਮੈਂ ਸਾਹਿਤ ਅਤੇ ਰਾਜਨੀਤੀ ਵਿਚ ਦੀਆਂ ਖਾਈਆਂ ਪੂਰਨ ਵਿਚ ਲੱਗ ਗਿਆ। 'ਨੋ ਵਨ ਰਾਇਟਸ ਟੂ ਦ ਕਾਲੋਨਲ', 'ਇਨ ਇਵਲ ਆਵਰ', 'ਬਿੱਗ ਮਮਾਜ ਫਿਉਨਰਲ' ਇਹ ਸਾਰੇ ਅੱਗੇ-ਪਿੱਛੇ ਲਿਖੇ ਗਏ। ਇਨ੍ਹਾਂ ਕਿਤਾਬਾਂ ਨੂੰ ਮੈਂ ਕੋਈ ਜਾਦੂਈ ਧਰਤੀ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਇਕ ਤਰ੍ਹਾਂ ਨਾਲ ਸਾਹਿਤਕ ਪੱਤਰਕਾਰੀ ਦਾ ਯਤਨ ਸੀ, ਪਰ ਇਕ ਵਾਰ ਫਿਰ ਮੈਨੂੰ ਲੱਗਣ ਲੱਗਾ ਕਿ ਮੈਂ ਗਲਤ ਰਸਤੇ ਉੱਤੇ ਹਾਂ। ਮੇਰੇ ਬਚਪਨ ਦੀਆਂ ਕਹਾਣੀਆਂ 'ਚ ਸਮੇਂ ਦਾ ਸੱਚ ਕਿਤੇ ਵਧੇਰੇ ਪ੍ਰਮੁੱਖ ਸੀ। ਵਾਰ-ਵਾਰ ਰਸਤੇ ਬਦਲਦੇ ਹੋਇਆ ਮੈਂ ਖੁਦ ਵੀ ਬਹੁਤ ਥੱਕ ਗਿਆ ਸੀ ਸ਼ਾਇਦ, ਇਸ ਲਈ ਅਗਲੇ ਪੰਜ ਸਾਲ ਖ਼ਾਮੋਸ਼ ਰਹਿ ਕੇ ਮੈਂ ਆਪਣਾ ਰਸਤਾ ਤਲਾਸ਼ਦਾ ਰਿਹਾ।



**? ਕੀ ਸੀ ਉਹ ਰਸਤਾ, ਉਹ ਪ੍ਰਸੰਗ।**

—ਗੱਲਾਂ 'ਚੋਂ ਅਛੂਤੇ ਰਹਿ ਕੇ ਗੱਲ ਕਹਿਣਾ। ਮੇਰੀ ਦਾਦੀ ਮਾਂ ਅਜਿਹਾ ਹੀ ਕਰਦੀ ਸੀ। ਉਨ੍ਹਾਂ ਦੀ ਕਹਾਣੀ 'ਚ ਕਿੰਨੇ ਹੀ ਉਤਰਾਅ-ਚੜ੍ਹਾਅ ਹੋਣ, ਪਰ ਆਪਣਾ ਚਿਹਰਾ ਹਮੇਸ਼ਾ ਅਛੂਤਾ ਰਹਿੰਦਾ ਸੀ। ਉਹ ਜਦੋਂ ਕਹਾਣੀ ਸੁਣਾਂਦੀ ਤਾਂ ਅਜਿਹਾ ਲੱਗਦਾ, ਜਿਵੇਂ ਪੱਥਰ 'ਤੇ ਕੋਈ ਇਬਾਰਤ ਖੁਣੀ ਹੋਵੇ। ਆਪਣੀ ਗੱਲ ਨੂੰ ਬਸ ਓਨੀ ਦੂਰ ਤੀਕ ਖਿੱਚਣਾ ਜਿੱਥੇ ਸੱਚ ਅਤੇ ਵਿਸ਼ਵਾਸ ਦੀ ਹੱਦ ਖਤਮ ਹੁੰਦੀ ਹੋਵੇ, ਇਹ ਮੇਰੀ ਰਿਦਮ ਸੀ, ਮੇਰਾ ਰਸਤਾ ਅਤੇ ਸਭ ਤੋਂ ਵੱਡਾ ਸਬਕ, ਜਿਸ ਉੱਤੇ ਮੈਂ 'ਵਨ ਹੰਡ੍ਰੇਡ ਈਅਰ ਆਫ ਸਾਲਿਟਿਊਡ' ਲਿਖਦਿਆਂ ਪਹਿਲੀ ਵਾਰ ਚੱਲਿਆ।

**? ਬਨਾਨਾ ਫੀਵਰ' ਇਕ ਸਫ਼ਲ ਪ੍ਰਯੋਗ ਸੀ। ਇਸ ਦਾ ਵਿਚਾਰ ਕਿੱਥੋਂ ਆਇਆ।**

—'ਬਨਾਨਾ ਫੀਵਰ' ਸੱਚਾਈ ਦੇ ਬਹੁਤ ਨੇੜੇ ਹੈ। ਦੇਖੋ, ਲਿਖਦੇ ਸਮੇਂ ਕੁਝ ਗੱਲਾਂ ਅਸੀਂ ਅਜਿਹੀਆਂ ਕਹਿ ਜਾਂਦੇ ਹਾਂ, ਜਿਸ ਦੀ ਇਤਿਹਾਸਕਤਾ ਨੂੰ ਸਾਬਿਤ ਨਹੀਂ ਕੀਤਾ ਜਾ ਸਕਦਾ, ਫਿਰ ਵੀ ਉਹ ਕਿਸੇ ਸਮੇਂ ਦਾ ਸੱਚ ਹੁੰਦੀ ਹੈ। ਇਕ ਸਮੂਹਿਕ ਹਤਿਆਵਾਂ ਦੇ ਸੰਬੰਧ ਵਿਚ ਤੱਤਾ-ਤੱਤਾ ਲੇਖ ਲਿਖਦੇ ਹੋਏ ਮੈਨੂੰ ਪਤਾ ਨਹੀਂ ਸੀ ਕਿ ਉਸ ਵਿਚ ਮਰਨ ਵਾਲਿਆਂ ਦੀ ਸੰਖਿਆ ਕੀ ਸੀ। ਮੈਨੂੰ ਚੇਤੇ ਆਇਆ ਕਿ ਬਚਪਨ 'ਚ 3000 ਕੇਲਿਆਂ ਨਾਲ ਭਰੀ ਟਰੇਨ ਨੂੰ ਸਮੁੰਦਰ 'ਚ ਸਮਾਉਂਦੇ ਦੇਖਿਆ ਸੀ। ਬਸ ਥੋੜ੍ਹੀ ਅਤਿਕਥਨੀ ਵਰਗੀ ਲੱਗਣ ਦੇ ਬਾਵਜੂਦ ਇਸ ਗਿਣਤੀ ਨੂੰ ਮੈਂ ਚੁਣ ਲਿਆ ਅਤੇ ਤੁਸੀਂ ਯਕੀਨ ਨਹੀਂ ਕਰੋਗੇ, ਅਗਲੇ ਕੁਝ ਦਿਨਾਂ 'ਚ 3000 ਦਾ ਇਹ ਅੰਕੜਾ ਸਾਰਿਆ ਦੀ ਜ਼ੁਬਾਨ ਉੱਤੇ ਸੀ। ਇਹੀ ਹੈ 'ਬਨਾਨਾ ਫੀਵਰ'। ਕਦੇ-ਕਦੇ ਮੈਨੂੰ ਸ਼ੱਕ ਹੁੰਦਾ ਹੈ ਕਿ ਸਾਡਾ ਅੱਧਾ ਇਤਿਹਾਸ ਇਸ ਤਰ੍ਹਾਂ ਦੀਆਂ ਸੱਚਾਈਆਂ ਨਾਲ ਭਰਿਆ ਪਿਆ ਹੈ। 'ਕੋਈ ਅਰਥ ਨਹੀਂ ਰੱਖਦਾ ਕਿ ਤੁਸੀਂ ਜੋ ਕਹਿ ਰਹੇ ਹੋ, ਉਹ ਸੱਚ ਹੈ ਜਾਂ ਨਹੀਂ, ਕਿਉਂਕਿ ਕਦੀ ਨਾ ਕਦੀ ਉਸ ਨੂੰ ਸੱਚ ਮੰਨ ਲਿਆ ਜਾਵੇਗਾ। ਇਕ ਦਿਨ ਆਵੇਗਾ, ਜਦੋਂ ਨੇਤਾਵਾਂ ਦੀ ਬਜਾਏ ਲੋਕ ਲੇਖਕਾਂ ਦਾ ਯਕੀਨ ਕਰਨਗੇ...।'

**? ਤੁਹਾਡੀ ਕਲਮ ਅਕਸਰ ਇਕੱਲਤਾ ਦੇ ਆਸਪਾਸ ਰੁਕੀ ਮਿਲਦੀ ਹੈ।**

—ਲੇਖਕ ਇਕੱਲਾ ਹੀ ਹੁੰਦਾ ਹੈ, ਪਰ ਇਕੱਲਤਾ 'ਚ ਵਿਚਾਰ ਉਸ ਦੇ ਨਾਲ ਹੁੰਦੇ ਹਨ। ਮੇਰੀਆਂ ਕਹਾਣੀਆਂ 'ਚ ਜਿਹੜੀ ਇਕੱਲਤਾ ਹੈ, ਉਹ ਦੂਜੇ ਤਰ੍ਹਾਂ ਦੀ ਹੈ। ਇਹ ਉਚਾਈਆਂ ਦਾ ਇਕੱਲਾਪਨ ਹੈ। ਪੂਰੀ ਜ਼ਿੰਦਗੀ ਕੁਝ ਬਣ ਜਾਣ ਦੇ ਲੋਭ 'ਚ ਭੱਜਦੇ ਰਹਿਣ ਤੋਂ ਬਾਅਦ ਜਿਸ ਦਿਨ ਤੁਸੀਂ ਸਿਖਰ ਉੱਤੇ ਹੁੰਦੇ ਹੋ, ਉਥੇ ਤੁਸੀਂ ਇਕੱਲੇ ਹੁੰਦੇ ਹੋ, ਬਿਲਕੁੱਲ ਇਕੱਲੇ। ਮੈਂ ਦੋਹਾਂ ਨੂੰ ਭੋਗਿਆ ਹੈ। ਇਸ ਲਈ ਮੈਂ ਪੱਤਰਕਾਰੀ ਨਾਲ ਲਗਾਤਾਰ ਜੁੜੇ ਰਹਿਣ ਦੀ ਕੋਸ਼ਿਸ਼ ਕਰਦਾ ਹਾਂ, ਤਾਂ ਕਿ ਲੋਕਾਂ ਨਾਲ ਦੂਰੀ ਨਾ ਹੋਵੇ ਅਤੇ ਫਿਰ ਦੋਸਤ ਹੈ ਨਾ ਮੇਰੇ ਪੈਰ ਜ਼ਮੀਨ ਉੱਤੇ ਟਿਕਾਈ ਰੱਖਣ ਦੇ ਲਈ।

**? ਇਸ ਦਾ ਮਤਲਬ ਸਫਲਤਾ ਲੇਖਕ ਨੂੰ ਭ੍ਰੰਮਿਤ ਕਰ ਸਕਦੀ ਹੈ।**

—ਕੇਵਲ ਲੇਖਕ ਹੀ ਨਹੀਂ, ਸਫਲਤਾ ਕਿਸੇ ਵੀ ਵਿਅਕਤੀ ਨੂੰ ਉਸ ਦੇ ਟੀਚੇ ਤੋਂ ਦੂਰ ਕਰ ਦਿੰਦੀ ਹੈ। ਤੁਹਾਡੇ ਜੀਵਨ ਵਿਚ ਘੁਸਪੈਠ ਕਰਕੇ ਇਹ ਤੁਹਾਡੇ ਨਾਲ ਦੋਸਤੀ ਦਾ ਸਾਥ, ਜੀਣ ਦੀ ਆਜ਼ਾਦੀ ਅਤੇ ਸਕੂਨ ਖੋਹ ਲੈਂਦੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਮੇਰੀਆਂ ਕਿਤਾਬਾਂ ਮੇਰੇ ਇਸ ਦੁਨੀਆ ਤੋਂ ਜਾਣ ਤੋਂ ਬਾਅਦ ਲੋਕਾਂ ਤੱਕ ਪਹੁੰਚਣਗੀਆਂ। ਹੋ ਸਕਦਾ ਹੈ, ਇਸ ਤਰ੍ਹਾਂ ਮੈਂ ਬਹੁਤ ਅੱਗੇ ਨਾ ਜਾ ਸਕਾਂ, ਪਰ ਮੈਂ ਜਿੱਥੇ ਵੀ ਰਹਾਂਗਾ, ਉਥੇ ਇਕੱਲਤਾ ਨਹੀਂ ਹੋਵੇਗੀ, ਬਸ ਏਨਾ ਯਕੀਨ ਹੈ।

**? ਤੁਸੀਂ ਕਿਸ ਲਈ ਲਿਖਦੇ ਹੋ, ਆਪਣੀ ਅੰਦਰੂਨੀ ਪ੍ਰੇਰਨਾ ਲਈ ਜਾਂ ਆਪਣੇ ਪਾਠਕਾਂ ਲਈ।**

—ਦੇਖੋ ਪ੍ਰੇਰਨਾ ਇਕ ਲਕੀਰ ਹੈ, ਜਿਸ ਉੱਤੇ ਚੱਲ ਕੇ ਤੁਸੀਂ ਮੰਜ਼ਲ ਦਾ ਪਤਾ ਲਗਾ ਲੈਂਦੇ ਹੋ। ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ, ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਦੇ ਸੁਪਨੇ ਉਨ੍ਹਾਂ ਦੀ ਪ੍ਰੇਰਨਾ ਹਨ। ਮੇਰੇ ਲਈ ਜ਼ਿੰਦਗੀ ਹੀ ਸਭ ਤੋਂ ਵੱਡਾ ਸੁਪਨਾ ਹੈ, ਸਭ ਤੋਂ ਵੱਡਾ ਪ੍ਰੇਰਨਾਸਰੋਤ। ਇਸ ਦੇ ਸਾਹਮਣੇ ਰਾਤ ਨੂੰ ਆਉਣ ਵਾਲੇ ਸੁਪਨੇ ਬਹੁਤ ਛੋਟੇ ਹਨ। ਅਧੂਰੇ... ਏਥੋਂ ਤੱਕ ਜ਼ਿੰਦਗੀ ਹੀ ਮੇਰੀ ਪ੍ਰੇਰਨਾ ਹੈ ਅਤੇ ਯਕੀਨਨ ਮੈਂ ਉਸ ਲਈ ਲਿਖਦਾ ਹਾਂ। ਰਹੀ ਗੱਲ ਪਾਠਕਾਂ ਦੀ ਤਾਂ ਇਹ ਸੱਚ ਹੈ ਕਿ ਉਸ ਦੇ ਬਿਨਾਂ ਮੈਂ ਅਧੂਰਾ ਹਾਂ। ਮੈਂ ਪੂਰਾ ਹੁੰਦਾ ਹਾਂ ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਲੰਘਣ ਤੋਂ ਉਪਰੰਤ। ਲਿਖਦੇ ਸਮੇਂ ਹਮੇਸ਼ਾ ਮੇਰੇ ਜ਼ਿਹਨ ਵਿਚ ਕੋਈ ਸੱਚਾਈ ਹੁੰਦੀ ਹੈ। ਕਦੀ ਕੋਈ ਖਾਸ ਚਿਹਰਾ ਤਾਂ ਕਦੇ ਇਕ ਭੀੜ ਦੀ ਧੁੰਦਲੀ ਤਸਵੀਰ, ਸ਼ਾਇਦ ਇਹ ਉਹੀ ਪਾਠਕ ਹਨ, ਜਿਨ੍ਹਾਂ ਤੱਕ ਮੈਂ ਨਹੀਂ ਪਹੁੰਚ ਸਕਦਾ, ਪਰ ਫਿਰ ਵੀ ਮੈਂ ਉਨ੍ਹਾਂ ਨਾਲ ਗੱਲਾਂ ਕਰਦਾ ਹਾਂ, ਆਪਣੀਆਂ ਕਹਾਣੀਆਂ ਦੇ ਮਧਿਆਮ ਨਾਲ।

**? 'ਵਨ ਹੰਡ੍ਰੇਡ ਈਅਰਸ ਆਫ ਸਾਲਿਟਿਊਡ' ਦੀ ਬੇਹੱਦ ਸਫਲਤਾ ਦੇ ਸੰਬੰਧ ਵਿਚ ਸੋਚਿਆ ਸੀ।**

—ਬਿਲਕੁਲ ਨਹੀਂ। ਜਦੋਂ ਪ੍ਰਕਾਸ਼ਕ ਨੇ ਮੈਨੂੰ ਦੱਸਿਆ ਕਿ ਉਹ ਇਸ ਦੀਆਂ 8000 ਕਾਪੀਆਂ ਛਾਪਣ ਵਾਲਾ ਹੈ ਤਾਂ ਮੈਂ ਹੈਰਾਨ ਸੀ। ਜਿਸ ਲੇਖਕ ਨੇ 600 ਦਾ ਅੰਕੜਾ ਪਾਰ ਨਾ ਕੀਤਾ ਹੋਵੇ, ਉਸ ਦੀ ਕਿਤਾਬ ਦੀਆਂ 8000 ਕਾਪੀਆਂ, ਪਰ ਉਸ ਨੂੰ ਯਕੀਨ ਸੀ ਕਿ 4-6 ਮਹੀਨੇ ਵਿਚ ਸਾਰੀਆਂ ਕਾਪੀਆਂ ਵਿਕ ਜਾਣਗੀਆਂ। ਉਨ੍ਹਾਂ ਦਾ ਭਰੋਸਾ ਸੱਚ ਸਾਬਿਤ ਹੋਇਆ, 4-6 ਮਹੀਨੇ ਨਹੀਂ, ਕੇਵਲ ਇਕ ਹਫਤੇ ਵਿਚ ਸਾਰੀਆਂ ਕਾਪੀਆਂ ਵਿਕ ਗਈਆਂ। ਲੋਕ ਕਹਿੰਦੇ ਸਨ ਕਿ ਇਹ ਕਿਤਾਬ ਇਕ ਸ਼ੀਸ਼ਾ ਹੈ, ਜਿਸ ਵਿਚ ਹਰ ਜ਼ਿੰਦਗੀ ਦਾ ਅਕਸ ਨਜ਼ਰ ਆਉਂਦਾ ਹੈ।

**? ਕੀ ਅਨੁਵਾਦ ਕਰਨਾ ਵੀ ਪਸੰਦ ਕਰਦੇ ਹੋ।**

- 'ਸੈਂਟ ਅਕਸ੍ਰੇ' ਅਤੇ 'ਕਾਨਰਾਡ' ਜਦੋਂ ਮੈਂ ਪੜ੍ਹਦਾ ਸੀ, ਉਦੋਂ ਤੋਂ ਇਨ੍ਹਾਂ ਦਾ ਅਨੁਵਾਦ ਕਰਨਾ ਚਾਹੁੰਦਾ ਸੀ। ਉਂਜ ਵੀ ਕੁਝ ਮਾਸਟਰ ਪੀਸ ਨੂੰ ਛੱਡ ਕੇ ਵਧੇਰੇ ਕਰਕੇ ਕਿਤਾਬਾਂ ਦੇ ਅਨੁਵਾਦ ਸੰਸਕਰਨ ਪੜ੍ਹਨੇ ਪਸੰਦ ਕਰਦਾ ਹਾਂ। ਇਸ ਦਾ ਕਾਰਨ ਮੇਰੀ ਸਪੈਨਿਸ਼ ਨਾਲ ਮੋਹ ਹੋ ਸਕਦਾ ਹੈ ਅਤੇ ਪਿਛਲੇ 20 ਸਾਲ ਤੋਂ 'ਟਾਇਮ ਮੈਗਜ਼ੀਨ' ਦੇ ਪੰਨੇ ਤੋਂ ਰਿਸ ਕੇ ਅੰਗਰੇਜ਼ੀ ਵੀ ਇਕ ਮਿੱਠੀ ਜ਼ਹਿਰ ਦੇ ਵਾਂਗ ਮੇਰੇ ਅੰਦਰ ਦਾਖਲ ਹੋ ਚੁੱਕੀ ਹੈ, ਪ੍ਰੰਤੂ ਸਪੈਨਿਸ਼ ਤੋਂ ਇਲਾਵਾ ਕਿਸੇ ਵੀ ਭਾਸ਼ਾ ਦੀ ਅਪਣੱਤ ਮਹਿਸੂਸ ਨਹੀਂ ਹੁੰਦੀ। ਬਹੁਤ ਸਾਰੀਆਂ ਕਿਤਾਬਾਂ ਹੋਰ ਹਨ, ਜਿਨ੍ਹਾਂ ਦਾ ਮੈਂ ਸਪੈਨਿਸ਼ ਅਨੁਵਾਦ ਕਰਨਾ ਚਾਹੁੰਦਾ ਹਾਂ। ਮੈਨੂੰ ਪਤਾ ਹੈ ਇਕ ਨਵੀਂ ਕਿਤਾਬ ਲਿਖਣ ਤੋਂ ਵਧੇਰੇ ਮਿਹਨਤ ਲਗਾਉਣ ਉੱਤੇ ਮੈਂ ਉਸ ਨਾਲ ਅੱਧਾ ਵੀ ਇਨਸਾਫ ਨਹੀਂ ਕਰ ਸਕਦਾ।

**? ਤੁਸੀਂ ਕਹਿਣਾ ਚਾਹੁੰਦੇ ਹੋ ਕਿ ਅਨੁਵਾਦ ਦੀ ਭੂਮਿਕਾ ਔਖੀ ਹੈ।**

—ਬਿਲਕੁਲ ਕਿਸੇ ਦੂਜੇ ਦੇ ਵਿਚਾਰਾਂ ਨੂੰ ਆਪਣੀ ਆਵਾਜ਼ ਦੇਣਾ ਵਾਕਿਆ ਔਖਾ ਹੈ। ਅਨੁਵਾਦ ਕੇਵਲ ਭਾਸ਼ਾ ਪਰਿਵਰਤਨ ਨਹੀਂ, ਬਲਕਿ ਪੁਨਰ-ਸਿਰਜਣਾ ਦੀ ਇਕ ਪ੍ਰਕਿਰਿਆ ਹੈ, ਜਿਸ ਵਿਚ ਮੂਲ ਆਤਮਾ ਨੂੰ ਬਚਾਈ ਰੱਖਣਾ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਕਈ ਵਾਰ ਅਜਿਹੀ ਗਲਤੀ ਅਨੁਵਾਦਕ ਕਰ ਬੈਠਦਾ ਹੈ। ਭਾਸ਼ਾ ਦੇ ਨਾਲ ਭਾਵ ਬਦਲ ਜਾਣ ਖਤਰਨਾਕ ਹੈ। ਮੇਰੀ ਕਿਤਾਬਾਂ ਦਾ 37 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਮੈਨੂੰ ਖੁਸ਼ੀ ਹੈ ਕਿ ਮੇਰੇ ਅਨੁਵਾਦਕ ਨੇ ਆਪਣੀ ਜ਼ਿੰਮੇਵਾਰੀ ਬਖੂਬੀ ਨਿਭਾਈ ਹੈ, ਬਸ ਅਫਸੋਸ ਇਹ ਹੈ ਕਿ ਅਨੁਵਾਦ ਦੀ ਰਚਨਾਤਮਿਕਤਾ ਨੂੰ ਕਦੀ ਹੋਰ ਵਿਧਾਵਾਂ ਜਿੰਨਾ ਸਨਮਾਨ ਨਹੀਂ ਮਿਲਦਾ।

**? ਆਲੋਚਕਾਂ ਦੀ ਭੂਮਿਕਾ 'ਤੇ ਕੋਈ ਟਿੱਪਣੀ ਕਰਨਾ ਚਾਹੁੰਦੇ ਹੋ।**

— ਮੇਰੀ ਨਜ਼ਰ ਵਿਚ ਆਲੋਚਕ ਇੰਟਲੈਕਚੁਅਲਿਜ਼ਮ, ਭਾਵ ਕਿ ਬੌਧਿਕਤਾਵਾਦ ਦੀ ਸਭ ਤੋਂ ਵੱਡੀ ਉਦਾਹਰਨ ਹਨ। ਉਨ੍ਹਾਂ ਦੇ ਕੋਲ ਇਕ ਬੰਨ੍ਹੀ ਹੋਈ ਲਕੀਰ ਹੁੰਦੀ ਹੈ ਅਤੇ ਉਹ ਚਾਹੁੰਦੇ ਹਨ ਕਿ ਹਰ ਲੇਖਕ ਉਸ ਲਕੀਰ ਉੱਤੇ ਚੱਲਣ। ਜਿਹੜੇ ਲੇਖਕ ਉਨ੍ਹਾਂ ਦੇ ਬਣਾਏ ਹੋਏ ਸੱਚੇ ਵਿਚ ਫਿਟ ਨਹੀਂ ਹੁੰਦਾ ਜਾਂ ਤਾਂ ਉਸ ਉੱਤੇ ਅਨਾੜੀ ਦੀ ਮੋਹਰ ਲਗਾ ਦਿੱਤੀ ਜਾਂਦੀ ਹੈ ਜਾਂ ਉਸ ਨੂੰ ਸੋਚ ਅਤੇ ਸ਼ੈਲੀ ਬਦਲਣ ਲਈ ਮਜਬੂਰ ਕੀਤਾ ਜਾਂਦਾ ਹੈ। ਮੈਨੂੰ ਇਸ ਨਾਲ ਫਰਕ ਨਹੀਂ ਪੈਂਦਾ ਕਿ ਆਲੋਚਕ ਮੇਰੇ ਬਾਰੇ ਕੀ ਸੋਚਦੇ ਹਨ। ਮੇਰਾ ਟੀਚਾ ਪਾਠਕਾਂ ਨਾਲ ਸਿੱਧਾ ਸੰਵਾਦ ਕਰਨਾ ਹੈ ਅਤੇ ਉਸ ਲਈ ਮੈਨੂੰ ਕਿਸੇ ਕਿਸਮ ਦਾ ਪੁਲ ਨਹੀਂ ਚਾਹੀਦਾ।

**? ਤੁਹਾਡੇ ਨਿੱਤ ਦੇ ਰੁਝੇਵੇ ਕਿਸ ਤਰ੍ਹਾਂ ਦੇ ਹੁੰਦੇ ਹਨ।**

—ਜਦੋਂ ਤੋਂ ਪਹਿਚਾਣ ਮਿਲੀ ਹੈ, ਪੂਰੇ ਦਿਨ ਦੀ ਤਰਤੀਬ ਵਿਚ ਬੰਨ੍ਹਣਾ ਕਠਿਨ ਹੋ ਗਿਆ ਹੈ, ਪਰ ਲਿਖਣ ਲਈ ਅਨੁਸ਼ਾਸਨ ਜ਼ਰੂਰੀ ਹੈ। ਇਸ ਲਈ ਮੈਂ 9 ਤੋਂ ਦੁਪਹਿਰ 3 ਵਜੇ ਤੱਕ ਲਿਖਦਾ ਹਾਂ। ਉਸ ਤੋਂ ਬਾਅਦ ਦਾ ਸਮਾਂ ਲੋਕਾਂ ਨਾਲ ਮਿਲਦਾ ਹਾਂ। ਮੇਰੇ ਨਾਲ ਇਕ ਸਮੱਸਿਆ ਇਹ ਹੈ ਕਿ ਮੈਂ ਘਰੇਲੂ ਵਾਤਾਵਰਣ ਵਿਚ ਲਿਖ ਸਕਦਾਂ ਹਾਂ। ਯਾਤਰਾ ਦੇ ਸਮੇਂ ਤਾਂ ਲੱਖ ਕੋਸ਼ਿਸ਼ ਕਰਨ ਤੋਂ ਬਾਅਦ ਵੀ ਨਹੀਂ ਲਿਖ ਸਕਦਾ। ਕਿੰਨਾ ਕੁਝ ਮੇਰੀਆਂ ਅੱਖਾਂ ਵਿਚੋਂ ਗੁਜ਼ਰਦਾ ਹੈ ਅਤੇ ਮੈਂ ਖਾਲੀ ਹੱਥ ਪਰਤ ਆਉਂਦਾ ਹਾਂ। ਇਕ ਹੋਰ ਗੱਲ ਹੈ, ਜਿਹੜੀ ਮੈਨੂੰ ਪਰੇਸ਼ਾਨ ਕਰਦੀ ਹੈ, ਉਹ ਹੈ ਕਿਸੇ ਵੀ ਕਹਾਣੀ ਦਾ ਮੁੱਢ। ਪਹਿਲੀ ਲਾਈਨ, ਪਹਿਲਾ ਵਾਕ...ਕਦੀ-ਕਦੀ ਮਹੀਨੇ ਗੁਜ਼ਰ ਜਾਂਦੇ ਹਨ, ਇਸ ਔਖੇ ਸਵਾਲ ਨੂੰ ਹੱਲ ਕਰਨ ਵਿਚ।

**? 'ਬੁੱਕ ਆਨ ਕਿਊਬਾ' ਕੀ ਹੈ।**

—ਮੇਰੀ ਆਉਣ ਵਾਲੀ ਕਿਤਾਬ, ਜਿਸ ਉੱਤੇ ਅੱਜਕੱਲ੍ਹ ਮੈਂ ਕੰਮ ਕਰ ਰਿਹਾ ਹਾਂ, ਇਕ ਲੰਮੀ ਖਬਰ ਵਰਗੀ ਚੀਜ਼ ਕੁਝ ਲਿਖਦਿਆਂ ਹੋਇਆਂ ਮੈਂ ਕਿਊਬਾ ਸਮਾਜ ਦੀਆਂ ਸਮੱਸਿਆਵਾਂ ਉੱਤੇ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਦੁਨੀਆਂ ਦਾ ਇਕ ਅਜਿਹਾ ਕੋਨਾ ਹੈ, ਜਿੱਥੇ ਲੋਕ ਉਪਕਾਰਾਂ ਵਿਚ ਜਿਉ ਕੇ ਵੀ ਨਹੀਂ ਜਾਣਦੇ ਕਿ ਉਹ ਕੀ ਹਨ। ਉਥੇ ਜ਼ਿੰਦਗੀ ਉਦਾਸ ਨਹੀਂ, ਪਰ ਅੱਗੇ ਵਧਦੀ ਦੁਨੀਆ ਨੂੰ ਕੀ ਮੁੜ ਕੇ ਉਨ੍ਹਾਂ ਨੂੰ ਨਾਲ ਲੈਣ ਦੀ ਪਹਿਲ ਨਹੀਂ ਕਰਨੀ ਚਾਹੀਦੀ? ਇਹੀ ਸਵਾਲ ਸਮੇਟਦੇ-ਸਮੇਟਦੇ ਛੋਟੀ ਜਿਹੀ ਗੱਲ ਕਈ ਪੰਨਿਆਂ ਤੱਕ ਵਧ ਗਈ।

**? ਐਨਾ ਨਾਂਅ, ਪਹਿਚਾਣ ਪਾਉਣ ਦੇ ਬਾਅਦ ਵੀ ਕੀ ਕੁਝ ਅਜਿਹਾ ਹੈ, ਜਿਸ ਨੂੰ ਪਾਉਣ ਦੀ ਇੱਛਾ ਬਾਕੀ ਹੋਵੇ।**

—ਮੈਂ ਆਪਣੇ ਅੰਦਰ ਉਹ ਊਰਜਾ ਪੈਦਾ ਹੁੰਦੀ ਦੇਖਣਾ ਚਾਹੁੰਦਾ ਹਾਂ, ਜਿਹੜੀ ਮੈਨੂੰ ਮੇਰੇ ਪਾਠਕਾਂ ਦੀਆਂ ਨਜ਼ਰਾਂ ਵਿਚ ਬੰਨ੍ਹੀ ਰੱਖ ਸਕੇ। ਮੈਂ ਨਹੀਂ ਚਾਹੁੰਦਾ ਕਿ ਕੱਲ੍ਹ ਜਦੋਂ ਕੋਈ ਕਲਪਨਾ ਭਰਿਆ ਪਲ ਮੇਰੇ ਬੂਹੇ 'ਤੇ ਦਸਤਕ ਦੇਵੇ, ਉਸ ਨੂੰ ਸੰਭਾਲਣ ਸਮੇਂ ਮੈਂ ਆਪਣੇ ਨਾਲ ਨਜ਼ਰਾਂ ਨਾ ਮਿਲਾ ਸਕਾਂ। ਕਿਸੇ ਵੱਡੇ ਇਨਾਮ ਦੀ ਇੱਛਾ ਨਹੀਂ, ਪਰ ਇਕ ਘਾਟ ਮੈਨੂੰ ਹਮੇਸ਼ਾ ਰਹੇਗੀ ਕਿ ਮੇਰੇ ਕੋਈ ਬੇਟੀ ਨਹੀਂ ਹੈ।

# ਘਾਲਣਾ ਦੀ ਦਾਸਤਾਨ

ਡਾ. ਪਰਮਜੀਤ ਢੀਂਗਰਾ

*(ਲਾਤੀਨੀ ਅਮਰੀਕੀ ਆਪਣੇ ਲੇਖਕਾਂ ਨੂੰ ਜਿੰਨਾ ਮਾਣ-ਸਤਿਕਾਰ ਦਿੰਦੇ ਹਨ, ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਹ ਲੇਖਕ ਉਨ੍ਹਾਂ ਦੇ ਮਾਰਗ-ਦਰਸ਼ਕ ਹਨ, ਪਰ ਸਾਡੇ ਦੇਸ਼ ਵਿਚ ਲੇਖਕਾਂ ਨੂੰ ਦੁਰਕਾਰਿਆ ਜਾਂਦਾ ਹੈ। ਉਨ੍ਹਾਂ ਦੇ ਸੱਚ ਨੂੰ ਸੁਣਨ ਦੀ ਥਾਂ ਉਨ੍ਹਾਂ 'ਤੇ ਹਮਲੇ ਕੀਤੇ ਜਾਂਦੇ ਹਨ, ਉਨ੍ਹਾਂ ਦੀਆਂ ਰਚਨਾਵਾਂ 'ਤੇ ਪਾਬੰਦੀ ਲਾ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਸਮਾਜਕ ਬਾਈਕਾਟ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਕਾਸ਼! ਅਸੀਂ ਦੁਨੀਆ ਦੇ ਲੋਕਾਂ ਕੋਲੋਂ ਆਪਣੇ ਲੇਖਕਾਂ ਦਾ ਸਤਿਕਾਰ ਕਰਨਾ ਤੇ ਉਨ੍ਹਾਂ ਦੀ ਇੱਜ਼ਤ ਕਰਨੀ ਸਿੱਖੀ ਹੁੰਦੀ ਤਾਂ ਅੱਜ ਅਸੀਂ ਬੌਧਿਕ ਕੰਗਾਲੀ ਤੋਂ ਛੁਟਕਾਰਾ ਪਾ ਚੁੱਕੇ ਹੁੰਦੇ।)*

ਹਰ ਲੇਖਕ ਨੂੰ ਆਪਣੇ ਸਮੇਂ ਨਾਲ ਜੂਝਣਾ ਪੈਂਦਾ ਹੈ। ਜਿਹੜੀਆਂ ਲਿਖਤਾਂ ਕਲਾਸੀਕਲ ਬਣਦੀਆਂ ਹਨ, ਉਨ੍ਹਾਂ ਦੀ ਸਿਰਜਣਾ ਲਈ ਲੇਖਕ ਨੂੰ ਆਪਣਾ ਖ਼ੂਨ ਬਾਲਣਾ ਪੈਂਦਾ ਹੈ। ਇਸ ਖ਼ੂਨ ਦੀ ਚਮਕ ਵਿਚੋਂ ਸੁਨਹਿਰੀ ਤੇ ਬਲਦੇ ਹੋਏ ਅੱਖਰ ਉਗਦੇ ਹਨ ਤੇ ਫਿਰ ਇਹ ਮਨੁੱਖੀ ਇਤਿਹਾਸ ਵਿਚ ਸਦਾ ਲਈ ਉਕਰੇ ਜਾਂਦੇ ਹਨ। ਗੈਬਰੀਅਲ ਗਾਰਸ਼ੀਆ ਮਾਰਖੇਜ਼ ਅਜਿਹਾ ਹੀ ਲੇਖਕ ਸੀ, ਜਿਸ ਨੇ ਸ਼ਿੱਦਤ, ਇਕਾਗਰਤਾ ਤੇ ਸਿਰੜ ਨਾਲ ਆਪਣਾ ਪ੍ਰਸਿੱਧ ਨਾਵਲ 'ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ' ਲਿਖਿਆ, ਜਿਸ ਦੀ ਹੋਰ ਮਿਸਾਲ ਨਹੀਂ ਮਿਲਦੀ। ਉਪਰੋਕਤ ਨਾਵਲ ਲਿਖਣ ਲਈ ਉਹਨੂੰ ਅਠਾਰਾਂ ਮਹੀਨੇ ਲੱਗੇ। ਮੈਕਸੀਕੋ ਦੀ ਡੁਈਗੋ ਸਟਰੀਟ ਵਿਚ ਲੱਕੜ ਦੀ ਬਣੀ ਆਪਣੀ ਸਟੱਡੀ ਵਿਚ ਉਹਨੇ ਆਪਣੇ ਆਪ ਨੂੰ ਇਕ ਤਰ੍ਹਾਂ ਨਾਲ ਕੈਦ ਕਰ ਲਿਆ ਤੇ ਹਰ ਰੋਜ਼ ਮੱਕੜੀ ਦੇ ਜਾਲੇ ਵਾਂਗ ਮਾਕੋਂਦੋ ਦਾ ਸੰਸਾਰ ਰਚਣ ਲੱਗਾ। ਲੇਖਕ ਨੂੰ ਏਸੇ ਕਰਕੇ ਆਪਣੀ ਦੁਨੀਆ ਦਾ ਰੱਬ ਕਿਹਾ ਜਾਂਦਾ ਹੈ। ਰੱਬ ਵਾਂਗ ਹੀ ਉਹ ਆਪਣੇ ਸੰਸਾਰ ਦੀ ਸਿਰਜਣਾ ਕਰਦਾ ਹੈ ਤੇ ਫਿਰ ਆਪ ਪਿਛੇ ਹੱਟ ਜਾਂਦਾ ਹੈ। ਲੋਕ ਇਸ ਨਵੇਂ ਸੰਸਾਰ ਨੂੰ ਦੇਖਦੇ / ਘੋਖਦੇ/ ਪਰਖਦੇ ਅਸ਼-ਅਸ਼ ਕਰ ਉਠਦੇ ਹਨ। ਉਹਦੀ ਲੱਕੜ ਦੀ ਉਸ ਝੌਂਪੜੀ ਵਿਚ ਪੀਲੀਆਂ ਤਿਤਲੀਆਂ ਤੇ ਬਿੱਛੂਆਂ ਦੀ ਭਰਮਾਰ ਰਹਿੰਦੀ ਸੀ। ਉਹਨੂੰ ਹਰ ਰੋਜ਼ ਸੱਠ ਸਿਗਰਟਾਂ ਤੇ ਅੱਧੀ ਬੋਤਲ ਵਿਸਕੀ ਦੀ ਤਲਬ ਹੁੰਦੀ ਸੀ। ਉਹ ਕਮਰੇ ਵਿਚ ਹਰ ਰੋਜ਼ ਤਾਜ਼ੇ ਪੀਲੇ ਗੁਲਾਬਾਂ ਦਾ ਗੁਲਦਸਤਾ ਆਪਣੀ ਨਜ਼ਰ ਹੇਠ ਰੱਖਦਾ। ਇਸ ਥਕਾ ਦੇਣ ਵਾਲੀ ਯਾਤਰਾ ਵਿਚ ਉਹਦੀ ਪਤਨੀ ਮੇਰਸੇਦੇਸ ਬਾਰਚਾ ਪਾਰਦੋ ਉਹਦੀ ਅਣਥੱਕ ਸਾਰਥੀ ਸੀ। ਉਹਨੇ ਨਿਰਵਿਘਨ ਉਹਨੂੰ ਆਪਣਾ ਸੰਸਾਰ ਰਚਣ ਦਿੱਤਾ ਤੇ ਸਾਰੀਆਂ ਜ਼ਿੰਮੇਵਾਰੀਆਂ ਆਪ ਓਟ ਲਈਆਂ। ਇਸ ਦੌਰਾਨ ਉਹਨੇ ਘਰ ਚਲਾਉਣ ਲਈ ਆਪਣਾ ਟੈਲੀਫ਼ੋਨ, ਫ਼ਰਿਜ਼, ਰੇਡੀਓ, ਗਹਿਣੇ ਤੇ ਕਾਰ ਤੱਕ ਵੇਚ ਦਿੱਤੇ। ਜਿਸ ਦਿਨ ਮਾਰਖੇਜ਼ ਨੇ ਕਰਨਲ ਆਰਲਿਆਨੋ ਦੀ ਮੌਤ ਵਾਲਾ ਹਿੱਸਾ ਲਿਖਿਆ ਤਾਂ ਉਹ ਉੱਠ ਕੇ ਪਤਨੀ ਕੋਲ ਜਾ ਕੇ ਦੋ ਘੰਟੇ ਰੋਂਦਾ ਰਿਹਾ। ਮੋਰਸੇਦੇਸ ਨੂੰ ਪਤਾ ਸੀ ਕਿ ਕੀ ਹੋਇਐ। ਉਹਦੇ ਚੁੱਪ ਹੋ ਜਾਣ ਤੋਂ ਬਾਅਦ ਉਹਨੇ ਪੁੱਛਿਆ ਸੀ—ਕਰਨਲ ਮਰ ਗਿਐ? ਹੈਰਾਨੀ ਹੁੰਦੀ ਹੈ ਕਿ ਇਕ ਲੇਖਕ ਆਪਣੇ ਪਾਤਰ ਨਾਲ ਇਸ ਹੱਦ ਤੱਕ ਜੁੜਿਆ ਹੋ ਸਕਦਾ ਹੈ ਕਿ ਉਹਦੀ ਮੌਤ ਉਹਨੂੰ ਆਪਣੇ ਨੇੜਲੇ ਤੋਂ ਵੀ ਵੱਧ ਦੁਖਦਾਈ ਲੱਗੇ। ਏਥੇ ਟਾਲਸਟਾਏ ਦੀ ਇਕ ਗੱਲ ਯਾਦ ਆ ਗਈ। ਇਕ ਵਾਰ ਟਾਲਸਟਾਏ ਕਿਸੇ ਇਮਾਰਤ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਕਿ ਅੱਗੋਂ ਇਕ ਔਰਤ ਉਤਰਦੀ ਨਜ਼ਰ ਆਈ ਤਾਂ ਟਾਲਸਟਾਏ ਸੁੰਗੜ ਕੇ ਕੰਧ ਨਾਲ ਲੱਗ ਗਿਆ। ਉਹ ਔਰਤ ਕਹਿਣ ਲੱਗੀ ਕਿ ਪੌੜੀਆਂ ਵਾਹਵਾ ਖੁੱਲ੍ਹੀਆਂ ਹਨ ਤੇ ਫਿਰ ਸੁੰਗੜਨ ਦੀ ਕੀ ਲੋੜ ਹੈ ਤਾਂ ਟਾਲਸਟਾਏ ਦਾ ਜੁਆਬ ਸੀ ਕਿ ਮੇਰੇ ਨਾਲ ਅੰਨਾ ਕੈਰੇਨੀਨਾ ਵੀ ਹੈ। ਮਹਾਨ ਲੇਖਕਾਂ ਦੀਆਂ ਮਹਾਨ ਬਾਤਾਂ। ਮਾਰਖੇਜ਼ ਦੀ ਪਤਨੀ ਮੋਰਸੇਦੋਸ ਮਾਗਦਾਲੇਨਾ ਦਰਿਆ ਕੰਢੇ ਵਸੇ ਇਕ ਛੋਟੇ ਜਿਹੇ ਸ਼ਹਿਰ ਮਾਗਾਂਗੇ ਵਿਚ ਰਹਿਣ ਵਾਲੇ ਫਾਰਮਾਸਿਸਟ ਦੀ ਸਭ ਤੋਂ ਵੱਡੀ ਬੇਟੀ ਸੀ ਤੇ ਦੋਵਾਂ ਦੀ ਮੁਲਾਕਾਤ ਓਦੋਂ ਹੋਈ ਸੀ, ਜਦੋਂ ਉਹ ਅਜੇ ਨੌਂ ਵਰ੍ਹਿਆਂ ਦੀ ਬਾਲੜੀ ਸੀ। ਦੋਹਾਂ ਦੇ ਪਿਓ ਇਕ-ਦੂਜੇ ਦੇ ਬਚਪਨ ਦੇ ਦੋਸਤ ਸਨ। ਮੋਰਸੇਦੋਸ ਦੇ ਵਡੇਰੇ ਮਿਸਰ ਦੇ ਰਹਿਣ ਵਾਲੇ ਸਨ। ਇਸ ਪਹਿਲੀ ਮੁਲਾਕਾਤ ਤੋਂ ਬਾਅਦ ਦੋਵੇਂ ਇਕ-ਦੂਜੇ ਨੂੰ ਚਿੱਠੀਆਂ ਲਿਖਣ ਲੱਗੇ ਤੇ ਇਹ ਸਿਲਸਿਲਾ ਸਤਾਰਾਂ ਸਾਲਾਂ ਦੀ ਉਮਰ ਤੱਕ ਚਲਦਾ ਰਿਹਾ, ਜਦ ਤੱਕ ਕਿ ਮਾਰਖੇਜ਼ ਨੇ ਵਿਆਹ ਕਰਨ ਦੀ ਇੱਛਾ ਜ਼ਾਹਰ ਨਹੀਂ ਕੀਤੀ। 1958 ਵਿਚ ਵਿਆਹ ਕਰਵਾ ਕੇ ਦੋਵੇਂ ਰਹਿਣ ਲਈ ਵੈਨਜ਼ੁਵੇਲਾ ਦੀ ਰਾਜਧਾਨੀ ਕਰਾਕਸ ਚਲੇ ਗਏ, ਜਿੱਥੇ ਮਾਰਖੇਜ਼ ਇਕ ਰਸਾਲੇ ਵਿਚ ਨੌਕਰੀ ਕਰਦਾ ਸੀ। ਏਥੇ ਹੀ ਉਨ੍ਹਾਂ ਦੇ ਪਹਿਲੇ ਬੇਟੇ ਰੋਦ੍ਰਿਗੋ ਦਾ ਜਨਮ ਹੋਇਆ ਤੇ ਇੱਥੇ ਹੀ ਮਾਰਖੇਜ਼ ਨੇ ਆਪਣਾ ਨਾਵਲ 'ਨੋ ਵਨ ਰਾਈਟਸ ਕਰਨਲ' ਲਿਖਿਆ ਤੇ ਛਪਵਾਇਆ। ਬੜੇ ਸਾਲਾਂ ਬਾਅਦ ਜਦੋਂ ਉਹਨੂੰ ਨੋਬਲ ਪ੍ਰਾਈਜ਼ ਮਿਲਿਆ ਤਾਂ ਸਟਾਕਹੋਮ ਵਿਚ ਉਹਨੇ ਉਹ ਦਿਨ ਯਾਦ ਕੀਤਾ, ਜਿਸ ਦੁਪਹਿਰ ਨੂੰ ਉਹਦੀ ਪਤਨੀ ਉਹਨੂੰ ਲੈ ਕੇ ਪੋਸਟ ਆਫ਼ਿਸ ਗਈ ਸੀ, ਜਿੱਥੇ ਉਹਨੇ ਆਪਣੇ ਨਾਵਲ 'ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ' ਦੀ ਕਾਪੀ ਛਪਣ ਲਈ ਪ੍ਰਕਾਸ਼ਕ ਨੂੰ ਭੇਜਣੀ ਸੀ, ਪਰ ਉਹਦੀ ਜੇਬ ਵਿਚ ਟਿਕਟਾਂ ਲਾਉਣ ਜੋਗੇ ਇਕ ਸੌ ਸੱਠ ਪੇਸੋ ਵੀ ਨਹੀਂ ਸਨ। ਉਹ ਅੱਧਾ ਨਾਵਲ ਹੀ ਪ੍ਰਕਾਸ਼ਕ ਨੂੰ ਭੇਜ ਸਕਿਆ। ਉਨ੍ਹਾਂ ਦੋਵਾਂ ਪਤੀ-ਪਤਨੀ ਦਾ ਆਪਸੀ ਰਿਸ਼ਤਾ ਸਾਰੀ ਜ਼ਿੰਦਗੀ ਬੜਾ ਸੁਖਾਵਾਂ ਰਿਹਾ। ਮਾਰਖੇਜ਼ ਨਾਲ ਆਪਣੀਆਂ ਮੁਲਾਕਾਤਾਂ ਦੀ ਕਿਤਾਬ ਅਮਰੂਦ ਦੀ ਮਹਿਕ ਵਿਚ ਲਾਤੀਨੀ ਪੱਤਰਕਾਰ ਪਲੀਨੀਓ ਆਪੂਲੇਓ ਨੇ ਜਦੋਂ ਉਹਨੂੰ ਆਖ਼ਰੀ ਸੁਆਲ ਪੁੱਛਿਆ, 'ਤੁਹਾਨੂੰ ਅੱਜ ਤੱਕ ਮਿਲਿਆ ਸਭ ਤੋਂ ਦਿਲਚਸਪ ਵਿਅਕਤੀ ਕੌਣ ਹੈ?' ਤਾਂ ਉਹਨੇ ਬੜੀ ਗਰਮਜੋਸ਼ੀ ਨਾਲ ਜੁਆਬ ਦਿੰਦਿਆਂ ਕਿਹਾ-ਮੇਰੀ ਪਤਨੀ ਮੋਰਸੇਦੋਸ। 17 ਅਪ੍ਰੈਲ 2014 ਨੂੰ ਇਹ ਮਹਾਨ ਲੇਖਕ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। 15 ਅਗਸਤ 2020 ਨੂੰ ਮੋਰਸੇਦੋਸ ਵੀ ਧੁਰ ਦਰਗਾਹ ਉਹਦੇ ਕੋਲ ਜਾ ਪਹੁੰਚੀ। ਉਨ੍ਹਾਂ ਦੋਵਾਂ ਨੂੰ ਯਾਦ ਕਰਨਾ ਉਸ ਮਹਾਨ ਲੇਖਕ ਤੇ ਉਸ ਸ਼ਾਨਦਾਰ ਔਰਤ ਨੂੰ ਖਰਾਜ-ਏ-ਅਕੀਦਤ ਵਰਗਾ ਅਮਲ ਹੈ, ਜਿਨ੍ਹਾਂ ਦੀ ਜੁਗਲਬੰਦੀ ਸਦਕਾ ਸੰਸਾਰ ਰਚਨਾਵਾਂ ਦੀ ਸੌਗਾਤ ਮਿਲੀ।

## ਉਰਸੂਲਾ ਉਰਫ਼ ਸੌ ਸਾਲ ਦਾ ਇਕਲਾਪਾ/ਗੈਬੋ

ਜਾਦੂਈ ਯਥਾਰਥ ਦਾ ਚਿਤੇਰਾ ਗੈਬਰੀਅਲ ਗਾਰਸ਼ੀਆ ਮਾਰਖੇਜ਼ ਲਾਤੀਨੀ ਅਮਰੀਕਾ ਦਾ ਹੀ ਨਹੀਂ, ਸਗੋਂ ਵਿਸ਼ਵ ਸਾਹਿਤ ਦਾ ਅਨਮੋਲ ਹੀਰਾ ਹੈ। ਉਹਦਾ ਨਾਵਲ 'ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ' ਇਕ ਅਜਿਹਾ ਯਾਦਗਾਰੀ ਨਾਵਲ ਹੈ, ਜਿਸ ਨੇ ਉਹਨੂੰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚਾ ਦਿੱਤਾ। ਇਹ ਇਕ ਇਤਫ਼ਾਕ ਹੀ ਹੈ ਕਿ ਹਰ ਵੱਡਾ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਬਚਪਨ ਵਿਚ ਦਾਦੀ ਜਾਂ ਨਾਨੀ ਕੋਲੋਂ ਸੁਣੀਆਂ ਕਥਾ-ਕਹਾਣੀਆਂ ਉਹਦੇ ਸਾਹਿਤ ਦਾ ਆਧਾਰ ਹਨ। ਅੱਜਕੱਲ੍ਹ ਸਮਾਂ ਬਦਲ ਗਿਆ ਹੈ ਜਾਂ ਤਾਂ ਦਾਦੀਆਂ, ਨਾਨੀਆਂ ਕਥਾ-ਕਹਾਣੀਆਂ ਭੁੱਲ ਚੁੱਕੀਆਂ ਹਨ ਜਾਂ ਫਿਰ ਬੱਚਿਆਂ ਕੋਲ ਜੰਮਦਿਆਂ ਹੀ ਆਪਣੇ ਕੋਲ ਬਹਿਣ ਦਾ ਸਮਾਂ ਮੁੱਕ ਗਿਐ ਤੇ ਕਾਰਟੂਨ ਨੈੱਟਵਰਕ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ।



ਆਪਣੇ ਸਾਹਿਤ ਦੇ ਸਿਰਜਣ-ਬੀਜਾਂ ਦੀ ਗੱਲ ਕਰਦਾ ਮਾਰਖੇਜ਼ ਲਿਖਦਾ ਹੈ—ਕਹਾਣੀਆਂ ਲਈ ਉਤਸੁਕਤਾ ਤੇ ਪ੍ਰੇਮ ਮੈਨੂੰ ਮੇਰੀ ਦਾਦੀ ਕੋਲੋਂ ਮਿਲਿਆ। ਜਦੋਂ ਉਹ 'ਸੌ ਸਾਲ ਦਾ ਇਕਲਾਪਾ' ਵਰਗਾ ਨਾਵਲ ਲਿਖਣ ਬਾਰੇ ਸੋਚ ਰਿਹਾ ਸੀ, ਉਹਨੂੰ ਨਹੀਂ ਸੀ ਪਤਾ ਕਿ ਉਹਦੀ ਦਾਦੀ ਇਕ ਅਮਰ ਪਾਤਰ ਬਣ ਕੇ ਇਸ ਵਿਚ ਆ ਜਾਵੇਗੀ। ਏਸੇ ਉਲਝਣ ਵਿਚ ਇਕ ਦਿਨ ਜਦੋਂ ਛੁੱਟੀਆਂ ਮਨਾਉਣ ਲਈ ਏਕਾਪੂਲਕੋ ਵੱਲ ਜਾਂਦਿਆਂ ਉਹ ਕਾਰ ਡਰਾਈਵ ਕਰ ਰਿਹਾ ਸੀ ਤਾਂ ਅਚਾਨਕ ਉਹਦੇ ਮਨ ਵਿਚ ਖ਼ਿਆਲ ਆਇਆ ਕਿ ਉਹਨੂੰ ਇਹ ਕਹਾਣੀ ਓਸੇ ਤਰ੍ਹਾਂ ਸ਼ੁਰੂ ਕਰਨੀ ਚਾਹੀਦੀ ਹੈ, ਜਿਵੇਂ ਉਹਦੀ ਦਾਦੀ ਕਹਾਣੀ ਸੁਣਾਉਂਦੀ ਹੁੰਦੀ ਸੀ। ਬੱਸ ਫਿਰ ਕੀ ਸੀ, ਛੁੱਟੀ ਦੀ ਛੁੱਟੀ ਹੋ ਗਈ ਤੇ ਅੱਧੇ ਰਸਤਿਓਂ ਹੀ ਉਹ ਵਾਪਸ ਮੁੜ ਆਇਆ ਤੇ ਕਹਾਣੀ ਸ਼ੁਰੂ ਹੋ ਗਈ। ਡੇਢ ਸਾਲ ਲਗਾਤਾਰ ਉ ਇਸ ਕਹਾਣੀ ਲਿਖਣ ਲਈ ਜੁਟਿਆ ਰਿਹਾ ਤੇ ਅਖੀਰ ਦੁਨੀਆ ਨੂੰ ਇਕ ਨਵੀਂ ਕਿਸਮ ਦਾ ਸ਼ਾਹਕਾਰ ਦਿੱਤਾ। ਇਸ ਨਾਵਲ ਵਿਚ ਉਹਨੇ ਉਰਸੂਲਾ ਬੇਦੀਆ ਦੇ ਪਾਤਰ ਰਾਹੀਂ ਆਪਣੀ ਦਾਦੀ ਨੂੰ ਸੰਜੀਵ ਕਰ ਦਿੱਤਾ। ਦੋਵਾਂ ਵਿਚ ਕਈ ਪ੍ਰਕਾਰ ਦੀਆਂ ਸਾਂਝਾਂ ਨਜ਼ਰ ਆਉਂਦੀਆਂ ਹਨ। ਦੋਵੇਂ ਅਦਭੁਤ ਹਨ, ਦੋਵੇਂ ਬੇਕਰੀ ਚਲਾਉਂਦੀਆਂ ਹਨ ਤੇ ਦੋਵੇਂ ਸਿਰੇ ਦੀਆਂ ਅੰਧਵਿਸ਼ਵਾਸੀ ਹਨ। ਉਹਦੀ ਦਾਦੀ ਹਰੇਕ ਘਟਨਾ ਦੀ ਅਨੋਖੀ ਅਲੌਕਿਕ ਵਿਆਖਿਆ ਕਰਦੀ, ਜਿਵੇਂ ਉਡਦੀ ਤਿਤਲੀ ਦੇਖ ਕੇ ਚਿੱਠੀ ਆਉਣ ਦੀ ਗੱਲ ਕਰਦੀ ਤੇ ਦੁੱਧ ਉਬਲ ਜਾਣ ਨੂੰ ਘਰ ਵਿਚ ਕਿਸੇ ਜੀਅ ਦੇ ਬਿਮਾਰ ਹੋ ਜਾਣ ਦਾ ਸੰਕੇਤ ਮੰਨਦੀ। ਉਹਦੇ ਬਚਪਨ ਦਾ ਘਰ ਭੂਤ ਬੰਗਲਾ ਹੀ ਸੀ। ਉਸ ਵਿਚ ਤਰ੍ਹਾਂ-ਤਰ੍ਹਾਂ ਦੇ ਭੂਤ ਦਾਦੀ ਦੀਆਂ ਕਹਾਣੀਆਂ ਵਾਂਗ ਸਮੋਏ ਰਹਿੰਦੇ। ਬਾਲ ਮਾਰਖੇਜ਼ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਨ ਲੱਗ ਗਿਆ ਸੀ। ਇਹਦਾ ਇਕ ਪਾਤਰ ਮੌਰੀਸੀਏ ਬੇਬੀਲੋਨੀਆ, ਜਿਸ ਦੇ ਆਸੇ-ਪਾਸੇ ਤਿਤਲੀਆਂ ਮੰਡਰਾਉਂਦੀਆਂ ਰਹਿੰਦੀਆਂ ਹਨ, ਉਹਦੀ ਦਾਦੀ ਦਾ ਸਿਰਜਿਆ ਪਾਤਰ ਹੈ। ਬਚਪਨ ਵਿਚ ਉਨ੍ਹਾਂ ਦੇ ਘਰ ਇਕ ਬਿਜਲੀ ਠੀਕ ਕਰਨ ਵਾਲਾ ਮਿਸਤਰੀ ਆਉਂਦਾ ਹੁੰਦਾ ਸੀ। ਇਕ ਦਿਨ ਉਹਦੇ ਜਾਣ ਤੋਂ ਬਾਅਦ ਉਹਦੀ ਦਾਦੀ ਨੂੰ ਇਕ ਤਿਤਲੀ ਨਜ਼ਰ ਆਈ ਤਾਂ ਉਹ ਕਹਿਣ ਲੱਗੀ—ਇਹ ਆਦਮੀ ਜਦੋਂ ਵੀ ਘਰ ਆਉਂਦਾ ਹੈ ਤਾਂ ਜਾਣ ਲੱਗਾ ਤਿਤਲੀਆਂ ਛੱਡ ਜਾਂਦਾ ਹੈ। 'ਸੌ ਸਾਲ ਦਾ ਇਕਲਾਪਾ' ਨਾਵਲ ਜਿਸ ਕਾਲਪਨਿਕ ਇਲਾਕੇ ਵਿਚ ਵਾਪਰਦਾ ਹੈ, ਉਹਦਾ ਨਾਂਅ ਹੈ-ਮਾਕੋਂਦੋ। ਇਸ ਸੁੱਤ ਉਨੀਂਦਰੇ ਕਸਬੇ ਵਿਚ ਜਾਦੂਈ ਸੰਸਾਰ ਦੀ ਨੀਂਹ ਰੱਖਣ ਵਾਲੇ ਪੁਰਖੇ ਹੋਸੇ ਅਕਾਰਦੀਓ ਬੁਏਨਦੀਆ ਦੀ ਵਹੁਟੀ ਸੀ ਇਹ ਉਰਸੂਲਾ ਈਗੁਆਰਾਨ। ਲਗਾਤਾਰ ਮਿਹਨਤ-ਮੁਸ਼ੱਕਤ ਕਰਨ ਵਾਲੀ ਉਰਸੂਲਾ ਪੂਰੇ ਨਾਵਲ ਦੀ ਰੀੜ੍ਹ ਦੀ ਹੱਡੀ ਹੈ। ਮਾਰਖੇਜ਼ ਦਾ ਮੰਨਣਾ ਸੀ ਕਿ ਉਹਨੂੰ ਨਾਵਲ ਵਿਚ ਹੋਣ ਵਾਲੇ ਗ੍ਰਹਿ ਯੁੱਧ ਤੋਂ ਪਹਿਲਾਂ ਮਰ ਜਾਣਾ ਚਾਹੀਦਾ ਸੀ, ਜਦੋਂ ਉਹ ਸੌ ਵਰ੍ਹਿਆਂ ਦੀ ਹੋਣ ਵਾਲੀ ਸੀ, ਪਰ ਉਹਨੂੰ ਅਹਿਸਾਸ ਹੋਇਆ ਕਿ ਜੇ ਉਰਸੂਲਾ ਮਾਰ ਦਿੱਤੀ ਗਈ ਤਾਂ ਸਾਰੀ ਕਥਾ ਢਹਿ ਜਾਏਗੀ। ਉਸ ਵੇਲੇ ਤੱਕ ਨਾਵਲ ਵਿਚ ਏਨਾ ਉਬਾਲ ਆ ਚੁੱਕਾ ਸੀ ਕਿ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਅੱਗੋਂ ਕੀ ਹੋਵੇਗਾ? ਪਰ ਉਰਸੂਲਾ ਦਾ ਜਿਉਂਦੇ ਰਹਿਣਾ ਜ਼ਰੂਰੀ ਸੀ ਤੇ ਉਹ ਇਕ ਸੌ ਸੋਲਾਂ ਸਾਲਾਂ ਤੱਕ ਜਿਊਂਦੀ ਰਹੀ। ਗੈਬੋ ਦੇ ਦੋਸਤ ਤੇ ਪ੍ਰਸਿੱਧ ਪੱਤਰਕਾਰ ਪਲੀਨੀਓ ਆਪੂਲੇਓ ਮੇਂਦੋਜ਼ਾ ਨੇ ਉਰਸੂਲਾ ਨੂੰ 'ਮਦਰ ਆਫ਼ ਅਰਥ' ਦੀ ਉਪਾਧੀ ਦਿੱਤੀ ਸੀ। ਨਾਵਲ ਦੇ ਮੁੱਢ ਵਿਚ ਹੀ ਉਹਦੇ ਚਰਿੱਤਰ ਦੀ ਤਾਕਤ ਜੰਮ ਜਾਂਦੀ ਹੈ। ਜਦੋਂ ਅਕਾਰਦੀਓ ਬੁਏਨਦੀਆ ਨੂੰ ਮਾਕੋਂਦੋ ਛੋਟਾ ਲੱਗਣ ਲੱਗ ਜਾਂਦਾ ਹੈ, ਤਾਂ ਉਹ ਕਿਸੇ ਹੋਰ ਥਾਂ ਜਾ ਕੇ ਵੱਸਣ ਦਾ ਇੱਕਤਰਫ਼ਾ ਫ਼ੈਸਲਾ ਕਰ ਲੈਂਦਾ ਹੈ। ਉਰਸੂਲਾ ਨੂੰ ਜਦੋਂ ਇਸ ਬਾਰੇ ਪਤਾ ਲੱਗਦਾ ਹੈ ਤਾਂ ਉਹ ਕਹਿੰਦੀ ਹੈ- 'ਅਸੀਂ ਏਥੋਂ ਬਿਲਕੁਲ ਨਹੀਂ ਜਾਵਾਂਗੇ। ਅਸੀਂ ਏਥੇ ਹੀ ਰਹਾਂਗੇ, ਕਿਉਂਕਿ ਏਥੇ ਸਾਡਾ ਪਹਿਲਾ ਪੁੱਤ ਜੰਮਿਆ ਹੈ।' ਹੋਸੇ ਕਹਿੰਦਾ ਹੈ-ਅਜੇ ਤੱਕ ਏਥੇ ਸਾਡੇ ਪਰਵਾਰ ਵਿਚੋਂ ਕੋਈ ਨਹੀਂ ਮਰਿਆ। ਇਸ ਲਈ ਅਸੀਂ ਇਸ ਨੂੰ ਆਪਣੀ ਨਹੀਂ ਕਹਿ ਸਕਦੇ, ਜਦੋਂ ਤੱਕ ਕਿ ਕੋਈ ਆਪਣਾ ਇਸ ਧਰਤੀ ਵਿੱਚ ਸਦਾ ਦੀ ਨੀਂਦ ਨਹੀਂ ਸੌਂ ਜਾਂਦਾ। ਤਾਂ ਬੜੀ ਦ੍ਰਿੜ੍ਹਤਾ ਨਾਲ ਉਰਸੂਲਾ ਉਹਨੂੰ ਜੁਆਬ ਦੇਂਦੀ ਹੈ, 'ਜੇ ਏਥੇ ਰਹਿਣ ਲਈ ਕਿਸੇ ਦਾ ਮਰਨਾ ਜ਼ਰੂਰੀ ਹੈ ਤਾਂ ਮੈਂ ਹੁਣੇ ਮਰ ਕੇ ਕਬਰ ਵਿਚ ਪੈਣ ਲਈ ਤਿਆਰ ਹਾਂ।' ਗੈਬੋ ਉਰਫ਼ ਗੈਬਰੀਅਲ ਦਾ ਜਨਮ ਕੋਲੰਬੀਆ ਦੇ ਇਕ ਛੋਟੇ ਜਿਹੇ ਕਸਬੇ ਆਰਾਕਾਤਾਕਾ ਵਿਚ 06 ਮਾਰਚ, 1927 ਨੂੰ ਹੋਇਆ। ਆਰਾਕਾਤਾਕਾ ਨਦੀ ਦੇ ਕੰਢੇ ਵਸੇ ਇਸ ਟਰਾਪੀਕਲ ਕਸਬੇ ਦੇ ਜਿਸ ਘਰ ਵਿਚ ਮਾਰਖੇਜ਼ ਦਾ ਜਨਮ ਹੋਇਆ ਸੀ, ਉਹਨੂੰ ਹੁਣ ਇਕ ਮਿਊਜ਼ੀਅਮ ਦਾ ਰੂਪ ਦੇ ਕੇ ਇਸ ਉੱਘੇ ਲੇਖਕ ਦੀਆਂ ਯਾਦਾਂ ਸਾਂਭ ਦਿੱਤੀਆਂ ਗਈਆਂ ਹਨ। ਸੱਚ ਤਾਂ ਇਹ ਹੈ ਕਿ ਆਰਾਕਾਤਾਕਾ ਵਿਚਲੀ ਹਰ ਸ਼ੈਅ ਨੂੰ ਇਸ ਮਹਾਨ ਲੇਖਕ ਦੇ ਨਾਂਅ ਨਾਲ ਜੋੜ ਦਿੱਤਾ ਗਿਆ ਹੈ। ਮਿਸਾਲ ਲਈ ਗੈਬੋ ਰੇਸਤਰਾਂ ਵਿਚ ਤੁਹਾਨੂੰ ਕਾਲਪਨਿਕ ਮਾਕੋਂਦੋ ਕਸਬੇ ਦੇ ਟਿਪੀਕਲ ਖਾਣੇ ਖਾਣ ਲਈ ਮਿਲਣਗੇ ਤੇ ਓਥੋਂ ਦੇ ਸਭ ਤੋਂ ਵੱਡੇ ਹੋਟਲ ਦਾ ਨਾਂਅ 'ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ' ਹੈ ਤੇ ਨਾਵਲ ਵਿਚ ਵਾਰ-ਵਾਰ ਆਉਣ ਵਾਲੇ ਵਣਜਾਰੇ ਦੇ ਨਾਂਅ 'ਤੇ 'ਦ ਜਿਪਸੀ ਹਾਊਸ' ਵੀ ਓਥੇ ਸਥਾਪਤ ਕੀਤਾ ਗਿਆ ਹੈ। ਗੈਬੋ ਦੇ ਉਸ ਖ਼ਾਨਦਾਨੀ ਘਰ ਦੇ ਬਾਹਰਲੇ ਕਮਰੇ ਵਿਚ ਇਕ ਸੰਦੂਕ ਤੇ ਟੈਲੀਪ੍ਰਿੰਟਰ ਮਸ਼ੀਨ ਤੋਂ ਇਲਾਵਾ ਸੁਨਹਿਰੀ ਰੰਗ ਵਿਚ ਰੰਗੀ ਇਕ ਅਰਾਮ ਕੁਰਸੀ 'ਤੇ ਬੈਠੀ ਉਰਸੂਲਾ ਦੀ ਸ਼ਾਨਦਾਰ ਮੂਰਤੀ ਸਜੀ ਹੋਈ ਹੈ। ਇਹ ਕਿਸੇ ਅਜਿਹੇ ਪਾਤਰ ਲਈ ਵੱਡੇ ਮਾਣ ਵਾਲੀ ਗੱਲ ਹੈ ਕਿ ਉਹਦੀ ਯਾਦਗਾਰ ਨੂੰ ਸਦੀਵੀ ਤੌਰ 'ਤੇ ਸਥਾਪਤ ਕੀਤਾ ਗਿਆ ਹੈ, ਜਿਸ ਨੂੰ ਦੇਖਣ ਲਈ ਦੁਨੀਆ ਦੇ ਕੋਨੇ-ਕੋਨੇ ਤੋਂ ਲੋਕ ਆਉਂਦੇ ਹਨ। ਇਹ ਨਾਵਲਕਾਰ ਲਈ ਓਥੋਂ ਦੇ ਲੋਕਾਂ ਦਾ ਪਿਆਰ ਤੇ ਸਤਿਕਾਰ ਹੀ ਹੈ, ਜੋ ਲੇਖਕ ਨੂੰ ਹੀ ਨਹੀਂ, ਸਗੋਂ ਧਰਤੀ ਨਾਲ ਜੁੜੇ ਪਾਤਰ ਨੂੰ ਵੀ ਮਿਲਿਆ ਹੈ।

ਸੰਪਰਕ 94173-58120

# ਨਵਾਂ ਟਰੰਪ, ਪਤਾ ਨਹੀਂ ਕਿਹੋ ਜਿਹਾ ਟਰੰਪ ਤੇ ਪਤਾ ਨਹੀਂ ਕਰਨਾ ਉਹ ਕੀ ਚਾਹੁੰਦੈ !

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇਸ ਸਾਲ ਅਮਰੀਕਾ ਦੀ ਗੱਦੀ ਦੂਸਰੀ ਵਾਰੀ ਸੰਭਾਲ ਚੁੱਕਾ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਵਾਲਾ ਟਰੰਪ ਨਹੀਂ ਜਾਪਦਾ, ਅਸਲੋਂ ਨਵਾਂ ਟਰੰਪ ਲੱਗਦਾ ਹੈ। ਨਵਾਂ ਟਰੰਪ, ਪਤਾ ਨਹੀਂ ਕਿਹੋ ਜਿਹਾ ਟਰੰਪ ਤੇ ਪਤਾ ਨਹੀਂ ਕਰਨਾ ਉਹ ਕੀ ਚਾਹੁੰਦਾ ਹੈ! ਆਉਂਦੇ ਸਾਰ ਉਸ ਦੇ ਕਈ ਕਦਮਾਂ ਨੇ ਸਾਰੇ ਸੰਸਾਰ ਨੂੰ ਬੌਂਦਲੀ ਜਿਹੀ ਹਾਲਤ ਵਿੱਚ ਪੁਚਾਇਆ ਪਿਆ ਹੈ। ਬਹੁਤਾ ਝਟਕਾ ਉਸ ਦੇ ਪੁਰਾਣੇ ਮਿੱਤਰਾਂ ਨੂੰ ਲੱਗਾ ਜਾਪਦਾ ਹੈ, ਜਿਨ੍ਹਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਵੀ ਗਿਣਿਆ ਜਾ ਸਕਦਾ ਹੈ। ਜਦੋਂ ਚਾਰ ਸਾਲ ਰਾਜ ਕਰਨ ਪਿੱਛੋਂ ਪਿਛਲੀ ਵਾਰ ਉਸ ਨੂੰ ਗੱਦੀ ਛੱਡਣੀ ਪਈ ਸੀ, ਨਰਿੰਦਰ ਮੋਦੀ ਸਣੇ ਕਈ ਯਾਰ ਅੱਖਾਂ ਫੇਰ ਗਏ ਸਨ। ਇਹ ਉਨ੍ਹਾਂ ਦੀ ਅਮਰੀਕਾ ਦੇ ਹਰ ਨਵੇਂ ਹਾਕਮ ਨਾਲ ਨੇੜ ਗੰਢਣ ਅਤੇ ਨਿੱਜੀ ਨੇੜਤਾ ਦਾ ਪ੍ਰਭਾਵ ਦੇਣ ਦੀ ਨੀਤੀ ਦਾ ਦਾਅ ਹੁੰਦਾ ਸੀ। ਡੋਨਾਲਡ ਟਰੰਪ ਹਾਰਿਆ ਤਾਂ ਜੋਅ ਬਾਇਡਨ ਨਾਲ ਵੀ ਓਦਾਂ ਹੀ ਨੇੜਤਾ ਗੰਢੀ ਜਾਣ ਦੇ ਯਤਨ ਹੋਏ ਸਨ, ਜਿੱਦਾਂ ਕਦੀ ਬਰਾਕ ਓਬਾਮਾ ਦਾ ਰਾਜ ਮੁੱਕਦੇ ਸਾਰ ਉਸ ਦੀ ਥਾਂ ਆਏ ਡੋਨਾਲਡ ਟਰੰਪ ਨਾਲ ਕੀਤੇ ਗਏ ਸਨ। ਉਹ ਸੋਚਦੇ ਹੋਣਗੇ ਕਿ ਸਾਂਝ ਮੁਲਕ ਦੀ ਬਜਾਏ ਮੁਲਕ ਦੇ ਮੁਖੀ ਨਾਲ ਅਤੇ ਉਹ ਵੀ ਨਿੱਜੀ ਪੱਧਰ ਦੀ ਹੋਵੇ ਤਾਂ ਬਹੁਤੀ ਲਾਹੇਵੰਦੀ ਰਹਿ ਸਕਦੀ ਹੈ। ਬਰਾਕ ਓਬਾਮਾ ਤਾਂ ਆਪਣੀ ਕਾਨੂੰਨੀ ਹੱਦ ਮੁਤਾਬਕ ਦੋ ਵਾਰੀ ਰਾਜ ਕਰਨ ਪਿੱਛੋਂ ਆਉਣਾ ਨਹੀਂ ਸੀ, ਪਰ ਡੋਨਾਲਡ ਟਰੰਪ ਮੁੜ ਕੇ ਆ ਸਕਦਾ ਸੀ ਤੇ ਉਹ ਆ ਗਿਆ ਹੈ। ਜਿਹੜੇ ਸੰਸਾਰ ਪੱਧਰੀ ਆਗੂਆਂ ਨੂੰ ਉਹ ਆਪਣੇ 'ਬੈੱਸਟ ਫਰੈਂਡ' ਦੱਸਦਾ ਸੀ ਅਤੇ ਉਹ ਵੀ ਅੱਗੋਂ ਉਸ ਨਾਲ ਨਿੱਜੀ ਨੇੜ ਖਾਤਰ ਕੂਟਨੀਤੀ ਦੀਆਂ ਹੱਦਾਂ ਉਲੰਘ ਜਾਂਦੇ ਸਨ ਅਤੇ 'ਅਬ ਕੀ ਬਾਰ ਟਰੰਪ ਸਰਕਾਰ' ਕਹਿਣ ਤੱਕ ਚਲੇ ਜਾਣ ਵਿੱਚ ਝਿਜਕਦੇ ਨਹੀਂ ਸਨ, ਜਦੋਂ ਉਹ ਟਰੰਪ ਦੇ ਇੱਕ ਚੋਣ ਹਾਰਦੇ ਸਾਰ ਅੱਖਾਂ ਫੇਰ ਗਏ ਤਾਂ ਟਰੰਪ ਦੇ ਮਨ ਅੰਦਰ ਉਸ ਵੇਲੇ ਦੀ ਕਸਕ ਕਿਸੇ ਕੋਨੇ ਵਿੱਚ ਫਸੀ ਰਹਿ ਗਈ ਜਾਪਦੀ ਹੈ। ਉਹ ਕਸਕ ਅੱਜ ਜ਼ਾਹਰ ਹੁੰਦੀ ਜਾਪਦੀ ਹੈ ਅਤੇ ਇਸ ਕਸਕ ਦੇ ਪ੍ਰਗਟਾਵੇ ਕਾਰਨ ਭਾਰਤ-ਅਮਰੀਕਾ ਰਿਸ਼ਤਿਆਂ ਵਿੱਚ ਵੀ ਨਵੀਆਂ ਗੁੰਝਲਾਂ ਸਾਹਮਣੇ ਆਉਣ ਲੱਗ ਪਈਆਂ ਹਨ।

ਸੰਸਾਰ ਰਾਜਨੀਤੀ ਵਿੱਚ ਏਦਾਂ ਦਾ ਝਟਕਾ, ਕਿਉਂਕਿ ਕਦੀ ਪਹਿਲਾਂ ਵੇਖਿਆ ਨਹੀਂ ਸੀ ਗਿਆ, ਇਸ ਕਾਰਨ ਭਾਰਤ ਦੀ ਸੱਤਾ ਦੇ ਸਿਆਸੀ ਅਗਵਾਨੂੰ ਨਰਿੰਦਰ ਮੋਦੀ ਨੇ ਟਰੰਪ ਦੇ ਸੱਤਾ ਸਾਂਭਦੇ ਸਾਰ ਉਸ ਨੂੰ ਮਿਲਣ ਦਾ ਰਾਹ ਬਣਾਏ ਜਾਣ ਲਈ ਆਪਣੇ ਵਿਦੇਸ਼ੀ ਅਹਿਲਕਾਰ ਸਰਗਰਮ ਕਰ ਦਿੱਤੇ। ਕਹਿੰਦੇ ਹਨ ਕਿ ਯਤਨ ਸੀ ਕਿ ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਦੇ ਪਿੱਛੋਂ ਕਿਸੇ ਵੀ ਹੋਰ ਤੋਂ ਪਹਿਲਾਂ ਮਿਲਿਆ ਜਾਵੇ, ਤਾਂ ਕਿ ਇਹ ਪ੍ਰਭਾਵ ਕਾਇਮ ਰਹਿ ਸਕੇ ਕਿ ਇਨ੍ਹਾਂ ਦੋ ਦੇਸ਼ਾਂ ਦੇ ਸੰਬੰਧਾਂ ਵਿਚਾਲੇ ਕਿਸੇ ਤਰ੍ਹਾਂ ਦੀ ਕੋਈ ਤਰੇੜ ਆਉਣ ਜੈਸੀ ਕੋਈ ਗੱਲ ਨਹੀਂ ਅਤੇ ਇਸ ਵਿੱਚ ਉਹ ਕਾਮਯਾਬ ਵੀ ਹੋਏ। ਫਿਰ ਵੀ ਇੱਕ ਗੱਲ ਨਵੀਂ ਇਹ ਵਾਪਰ ਗਈ ਕਿ ਜਿਸ ਐਲਨ ਮਸਕ ਨੂੰ ਇਸ ਵੇਲੇ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਦਾ ਅਗਵਾਨੂੰ ਨੀਤੀ-ਦਸੇਰਾ ਕਿਹਾ ਜਾ ਰਿਹਾ ਹੈ, ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਪਹਿਲਾਂ ਉਸ ਨੂੰ ਮਿਲਣਾ ਪੈ ਗਿਆ ਸੀ। ਜਿੰਨਾ ਵਿਰੋਧ ਭਾਰਤ ਵਿੱਚ ਗੌਤਮ ਅਡਾਨੀ ਦਾ ਜਨਤਕ ਪੱਧਰ ਉੱਤੇ ਹੁੰਦਾ ਰਹਿੰਦਾ ਹੈ, ਅਮਰੀਕਾ ਵਿੱਚ ਐਲਨ ਮਸਕ ਦੇ ਖਿਲਾਫ ਓਸੇ ਤਰ੍ਹਾਂ ਦਾ ਹੋਣ ਦਾ ਆਧਾਰ ਬਣਿਆ ਨੋਟ ਕੀਤਾ ਜਾਣ ਲੱਗਾ ਹੈ ਅਤੇ ਉਸ ਦੇ ਕਈ ਕਦਮਾਂ ਦਾ ਰਾਹ ਰੋਕਣ ਵਾਲੇ ਹੁਕਮ ਅਦਾਲਤਾਂ ਵੀ ਕਰੀ ਜਾਂਦੀਆਂ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇਹੋ ਜਿਹੇ ਅਣ-ਕਹੀ ਹਕੂਮਤੀ ਹਸਤੀ ਵਾਲੇ ਪੂੰਜੀਪਤੀ ਨਾਲ ਮਿਲਣਾ ਸੰਸਾਰ ਰਾਜਨੀਤੀ ਅੰਦਰ ਕੁਨੀਨ ਦੀ ਕੌੜੀ ਗੋਲੀ ਚੱਬਣ ਵਾਲੀ ਹਾਲਤ ਦਾ ਪ੍ਰਤੀਕ ਸੀ, ਜਿਸ ਦਾ ਚੰਗਾ ਪ੍ਰਭਾਵ ਨਹੀਂ ਸੀ ਪਿਆ ਜਾਪਦਾ।

ਹਾਲੇ ਇਸ ਝਟਕੇ ਦਾ ਅਸਰ ਹੀ ਮਾਪਿਆ ਜਾ ਰਿਹਾ ਸੀ ਕਿ ਅਮਰੀਕਾ ਰਹਿੰਦੇ ਜਾਂ ਰਹਿਣ ਦੇ ਗੈਰ-ਕਾਨੂੰਨੀ ਢੰਗ ਭਾਲਣ ਦੇ ਚੱਕਰ ਵਿੱਚ ਕਾਬੂ ਕੀਤੇ ਗਏ ਭਾਰਤੀਆਂ ਨਾਲ ਭਰੇ ਜਹਾਜ਼ ਭਾਰਤ ਵੱਲ ਆਉਣ ਲੱਗ ਪਏ। ਇਹੋ ਜਿਹੇ ਲੋਕ ਉਸ ਦੇਸ਼ ਤੋਂ ਭੇਜੇ ਜਾਣ ਦਾ ਵਿਰੋਧ ਓਥੋਂ ਦੀਆਂ ਕਾਨੂੰਨੀ ਸਥਿਤੀਆਂ ਕਾਰਨ ਨਹੀਂ, ਭੇਜੇ ਜਾ ਰਹੇ ਲੋਕਾਂ ਨੂੰ ਬੇੜੀਆਂ ਲਾ ਕੇ ਜ਼ਲੀਲ ਕਰਨ ਦੇ ਪੱਖੋਂ ਭਾਰਤ ਵਿੱਚ ਵੀ ਅਤੇ ਸੰਸਾਰ ਭਰ ਵਿੱਚ ਵੀ ਹੋਇਆ, ਪਰ ਭਾਰਤ ਦੀ ਸਰਕਾਰ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਅਤੇ ਅਣਕਿਆਸੀ ਨਵੀਂ ਨੀਤੀ ਨਾਲ ਅੱਗੇ ਆਏ ਟਰੰਪ ਕੋਲ ਓਨਾ ਰੋਸ ਨਹੀਂ ਕਰ ਸਕੀ। ਇਸ ਦੀ ਥਾਂ ਭਾਰਤ ਦਾ ਵਿਦੇਸ਼ ਮੰਤਰੀ ਅਤੇ ਉਸ ਦੀ ਟੀਮ ਇਹ ਦੱਸਣ ਲੱਗੇ ਰਹੇ ਕਿ ਪਹਿਲਾਂ ਵੀ ਬਹੁਤ ਸਾਰੇ ਲੋਕ ਕਈ ਦੇਸ਼ਾਂ ਤੋਂ ਕੱਢੇ ਜਾਂਦੇ ਰਹੇ ਸਨ ਅਤੇ ਇਸ ਵਿੱਚ ਕੋਈ ਨਵੀਂ ਗੱਲ ਨਹੀਂ। ਇਸ ਹਾਲਤ ਤੋਂ ਲੋਕਾਂ ਦਾ ਧਿਆਨ ਹਟਾਉਣ ਵਾਸਤੇ ਪਹਿਲੀ ਵਾਰ ਕੇਂਦਰੀ ਜਾਂਚ ਏਜੰਸੀਆਂ ਨੂੰ ਪੰਜਾਬ ਤੋਂ ਗੁਜਰਾਤ ਤੱਕ ਉਨ੍ਹਾਂ ਇਮੀਗਰੇਸ਼ਨ ਠੱਗਾਂ ਦੇ ਖਿਲਾਫ ਛਾਪੇ ਮਾਰਨ ਤੇ ਜਾਂਚ ਕਰਨ ਲਾਇਆ ਗਿਆ, ਜਿਨ੍ਹਾਂ ਨੂੰ ਅੱਜ ਤੱਕ ਸਭ ਕੁਝ ਕਰਦੇ ਵੇਖ ਕੇ ਅੱਖੋਂ-ਪਰੋਖੇ ਕੀਤਾ ਜਾਂਦਾ ਸੀ। ਏਦਾਂ ਦੀ ਕੋਈ ਵੀ ਜਾਂਚ ਹੁੰਦੀ ਹੈ ਤਾਂ ਲੋਕ ਸਵਾਗਤ ਕਰਨਗੇ, ਪਰ ਇਹ ਕਾਰਵਾਈ ਅਮਰੀਕਾ ਵੱਲੋਂ ਭਾਰਤੀਆਂ ਨੂੰ ਬਹੁਤ ਗੁਪਤ ਜਿਹੇ ਢੰਗ ਨਾਲ ਬਾਂਹਾਂ ਅਤੇ ਲੱਤਾਂ ਨੂੜ ਕੇ ਜਹਾਜ਼ ਭਰ-ਭਰ ਭੇਜਣ ਨਾਲ ਜੋੜ ਕੇ ਵੇਖੀ ਗਈ ਹੈ। ਪਹਿਲਾਂ ਕਦੇ ਵੀ ਏਦਾਂ ਨਹੀਂ ਸੀ ਹੋਇਆ, ਇਸ ਲਈ ਭਾਰਤ ਸਰਕਾਰ ਕੋਈ ਵੀ ਸਪੱਸ਼ਟੀਕਰਨ ਦੇਵੇ, ਤਸੱਲੀ ਨਹੀਂ ਕਰਵਾ ਰਿਹਾ।

ਉਂਜ ਇਹ ਗੱਲ ਨਹੀਂ ਕਿ ਡੋਨਾਲਡ ਟਰੰਪ ਅਤੇ ਉਸ ਦੀ ਟੀਮ ਨੇ ਸਿਰਫ ਭਾਰਤ ਦੇ ਵਿਰੁੱਧ ਏਦਾਂ ਦੀ ਕਾਰਵਾਈ ਦਾ ਰਾਹ ਫੜਿਆ ਹੋਵੇ, ਉਸ ਨੇ ਆਪਣੇ ਗਵਾਂਢ ਵੱਸਦੇ ਕੈਨੇਡਾ ਵਰਗੇ ਪੁਰਾਣੇ ਸਾਥੀ ਦੇਸ਼ ਵਿਰੁੱਧ ਵੀ ਦਬਕੇ ਮਾਰਨ ਦੀ ਉਹ ਕਾਰਵਾਈ ਆਰੰਭ ਕਰ ਦਿੱਤੀ ਹੈ, ਜਿਸ ਬਾਰੇ ਅੱਜ ਤੱਕ ਕਿਸੇ ਨੇ ਸੋਚਿਆ ਨਹੀਂ ਸੀ। ਕੈਨੇਡਾ ਨੂੰ ਤਾਂ ਉਹ ਆਪਣੇ ਅਮਰੀਕਾ ਦੇਸ਼ ਦਾ ਇੱਕ ਸੂਬਾ ਬਣਾ ਦੇਣ, ਭਾਵ ਇਹ ਕਿ ਉਸ ਉੱਤੇ ਕਬਜ਼ਾ ਕਰ ਲੈਣ, ਦੇ ਦਬਕੇ ਤੱਕ ਮਾਰਦਾ ਪਿਆ ਹੈ ਅਤੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਪਤਾ ਨਹੀਂ ਉਹ ਇਸ ਪਾਸੇ ਵੀ ਮੂੰਹ ਚੁੱਕ ਤੁਰਦਾ ਹੋਵੇ। ਕੈਨੇਡਾ ਵਿੱਚ ਬਣਦੇ ਮਾਲ ਉੱਤੇ ਟੈਰਿਫ ਵਧਾਉਣ ਦਾ ਕੰਮ ਉਸ ਨੇ ਸਿਰਫ ਉਸ ਦੇ ਖਿਲਾਫ ਨਹੀਂ ਕੀਤਾ, ਇੱਕੋ ਵੇਲੇ ਕਈ ਦੇਸ਼ਾਂ ਦੇ ਹਾਕਮਾਂ ਨੂੰ ਏਦਾਂ ਦੀ ਧਮਕੀ ਵਾਲਾ ਇਸ਼ਾਰਾ ਕਰ ਦਿੱਤਾ ਹੈ ਅਤੇ ਇਨ੍ਹਾਂ ਦੇਸ਼ਾਂ ਵਿੱਚ ਸੰਸਾਰ ਜੰਗ ਦੇ ਸਮੇਂ ਤੋਂ ਅਮਰੀਕਾ ਦੇ ਨਾਲ ਮਿਲ ਕੇ ਚੱਲਦੇ ਰਹੇ ਦੇਸ਼ ਵੀ ਸ਼ਾਮਲ ਕਰਨ ਤੋਂ ਝਿਜਕ ਨਹੀਂ ਵਿਖਾਈ। ਡੋਨਾਲਡ ਟਰੰਪ ਦੇ ਇਸ ਪੈਂਤੜੇ ਨੇ ਏਹੋ ਜਿਹੇ ਕਈ ਦੇਸ਼ਾਂ ਦੇ ਹਾਕਮਾਂ ਦੀ ਚਿੰਤਾ ਵਧਾਈ ਹੈ, ਪਰ ਉਹ ਜਨਤਕ ਤੌਰ ਉੱਤੇ ਚਾਹੇ ਜਿੱਡੇ ਵੀ ਸਖਤ ਬਿਆਨ ਜਾਰੀ ਕਰਦੇ ਰਹਿਣ, ਅਮਲ ਕਰਨ ਦੇ ਪੱਖ ਤੋਂ ਉਨ੍ਹਾਂ ਦੇ ਬਿਆਨਾਂ ਦੀ ਹਕੀਕਤ ਐਵੇਂ ਬੁੜ-ਬੁੜ ਕਰੀ ਜਾਣ ਵਰਗੀ ਹੈ।

ਕਮਾਲ ਦੀ ਗੱਲ ਤਾਂ ਇਹ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਨੇੜਤਾ ਕਰ ਲੈਣ ਦਾ ਪ੍ਰਭਾਵ ਦੇ ਕੇ ਇਸ ਵਾਰ ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੂੰ ਜੰਗ ਦੀ ਸਮਾਪਤੀ ਲਈ ਉਸ ਦੀ ਨੀਤੀ ਦਾ ਸਮਰਥਨ ਕਰਨ ਲਈ ਦਬਾਅ ਪਾਉਣ ਦੀ ਸਿਖਰ ਕਰ ਦਿੱਤੀ ਹੈ। ਇਸ ਕੰਮ ਵਿੱਚ ਏਨੀ ਤੇਜ਼ੀ ਵਿਖਾਈ ਹੈ ਕਿ ਅਚਾਨਕ ਸਮਰਥਨ ਬੰਦ ਹੋਣ ਕਾਰਨ ਜ਼ੇਲੈਂਸਕੀ ਨੂੰ ਹੋਰ ਸਭ ਕੰਮ ਛੱਡ ਕੇ ਟਰੰਪ ਨਾਲ ਮੀਟਿੰਗ ਲਈ ਅਮਰੀਕਾ ਨੂੰ ਦੌੜ ਲਾਉਣੀ ਪਈ ਤੇ ਅਮਰੀਕਾ ਦੇ ਨਾਟੋ ਵਾਲੇ ਸਾਥੀ ਦੇਸ਼ ਤਿੰਨ ਸਾਲ ਯੂਕਰੇਨ ਦੀ ਮਦਦ ਕਰਨ ਦੇ ਅਮਰੀਕੀ ਪੈਂਤੜੇ ਦੀ ਥਾਂ ਨਵੇਂ ਅਮਰੀਕੀ ਰਾਸ਼ਟਰਪਤੀ ਦੇ ਨਵੇਂ ਪੈਂਤੜੇ ਨਾਲ ਕਸੂਤੇ ਫਸੇ ਹੋਏ ਜਾਪਦੇ ਹਨ। ਸੰਸਾਰ ਰਾਜਨੀਤੀ ਤਾਂ ਹਾਲੇ ਬਦਲੀ ਨਹੀਂ, ਸਿਰਫ ਅਮਰੀਕਾ ਦਾ ਰਾਸ਼ਟਰਪਤੀ ਬਦਲਿਆ ਅਤੇ ਉਨ੍ਹਾਂ ਦਾ ਯੂਕਰੇਨ ਬਾਰੇ ਪੈਂਤੜਾ ਬਦਲਿਆ ਹੈ, ਨਾਟੋ ਦੇਸ਼ ਇਸ ਸੋਚ ਵਿੱਚ ਉਲਝ ਗਏ ਹਨ ਕਿ ਟਰੰਪ ਦੇ ਅਹੁਦੇ ਦੀ ਮਿਆਦ ਮਸਾਂ ਸਿਰਫ ਚਾਰ ਸਾਲਾਂ ਦੀ ਹੈ, ਕੱਲ੍ਹ ਨੂੰ ਨਵਾਂ ਰਾਸ਼ਟਰਪਤੀ ਪਤਾ ਨਹੀਂ ਕਿੱਦਾਂ ਦਾ ਆਵੇ, ਓਦੋਂ ਫਿਰ ਕੋਈ ਨਵੀਂ ਹਾਲਾਤ ਬਣ ਸਕਦੀ ਹੈ। ਬ੍ਰਿਟੇਨ ਦਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਇੱਕ ਜੰਗੀ ਮੁਹਿੰਮ ਵਿੱਚ ਅਮਰੀਕੀ ਨੀਤੀ ਲਈ ਅਣਐਲਾਨਿਆ ਬੁਲਾਰਾ ਬਣ ਕੇ ਹਰ ਪੈਂਤੜੇ ਦੀ ਵਿਆਖਿਆ ਕਰਨ ਦੇ ਕਾਰਨ ਆਪਣੇ ਲੋਕਾਂ ਅਤੇ ਸੰਸਾਰ ਭਰ ਵਿੱਚ ਬੁਰਾ ਬਣ ਗਿਆ ਸੀ। ਨਾਟੋ ਗੱਠਜੋੜ ਦੇ ਸਾਥੀ ਦੇਸ਼ਾਂ ਦੇ ਅਜੋਕੇ ਹਾਕਮ ਆਪਣੀ ਸਥਿਤੀ ਦਾਅ ਉੱਤੇ ਲਾਉਣ ਲਈ ਉਸ ਹੱਦ ਤੱਕ ਜਾਣ ਨੂੰ ਤਿਆਰ ਨਹੀਂ ਜਾਪਦੇ।

ਅਮਰੀਕੀ ਨੀਤੀ ਤਾਂ ਪਹਿਲਾਂ ਵੀ ਏਦਾਂ ਦੀ ਰਹੀ ਹੈ ਕਿ ਜਿਸ ਨੇ ਉਨ੍ਹਾਂ ਦਾ ਸਾਥ ਦੇਣਾ ਹੈ, ਉਹ ਫਿਰ ਅੱਗੇ-ਪਿੱਛੇ ਵੇਖਣ ਦਾ ਯਤਨ ਨਾ ਕਰਨ। ਵਰਲਡ ਟਰੇਡ ਸੈਂਟਰ ਵਾਲੀ ਘਟਨਾ ਦੇ ਬਾਅਦ ਓਦੋਂ ਦਾ ਰਾਸ਼ਟਰਪਤੀ, ਜਿਹੜਾ ਟਰੰਪ ਦੀ ਪਾਰਟੀ ਦਾ ਸੀ, ਸਾਫ ਕਹਿਣ ਲੱਗ ਪਿਆ ਸੀ ਕਿ ਨਿਰਪੱਖਤਾ ਕੋਈ ਨਹੀਂ, ਅਮਰੀਕਾ ਦੇ ਨਾਲ ਜਾਂ ਵਿਰੋਧ ਵਿੱਚ ਖੜੋਣ ਦੀ ਸਥਿਤੀ ਹੈ, ਜਿਹੜਾ ਨਿਰਪੱਖ ਹੋਣ ਦੀ ਗੱਲ ਕਰੇਗਾ, ਅਮਰੀਕਾ ਉਸ ਨੂੰ ਆਪਣਾ ਵਿਰੋਧੀ ਸਮਝੇਗਾ। ਇਸ ਦਬਕੇ ਦਾ ਪ੍ਰਭਾਵ ਏਨਾ ਪਿਆ ਸੀ ਕਿ ਭਾਰਤ ਦੇ ਓਦੋਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਬਿਨਾਂ ਸਮਾਂ ਗੁਆਏ ਇਹ ਬਿਆਨ ਦੇ ਦਿੱਤਾ ਸੀ ਕਿ 'ਭਾਰਤ ਦਾ ਬੱਚਾ-ਬੱਚਾ ਅਮਰੀਕਾ ਦੇ ਨਾਲ ਹੈ।' ਇਸ ਬਿਆਨ ਦੀ ਨੁਕਤਾਚੀਨੀ ਬਹੁਤ ਹੋਈ ਸੀ। ਅਜੋਕੇ ਹਾਲਾਤ ਵਿੱਚ ਡੋਨਾਲਡ ਟਰੰਪ ਵੀ ਸੰਸਾਰ ਦੇ ਦੇਸ਼ਾਂ ਦੇ ਮੁਖੀਆਂ ਨੂੰ ਅਸਿੱਧੇ ਤੌਰ ਉੱਤੇ ਇਹੋ ਜਿਹੇ ਸੰਕੇਤ ਦੇਂਦਾ ਜਾਪਦਾ ਹੈ ਅਤੇ ਜ਼ੇਲੈਂਸਕੀ ਨਾਲ ਮੀਟਿੰਗ ਵਿੱਚ ਤਾਂ ਇਸ ਤੋਂ ਵੀ ਅੱਗੇ ਨਿਕਲ ਗਿਆ ਹੈ। ਅਮਰੀਕਾ ਦੀ ਰੂਸ ਦੇ ਵਿਰੋਧ ਦੀ ਜਿਸ ਨੀਤੀ ਕਾਰਨ ਯੂਕਰੇਨ ਇਸ ਜੰਗ ਵਿੱਚ ਫਸ ਗਿਆ ਸੀ, ਜਦੋਂ ਜ਼ੇਲੈਂਸਕੀ ਨੇ ਉਸ ਬਾਰੇ ਡੋਨਾਲਡ ਟਰੰਪ ਨੂੰ ਦੱਸਣ ਲਈ ਜ਼ਬਾਨ ਖੋਲ੍ਹੀ ਤਾਂ ਉਸ ਨੂੰ ਇਹ ਕਹਿ ਕਿ ਝਾੜ ਪਾ ਦਿੱਤੀ ਗਈ ਕਿ ਤੂੰ ਸੰਸਾਰ ਜੰਗ ਲੱਗੀ ਚਾਹੁੰਦਾ ਹੈਂ। ਮੀਟਿੰਗ ਕੁੜੱਤਣ ਦੇ ਪ੍ਰਭਾਵ ਵਿੱਚ ਏਥੋਂ ਤੱਕ ਵੀ ਚਲੀ ਗਈ ਕਿ ਯੂਕਰੇਨੀ ਰਾਸ਼ਟਰਪਤੀ, ਜਿਸ ਨੂੰ ਅੱਜ ਤੱਕ ਅਮਰੀਕੀ ਰਾਸ਼ਟਰਪਤੀ ਦੇ ਮੁੱਖ ਅੱਡੇ ਵਾਈਟ ਹਾਊਸ ਵਿੱਚ ਹੱਥੀਂ ਛਾਵਾਂ ਹੋਣ ਦਾ ਮਾਣ ਮਿਲਦਾ ਰਿਹਾ ਹੈ, ਉਹ ਵੰਨੇ-ਸੁਵੰਨੇ ਭੋਜਨਾਂ ਦਾ ਸਵਾਦ ਵੀ ਵੇਖਣ ਤੋਂ ਬਗੈਰ ਓਥੋਂ 'ਬੜੇ ਬੇਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ' ਵਾਂਗ ਨਿਕਲ ਆਇਆ ਸੀ। ਸੰਸਾਰ ਭਰ ਦੇ ਕੂਟਨੀਤੀਵਾਨਾਂ ਨੇ ਡੋਨਾਲਡ ਟਰੰਪ ਬਾਰੇ ਜੋ ਵੀ ਸੋਚਿਆ ਹੋਵੇ, ਏਦਾਂ ਦੀ ਗੱਲ ਤਾਂ ਕਦੀ ਵੀ ਨਹੀਂ ਸੋਚੀ ਹੋਵੇਗੀ।

ਅਗਲੇ ਦਿਨ ਕਾਫੀ ਭੁਚਾਲੀ ਤਬਦੀਲੀਆਂ ਵਾਲੇ ਹੋ ਸਕਦੇ ਹਨ ਅਤੇ ਏਦਾਂ ਦੀਆਂ ਸੰਸਾਰ ਪੱਧਰ ਦੀਆਂ ਹਾਲਤਾਂ ਬਾਰੇ ਸਿਰਫ ਯੂਕਰੇਨ ਵਰਗੇ ਕਸੂਤੇ ਫਸੇ ਦੇਸ਼ਾਂ ਜਾਂ ਨਾਟੋ ਵਾਲਿਆਂ ਨੂੰ ਹੀ ਨਹੀਂ, ਭਾਰਤ ਵਰਗੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਵੀ ਨਵੇਂ ਸਿਰਿਉਂ ਅਗੇਤਾ ਸੋਚਣਾ ਪਵੇਗਾ। ਨਵੇਂ ਅਮਰੀਕੀ ਰਾਸ਼ਟਰਪਤੀ ਦੇ ਹਰ ਨਵੇਂ ਕਦਮ ਨੂੰ ਆਪਣੇ ਦੇਸ਼ ਵਿੱਚ ਵਿਰੋਧੀ ਧਿਰ ਨੂੰ ਭੰਡਣ ਅਤੇ ਸਾਰਾ ਭਾਂਡਾ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਸਿਰ ਭੰਨਣ ਦੀ ਨੀਤੀ ਨਾਲ ਭਵਿੱਖ ਦਾ ਕੋਈ ਬੁੱਤਾ ਸਾਰਨ ਵਾਲਾ ਰਾਹ ਨਹੀਂ ਲੱਭ ਸਕਣਾ, ਇਸ ਬਾਰੇ ਸਰਕਾਰ ਨੂੰ ਆਪਣੇ ਲੋਕਾਂ ਦਾ ਇਹ ਵਿਸ਼ਵਾਸ ਕਾਇਮ ਰੱਖਣ ਲਈ ਵੀ ਕੁਝ ਕਰਨਾ ਹੋਵੇਗਾ ਕਿ ਦੇਸ਼ ਕਿਸੇ ਦੂਸਰੇ ਦੀਆਂ ਨੀਤੀਆਂ ਦੇ ਪਾਵੇ ਨਾਲ ਨਹੀਂ ਬੱਝਾ ਪਿਆ। ਆਜ਼ਾਦੀ ਮਿਲਣ ਦੇ ਦਿਨਾਂ ਤੋਂ ਇਸ ਦੇਸ਼ ਦੀ ਜਿਹੜੀ ਆਜ਼ਾਦ ਤੇ ਧੜਿਆਂ ਤੋਂ ਨਿਰਪੱਖ ਨੀਤੀ ਚੱਲਦੀ ਆਈ ਹੈ, ਉਸ ਨੂੰ ਫਿਰ ਓਸੇ ਲੀਹ ਉੱਤੇ ਰੱਖ ਕੇ ਚੱਲਣਾ ਪਵੇਗਾ। ਇਹ ਨੀਤੀ ਅਜੋਕੇ ਹਾਲਾਤ ਵਿੱਚ ਇਸ ਕਾਰਨ ਜ਼ਰੂਰੀ ਬਣ ਗਈ ਹੈ ਕਿ ਅਮਰੀਕਾ ਦੀ ਗੱਦੀ ਦੂਸਰੀ ਵਾਰ ਸੰਭਾਲ ਚੁੱਕਾ ਰਾਸ਼ਟਰਪਤੀ ਟਰੰਪ ਪਹਿਲਾਂ ਵਾਲਾ ਟਰੰਪ ਨਹੀਂ ਜਾਪਦਾ, ਅਸਲੋਂ ਨਵਾਂ ਟਰੰਪ ਲੱਗਦਾ ਹੈ। ਇੱਕ ਨਵਾਂ ਟਰੰਪ, ਪਤਾ ਨਹੀਂ ਕਿੱਦਾਂ ਦਾ ਟਰੰਪ, ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਅਸਲ ਵਿੱਚ ਕਰਨਾ ਕੀ ਚਾਹੁੰਦਾ ਹੈ। ਇਹ ਸਥਿਤੀ ਇੱਕ ਜਾਂ ਦੂਸਰੇ ਲੀਡਰ ਨਾਲ ਨਿੱਜੀ ਨੇੜਤਾ ਦੀ ਕੂਟਨੀਤੀ ਦੀ ਮੁਥਾਜ਼ ਨਹੀਂ ਹੋ ਸਕਦੀ। ਭਵਿੱਖ ਦੇ ਗਰਭ ਵਿੱਚ ਕੁਝ ਪਤਾ ਨਹੀਂ ਕੀ ਛੁਪਿਆ ਹੈ, ਪਰ ਜੋ ਵੀ ਹੈ, ਉਹ ਗੰਭੀਰਤਾ ਦੀ ਸਿਖਰ ਵਾਲਾ ਹੈ।

# ਰੋਸੁ ਨ ਕੀਜੈ ਉੱਤਰ ਦੀਜੈ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਸਾਡਾ ਮਹਾਨ ਭਾਰਤ ਦੇਸ਼ ਕਈ ਕਾਰਨਾਂ ਕਰਕੇ ਮਹਾਨ ਮੰਨਿਆ ਜਾਂਦਾ ਹੈ। ਖੇਤਰਫਲ 'ਚ ਜ਼ਿਆਦਾ ਹੋਣ ਕਰਕੇ, ਅਬਾਦੀ ਪੱਖੋਂ, ਵੱਖ-ਵੱਖ ਵਸਦੀਆਂ ਕੌਮਾਂ ਕਰਕੇ, ਵੱਖ-ਵੱਖ ਭਾਸ਼ਾਵਾਂ ਕਰਕੇ, ਨਦੀਆਂ-ਨਾਲਿਆਂ ਕਰਕੇ ਅਤੇ ਉੱਚੇ-ਉੱਚੇ ਪਹਾੜਾਂ ਅਤੇ ਗੁਫਾਵਾਂ ਕਰਕੇ, ਊਚ-ਨੀਚ ਕਰਕੇ, ਅਮੀਰੀ-ਗਰੀਬੀ ਦਾ ਪਾੜਾ ਕਰਕੇ, ਚੌਤੀ ਸੌ ਕਰੋੜ ਦੇਵਤੇ ਅਤੇ ਦੇਵੀਆਂ ਕਰਕੇ, ਵਹਿਮਾਂ-ਭਰਮਾਂ ਕਰਕੇ, ਰਾਜਸ਼ਾਹੀ ਤੋਂ ਛੁਟਕਾਰਾ ਪਾ ਕੇ, ਸਮੁੱਚੇ ਦੇਸ਼ ਨੂੰ ਲੋਕਰਾਜੀ ਨੀਹਾਂ 'ਤੇ ਚਲਾ ਕੇ, ਪੱਚਾਸੀ ਕਰੋੜ ਤੋਂ ਉੱਪਰ ਗਰੀਬ ਲਾਣੇ ਨੂੰ ਮੁਫ਼ਤ ਅਨਾਜ ਦੇ ਕੇ, ਵੱਖ-ਵੱਖ ਸਮੇਂ ਵੱਖ-ਵੱਖ ਪ੍ਰਦੇਸ਼ਾਂ 'ਚ ਤਰ੍ਹਾਂ-ਤਰ੍ਹਾਂ ਦੇ ਮੇਲਿਆਂ ਦਾ ਅਯੋਜਨ ਕਰਾ ਕੇ ਅਤੇ ਸਮੁੱਚੇ ਭਾਰਤ 'ਚ ਕੁੰਭ ਜਾਂ ਮਹਾਂ-ਕੁੰਭ ਤਿਉਹਾਰ ਦਾ ਅਯੋਜਨ ਕਰਾਕੇ, ਅਜਿਹਾ ਬਹੁਤ ਕੁਝ ਹੋਰ ਵੀ ਮੌਜੂਦ ਹੋਣ ਕਰਕੇ ਭਾਰਤ ਮਹਾਨ ਦੇਸ਼ ਵਰਗਾ ਸ਼ਬਦ ਆਮ ਜਨਤਾ ਦੀ ਜ਼ੁਬਾਨ 'ਤੇ ਆ ਹੀ ਜਾਂਦਾ ਹੈ।

ਜਦ ਤੱਕ ਸਾਡਾ ਇਹ ਤੁੱਛ ਜਿਹਾ ਲੇਖ ਪਾਠਕਾਂ ਸਾਹਮਣੇ ਪ੍ਰੋਸਿਆ ਜਾਵੇਗਾ, ਤਦ ਤੱਕ ਮਹਾਂਕੁੰਭ ਸਮਾਪਤ ਹੋ ਚੁੱਕਾ ਹੋਵੇਗਾ। ਇਸ ਲੰਬੇ ਚੱਲੇ ਮਹਾਂਕੁੰਭ 'ਚ ਵੱਖ-ਵੱਖ ਦੇਸਾਂ-ਪ੍ਰਦੇਸ਼ਾਂ 'ਚੋ ਸ਼ਰਧਾਲੂਆਂ ਨੇ ਭਾਗ ਲੈ ਕੇ ਜਿੱਥੇ ਆਪਣੇ ਪਾਪਾਂ ਦਾ ਨਿਵਾਰਨ ਕੀਤਾ ਹੋਵੇਗਾ, ਉੱਥੇ ਕਈਆਂ ਨੇ ਜਲ 'ਚ ਡੁਬਕੀ ਮਾਰ ਕੇ ਉਨ੍ਹਾਂ ਨੇਤਾਵਾਂ ਦਾ ਮੁੱਖ ਬੰਦ ਕੀਤਾ ਹੋਵੇਗਾ, ਜੋ ਸਹਿਜੇ ਹੀ ਡੁਬਕੀ ਨਾ ਮਾਰਨ ਵਾਲਿਆਂ ਨੂੰ ਸਨਾਤਨ ਵਿਰੋਧੀ ਗਰਦਾਨ ਦਿੰਦੇ ਹਨ। ਮੇਲੇ ਸ਼ਬਦ ਦਾ ਇਕ ਅਰਥ ਇਹ ਵੀ ਹੁੰਦਾ ਹੈ ਕਿ ਆਪਸ ਵਿੱਚ ਇਕ-ਦੂਜੇ ਨਾਲ ਮਿਲਾਪ ਪੈਦਾ ਕਰਨਾ। ਇਸ ਕਰਕੇ ਮੇਲੇ 'ਚ ਵਿਚਰਦਿਆਂ ਕਈ ਵਾਰ ਛੋਟੀਆਂ-ਮੋਟੀਆਂ, ਚੰਗੀਆਂ-ਮਾੜੀਆਂ ਜਾਣੇ-ਅਣਜਾਣੇ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਜੋ ਸਮੇਂ-ਸਮੇਂ ਜਨਤਾ ਨੂੰ ਸੋਚਣ ਲਈ ਮਜਬੂਰ ਕਰਦੀਆਂ ਰਹਿੰਦੀਆਂ ਹਨ। ਜਿਸ ਸੋਚ 'ਚੋਂ ਸਮੇਂ-ਸਮੇਂ ਚੰਗੀਆਂ-ਮਾੜੀਆਂ ਟਿੱਪਣੀਆਂ ਜਨਮ ਲੈਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਨੂੰ ਸੁਣ ਕੇ ਸੰਬੰਧਤ ਲੋਕ ਹੋਰ ਸਿੱਖ ਕੇ ਚੰਗੇ ਪ੍ਰਬੰਧਾਂ ਬਾਰੇ ਉਲਾਂਘ ਪੱਟਣ ਦੀ ਸੋਚਦੇ ਹਨ। ਕਈ, ਕਈ ਵਾਰ ਨਿਰਾਸ਼ਾ ਦੇ ਆਲਮ 'ਚ ਜਾ ਕੇ ਟਿੱਪਣੀਕਾਰਾਂ ਨਾਲ ਮਿਹਣੋ-ਮਿਹਣੀ ਹੋਣ ਚਲੇ ਜਾਂਦੇ ਹਨ, ਜਿਸ ਨਾਲ ਉਨ੍ਹਾਂ ਸਦਕਾ ਕੀਤੇ-ਕਰਾਏ ਦਾ ਮਜ਼ਾ ਵੀ ਕਿਰਕਰਾ ਹੋ ਜਾਂਦਾ ਹੈ।

ਇਸ ਸੰਬੰਧਤ ਮਹਾਂ-ਕੁੰਭ 'ਚ ਜਿੱਥੇ ਚੰਗਾ ਬਹੁਤ ਕੁਝ ਹੋਇਆ ਬੀਤਿਆ ਹੈ, ਉਥੇ ਇਸ ਮਹਾਂਕੁੰਭ ਮੇਲੇ 'ਚ ਨਾਂਹ-ਪੱਖੀ ਵੀ ਵਾਪਰਿਆ ਹੈ, ਜਿਸ ਕਰਕੇ ਪ੍ਰਬੰਧਕਾਂ ਦੀ ਅਲੋਚਨਾ ਹੋਣੀ ਜ਼ਰੂਰੀ ਹੈ, ਅਲੋਚਨਾ ਹੋਈ ਵੀ ਹੈ, ਹੋ ਵੀ ਰਹੀ ਹੈ, ਹੁੰਦੀ ਰਹਿਣੀ ਵੀ ਹੈ। ਅਜਿਹਾ ਸਭ ਕੁਝ ਮਨੁੱਖ ਦੇ ਸੁਭਾਅ ਦੇ ਹਿੱਸੇ ਆਉਣ ਕਰਕੇ ਜ਼ਰੂਰੀ ਵੀ ਹੈ। ਇਹ ਵੀ ਇਕ ਸੰਜੋਗ ਹੀ ਹੈ ਕਿ ਦੇਸ਼ 'ਚ ਰਾਜ ਕਰਦੀ ਪਾਰਟੀ ਅਤੇ ਉਸ ਸੂਬੇ ਦੀ ਸਰਕਾਰ ਜਿਸ 'ਚ ਮਹਾਂ-ਕੁੰਭ ਚੱਲ ਰਿਹਾ ਹੈ, ਦੀ ਸਰਕਾਰ ਵੀ ਕੇਂਦਰੀ ਸਰਕਾਰ ਦੀ ਬਰਾਂਚ ਹੈ। ਇਸ ਕਰਕੇ ਕੁੰਭ 'ਚ ਅਸੀਸਾਂ ਵੀ ਯੋਗੀ ਸਾਹਿਬ ਦੀ ਝੋਲੀ ਪੈਣੀਆਂ ਹਨ ਅਤੇ ਬਦਸੀਸਾਂ ਵੀ ਉਨ੍ਹਾਂ ਦੀ ਝੋਲੀ 'ਚ ਹੀ ਡਿਗਣਗੀਆਂ ਅਤੇ ਡਿੱਗ ਰਹੀਆਂ ਹਨ। ਐਨ ਮਹਾਂ-ਕੁੰਭ ਦੇ ਮੇਲੇ ਦੇ ਅਖੀਰ 'ਚ ਜੋ ਧਿਰਾਂ 'ਚ ਰੌਲਾ ਪੈ ਰਿਹਾ, ਉਹ ਹੈ ਨਹਾਉਣ ਵਾਲੇ ਪਾਣੀ ਦਾ ਦੂਸ਼ਿਤ ਹੋਣਾ। ਦੂਸ਼ਿਤ ਵੀ ਐਨਾ ਹੋਣਾ ਕਿ ਜਿਸ ਬਾਰੇ ਸੋਚਣਾ ਵੀ ਔਖਾ ਸੀ। ਅਸੀਂ ਇਸ ਰੌਲੇ 'ਚ ਆਪਣੀ ਅਵਾਜ਼ ਇਸ ਕਰਕੇ ਉਠਾ ਰਹੇ ਹਾਂ, ਕਿਉਂਕਿ ਪਾਠਕ ਵੀਰੋ ਸੰਬੰਧਤ ਨਹਾਉਣ ਵਾਲਾ ਪਾਣੀ ਸੂਬਾ ਸਰਕਾਰ ਦੀ ਲੈਬਾਰਟਰੀ ਅਤੇ ਸੈਂਟਰ ਸਰਕਾਰ ਦੀ ਲੈਬਾਰਟਰੀ ਦੁਆਰਾ ਟੈਸਟ ਕੀਤਾ ਗਿਆ। ਇਹ ਗੰਦੇ ਪਾਣੀ ਸੰਬੰਧੀ ਜੋ ਰਿਪੋਰਟਾਂ ਆਈਆਂ ਹਨ, ਉਹ ਸਭ ਦੋਹਾਂ ਸਰਕਾਰਾਂ ਦੀਆਂ ਲੈਬਾਟਰੀਆਂ ਨੇ ਹੀ ਨਸ਼ਰ ਕੀਤੀਆਂ ਹਨ। ਜੋ ਕੁੰਭ ਮੇਲੇ ਦੇ ਅਖੀਰ 'ਚ ਰਿਪੋਰਟ ਆਈ ਹੈ, ਅਜਿਹੀ ਰਿਪੋਰਟ ਬਹੁਤ ਚਿਰ ਪਹਿਲਾਂ ਭਾਵ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਪਾਣੀ ਟੈਸਟ ਹੋ ਕੇ ਆ ਜਾਣੀ ਚਾਹੀਦੀ ਸੀ ਕਿ ਅੱਜ ਦੇ ਦਿਨ ਸੰਬੰਧਤ ਪਾਣੀ ਐਨੇ ਪ੍ਰਸੈਂਟ ਪ੍ਰਦੂਸ਼ਿਤ ਹੈ। ਜਿਸ ਨੇ ਇਸ਼ਨਾਨ ਕਰਨਾ ਹੈ ਕਰ ਸਕਦਾ ਹੈ, ਜਿਸ ਨੇ ਨਹੀਂ ਕਰਨਾ, ਉਹ ਉਸ ਦੀ ਮਰਜ਼ੀ ਹੈ। ਸੰਬੰਧਤ ਸਰਕਾਰ ਨੇ ਆਪਣਾ ਬਣਦਾ ਫਰਜ਼ ਪੂਰਾ ਨਹੀਂ ਕੀਤਾ। ਹੁਣ ਉਸ 'ਤੇ ਸਵਾਲ ਚੁੱਕਣ ਵਾਲਿਆਂ ਨੂੰ ਕੁੰਭ ਵਿਰੋਧੀ, ਮੇਲਾ ਵਿਰੋਧੀ, ਦੇਸ਼ ਵਿਰੋਧੀ, ਸਨਾਤਨ ਵਿਰੋਧੀ ਇੱਥੋਂ ਤੱਕ ਕਿ ਨਾਸਤਿਕ ਗਰਦਾਨਿਆ ਜਾ ਰਿਹੈ। ਜੋ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰ ਰਿਹਾ ਹੈ।

ਨਾਂਅ ਦੇ ਯੋਗੀ ਜੀ, ਜਨਤਾ ਸਭ ਜਾਣ ਚੁੱਕੀ ਹੈ ਕਿ ਤੁਸੀਂ ਬੋਲਬਾਣੀ, ਕਰਮ ਤੋਂ ਅਤੇ ਸੁਭਾਅ ਤੋਂ ਹਿਟਲਰ ਦੇ ਨਜ਼ਦੀਕੀ ਲਗਦੇ ਹੋ। ਤੁਸੀਂ ਅਸੰਬਲੀ 'ਚ ਵੀ ਕਰੋਧਿਤ ਹੋ ਜਾਂਦੇ ਹੋ। ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰ ਜਾਂਦੇ ਹੋ, ਜੋ ਯੋਗੀ ਸਰੀਰ 'ਚ ਫਿੱਟ ਨਹੀਂ ਬੈਠਦੇ। ਕਰੋਧਤ ਹੋਣ ਦੀ ਬਜਾਏ ਉਠਦੇ ਸਵਾਲਾਂ ਦਾ ਧੀਰਜ ਨਾਲ ਜਵਾਬ ਦਿਓ। ਜਿਸ 'ਤੇ ਜਨਤਾ ਵਿਰੋਧੀਆਂ ਤੋਂ ਗੁੰਮਰਾਹ ਨਾ ਹੋਵੇ। ਤੁਸੀਂ ਸਿਰਫ਼ ਧੀਰਜ ਨਾਲ ਇਹ ਹੀ ਦੱਸਣਾ ਹੈ ਕਿ ਅਸਲ 'ਚ ਪੂਰੇ ਮੇਲੇ ਦੌਰਾਨ ਕਿੰਨੀਆਂ ਭਗਦੜਾਂ ਵਾਪਰੀਆਂ? ਪਹਿਲੀ ਭਗਦੜ 'ਚ ਅਤੇ ਹੁਣ ਤੱਕ ਅਜਿਹੀਆਂ ਘਟਨਾਵਾਂ 'ਚ ਕੁਲ ਕਿੰਨੇ ਸ਼ਰਧਾਲੂਆਂ ਨੇ ਮੋਕਸ਼ ਪ੍ਰਾਪਤ ਕੀਤਾ? ਕੁੱਲ ਕਿੰਨੇ ਫੱਟੜ ਹੋਏ? ਕੁੱਲ ਕਿੰਨੇ ਸ਼ਰਧਾਲੂ ਗੁਆਚੇ? ਕੁੱਲ ਕਿੰਨੇ ਲੋਕਾਂ ਨੂੰ ਵੀ ਆਈ ਪੀ ਇਸ਼ਨਾਨ ਕਰਾਇਆ? ਕੁੱਲ ਕਿੰਨੇ ਟੈਂਟ ਘਰ ਸੜ ਕੇ ਸਵਾਹ ਹੋਏ? ਕਿੰਨੇ ਸ਼ਰਧਾਲੂ ਰੋਡ ਐਕਸੀਡੈਂਟ 'ਚ ਮਾਰੇ ਗਏ? ਕਿੰਨੇ ਸ਼ਰਧਾਲੂ ਰੇਲ ਡਿਪਾਰਟਮੈਂਟ ਦੀ ਅਣਗਹਿਲੀ ਕਰਕੇ ਮਾਰੇ ਗਏ? ਕੀ ਸਭ ਸ਼ਰਧਾਲੂਆਂ ਦਾ ਗੁਆਚਾ ਸਾਮਾਨ ਵਾਪਸ ਮਿਲ ਚੁੱਕਾ? ਸਭ ਮਰਨ ਵਾਲਿਆਂ ਦਾ ਪੋਸਟ-ਮਾਰਟਮ ਕਿਉਂ ਨਹੀਂ ਕਰਾਇਆ ਗਿਆ? ਕੀ ਸਭ ਜਾਨ ਗਵਾਉਣ ਵਾਲਿਆਂ ਨੂੰ ਅਖੀਰ ਸਰਕਾਰੀ ਸਹਾਇਤਾ ਮਿਲੇਗੀ ਅਤੇ ਕਿੰਨੀ ਕਿੰਨੀ? ਸਾਹਿਬ ਜੀ ਲਿਖਦਿਆ-ਲਿਖਦਿਆਂ ਮੈਨੂੰ ਵੀ ਇਕ ਵਿਚਾਰ ਨੇ ਘੇਰ ਲਿਆ ਕਿ ਮਨ ਲਵੋ ਛਿਆਹਠ ਕਰੋੜ ਸ਼ਰਧਾਲੂਆਂ ਨੇ ਇਸ਼ਨਾਨ ਨਹੀਂ ਕੀਤਾ ਹੋਵੇਗਾ। ਪਰ ਘੱਟੋ ਘੱਟ ਪੰਜਾਹ ਕਰੋੜ ਨੇ ਜ਼ਰੂਰ ਕੀਤਾ ਹੋਵੇਗਾ। ਸਾਹਿਬ ਜੀ ਇਹ ਵੀ ਦੱਸਣ ਦੀ ਖੇਚਣ ਕਰਨੀ ਕਿ ਪੰਜਾਹ ਕਰੋੜ ਸ਼ਰਧਾਲੂਆਂ ਦੇ ਮਲ-ਮੂਤਰ ਵਾਸਤੇ ਕੀ-ਕੀ ਤੇ ਕਿੰਨੀ ਗਿਣਤੀ 'ਚ ਸਾਫ਼-ਸੁਥਰੇ ਸ਼ੌਚਾਲਿਆ ਬਣਾਏ ਹੋਏ ਸਨ? ਇੰਜ ਕਰਨ ਨਾਲ ਸੰਬੰਧਤ ਜਨਤਾ ਵੀ ਜਾਣ ਜਾਵੇਗੀ ਕਿ ਅਸਲ ਸੱਚ ਕੀ ਹੈ ਤੇ ਝੂਠ ਕੀ ਹੈ। ਕੀ ਕੁੰਭ ਮੇਲੇ ਦੌਰਾਨ ਹਵਾਈ ਸਫ਼ਰ ਮਹਿੰਗਾ ਨਹੀਂ ਕੀਤਾ ਗਿਆ? ਕੀ ਮਿਆਰੀ ਗੰਦਗੀ ਤੋਂ ਤੀਹ ਗੁਣਾ ਵੱਧ ਗੰਦਗੀ ਦੀਆਂ ਰਿਪੋਰਟਾਂ ਨਹੀਂ ਆਈਆਂ? ਇਹ ਸਰਟੀਫਿਕੇਟ ਕੌਣ ਵੰਡ ਰਿਹਾ ਕਿ ਜੋ ਡੁਬਕੀ ਨਹੀਂ ਲਾਵੇਗਾ, ਭਾਵ ਇਸ਼ਨਾਨ ਨਹੀਂ ਕਰੇਗਾ, ਉਹ ਅਸਲੀ ਹਿੰਦੂ ਨਹੀਂ ਹੋਵੇਗਾ? ਕੀ ਤੁਹਾਡੀ ਜਾਣਕਾਰੀ 'ਚ ਹੈ ਕਿ ਨਹੀਂ ਕਿ ਡੁਬਕੀ ਤਾਂ ਤੁਹਾਡੇ ਲਾਡਲੇ ਮੁੱਖ ਮੰਤਰੀ ਸਮੇਤ ਕਰੀਬਨ ਇਕ ਦਰਜਨ ਤੁਹਾਡੇ ਐੱਨ ਡੀ ਏ ਭਾਈਵਾਲਾਂ ਵੀ ਨਹੀਂ ਲਾਈ? ਜਦਕਿ ਇਸ ਮਹਾਂਕੁੰਭ ਤੋਂ ਪਹਿਲਾਂ 2013 ਤੇ 2001 'ਚ ਵੀ ਕੁੰਭ ਆਇਆ ਸੀ ਤਾਂ ਸ੍ਰੀਮਤੀ ਸੋਨੀਆ ਗਾਂਧੀ ਜੀ ਤਾਂ 2001 'ਚ ਹੀ ਡੁਬਕੀ ਮਾਰ ਚੁੱਕੀ ਹੈ, ਜਦ ਕਿ ਮਰਹੂਮ ਸ੍ਰੀ ਚਰਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਬਿਨਾਂ ਡੁਬਕੀ ਹੀ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਹੋਰ ਤਾਂ ਹੋਰ ਜਿਨ੍ਹਾਂ ਦਾ ਤੁਸੀਂ ਹੁਕਮ ਵਜਾਉਂਦੇ ਹੋ, ਭਾਵ ਸ੍ਰੀ ਭਾਗਵਤ ਵਰਗਿਆਂ ਵੀ ਅਜਿਹੇ ਦੂਸ਼ਿਤ ਜਲ 'ਚ ਡੁਬਕੀ ਲਾਉਣੀ ਮੁਨਾਸਬ ਨਹੀਂ ਸਮਝੀ। ਕੀ ਤੁਸੀਂ 2001 ਤੇ 2013 ਦੀਆਂ ਆਪਣੀਆਂ ਡੁਬਕੀਆਂ ਜਨਤਕ ਕਰ ਸਕਦੇ ਹੋ? ਮੇਲੇ 'ਤੇ ਸਰਕਾਰ ਵੱਲੋਂ ਪੈਸਾ ਕਿੰਨਾ ਖਰਚਿਆ ਗਿਆ? ਕੀ ਦਿੱਤੀਆਂ ਸੂਬੇ ਅਤੇ ਸੈਂਟਰ ਸਰਕਾਰ ਵੱਲੋਂ ਪਾਣੀ ਸੰਬੰਧੀ ਰਿਪੋਰਟਾ ਠੀਕ ਜਾਂ ਗਲਤ ਹਨ? ਜੇਕਰ ਘੱਟੋ-ਘੱਟ ਇਨ੍ਹਾਂ ਬਣਦੇ ਸਵਾਲਾਂ ਦਾ ਜਵਾਬ ਦੇ ਸਕੋ ਤਾਂ ਘੱਟੋ-ਘੱਟ ਯੂ ਪੀ ਦੀ ਜਨਤਾ ਸਮਝੇਗੀ ਕਿ ਅਸੀਂ ਸੁੱਰਖਿਅਤ ਸਰਕਾਰ ਦੀ ਨਿਗਰਾਨੀ ਹੇਠ ਹਾਂ।

*# ਸੰਪਰਕ : 98721-65741*

# ਸਾਡੀ ਯਾਦ ਸੱਜਣਾ ਵੇ ਤੈਨੂੰ ਭੁੱਲੀ ਪਈ ਏ ...

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ**

**ਸੁਰਜੀਤ ਸੁਮਨ**

ਭੁੱਲ ਜਾਣਾ ਜਾਂ ਭੁਲਾ ਦੇਣਾ। ਇਹ ਦੋ ਸ਼ਬਦ ਕਹਿ ਕੇ ਬੰਦਾ ਸੁਰਖ਼ਰੂ ਹੋ ਜਾਂਦੈ, ਪਰ ਕਿੰਨਾ ਖਤਰਨਾਕ ਹੁੰਦਾ ਹੈ ਭੁਲਾ ਦੇਣਾ। ਅਜਿਹੇ ਸਮੇਂ ਜਦੋਂ ਕੋਈ ਤੁਹਾਨੂੰ ਭੁੱਲ ਜਾਵੇ, ਭੁਲਾ ਦੇਵੇ ਜਾਂ ਜਾਣ-ਬੁੱਝ ਕੇ ਵਿਸਾਰ ਦੇਵੇ। ਭੁੱਲ ਗਿਆ, ਚੱਲ ਕੋਈ ਗੱਲ ਨਹੀਂ। ਮੁਆਫੀਯੋਗ ਹੈ। ਸਵੇਰ ਦਾ ਭੁੱਲਿਆ, ਸ਼ਾਮ ਨੂੰ ਘਰ ਆ ਜਾਂਦਾ ਹੈ। ਜਾਣ-ਬੁੱਝ ਕੇ ਭੁਲਾ ਦੇਣਾ, ਵਿਸਾਰ ਦੇਣਾ ਡਾਢਾ ਦੁੱਖ ਦਿੰਦਾ ਹੈ। ਬਿਰਹੋਂ ਮਾਰੀ ਮੁਟਿਆਰ ਨੂੰ ਜੇ ਉਹਦਾ ਸੱਜਣ ਭੁਲਾ ਦੇਵੇ, ਵਿਸਾਰ ਦੇਵੇ, ਦੁਖਦਾਇਕ ਤਾਂ ਹੁੰਦਾ ਹੀ ਹੈ, ਉਸ ਲਈ। ਸੋ ਇਹ ਸਭ ਉਹੀ ਜਾਣਦੀ ਹੈ, ਜਿਹੜੀ ਬਿਰਹਨ ਅਜਿਹੇ ਪਲਾਂ ਨੂੰ ਹੰਢਾ ਰਹੀ ਹੁੰਦੀ ਹੈ। ਬਾਲ ਬਰੇਸੇ ਗੋਪੀਆਂ ਦੇ ਸੰਗ ਦਾ ਨਿੱਘ ਮਾਣਦਾ-ਮਾਣਦਾ ਕ੍ਰਿਸ਼ਨ ਕਿਹੜੇ ਵੇਲ਼ੇ ਸਿਆਸੀ ਗੋਟੀਆਂ ਖੇਡਦਾ ਗੋਪੀਆਂ ਸਮੇਤ ਰਾਧਾ ਨੂੰ ਵੀ ਭੁਲਾ ਗਿਆ, ਵਿਸਾਰ ਗਿਆ? ਕਿਸੇ ਨੂੰ ਪਤਾ ਹੀ ਨਾ ਚੱਲਿਆ। ਐਸਾ ਮੰਜ਼ਰ ਮਹਿਸੂਸ ਕਰ ਯਮਨਾ ਕਿਨਾਰੇ ਖੜ੍ਹੀ ਰਾਧਾ ਤਾਂ ਗੋਪੀਆਂ ਸਮੇਤ ਜੜ੍ਹ ਹੋ ਗਈ ਹੋਵੇਗੀ। ਇਹੋ ਉਸ ਦੀ ਹੋਣੀ ਸੀ। ਉਸ ਵੇਲ਼ੇ ਉਸ ਨੇ ਏਸ ਵਿਛੋੜੇ ਦਾ ਕੋਈ ਗੀਤ ਤਾਂ ਜ਼ਰੂਰ ਗਾਇਆ ਹੋਵੇਗਾ, ਪਰ ਕੌਣ ਪੁੱਛਦਾ ਹੈ, ਗਾਏ ਇਨ੍ਹਾਂ ਗੀਤਾਂ ਨੂੰ। ਇਨ੍ਹਾਂ ਗੀਤਾਂ ਵਿਚਲੇ ਦਰਦ ਨੂੰ, ਬਿਰਹਾ ਨੂੰ ਕੌਣ ਸਿਆਣਦਾ ਹੈ? ਰਾਜ ਦਰਬਾਰੀ ਤਾਂ ਉੱਕਾ ਹੀ ਨਹੀਂ। ਇਹ ਲੋਕ ਹਰ ਕਿਸੇ ਦੀ ਰੂਹ ਵਿੱਚ ਉਤਰ ਤਾਂ ਸਕਦੇ ਹਨ, ਪਰ ਇਨ੍ਹਾਂ ਦੀ ਵਾਪਸੀ ਹਮੇਸ਼ਾ ਵਾਂਗ ਕਲੇਜਾ ਚੀਰਨ ਵਾਲ਼ੀ ਹੁੰਦੀ ਰਹੀ ਹੋਵੇਗੀ।

ਅੱਜ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲ਼ੇ ਗਦਰੀ ਬਾਬਿਆਂ, ਸੁਤੰਤਰਤਾ ਸੰਗਰਾਮੀ ਦੇਸ਼ ਪ੍ਰੇਮੀਆਂ ਨੂੰ ਆਜ਼ਾਦ ਭਾਰਤ ਦੇ ਸਾਡੇ ਲਾਲਚੀ ਸਿਆਸਤਦਾਨ ਕਦੋਂ ਦਾ ਭੁਲਾ ਚੁੱਕੇ ਹਨ, ਮਨੋਂ ਵਿਸਾਰ ਚੁੱਕੇ ਹਨ। ਹੁਣ ਉਹ ਸਿਆਸਤ ਕਰਦੇ ਹਨ ਤਾਂ ਆਪਣੇ ਨਿੱਜੀ ਸੁਆਰਥਾਂ ਲਈ। ਸਿਆਸਤਦਾਨਾਂ ਦੀ ਨਵੀਂ ਪੌਦ ਦਾ ਤਾਂ ਕਹਿਣਾ ਹੀ ਕੀ ਹੈ? ਸਿਆਸਤ ਦੇ ਨਸ਼ੇ ਵਿੱਚ ਚੂਰ ਇਨ੍ਹਾਂ ਲੋਕਾਂ ਲਈ ਲੋਕ ਹਿੱਤ ਕੋਈ ਮਾਅਨਾ ਨਹੀਂ ਰੱਖਦੇ। ਉਨ੍ਹਾਂ ਲਈ ਮਾਅਨਾ ਰੱਖਦੇ ਹਨ, ਆਪਣੇ ਨਿੱਜੀ ਸੁਆਰਥ। ਆਪਣੇ ਹਿੱਤਾਂ ਦੀ ਪੂਰਤੀ ਲਈ ਆਮ ਜਨਤਾ ਦੀ ਵੱਢ-ਟੁੱਕ ਇਨ੍ਹਾਂ ਲਈ ਕਿਸੇ ਖੇਤ ਦੀ ਮੂਲੀ ਦੀ ਨਿਆਈ ਹੋ ਨਿਬੜਦਾ ਹੈ।

ਜਦੋਂ ਅਸੀਂ ਅਜੋਕੇ ਦੌਰ ਦੇ ਸਿਆਸਤਦਾਨਾਂ ਦੀ ਸਿਆਸਤ ਵੱਲ ਨਜ਼ਰ ਮਾਰਦੇ ਹਾਂ, ਸਹਿਜੇ ਹੀ ਇਸ ਸਿੱਟੇ 'ਤੇ ਵੀ ਪੁੱਜ ਜਾਂਦੇ ਹਾਂ ਕਿ ਇਨ੍ਹਾਂ ਦੀ ਆਪਸੀ ਲੜਾਈ ਨੇ ਆਮ ਮਨੁੱਖ ਦੇ ਹਰ ਦੁੱਖ, ਦਰਦ ਨੂੰ ਭੁਲਾ ਦਿੱਤਾ ਹੋਇਆ ਹੈ, ਵਿਸਾਰ ਦਿੱਤਾ ਹੋਇਆ ਹੈ। ਫਿਰ ਕੀ ਕਰਨ ਇਹ ਵਿਚਾਰੇ ਲੋਕ? ਅਜਿਹੇ ਦੌਰ ਵਿੱਚ ਇਨ੍ਹਾਂ ਲੋਕਾਂ ਨੂੰ ਸੰਘਰਸ਼ ਦੇ ਰਾਹ ਪੈ ਜਾਣਾ ਚਾਹੀਦਾ ਹੈ। ਸੰਗਠਿਤ ਹੋ ਜਾਣਾ ਚਾਹੀਦਾ ਹੈ। ਇੱਕ-ਮੁੱਠ ਹੋ ਕੇ ਹੀ ਲੋਕ ਹਿੱਤਾਂ ਲਈ ਲੜਾਈ ਲੜੀ ਜਾ ਸਕਦੀ ਹੈ। ਕਿਸਾਨ ਅੰਦੋਲਨ ਇਸੇ ਦਾ ਹੀ ਸਭ ਤੋਂ ਵੱਡਾ ਪ੍ਰਮਾਣ ਹੈ। ਕੇਹੀ ਵਿਡੰਬਨਾ ਹੈ। ਸਾਡੇ ਕਿਸਾਨ ਲੀਡਰ ਜਿੱਤੀ ਹੋਈ ਬਾਜ਼ੀ ਹਰ ਗਏ, ਜਦੋਂ ਇਨ੍ਹਾਂ ਦੇ ਮੂੰਹਾਂ ਵਿੱਚੋਂ ਵੀ ਸਿਆਸਤ ਦੀਆਂ ਲ਼ਾਲ਼ਾਂ ਡਿੱਗਣ ਲੱਗ ਪਈਆਂ। ਇਸ ਕੇਸ ਵਿੱਚ ਵਾਅਦਾ ਕਰਨ ਵਾਲਾ ਤਾਂ ਵਿਸਾਰ ਹੀ ਗਿਆ, ਵਾਅਦੇ ਕਰਵਾਉਣ ਵਾਲ਼ੇ ਵੀ ਗੂੜ੍ਹੀ ਨੀਂਦ ਜਾ ਸੁੱਤੇ। ਬੱਤੀ ਕਿਸਾਨ ਜਥੇਬੰਦੀਆਂ ਦੀ ਗਿਣਤੀ ਹੁਣ ਸੈਂਕੜਾ ਪਾਰ ਕਰਨ ਤੱਕ ਜਾ ਪੁੱਜੀ ਹੈ। 'ਸਾਡੇ ਹੱਕ ਐਥੇ ਰੱਖ' ਕਹਿੰਦੇ-ਕਹਿੰਦੇ 'ਤੂੰ ਛੋਟਾ ਅਸੀਂ ਬੜੇ' ਕਦੋਂ ਕਹਿਣ ਲੱਗ ਪਏ, ਪਤਾ ਹੀ ਨਹੀਂ ਚੱਲਿਆ। ਸਿਆਸਤਦਾਨਾਂ ਨੇ ਕਿਹੜੇ ਵੇਲ਼ੇ ਇਨ੍ਹਾਂ ਨੂੰ ਆਪਣੀ ਸਿਆਸਤ ਦਾ ਜੋਗ ਦੇ ਕੇ ਇਨ੍ਹਾਂ ਦੇ ਕੰਨੀਂ ਮੁੰਦਰਾਂ ਪਾ ਛੱਡੀਆਂ, ਇਨ੍ਹਾਂ ਨੂੰ ਕੋਈ ਖ਼ਬਰ ਨਹੀਂ। ਤਾਇਆ ਆਤਮਾ ਸਿੰਘ ਨੇ ਉਦੋਂ ਵੀ ਇਹੋ ਰਾਗ ਛੋਂਹਦਿਆਂ ਵਿਅੰਗਮਈ ਹਾਸਾ ਹੱਸ ਕਿਹਾ ਸੀ, 'ਵਾਹ ਕਰਮਾਂ ਦਿਆ ਵਲੀਆ ਰਿੰਨ੍ਹੀ ਖੀਰ ਤੇ ਹੋ ਗਿਆ ਦਲੀਆ।'

ਅੱਜਕੱਲ੍ਹ ਮੈਨੂੰ ਤਾਇਆ ਆਤਮਾ ਸਿੰਘ ਦਾ ਬੇਟਾ ਦਲੇਰ ਸਿੰਘ ਇੱਕ ਪਲ ਦਾ ਚੈਨ ਨਹੀਂ ਲੈਣ ਦਿੰਦਾ। ਇਹ ਦੋਵੇਂ ਪਿਓ-ਪੁੱਤ ਚਿੱਤਰ-ਗੁਪਤ ਵਾਂਗ ਆਪਣਾ ਵਹੀ-ਖਾਤਾ ਖੋਲ੍ਹ ਮੇਰੇ ਮੋਢਿਆਂ 'ਤੇ ਚੜ੍ਹੇ ਰਹਿੰਦੇ ਹਨ। ਤਾਇਆ ਆਤਮਾ ਸਿੰਘ ਤਾਂ ਚਲੋ ਏਸ ਦੁਨੀਆ ਵਿੱਚ ਨਹੀਂ ਰਿਹਾ, ਫਿਰ ਵੀ ਉਹਦੀਆਂ ਤਕਰੀਰਾਂ, ਸੈਨਤਾਂ, ਰਮਜ਼ੀ ਗੱਲਾਂ-ਬਾਤਾਂ ਤੇ ਵਿਅੰਗਬਾਣ ਕਿਸੇ ਘੜੀ ਮੇਰਾ ਪਿੱਛਾ ਨਹੀਂ ਛੱਡਦੇ। ਉਹਦੀਆਂ ਕਹੀਆਂ ਸਟੀਕ ਗੱਲਾਂ ਅੱਜ ਵੀ ਮੇਰਾ ਮਾਰਗਦਰਸ਼ਨ ਕਰਦੀਆਂ ਹਨ। ਹੁਣ ਬਾਕੀ ਰਹਿੰਦੀ-ਖੂੰਹਦੀ ਕਸਰ ਉਹਦੇ ਇਸ ਲਾਡਲੇ ਨੇ ਕੱਢ ਛੱਡੀ ਹੈ। ਇਹ ਵੀ ਉਹਦੇ ਵਾਂਗ ਹਰ ਵੇਲ਼ੇ ਸਵਾਲਾਂ ਦਾ ਟੋਕਰਾ ਭਰੀ ਰੱਖਦੈ। ਫਿਰ ਅਰਜਨ ਦੇ ਤੀਰਾਂ ਵਾਂਗ ਇੱਕ-ਇੱਕ ਤੀਰ ਕੱਢ ਐਸਾ ਨਿਸ਼ਾਨਾ ਮਾਰਦੈ, ਬੱਸ ਪੁੱਛੋ ਈ ਕੁਸ਼ ਨਾ। ਕੱਲ੍ਹ ਫੋਨ 'ਤੇ ਕਹਿੰਦਾ, 'ਛੋਟੇ ਭਾਈ ਤੈਨੂੰ ਨੀਂ ਲਗਦਾ ਬਈ ਭਗਵੰਤ ਸਿਉਂ ਜਾਊ ਹੁਣ? ਦੇਖ ਲੈ ਅੱਜ ਸੈਸ਼ਨ 'ਚ ਵੀ ਨੀਂ ਆਇਆ। ਦੇਖੀਂ, ਹੁਣ ਨੀਂ ਦਿੱਲੀ ਆਲ਼ੇ ਪੰਜਾਬ ਛੱਡਦੇ। ਹੋਰ ਦੇਖੀਂ। ਇਹ ਵੀ ਪਹਿਲਿਆਂ ਵਰਗੇ ਹੀ ਨੇ। ਮਰਗਮੱਛਾਂ ਨੂੰ ਛੱਡ ਪੂੰਗਾਂ ਜਿਹਾਂ ਨੂੰ ਫੜੀ ਜਾਂਦੇ ਨੇ। ਕਹੀ ਜੋ ਮਰਜ਼ੀ ਜਾਣ, ਜਾਲ਼ ਇਨ੍ਹਾਂ ਦਾ ਵੀ ਮੋਟਾ ਈ ਆ। ਇਹ ਪਤੰਦਰ ਵੀ ਸਖਤੇ ਕੋਲ਼ੋਂ ਪੂੰਛ ਦਬਾ ਕੇ ਲੰਘੀ ਜਾਂਦੇ ਨੇ। ਬਾਜਵਾ ਵਿਰੋਧੀ ਧਿਰ ਵਾਲ਼ਾ ਵਧੀਆ ਫਰਜ਼ ਨਿਭਾਅ ਰਿਹੈ। ਕਹਿੰਦਾ ਬੱਤੀ ਮੇਰੀ ਜੇਬ ਵਿੱਚ ਨੇ। ਉਹਨੇ ਵੀ ਭਰਮ ਪੈਦਾ ਕਰਤਾ। ਸਿਆਸਤ ਦਾ ਕੰਮ ਭਰਮ ਪੈਦਾ ਕਰਨਾ ਈ ਹੁੰਦਾ ਭਰਾ। ਦੇਈ ਜਾਓ ਸਫਾਈਆਂ ਹੁਣ। ਅਗਲਾ ਆਪਣਾ ਕੰਮ ਕਰ ਗਿਆ। ਹੋਰ ਸੁਣ। ਨਸ਼ਿਆਂ ਨੂੰ ਕੰਟਰੋਲ ਕਰਨ ਲਈ ਹੁਕਮ 'ਤੇ ਹੁਕਮ ਹੋ ਰਹੇ ਨੇ। ਕੰਨੀ ਦਾ ਕਿਆਰਾ ਸੁੱਕੇ ਦਾ ਸੁੱਕਾ। ਕਿਤੋਂ ਨਸ਼ਿਆਂ ਦੀ ਖੇਪ ਫੜੀ ਜਾ ਰਹੀ ਹੈ ਤੇ ਕਿਤੋਂ ਹਥਿਆਰਾਂ ਦੀ।'

ਮੈਂ ਉਹਦੀਆਂ ਗੱਲਾਂ ਸੁਣਦਾ-ਸੁਣਦਾ ਅੱਕ ਜਾਂਦਾ ਹਾਂ। ਇਹ ਪੇਅ ਦਾ ਪੁੱਤ ਨਾ ਅੱਕਦਾ ਹੈ ਤੇ ਨਾ ਥੱਕਦਾ। ਵਿਸ਼ ਘੋਲ਼ਦਾ-ਘੋਲ਼ਦਾ ਘੰਟੇ ਦੋ ਘੰਟੇ ਬਾਅਦ ਫਿਰ ਫੋਨ ਮਿਲਾ ਕੇ ਆਖੇਗਾ, 'ਛੋਟੇ ਭਾਈ ਟਰੰਪ ਨੀਂ ਹੁਣ ਖਹਿੜਾ ਛੱਡਦਾ। ਐਧਰ ਜਿੱਦਾਂ ਆਪਾਂ ਯੂਪੀ, ਬਿਹਾਰੀਆਂ ਨੂੰ ਨਿੰਦਦੇ ਆਂ, ਉਵੇਂ ਈ ਅਮਰੀਕਨ ਪ੍ਰਵਾਸੀਆਂ ਨੂੰ ਨਿੰਦਦੇ ਨੇ। ਅਗਲਾ ਸਾਡੀ ਮੰਨੂੰ ਕਿ ਆਪਣਿਆਂ ਦੀ। ਹੋਰ ਸੁਣ ਜਿਹੜੇ ਸਾਡੇ ਵੀ ਇੱਧਰੋਂ ਓਧਰ ਜਾ ਕੇ ਪੱਕੇ ਵਸ ਗਏ ਨੇ, ਉਹ ਵੀ ਏਧਰਲਿਆਂ ਤੋਂ ਵਾਹਵਾ ਔਖੇ ਨੇ। ਮੇਰਾ ਇੱਕ ਦੋਸਤ ਅਮਰੀਕਾ ਰਹਿੰਦੈ। ਉਹ ਦੱਸਦਾ ਰਹਿੰਦੈ। ਓਧਰ ਵੀ ਨਸ਼ਿਆਂ ਤੇ ਹਥਿਆਰਾਂ ਦੀ ਬਥੇਰੀ ਭਰਮਾਰ ਐ। ਇਹ ਵਿਸ਼ਵ ਵਰਤਾਰਾ ਈ ਆ ਛੋਟੇ ਭਾਈ। ਇਹਨੂੰ 'ਟਰੇਡ ਵਾਰ' ਸਮਝ ਜਾਂ 'ਟੈਰਿਫ ਵਾਰ।' ਇਹ ਸਮਝਣ ਵਾਲ਼ੇ 'ਤੇ ਮੁਨੱਸਰ ਐ। ਇਹ ਗੱਲਾਂ ਬਹੁਤ ਬਰੀਕ ਨੇ। ਸਾਨੂੰ ਤਾਂ ਮੋਟੀਆਂ-ਮੋਟੀਆਂ ਸਮਝ ਆਉਂਦੀਆਂ ਨੇ।' ਥੋੜ੍ਹਾ ਰੁਕ ਕੇ ਉਸ ਫਿਰ ਕਾਂਟਾ ਬਦਲਿਆ ਹੈ, 'ਊਂ ਤਾਂ ਤੂੰ ਕਿਹੜਾ ਨਿਆਣੈ ਛੋਟੇ ਭਾਈ। ਤੂੰ ਹੀ ਦੱਸ ਬਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਬਣੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਪਹਿਲਾਂ ਹੋਈ? ਫੇਰ ਜੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਪਹਿਲਾਂ ਹੋਈ ਤਾਂ ਉਹ ਏਸ ਕਮੇਟੀ ਦੇ ਅਧੀਨ ਕਿਵੇਂ ਹੋ ਗਿਆ? ਰਹੀ ਗੱਲ ਨਿਯਮ ਬਣਾਉਣ ਦੀ? ਨਿਯਮ ਦਾ ਕੁਰਸੀ 'ਤੇ ਬੈਠਣ ਵਾਲ਼ਿਆਂ ਨੇ ਬਣਾਉਣੇ ਨੇ। ਜੇ ਨਹੀਂ ਬਣਾਏ ਤਾਂ ਹੁਣ ਸ਼ੱਭਲੀਆਂ ਤਾਂ ਨਾ ਮਾਰਨ। ਇਨ੍ਹਾਂ ਕੌਮ 'ਚ ਰੋਲ਼-ਘਚੋਲ਼ਾ ਪਾ'ਤਾ ਛੋਟੇ ਭਾਈ।'

ਬਾਈ ਦਲੇਰ ਸਿੰਘ ਦੀਆਂ ਦਲੇਰੀ ਭਰਪੂਰ ਗੱਲਾਂ ਸੁਣ ਕੇ ਮੈਂ ਅਸ਼-ਅਸ਼ ਕਰ ਉੱਠਦਾ ਹਾਂ। ਉਮਰ ਵਿੱਚ ਉਹ ਮੈਥੋਂ ਚਾਰ ਕੁ ਸਾਲ ਵੱਡਾ ਹੈ। ਆਪਣੀ ਤਾਂ ਉਹਦੇ ਕੋਲ਼ ਦੋ ਕੁ ਕਿੱਲੇ ਦੀ ਖੇਤੀ ਹੈ, ਪਰ ਏਸ ਵੇਲ਼ੇ ਉਹ ਕਾਫੀ ਸਾਰੀ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰ ਰਿਹੈ। ਪੰਜ-ਚਾਰ ਮੱਝਾਂ ਵੀ ਹਮੇਸ਼ਾ ਰੱਖਦੈ। ਉਹਨੇ ਪਰਵਾਸ ਦੀ ਗੱਲ ਛੇੜੀ ਤਾਂ ਮੈਥੋਂ ਵੀ ਰਿਹਾ ਨਾ ਗਿਆ। ਉਹਦੇ ਨਾਲ਼ ਮੈਂ ਆਪਣੇ ਇੱਕ ਪਿਆਰੇ ਦਾ ਦਰਦ ਸਾਂਝਾ ਕਰਨ ਲਗਦਾ ਹਾਂ, 'ਬਾਈ ਜੀ ਗੱਲ ਤਾਂ ਤੁਹਾਡੀ ਠੀਕ ਐ, ਪਰ ਅਮਰੀਕਾ-ਕੈਨੇਡਾ ਰਹਿੰਦੇ ਲੋਕਾਂ ਦੇ ਉਨ੍ਹਾਂ ਬਜ਼ੁਰਗਾਂ ਦਾ ਕੀ ਕਸੂਰ ਜਿਹੜੇ ਇੱਧਰ ਰੁਲ਼ ਰਹੇ ਨੇ? ਉਨ੍ਹਾਂ ਆਪਣੇ ਧੀਆਂ-ਪੁੱਤਰਾਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਮਿਲਣ ਜਾਣੈ ਹੁੰਦੈ। ਹੁਣ ਉਹ ਆਵਾਜ਼ਾਰ ਹਨ। ਉਨ੍ਹਾਂ ਦੇ ਵੀਜ਼ੇ ਰੱਦ ਹੋ ਰਹੇ ਨੇ। ਉਹ 'ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ' ਵਾਲ਼ੀ ਜੂਨ ਹੰਢਾ ਰਹੇ ਹਨ। ਉਹਦਾ ਫੋਨ ਕੱਟਿਆ ਜਾਂਦਾ ਹੈ। ਮੇਰੇ ਬੁੱਲ੍ਹਾਂ ਨੇ ਮੇਰੇ ਗੀਤ ਦਾ ਅੰਤਰਾ ਛੋਹਿਆ ਹੈ, 'ਓਏ ! ਤੇਰੇ ਬਿਨ ਸਾਡੇ ਦਿਲ ਦੇ ਉੱਜੜ ਚੱਲੇ ਬਾਗ/ਤੈਨੂੰ ਭਾਲ਼ਿਆ ਬੜਾ ਮੈਂ ਤੇਰਾ ਮਿਲ਼ੇ ਨਾ ਸੁਰਾਗ/ਸੁੰਨੀ-ਸੁੰਨੀ, ਸੁੰਨ ਸੱਧਰਾਂ ਦੀ ਕੁੱਲੀ ਪਈ ਏ/ ਸਾਡੀ ਯਾਦ ਸੱਜਣਾ ਵੇ ਤੈਨੂੰ ਭੁੱਲੀ ਪਈ ਏ ..।'

**ਸੰਪਰਕ-98144-30874**

**ਹਰਮੀਤ ਵਿਦਿਆਰਥੀ**

# ਸੁਪਨਾ, ਹਕੀਕਤ, ਇਕਬਾਲ ਕੈਸਰ ਅਤੇ ਖੋਜਗੜ੍ਹ

ਚੜ੍ਹਦੇ ਪੰਜਾਬ ਦੇ ਬਹੁਤ ਸਾਰੇ ਲੇਖਕਾਂ, ਦਾਨਿਸ਼ਵਰਾਂ ਲਈ ਲਹਿੰਦੇ ਪੰਜਾਬ ਦਾ ਅਰਥ ਇਕਬਾਲ ਕੈਸਰ ਅਤੇ ਖੋਜਗੜ੍ਹ ਹੈ। ਇਕਬਾਲ ਕੈਸਰ ਬਾਰੇ ਸਭ ਨੂੰ ਪਤਾ ਹੈ ਕਿ ਉਹ ਕਵੀ ਹੈ, ਇਤਿਹਾਸਕਾਰ ਹੈ, ਪੰਜਾਬੀ ਦਾ ਪ੍ਰਚਾਰਕ ਅਤੇ ਨਿਹਾਇਤ ਖ਼ੂਬਸੂਰਤ ਮਨੁੱਖ ਹੈ।

ਹੱਲਿਆਂ ਵੇਲੇ (1947) ਕੈਸਰ ਦੇ ਵੱਡ-ਵਡੇਰੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਚੱਕ ਹਰਾਜ ਬੈਰਕਾਂ ਨੇੜੇ ਝੋਕ ਟਹਿਲ ਸਿੰਘ ਸਟੇਸ਼ਨ ਤੋਂ ਉੱਠ ਕੇ ਲਹਿੰਦੇ ਪੰਜਾਬ ਵਿੱਚ ਗਏ ਸਨ। ਖਾਈ ਫ਼ੇਮੇ ਕੀ ਉਸ ਦੇ ਨਾਨਕੇ ਸਨ। ਮੁੱਦਕੀ ਲਾਗਲੇ ਪਿੰਡ ਕਬਰਵੱਛਾ ਵਿੱਚ ਉਸ ਦੀ ਦਾਦੀ ਦੇ ਭਰਾ ਦੀ ਔਲਾਦ ਰਹਿੰਦੀ ਹੈ। ਫ਼ਿਰੋਜ਼ਪੁਰ ਉਸ ਦੀਆਂ ਰਗਾਂ ਵਿੱਚ ਖ਼ੂਨ ਵਾਂਗ ਗਰਦਿਸ਼ ਕਰਦਾ ਹੈ। ਸਿੱਖ ਸਮਾਜ ਵਿੱਚ ਉਸ ਦੀ ਮਾਨਤਾ ਉਸ ਦੀ ਵੱਡੇ ਕੈਨਵਸ ਵਾਲੀ ਲਹਿੰਦੇ ਪੰਜਾਬ ਦੇ ਗੁਰਦੁਆਰਿਆਂ ਬਾਰੇ ਕਿਤਾਬ 'ਹਿਸਟੋਰੀਕਲ ਸਿੱਖ ਸ਼ਿਰਾਇਨ ਇਨ ਪਾਕਿਸਤਾਨ' ਕਰਕੇ ਹੈ, ਜਿਸ ਵਿੱਚ ਤਕਰੀਬਨ 150 ਗੁਰਦੁਆਰਾ ਸਾਹਿਬਾਨ ਮੁਖ਼ਤਸਰ ਇਤਿਹਾਸ ਪੰਜਾਬੀ ਉਰਦੂ ਤੇ ਅੰਗਰੇਜ਼ੀ ਵਿੱਚ ਦਰਜ ਹੈ, ਜਿਹੜੀ ਕਿ ਪਹਿਲੀ ਵਾਰ 1998 ਵਿੱਚ ਛਪੀ ਸੀ ਅਤੇ 27 ਸਾਲ ਬਾਅਦ ਵੀ ਉਸ ਦੀ ਮੰਗ ਬਣੀ ਹੋਈ ਹੈ।

ਲਹਿੰਦੇ ਪੰਜਾਬ ਦੇ ਜੈਨ ਮੰਦਰਾਂ ਬਾਰੇ ਸ਼ਾਹਮੁਖੀ ਵਿੱਚ ਛਪੀ ਉਸ ਦੀ ਕਿਤਾਬ 'ਉੱਜੜੇ ਦਰਾਂ ਦੇ ਦਰਸ਼ਨ' ਲਹਿੰਦੇ ਪੰਜਾਬ ਦੇ ਨਾਲ-ਨਾਲ ਚੜ੍ਹਦੇ ਪੰਜਾਬ ਵਿੱਚ ਹਿੰਦੀ ਅਤੇ ਗੁਰਮੁਖੀ ਵਿੱਚ ਛਪ ਕੇ ਚਰਚਿਤ ਹੋ ਚੁੱਕੀ ਹੈ। ਪਾਕਿਸਤਾਨੀ ਪੰਜਾਬੀ ਫਿਲਮਾਂ ਦੇ ਸੌ ਸਾਲ ਦਾ ਇਤਿਹਾਸ 'ਫ਼ਿਲਮ ਅਤੇ ਲਾਹੌਰ' ਛਪ ਚੁੱਕੀ ਹੈ। ਲਾਹੌਰ ਜ਼ਿਲ੍ਹੇ ਦੇ 382 ਪਿੰਡਾਂ ਦਾ ਇਤਿਹਾਸ ਲਿਖਿਆ ਜਾ ਰਿਹਾ ਹੈ। 350 ਤੋਂ ਉੱਪਰ ਪਿੰਡਾਂ ਬਾਰੇ ਲਿਖਿਆ ਜਾ ਚੁੱਕਾ ਹੈ। ਲਹਿੰਦੇ ਪੰਜਾਬ ਦੀ ਹਰ ਸਾਹਿਤਕ, ਸੱਭਿਆਚਾਰਕ, ਇਤਿਹਾਸਕ ਅਤੇ ਲੋਕ ਪੱਖੀ ਸਰਗਰਮੀ ਦਾ ਇਕਬਾਲ ਕੈਸਰ ਅਹਿਮ ਹਿੱਸਾ ਹੁੰਦਾ ਹੈ।

ਇਕਬਾਲ ਕੈਸਰ ਹੁਰਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਖੋਜਗੜ੍ਹ ਦੀ ਸਥਾਪਨਾ ਹੈ। ਫ਼ਿਰੋਜ਼ਪੁਰ ਰੋਡ ਤੇ ਲਾਹੌਰ ਤੋਂ ਕਰੀਬ 35 ਕਿਲੋਮੀਟਰ ਦੂਰ ਕਸੂਰ ਜ਼ਿਲ੍ਹੇ ਦੇ ਲਲਿਆਣੀ ਕਸਬੇ ਵਿੱਚ ਉੱਸਰਿਆ 'ਪੰਜਾਬੀ ਖੋਜਗੜ੍ਹ' ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਸ਼ਾਇਦ ਪੰਜਾਬੀ ਜ਼ੁਬਾਨ ਇੱਕੋ-ਇੱਕ ਅਜਿਹਾ ਖੋਜ ਕੇਂਦਰ ਹੈ, ਜਿਹੜਾ ਨਿਰੋਲ ਇੱਕੋ ਬੰਦੇ ਦੇ ਯਤਨਾਂ ਸਦਕਾ ਹੋਂਦ ਵਿੱਚ ਆਇਆ ਹੋਵੇ। ਇਹ ਖੋਜ ਕੇਂਦਰ ਲਾਹੌਰ ਅਤੇ ਫ਼ਿਰੋਜ਼ਪੁਰ ਤੋਂ ਤਕਰੀਬਨ ਇੱਕੋ ਜਿੰਨੀ ਦੂਰੀ 'ਤੇ ਹੈ। ਮੈਨੂੰ ਨਹੀਂ ਪਤਾ ਕਿ ਇਕਬਾਲ ਕੈਸਰ ਨੇ ਇਸ ਥਾਂ ਦੀ ਚੋਣ ਹੀ ਖੋਜਗੜ੍ਹ ਲਈ ਕਿਉਂ ਕੀਤੀ, ਪਰ ਖੋਜਗੜ੍ਹ ਤੋਂ ਲਾਹੌਰ ਅਤੇ ਫ਼ਿਰੋਜ਼ਪੁਰ ਦੀ ਬਰਾਬਰ ਦੂਰੀ ਉਸ ਦੇ ਅਚੇਤ ਮਨ ਵਿੱਚ ਜ਼ਰੂਰ ਹੋਵੇਗੀ।

ਪੰਜਾਬੀ ਖੋਜਗੜ੍ਹ ਇਕਬਾਲ ਕੈਸਰ ਦਾ ਉਹ ਸੁਪਨਾ ਹੈ, ਜਿਸ ਨੂੰ ਉਸ ਨੇ ਸੁੱਤਿਆਂ ਹੋਇਆਂ ਨਹੀਂ, ਸਗੋਂ ਜਾਗਦਿਆਂ, ਤੁਰਦਿਆਂ, ਫਿਰਦਿਆਂ ਵੇਖਿਆ ਸੀ ਅਤੇ ਤਕਰੀਬਨ ਚੌਥਾਈ ਸਦੀ ਤੋਂ ਇਸ ਸੁਪਨੇ ਦੀ ਪੂਰਤੀ ਲਈ ਆਪਣਾ ਖ਼ੂਨ-ਪਸੀਨਾ ਵੀ ਡੋਲ੍ਹਿਆ ਹੈ। ਤਨ, ਮਨ ਅਤੇ ਧਨ ਵਾਰਨਾ ਮੁਹਾਵਰਾ ਹੈ, ਪ੍ਰੰਤੂ ਇਕਬਾਲ ਕੈਸਰ ਅਤੇ ਖੋਜਗੜ੍ਹ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਮੁਹਾਵਰੇ, ਅਖੌਤਾਂ ਅਤੇ ਜ਼ਿੰਦਗੀ ਇੱਕਸੁਰ ਕਿਵੇਂ ਹੁੰਦੇ ਹਨ।

ਇਕਬਾਲ ਕੈਸਰ ਨੇ ਆਪਣੀ ਗਾੜ੍ਹੇ ਖ਼ੂਨ-ਪਸੀਨੇ ਦੀ ਕਮਾਈ ਨਾਲ ਲਲਿਆਣੀ ਵਿੱਚ ਸੱਤ ਏਕੜ ਜ਼ਮੀਨ ਖਰੀਦੀ ਅਤੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਜੁਟ ਗਿਆ। 10 ਮਾਰਚ 2001 ਨੂੰ ਸੈਂਕੜੇ ਲੇਖਕਾਂ, ਤਾਰੀਖ਼ਦਾਨਾਂ, ਕਲਾਕਾਰਾਂ, ਅਦਾਕਾਰਾਂ ਦੀ ਹਾਜ਼ਰੀ ਵਿਚ ਪੰਜਾਬੀ ਖੋਜਗੜ੍ਹ ਦਾ ਨੀਂਹ ਪੱਥਰ ਰੱਖਿਆ ਗਿਆ। ਟੀਚਾ ਮਿੱਥਿਆ ਕਿ ਦੁਨੀਆ ਭਰ ਵਿੱਚ ਜਿੱਥੇ ਕਿਤੇ ਵੀ ਕਿਸੇ ਜ਼ੁਬਾਨ ਵਿੱਚ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਜੋ ਵੀ ਕੰਮ ਹੋ ਰਿਹਾ ਹੈ, ਉਸ ਨੂੰ ਇੱਕ ਥਾਂ ਇਕੱਠਾ ਕਰਨਾ, ਉਸ ਨੂੰ ਸਾਂਭਣਾ, ਸੰਭਾਲਣਾ ਯਾਨੀ ਪੰਜਾਬੀਆਂ ਦੇ ਸਿਰ ਜਿਹੜਾ ਇਲਜ਼ਾਮ ਲੱਗਦਾ ਹੈ ਕਿ ਉਹ ਤਾਰੀਖ਼ ਸਿਰਜ ਸਕਦੇ ਨੇ, ਪਰ ਸੰਭਾਲ ਨਹੀਂ ਸਕਦੇ, ਇਸ ਮਿਹਣੇ ਨੂੰ ਦੂਰ ਕਰਕੇ ਪੰਜਾਬ ਦੀ ਲੇਖਣੀ, ਆਰਟ, ਕਲਚਰ ਅਤੇ ਤਾਰੀਖ਼ ਨੂੰ ਇੱਕ ਛੱਤ ਥੱਲੇ ਸੰਭਾਲਣ ਦਾ ਯਤਨ ਕਰਨਾ।



ਬਿਨਾਂ ਸ਼ੱਕ ਪੰਜਾਬ ਇੱਕ ਖਿੱਤੇ ਦਾ ਨਾਂਅ ਹੈ, ਜਿਹੜਾ ਦੋ ਵੱਖਰੇ ਮੁਲਕਾਂ ਵਿੱਚ ਵਾਕਿਆ ਹੈ, ਪਰ ਪੰਜਾਬੀ ਅਤੇ ਪੰਜਾਬੀਅਤ ਇੱਕ ਖ਼ਿਆਲ ਵਾਂਗ ਪੂਰੀ ਦੁਨੀਆ ਵਿੱਚ ਫੈਲੀ ਹੈ। ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਤਾਂ ਪੰਜਾਬੀਆਂ ਦੇ ਗੜ੍ਹ ਹਨ। ਪੂਰੀ ਦੁਨੀਆ ਵਿੱਚ ਫੈਲੇ ਪੰਜਾਬ ਨੂੰ ਇੱਕ ਛੱਤ ਹੇਠਾਂ ਸਾਂਭਣਾ ਹੀ ਏਡਾ ਵੱਡਾ ਸੁਪਨਾ ਹੈ ਕਿ ਸਿਰਫ਼ ਇਹ ਸੁਪਨਾ ਲੈਣ ਲਈ ਹੀ ਇਕਬਾਲ ਕੈਸਰ ਹੁਰਾਂ ਨੂੰ ਸਲਾਮ ਕਰਨਾ ਬਣਦਾ ਹੈ। ਸੁਪਨੇ ਨੂੰ ਪੂਰਾ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ 'ਤੇ ਤਾਂ ਵਾਰੇ-ਵਾਰੇ ਜਾਣ ਨੂੰ ਜੀਅ ਕਰਦਾ ਹੈ। ਖ਼ਾਬ ਵੇਖਿਆ ਤੇ ਪੂਰਾ ਕਰਨ ਲਈ 'ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜਿਹਾ।'

ਇਸ ਖੋਜਗੜ੍ਹ ਵਿੱਚ ਇੱਕ ਲਾਇਬ੍ਰੇਰੀ ਹੈ, ਜਿਸ ਵਿੱਚ ਵੱਖ-ਵੱਖ ਭਾਸ਼ਾਵਾਂ ਦੀਆਂ ਹਜ਼ਾਰਾਂ ਕਿਤਾਬਾਂ ਹਨ। ਪੰਜਾਬੀ ਫ਼ਿਲਮਾਂ ਦਾ ਦੁਨੀਆ ਭਰ ਵਿੱਚ ਬਣਿਆ ਇੱਕੋ-ਇੱਕ ਮਿਊਜ਼ੀਅਮ ਹੈ, ਜਿਹੜਾ ਭਾਵੇਂ ਅਜੇ ਆਪਣੇ ਮੁੱਢਲੇ ਪੜਾਅ ਵਿੱਚ ਹੈ। ਮੀਟਿੰਗਾਂ ਲਈ ਹਾਲ ਹੈ, ਜਿੱਥੇ ਪੰਜਾਬੀ ਲੇਖਕ ਬੈਠ ਕੇ ਸੰਗਤ ਕਰਦੇ ਹਨ। ਗਾਇਕਾਂ ਦੀ ਮਹਿਫ਼ਿਲ ਲੱਗਦੀ ਹੈ। ਵਿਚਾਰ-ਵਟਾਂਦਰੇ ਹੁੰਦੇ ਹਨ। ਕਈ ਕਾਨਫਰੰਸਾਂ ਹੁੰਦੀਆਂ ਹਨ। ਮੇਲੇ ਲੱਗਦੇ ਹਨ। ਖੋਜ ਕਾਰਜਾਂ ਨੂੰ ਹੱਲਾਸ਼ੇਰੀ ਦੇਣ ਲਈ ਵਰਕਸ਼ਾਪਾਂ ਕਰਵਾਈਆਂ ਜਾਂਦੀਆਂ ਹਨ। ਖੋਜਗੜ੍ਹ ਵਾਲੇ ਕਿਤਾਬਾਂ ਛਾਪਦੇ ਹਨ, ਕਿਤਾਬਾਂ 'ਤੇ ਗੋਸ਼ਟੀਆਂ ਕਰਵਾਉਂਦੇ ਹਨ।

ਇੱਕ ਦਰਜਨ ਤੋਂ ਵੱਧ ਰਿਸਰਚ ਸਕਾਲਰਜ਼ ਇਸ ਲਾਇਬ੍ਰੇਰੀ ਅਤੇ ਇਹਨਾਂ ਵਰਕਸ਼ਾਪਾਂ ਦਾ ਲਾਹਾ ਲੈ ਕੇ ਆਪਣੀਆਂ ਪੀਐੱਚ.ਡੀ ਦੀਆਂ ਡਿਗਰੀਆਂ ਮੁਕੰਮਲ ਕਰ ਚੁੱਕੇ ਹਨ। ਖੋਜਗੜ੍ਹ ਵਿੱਚ ਆਪਣੀ ਕਲਾ ਦੇ ਜੌਹਰ ਵਿਖਾਉਣਾ ਵੱਡਾ ਏਜਾਜ਼ ਮੰਨਿਆ ਜਾਂਦਾ ਹੈ।

ਖੋਜਗੜ੍ਹ ਦੇ ਮੁੱਖ ਦਰਵਾਜ਼ੇ 'ਤੇ ਲੱਗੇ ਤਖ਼ਤਿਆਂ ਦਾ ਵੀ ਅਲੋਕਾਰ ਇਤਿਹਾਸ ਹੈ। ਇਹ ਤਖ਼ਤੇ ਪੰਜਾਬੀ ਦੇ ਉੱਚ ਦੁਮਾਲੜੇ ਕਹਾਣੀਕਾਰ 'ਕੁਲਵੰਤ ਸਿੰਘ ਵਿਰਕ' ਦੇ ਲਹਿੰਦੇ ਪੰਜਾਬ ਦੇ ਪਿੰਡ ਫੁੱਲਰਵੰਨ ਜ਼ਿਲ੍ਹਾ ਸ਼ੇਖ਼ੂਪੁਰਾ ਵਿਚਲੇ ਜੱਦੀ ਘਰ ਦੇ ਹਨ।

ਖੋਜਗੜ੍ਹ ਹੌਲੀ-ਹੌਲੀ ਦੁਨੀਆ ਭਰ ਦੇ ਪੰਜਾਬੀ ਚਿੰਤਕਾਂ ਦੀਆਂ ਨਿਗਾਹਾਂ ਦਾ ਕੇਂਦਰ ਬਣ ਰਿਹਾ ਹੈ। ਸ਼ਬਦ ਨਾਲ ਜੁੜਿਆ ਲਹਿੰਦੇ ਪੰਜਾਬ ਜਾਣ ਵਾਲਾ ਹਰ ਪੰਜਾਬੀ ਖੋਜਗੜ੍ਹ ਜਾਣਾ ਆਪਣਾ ਫ਼ਰਜ਼ ਸਮਝਦਾ ਹੈ।

ਜਨਵਰੀ 2025 ਵਿੱਚ ਵਰਲਡ ਪੰਜਾਬੀ ਕਾਂਗਰਸ ਦੀ ਲਾਹੌਰ ਵਿੱਚ ਹੋਈ 34ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਦੌਰਾਨ ਇੱਕ ਦਿਨ ਖੋਜਗੜ੍ਹ ਜਾਣ ਦਾ ਮੌਕਾ ਮਿਲਿਆ। ਮੇਰੇ ਲਈ ਇਹ ਵੇਲਾ ਇਸ ਲਈ ਵੀ ਮਹੱਤਵਪੂਰਨ ਸੀ ਕਿ ਇਸ ਕਾਨਫਰੰਸ ਵਿੱਚ ਖੋਜਗੜ੍ਹ ਵੱਲੋਂ ਸ਼ਾਹਮੁਖੀ ਵਿੱਚ ਛਾਪੀ ਗਈ ਮੇਰੀ ਦੂਜੀ ਕਿਤਾਬ 'ਮੈਂ ਚਸ਼ਮਦੀਦ' (ਜਿਹੜੀ ਕਿ ਛੋਟੇ ਵੀਰ ਸੁਖਜਿੰਦਰ ਨੇ ਐਡਿਟ ਕੀਤੀ ਸੀ ਅਤੇ ਸਾਲ 2023 ਵਿੱਚ ਪੀਪਲਜ਼ ਫੋਰਮ ਬਰਗਾੜੀ ਵੱਲੋਂ ਛਾਪੀ ਗਈ ਸੀ) ਦੀ ਮੁੱਖ ਵਿਖਾਲੀ ਦੀ ਰਸਮ ਵੀ ਹੋਈ ਸੀ। ਖੋਜਗੜ੍ਹ ਦੀ ਯਾਤਰਾ ਕਿਸੇ ਸਧਾਰਨ ਸਾਹਿਤਕ ਕੇਂਦਰ ਦੀ ਯਾਤਰਾ ਨਹੀਂ ਸੀ। ਇਸ ਮੌਕੇ ਕੱਦਾਵਰ ਪੰਜਾਬੀ ਆਲੋਚਕ ਡਾ. ਸੁਖਦੇਵ ਸਿੰਘ ਸਿਰਸਾ, ਮਾਨਸੇ ਵਾਲਾ ਵੱਖਰੀ ਨੁਹਾਰ ਵਾਲਾ ਸ਼ਾਇਰ ਗੁਰਪ੍ਰੀਤ, ਪੰਜਾਬ ਯੂਨੀਵਰਸਿਟੀ ਵਾਲੇ ਮੁਹੰਮਦ ਖ਼ਾਲਿਦ, ਪੰਜਾਬੀ ਲੋਕ ਨਾਚਾਂ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਬਲਕਾਰ ਸਿੱਧੂ ਅਤੇ ਸ਼ਾਇਰ ਸੰਦੀਪ ਸ਼ਰਮਾ (ਇਸ ਦੀ ਕਿਤਾਬ 'ਮੈਨੂੰ ਸਾਂਭਣਾ ਜਾਣਦੀ ਹੈ' ਵੀ ਅਦਾਰਾ ਖੋਜਗੜ੍ਹ ਨੇ ਛਾਪੀ ਹੈ) ਦਾ ਸੰਗ ਸਾਥ ਸੀ। ਨਾਲ ਹੀ ਕੈਸਰ ਸਾਹਿਬ ਦਾ ਬੇਟਾ, ਨੂੰਹ ਅਤੇ ਪੁੱਤਰਾਂ ਵਰਗਾ ਦੋਸਤ ਅਹਿਮਦ ਨਵਾਜ਼ ਉਲ ਗ਼ਨੀ ਵੀ ਇਸ ਯਾਤਰਾ ਦਾ ਹਿੱਸਾ ਸਨ। ਉਹ ਬਹੁਤ ਭਰਪੂਰ ਦਿਨ ਸੀ, ਸਵੇਰੇ ਚੂਨੀਆਂ ਵਿੱਚ ਤਜੱਮਲ ਕਲੀਮ ਨਾਲ ਮੁਲਾਕਾਤ, ਫਿਰ ਆਪਣੇ ਜੱਦੀ ਪਿੰਡ ਜੰਡਵਾਲਾ ਦੀ ਚਿਰਾਂ ਤੋਂ ਉਡੀਕੀ ਜਾ ਰਹੀ ਫੇਰੀ ਅਤੇ ਬਾਬੇ ਹਾਕਮ ਨਾਲ ਭਰਪੂਰ ਮਿਲਣੀ, ਉਪਰੰਤ ਕਸੂਰ ਵਿੱਚ ਬਾਬਾ ਬੁੱਲ੍ਹੇ ਸ਼ਾਹ ਦੇ ਦਰਬਾਰ ਦੀ ਜ਼ਿਆਰਤ। ਫਿਰ ਵਾਪਸੀ 'ਤੇ ਖੋਜਗੜ੍ਹ ਦੇ ਦਰਸ਼ਨ........

ਸੱਚਮੁੱਚ ਪੰਜਾਬੀ ਖੋਜਗੜ੍ਹ ਪੜ੍ਹਨ, ਲਿਖਣ, ਸੋਚਣ, ਵਿਚਾਰਨ ਅਤੇ ਭਵਿੱਖ ਵੱਲ ਨੀਝ ਨਾਲ ਵੇਖਣ ਵਾਲਿਆਂ ਲਈ ਆਸ-ਉਮੀਦ ਦਾ ਕੇਂਦਰ ਬਣ ਰਿਹਾ ਹੈ.....

***ਸੰਪਰਕ-98149-76926***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

2-March-Sunday.qxd 3/1/2025 10:25 PM Page 4



# ਕਸ਼ਮੀਰ ਦੇ ਮਹੱਤਵਪੂਰਨ ਮੁੱਦੇ ਉਭਾਰਦੀ ਪੁਸਤਕ

## ਲਾਲ ਚੌਂਕ

**ਰੋਹਿਤ ਕੁਮਾਰ**
**ਸਫੇ : 272, ਮੁੱਲ : 300 ਰੁਪਏ**
**ਵ੍ਹਾਈਟ ਕਰੋਅ ਪਬਲੀਸ਼ਰਜ਼, ਮਾਨਸਾ**

ਫੋਕਸ

**ਚਰਚਾ ਇਕ ਪੁਸਤਕ ਦੀ**

**ਡਾ. ਤੇਜਿੰਦਰ ਵਿਰਲੀ**





ਦਿੱਲੀ ਤੇ ਕਸ਼ਮੀਰ ਵਿਚਕਾਰ ਨਿਰੰਤਰ ਚੱਲ ਰਹੀ ‘ਜੰਗ’ ਦੀ ਦਾਸਤਾਂ ਬਿਆਨ ਕਰਦੀ ਰੋਹਿਨ ਕੁਮਾਰ ਦੀ ਪੁਸਤਕ ‘ਲਾਲ ਚੌਂਕ’ ਨੇ ਦੇਸ਼ ਦੁਨੀਆ ਦੇ ਨਾਲ-ਨਾਲ਼ ਦੇਸ਼ ਦੀ ਪਾਰਲੀਮੈਂਟ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ ਹੈ। ਇਹ ਪੁਸਤਕ ਹੁਣ ਪੰਜਾਬੀ ਪਾਠਕਾਂ ਲਈ ਹਰਜੋਤ ਹੁਰਾਂ ਨੇ ਅਨੁਵਾਦ ਕਰਕੇ ਵਾਈਟ ਕਰੋਂ ਪਬਲਿਸ਼ਰ ਮੁਹਾਲੀ ਤੋਂ ਪ੍ਰਕਾਸ਼ਿਤ ਕਰਵਾ ਦਿੱਤੀ ਹੈ। 272 ਪੰਨਿਆਂ ਦੀ ਇਸ ਪੁਸਤਕ ਵਿੱਚ ਕਸ਼ਮੀਰ ਦੇ ਵੱਖ-ਵੱਖ ਵਰਗਾਂ ਨਾਲ ਖੁੱਲ੍ਹ ਕੇ ਕੀਤੀ ਹੋਈ ਗੱਲ ਦਾ ਵਿਖਿਆਨ ਹੈ। ਦਹਿਸ਼ਤਗਰਦਾਂ ਤੇ ਫ਼ੌਜੀ ਅਫਸਰਾਂ ਨੂੰ ਛੱਡ ਕੇ ਕੋਈ ਵਰਗ ਐਸਾ ਨਹੀਂ, ਜਿਸ ਨਾਲ ਰੋਹਿਨ ਕੁਮਾਰ ਨੇ ਗੱਲਬਾਤ ਨਾ ਕੀਤੀ ਹੋਵੇ।

ਬਿਹਾਰ ਮੂਲ ਦੇ ਰਹਿਣ ਵਾਲੇ ਪੱਤਰਕਾਰ ਰੋਹਿਨ ਕੁਮਾਰ ਸੁਤੰਤਰ ਪੱਤਰਕਾਰ ਦੇ ਤੌਰ ’ਤੇ ਦੇਸ਼-ਵਿਦੇਸ਼ ਵਿੱਚ ਜਾਣੇ ਜਾਂਦੇ ਹਨ।ਅੰਤਰਰਾਸ਼ਟਰੀ ਅਖਬਾਰਾਂ ਦਾਅ ਟੈਲੀਗ੍ਰਾਫ, ਅਲਜਜੀਰਾ, ਫੋਬਰਸ ਇੰਡੀਆ, ਏਸ਼ੀਆ ਨਿੱਕੀ ਅਤੇ ਏਸ਼ੀਆ ਡੈਮੋਕਰੇਸੀ ਕ੍ਰਾਨੀਕਲਸ ਵਰਗੇ ਪ੍ਰਸਿੱਧ ਅੰਤਰਰਾਸ਼ਟਰੀ ਅਖਬਾਰਾਂ-ਵੈਬਸਾਈਟਸ ਲਈ ਉਹ ਲਿਖਦੇ ਹਨ। ਉਹ ਵੱਖ-ਵੱਖ ਭੂਗੋਲਿਕ ਖਿੱਤਿਆਂ ਵਿੱਚ ਚੱਲ ਰਹੇ ਦਵੰਦ ਨੂੰ ਸਰਲ ਭਾਸ਼ਾ ਵਿੱਚ ਲੋਕਾਂ ਤੱਕ ਪਹੁੰਚਾਉਣ ਦੀ ਮੁਹਾਰਤ ਰੱਖਣ ਵਾਲੇ ਪੱਤਰਕਾਰ ਵਜੋਂ ਵੀ ਜਾਣੇ ਜਾਂਦੇ ਹਨ। ਉਹ ਪੱਤਰਕਾਰੀ ਬਾਰੇ ਇੱਕ ਵੱਖਰੀ ਧਾਰਨਾ ਪੇਸ਼ ਕਰਦੇ ਹਨ ਤੇ ਆਖਦੇ ਹਨ ਇਹ ਪੱਤਰਕਾਰੀ ਦਾ ਸੁਨਹਿਰਾ ਦੌਰ ਹੈ, ਜਿਸ ਦੌਰ ਵਿੱਚ ਰੌਲਾ ਵੱਧ ਤੇ ਕੰਮ ਘੱਟ ਹੋ ਰਿਹਾ।

ਰੋਹਿਨ ਕੁਮਾਰ ਇਸ ਨੂੰ ਵਿਸ਼ੇਸ਼ ‘ਦ੍ਰਿਸ਼ਟੀਕੋਣ’ ਦੀ ਜੰਗ ਦੱਸਦਾ ਹੈ। ਕੌਣ ਕੀ ਦੇਖ ਰਿਹਾ ਹੈ ? ਤੇ ਕਿਸ ਪਾਸੇ ਤੋਂ ਹੋ ਕੇ ਦੇਖ ਰਿਹਾ ਹੈ ? ਇਹ ਮਹੱਤਵਪੂਰਨ ਹੈ, ਪਰ ਇਹ ਕਿਤਾਬ ਸਾਰੇ ਦ੍ਰਿਸ਼ਟੀਕੋਣਾਂ ਨੂੰ ਬਰਾਬਰ ਲੈ ਕੇ ਚੱਲਣ ਦਾ ਯਤਨ ਕਰਦੀ ਹੈ। ਇਸ ਕਿਤਾਬ ਦਾ ਆਰੰਭ 1947 ਤੋਂ ਲੈ ਕੇ 2021 ਦੇ ਕੋਰੋਨਾ ਕਾਲ ਤੱਕ ਫੈਲਿਆ ਹੋਇਆ ਹੈ, ਜਦੋਂ ਇਹ ਕਿਤਾਬ ਲਿਖੀ ਜਾ ਰਹੀ ਸੀ।

ਭਾਰਤ ਇੱਕ ਮੁੱਦਤ ਤੋਂ ਕਸ਼ਮੀਰ ਨੂੰ ਆਪਣਾ ਅਭਿੰਨ ਅੰਗ ਦੱਸ ਰਿਹਾ ਹੈ ।1947 ਵਿੱਚ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੇ ਕਸ਼ਮੀਰ ਦਾ ਭਾਰਤ ਵਿੱਚ ਰਲੇਵਾਂ ਕਰਨ ਦਾ ਫੈਸਲਾ ਵਿਸ਼ੇਸ਼ ਹਾਲਤਾਂ ਦੀ ਮਜਬੂਰੀ ਵਿੱਚ ਕੀਤਾ ਸੀ। ਕਸ਼ਮੀਰ ਦਾ ਰਾਜਾ ਹਰੀ ਸਿੰਘ ਹਿੰਦੂ ਸੀ, ਪਰ ਉਥੋਂ ਦੀ ਬਹੁਤੀ ਵਸੋਂ ਮੁਸਲਮਾਨ ਸੀ। ਕਸ਼ਮੀਰ ਦਾ ਭੂਗੋਲਿਕ ਖਿੱਤਾ ਇੱਕ ਬੰਨੇ ਨਵੇਂ ਬਣੇ ਪਾਕਿਸਤਾਨ ਨਾਲ ਲੱਗਦਾ ਸੀ ਤੇ ਦੂਸਰੇ ਪਾਸੇ ਗਵਾਂਢੀ ਮੁਲਕ ਚੀਨ ਨਾਲ ਇਸ ਦੀ ਹੱਦ ਲੱਗਦੀ ਸੀ। ਇਸ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਕਸ਼ਮੀਰ ਦਾ ਭਾਰਤ ਨਾਲ ਮਿਲਣਾ ਆਪਣੇ-ਆਪ ਵਿੱਚ ਇੱਕ ਇਤਿਹਾਸਕ ਘਟਨਾ ਸੀ, ਜੋ ਅੱਜ ਵੀ ਹੈ।

22 ਅਕਤੂਬਰ 1947 ਨੂੰ ਪਾਕਿਸਤਾਨ ਤੋਂ ਆਏ ਕਬਾਇਲੀਆਂ ਵੱਲੋਂ ‘ਆਪਰੇਸ਼ਨ ਗੁਲਮਰਗ’ ਨੂੰ ਅੰਜਾਮ ਦਿੱਤਾ ਗਿਆ। ਅਸਲ ਵਿੱਚ ਕਬਾਇਲੀ ਹਮਲੇ ਨੇ ਹੀ ਕਸ਼ਮੀਰ ਨੂੰ ਭਾਰਤ ਵਿੱਚ ਰਲਣ ਲਈ ਮਜਬੂਰ ਕੀਤਾ ਸੀ। ਇਹ ਹਮਲਾ ਦੱਸਣ ਨੂੰ ਭਾਵੇਂ ਕਬਾਇਲੀਆਂ ਵੱਲੋਂ ਕੀਤਾ ਗਿਆ ਹਮਲਾ ਸੀ, ਪਰ ਇਸ ਦਾ ਸੰਚਾਲਨ ਨਵੇਂ ਬਣੇ ਪਾਕਿਸਤਾਨ ਦੀ ਸੈਨਾ ਕਰ ਰਹੀ ਸੀ।

ਲੇਖਕ ਇਤਿਹਾਸਕ ਪੁਸਤਕ ਦਾ ਹਵਾਲਾ ਦਿੰਦੇ ਲਿਖਦਾ ਹੈ, ਸਰਦਾਰ ਪਟੇਲ ਭਾਰਤ ਦੇ ਗ੍ਰਹਿ ਮੰਤਰੀ ਸਨ। ਭਾਰਤ ਸਰਕਾਰ ਦੇ ਸਕੱਤਰ ਵੀ ਪੀ ਮੈਨਨ ਸਥਿਤੀਆਂ ਦਾ ਜਾਇਜ਼ਾ ਲੈਣ ਲਈ ਕਈ ਵਾਰ ਸ੍ਰੀਨਗਰ ਗਏ। ਵਾਇਸ ਰਾਏ ਮਾਊਂਟ ਬੈਟਨ ਦੀ ਸਲਾਹ ’ਤੇ ਹਰੀ ਸਿੰਘ ਦੀ ਸਹਿਮਤੀ ਮਿਲਣ ਤੋਂ ਬਾਅਦ ਭਾਰਤੀ ਫੌਜਾਂ ਨੇ ਕਬਾਇਲੀ ਹਮਲੇ ਨੂੰ ਨਿਖੇੜਿਆ ਤੇ ਕਬਾਇਲੀਆਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ।

ਭਾਰਤ ਹਾਲੇ ਆਜ਼ਾਦ ਹੀ ਹੋਇਆ ਸੀ। ਤਰ੍ਹਾਂ-ਤਰ੍ਹਾਂ ਦੀਆਂ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਸਨ। ਪੰਡਿਤ ਜਵਾਹਰ ਲਾਲ ਨਹਿਰੂ ਨਹੀਂ ਚਾਹੁੰਦੇ ਸਨ ਕਿ ਭਾਰਤ, ਪਾਕਿਸਤਾਨ ਦੇ ਨਾਲ ਲੰਮੇ ਸਮੇਂ ਤੱਕ ਉਲਝਿਆ ਰਹੇ। ਉਹ ਸਮਝਦੇ ਸਨ ਕਿ ਬਿਨਾਂ ਲੋਕਾਂ ਦੀ ਇੱਛਾ ਦੇ ਜੰਮੂ ਅਤੇ ਕਸ਼ਮੀਰ ਦਾ ਭਾਰਤ ਨਾਲ ਸੰਪੂਰਨ ਰਲੇਵਾਂ ਨਹੀਂ ਹੋ ਸਕੇਗਾ। ਰਾਮਚੰਦਰ ਗੁਹਾ ਦੀ ਕਿਤਾਬ ‘ਇੰਡੀਆ ਆੱਫ਼ਟਰ ਗਾਂਧੀ’ ਵਿਚ ਨਹਿਰੂ ਦੇ ਮਹਾਰਾਜਾ ਹਰੀ ਸਿੰਘ ਨੂੰ ਲਿਖੇ ਪੱਤਰ ਦਾ ਜ਼ਿਕਰ ਮਿਲਦਾ ਹੈ। ਨਹਿਰੂ ਕਸ਼ਮੀਰ ਮਸਲੇ ਨੂੰ ਸੁਲਝਾਉਣ ਲਈ ਸੰਭਾਵਿਤ ਵਿਕਲਪ ਪੇਸ਼ ਕਰਦੇ ਹਨ। ਪਹਿਲਾ, ਇਹ ਕਿ ਜੰਮੂ ਅਤੇ ਕਸ਼ਮੀਰ ਵਿਚ ਜਨ-ਮੱਤ ਸੰਗ੍ਰਹਿ ਕੀਤਾ ਜਾਵੇ ਅਤੇ ਲੋਕਾਂ ਦੀ ਰਾਏ ਦੇ ਹਿਸਾਬ ਨਾਲ ਤੈਅ ਹੋਵੇ ਕਿ ਉਹ ਭਾਰਤ ਦਾ ਹਿੱਸਾ ਬਣਨਾ ਚਾਹੁੰਦੇ ਹਨ ਜਾਂ ਪਾਕਿਸਤਾਨ ਦਾ। ਦੂਜਾ, ਜੇਕਰ ਕਸ਼ਮੀਰ ਸੁਤੰਤਰ ਰਹਿਣਾ ਚਾਹੁੰਦਾ ਹੈ ਤਾਂ ਉਸ ਸੰਦਰਭ ਵਿਚ ਭਾਰਤ ਅਤੇ ਪਾਕਿਸਤਾਨ, ਦੋਵੇਂ ਹੀ ਜੰਮੂ ਅਤੇ ਕਸ਼ਮੀਰ ਨੂੰ ਸੁਰੱਖਿਆ ਪ੍ਰਦਾਨ ਕਰਨਗੇ। ਤੀਜਾ, ਜੰਮੂ ਅਤੇ ਕਸ਼ਮੀਰ ਦੀ ਵੰਡ। ਜੰਮੂ ਭਾਰਤ ਦੇ ਨਾਲ ਰਲ ਜਾਵੇ ਅਤੇ ਕਸ਼ਮੀਰ ਪਾਕਿਸਤਾਨ ਦੇ ਨਾਲ। ਚੌਥਾ, ਜੰਮੂ ਅਤੇ ਕਸ਼ਮੀਰ ਭਾਰਤ ਦੇ ਨਾਲ ਰਲੇਵਾਂ ਕਰ ਲਵੇ ਅਤੇ ਪੁੰਛ ਤੇ ਉਸ ਦੇ ਨਾਲ ਜੁੜੇ ਇਲਾਕੇ ਪਾਕਿਸਤਾਨ ਨੂੰ ਦੇ ਦਿੱਤੇ ਜਾਣ। ਨਹਿਰੂ ਦੀ ਸਮਝ ਸੀ ਕਿ ਪੁੰਛ ਦੀ ਜ਼ਿਆਦਾਤਰ ਆਬਾਦੀ ਪਾਕਿਸਤਾਨ ਨੂੰ ਦੇ ਦਿੱਤੀ ਜਾਵੇ। ਕਿਉਂਕਿ ਪੁੰਛ ਦੀ ਜ਼ਿਆਦਾਤਰ ਆਬਾਦੀ ਭਾਰਤੀ ਸੰਘ ਦੇ ਖ਼ਿਲਾਫ਼ ਸੀ। ਨਹਿਰੂ ਦਾ ਝੁਕਾਅ ਚੌਥੇ ਵਿਕਲਪ ਦੇ ਵੱਲ ਜ਼ਿਆਦਾ ਸੀ। ਨਹਿਰੂ ਨੇ ਲਿਖਿਆ, ਇਹ ਮਹੱਤਵਪੂਰਨ ਹੈ ਕਿ ਕਸ਼ਮੀਰ ਭਾਰਤੀ ਸੰਘ ਦੇ ਨਾਲ਼ ਰਹੇ, ਪਰ ਅਸੀਂ ਇਹ ਸ਼ਾਇਦ ਜਿੰਨਾ ਮਰਜ਼ੀ ਚਾਹੁੰਦੇ ਹੋਈਏ, ਇਹ ਕਸ਼ਮੀਰ ਦੇ ਲੋਕਾਂ ਦੀ ਇੱਛਾ ਦੇ ਬਿਨਾਂ ਸੰਭਵ ਨਹੀਂ ਹੋਵੇਗਾ। ਮਿਲਟਰੀ ਦੀ ਬਦੌਲਤ ਅਸੀਂ ਕਸ਼ਮੀਰ ਨੂੰ ਕੁਝ ਸਮੇਂ ਤੱਕ ਨਾਲ਼ ਰੱਖ ਸਕਦੇ ਹਾਂ, ਪਰ ਲੰਮੇ ਸਮੇਂ ਦੌਰਾਨ ਇਸ ਉੱਤੇ ਲੋਕਾਂ ਦੀ ਸਖ਼ਤ ਪ੍ਰਤੀਕਿਰਿਆ ਮਿਲਣ ਦੀ ਪੂਰੀ ਸੰਭਾਵਨਾ ਹੈ। ਇਹ ਲੋਕਾਂ ਦੇ ਲਈ ਇਕ ਮਨੋਵਿਗਿਆਨਕ ਦ੍ਰਿਸ਼ਟੀਕੋਣ ਦਾ ਮਸਲਾ ਹੋਵੇਗਾ ਅਤੇ ਸਾਨੂੰ ਉਨ੍ਹਾਂ ਨੂੰ ਇਹ ਅਹਿਸਾਸ ਦਿਵਾਉਣਾ ਪਵੇਗਾ ਕਿ ਭਾਰਤੀ ਸੰਘ ਦੇ ਨਾਲ ਰਹਿਣ ਵਿਚ ਉਨ੍ਹਾਂ ਦੀ ਭਲਾਈ ਹੈ। ਜੇਕਰ ਇਕ ਆਮ ਮੁਸਲਮਾਨ ਭਾਰਤੀ ਸੰਘ ਦੇ ਨਾਲ ਸੁਰੱਖਿਅਤ ਮਹਿਸੂਸ ਨਹੀਂ ਕਰੇਗਾ ਤਾਂ ਨਿਰਸੰਦੇਹ ਉਹ ਦੂਜੇ ਪਾਸੇ ਆਪਣਾ ਝੁਕਾਅ ਰੱਖੇਗਾ। ਸਾਡੀਆਂ ਨੀਤੀਆਂ ਇਸੇ ਦ੍ਰਿਸ਼ਟੀ ਦੇ ਨਾਲ ਬਣਨ, ਨਹੀਂ ਤਾਂ ਅਸੀਂ ਨਾਕਾਮ ਹੋਵਾਂਗੇ। ( ਪੰਨਾ 23)

ਇੱਕ ਜਨਵਰੀ 1948 ਨੂੰ ਵਾਇਸਰਾਏ ਲਾਰਡ ਮਾਊਂਟਬੇਟਨ ਦੀ ਸਲਾਹ ਨਾਲ ਇਹ ਮਸਲਾ ਯੂਨਾਈਟਿਡ ਨੇਸ਼ਨ ਤੱਕ ਪਹੁੰਚ ਜਾਂਦਾ ਹੈ।

ਇਸ ਸਮੇਂ ਨੈਸ਼ਨਲ ਕਾਨਫਰੰਸ ਦੇ ਸ਼ੇਖ ਅਬਦੁੱਲਾ ਜੰਮੂ ਕਸ਼ਮੀਰ ਦੇ ਪ੍ਰਧਾਨ ਮੰਤਰੀ ਬਣ ਚੁੱਕੇ ਸਨ। ਯੂਨਾਈਟਿਡ ਨੇਸ਼ਨ ਦੇ ਦਖਲ ਨਾਲ ਦਸੰਬਰ 1948 ਵਿੱਚ ਸੀਜ਼ ਫਾਇਰ ਹੋਇਆ। ਭਾਰਤ ਦੀ ਜ਼ਿੰਮੇਵਾਰੀ ਸੀ ਕਿ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਵਾਇਆ ਜਾਵੇ, ਇਹ ਜ਼ਿੰਮੇਵਾਰੀ ਯੂਨਾਈਟਿਡ ਨੇਸ਼ਨ ਵੱਲੋਂ ਭਾਰਤ ਨੂੰ ਦਿੱਤੀ ਗਈ ਸੀ ਢੁਕਵਾਂ ਮਾਹੌਲ ਬਣਾਉਣ ਲਈ। ਭਾਰਤ ਦੇ ਰਾਜਾ ਹਰੀ ਸਿੰਘ ਨੂੰ ਸੂਬੇ ਤੋਂ ਬੇਦਖਲ ਕਰ ਦਿੱਤਾ ਗਿਆ ਸੀ, ਕਿਉਂਕਿ ਸੂਬੇ ਦੀ ਬਹੁਤ ਸਾਰੀ ਵਸੋਂ ਦਾ ਗੁੱਸਾ ਰਾਜਾ ਹਰੀ ਸਿੰਘ ਨਾਲ ਵਧ ਗਿਆ ਸੀ ਰਾਜਨੀਤਕ ਕਾਰਨਾਂ ਕਰਕੇ ਜਨਮਤ ਸੰਗ੍ਰਹਿ ਲਮਕਾਇਆ ਜਾਂਦਾ ਰਿਹਾ। 7 ਅਕਤੂਬਰ 1949 ਨੂੰ ਭਾਰਤੀ ਸੰਵਿਧਾਨ ਵਿੱਚ ਧਾਰਾ 370 ਜੋੜ ਦਿੱਤੀ ਗਈ ਤਾਂ ਕਿ ਕਸ਼ਮੀਰੀਆਂ ਦੇ ਦਿਲ ਜਿੱਤੇ ਜਾ ਸਕਣ।

ਇਸ ਦੇ ਨਾਲ-ਨਾਲ਼ ਯੂਨਾਈਟਿਡ ਨੇਸ਼ਨ ਹੋਰ ਸੰਭਾਵਿਤ ਯੋਜਨਾਵਾਂ ਉੱਪਰ ਕੰਮ ਕਰਨ ਲੱਗਾ। ਇਹਨਾਂ ਵਿੱਚੋਂ ਇੱਕ ਪ੍ਰਮੁੱਖ ਯੋਜਨਾ ਸੀ ਡੈਕਸਨ ਯੋਜਨਾ। ਆਸਟਰੇਲੀਆ ਦੇ ਮਸ਼ਹੂਰ ਜੱਜ ਸਰ ਉਹਵੀਨ ਡੈਕਸਨ ਇੱਕ ਨਿਰਪੱਖ ਤੇ ਇਮਾਨਦਾਰ ਜੱਜ ਵਜੋਂ ਜਾਣੇ ਜਾਂਦੇ ਸਨ, ਉਹਨਾਂ ਦੀ ਨਿਯੁਕਤੀ ਯੂਨਾਈਟਿਡ ਨੇਸ਼ਨ ਵੱਲੋਂ ਜੰਮੂ ਕਸ਼ਮੀਰ ਦੇ ਮਸਲੇ ਨੂੰ ਹੱਲ ਕਰਨ ’ਤੇ ਲਾਈ ਗਈ ਸੀ।

1951 ਵਿੱਚ ਜੰਮੂ ਕਸ਼ਮੀਰ ਅੰਦਰ ਚੋਣਾਂ ਹੋਈਆਂ, ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਚੋਣਾਂ ਜਿੱਤ ਗਈ। ਅਬਦੁੱਲਾ ਨੇ ਕਿਹਾ, ਕਸ਼ਮੀਰ ਦੇ ਆਜ਼ਾਦ ਰਹਿਣ ਦਾ ਫੈਸਲਾ ਆਦਰਸ਼ਕ ਫੈਸਲਾ ਹੁੰਦਾ ਜੇ ਕਬਾਇਲੀਆਂ ਦਾ ਹਮਲਾ ਨਾ ਹੋਇਆ ਹੁੰਦਾ। ਉਹਨਾਂ ਕਿਹਾ ਕਿ ਇਹ ਆਦਰਸ਼ਕ ਫ਼ੈਸਲਾ ਤਾਂ ਹੈ, ਪਰ ਪ੍ਰੈਕਟੀਕਲ ਨਹੀਂ ਹੈ। ਉਦੋਂ ਇੱਕ ਸਮਝੌਤਾ ਹੋਇਆ ਕਿ ਕਸ਼ਮੀਰ ਭਾਰਤੀ ਸੰਘ ਦਾ ਹਿੱਸਾ ਹੁੰਦਾ ਹੋਇਆ ਵੀ ਖ਼ੁਦਮੁਖਤਿਆਰ ਰਹੇਗਾ।

ਕਸ਼ਮੀਰ ਦੇ ਭਾਰਤੀ ਸੰਗ ਨਾਲ ਰਲੇਵੇਂ ਦੀ ‘ਸਟਰਮੈਂਟ ਆਫ ਐਕਸੈਸਨ’ ਵਿਚ ਲਿਖਦਾ ਹੈ ਕਿ ਭਾਰਤੀ ਸੰਸਦ ਜੰਮੂ ਕਸ਼ਮੀਰ ਦੇ ਸੰਬੰਧ ਵਿੱਚ ਕੇਵਲ ਰੱਖਿਆ, ਵਿਦੇਸ਼ ਅਤੇ ਸੰਚਾਰ ਨਾਲ ਸੰਬੰਧਤ ਖੇਤਰਾਂ ਵਿੱਚ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ, ਬਾਕੀ ਸਾਰੇ ਖੇਤਰਾਂ ਵਿੱਚ ਕਾਨੂੰਨ ਜੰਮੂ ਕਸ਼ਮੀਰ ਦੀ ਚੁਣੀ ਹੋਈ ਸਰਕਾਰ ਬਣਾਵੇਗੀ। ਕਸ਼ਮੀਰ ਨੂੰ ਆਪਣਾ ਝੰਡਾ ਰੱਖਣ, ਸੂਬੇ ਦੇ ਮੁਖੀ ਨੂੰ ਪ੍ਰਧਾਨ ਮੰਤਰੀ ਕਹੇ ਜਾਣ ਦਾ ਅਧਿਕਾਰ ਪ੍ਰਾਪਤ ਕਰਦਾ ਹੈ। ਇਸ ਦੇ ਨਾਲ ਹੀ ਗੈਰ ਕਸ਼ਮੀਰੀ ਸੂਬੇ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਇਹ ਧਾਰਾ ਵੀ ਦਰਜ ਕੀਤੀ ਗਈ। ਇਹ ਦਰਜ ਕਰਨ ਦਾ ਕਾਰਨ ਇਹ ਸੀ ਕਿ ਸੂਬੇ ਦੀ ਡੈਮੋਗ੍ਰਾਫੀ ਤਬਦੀਲ ਨਾ ਕੀਤੀ ਜਾਵੇ।

ਨੈਸ਼ਨਲ ਕਾਨਫਰੰਸ ਦੀ ਫਾਰੂਕ ਅਬਦੁਲਾ ਸਰਕਾਰ ਨੇ ਜਿੱਤਦੇ ਸਾਰ ਹੀ ‘ਬਿਗ ਲੈਂਡਡ ਇਸਟੇਟਸ ਐਬੋਲੀਸ਼ਨ ਐਕਟ 1950’ ਲਿਆਂਦਾ, ਜਿਸ ਦਾ ਮਕਸਦ ਜੰਮੂ ਕਸ਼ਮੀਰ ਵਿੱਚ ਭੂਮੀ ਸੁਧਾਰ ਕਾਨੂੰਨ ਲਾਗੂ ਕਰਨਾ ਸੀ। ਇਸ ਸੂਬੇ ਵਿੱਚ ਭੂਮੀ ਸੁਧਾਰਾਂ ਦੀ ਬਹੁਤ ਵੱਡੀ ਲੋੜ ਮਹਿਸੂਸ ਕੀਤੀ ਜਾਂਦੀ ਸੀ, ਕਿਉਂਕਿ ਭੂਮੀ ਦੀ ਮਾਲਕੀ ਚੰਦ ਜਗੀਰਦਾਰ ਹਿੰਦੂਆਂ ਦੇ ਕੋਲ਼ ਸੀ ਤੇ ਬਾਕੀ ਮੁਜ਼ਾਰੇ ਮੁਸਲਮਾਨ ਸਨ। ਬਹੁਗਿਣਤੀ ਇਸ ਗੱਲ ਦੇ ਹੱਕ ਵਿੱਚ ਸੀ ਕਿ ਭੂਮੀ ਹਲਵਾਹਕ ਨੂੰ ਦਿੱਤੀ ਜਾਵੇ। ਸ਼ੇਖ ਅਬਦੁੱਲਾ ਦੀ ਸਰਕਾਰ ਨੇ 40 ਹਜ਼ਾਰ ਏਕੜ ਜ਼ਮੀਨ ਭੂਮੀ ਹੀਣਾਂ ਦੇ ਨਾਂਅ ਕਰ ਦਿੱਤੀ। ਇਸ ਦੇ ਨਾਲ ਹੀ ਹਿੰਦੂ ਜਗੀਰਦਾਰਾਂ ਅੰਦਰ ਇੱਕ ਗੁੱਸੇ ਦੀ ਲਹਿਰ ਫੈਲ ਗਈ। ਉਹਨਾਂ ਦਾ ਮੁਸਲਮਾਨ ਹਾਕਮ ਤੋਂ ਵਿਸ਼ਵਾਸ ਉੱਠ ਗਿਆ। ਫਾਰੂਕ ਅਬਦੁੱਲਾ ਦੀ ਸਰਕਾਰ ਨੇ ਹਿੰਦੂ ਜਗੀਰਦਾਰਾਂ ਨੂੰ ਬਣਦਾ ਮੁਆਵਜ਼ਾ ਵੀ ਨਹੀਂ ਦਿੱਤਾ, ਇਸ ਕਰਕੇ ਇਹ ਗੁੱਸਾ ਅੱਗ ਬਣ ਕੇ ਭੜਕਣਾ ਸ਼ੁਰੂ ਹੋ ਗਿਆ। ਜੰਮੂ ਤੇ ਕਸ਼ਮੀਰ ਏਰੀਏ ਵਿੱਚ ਕਈ ਤਰ੍ਹਾਂ ਦੀ ਬੇਚੈਨੀ ਇਸ ਫੈਸਲੇ ਨਾਲ ਉੱਭਰ ਕੇ ਸਾਹਮਣੇ ਆਈ।

ਦੇਸ਼ ਭਰ ਦੇ ਹਿੰਦੂਆਂ ਵਿੱਚ ਇਸ ਨੂੰ ਲੈ ਕੇ ਚਰਚਾ ਹੋਣ ਲੱਗੀ। ਉਸ ਸਮੇਂ ਡਾਕਟਰ ਸ਼ਾਮਾ ਪ੍ਰਸ਼ਾਦਿ ਮੁਕਰਜੀ ਜਨ ਸੰਘ ਦੇ ਮੁਖੀ ਸਨ। ਜਨਸੰਘ ਹਿੰਦੂਆਂ ਵਿੱਚ ਕੰਮ ਕਰਨ ਵਾਲੀ ਰਾਜਸੀ ਧਿਰ ਸੀ। ਇਸ ਮੌਕੇ ਹਿੰਦੂਆਂ ਦੀ ਬੇਚੈਨੀ ਦਾ ਫਾਇਦਾ ਉਠਾ ਕੇ ਆਪਣਾ ਜਨ ਆਧਾਰ ਵਧਾਉਣਾ ਚਾਹੁੰਦੀ ਸੀ। ਦੇਸ਼ ਭਰ ਵਿੱਚ ਕਸ਼ਮੀਰ ਮਸਲੇ ਨੂੰ ਲੈ ਕੇ ਜਨ ਸੰਘ ਨੇ ਅੰਦੋਲਨ ਸ਼ੁਰੂ ਕਰ ਦਿੱਤੇ। 8 ਮਈ 1953 ਨੂੰ ਜਨ ਸੰਘ ਦੇ ਮੁਖੀ ਡਾਕਟਰ ਸ਼ਾਮਾ ਪ੍ਰਸ਼ਾਦਿ ਮੁਕਰਜੀ ਸ੍ਰੀਨਗਰ ਪਹੁੰਚੇ ਤੇ ਉੱਥੇ ਅਬਦੁੱਲਾ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। 22 ਜੂਨ 1953 ਨੂੰ ਉਹਨਾਂ ਦੀ ਪੁਲਸ ਕਸਟਡੀ ਵਿੱਚ ਮੌਤ ਹੋ ਗਈ। ਇਹ ਮੌਤ ਅਜੇ ਤੱਕ ਰਹੱਸ ਬਣੀ ਹੋਈ ਹੈ। ਪੁਲਸ ਮੁਤਾਬਕ ਉਹਨਾਂ ਨੂੰ ਹਾਰਟ ਅਟੈਕ ਹੋ ਗਿਆ ਸੀ, ਪਰ ਜਨਸੰਘ ਦੇ ਆਗੂ ਅੱਜ ਵੀ ਮੰਨਦੇ ਹਨ ਕਿ ਡਾਕਟਰ ਸ਼ਾਮਾ ਪ੍ਰਸ਼ਾਦਿ ਮੁਕਰਜੀ ਦਾ ਕਤਲ ਕੀਤਾ ਗਿਆ।

ਲੇਖਕ ਇਤਿਹਾਸਕ ਹਵਾਲਿਆਂ ਨਾਲ ਦੱਸਦਾ ਹੈ ਕਿ ਭਾਰਤ ਨੂੰ ਅਹਿਸਾਸ ਹੋ ਗਿਆ ਸੀ ਕਿ ਕਸ਼ਮੀਰ ਵਿੱਚ ਪਾਕਿਸਤਾਨ ਤੇ ਚੀਨ ਦੋਨਾਂ ਦੀ ਦਿਲਚਸਪੀ ਹੈ। 1962 ਵਿੱਚ ਇੱਕ ਵਾਰ ਫਿਰ ਚੀਨ ਲੱਦਾਖ਼ ਵਿੱਚ ਵੜ ਗਿਆ ਸੀ। ਚੀਨ ਦੀ ਯੋਜਨਾ ਲੱਦਾਖ਼ ਵਿੱਚ ਸੜਕ ਬਣਾਉਣ ਦੀ ਸੀ, ਜੋ ਸ਼ਿਨਜਿਯਾਂਗ ਅਤੇ ਤਿੱਬਤ ਨੂੰ ਜੋੜਦੀ।

1965 ਦੀ ਜੰਗ ਸਮੇਂ ਸਥਾਨਕ ਕਸ਼ਮੀਰੀਆਂ ਨੇ ਪਾਕਿਸਤਾਨੀ ਘੁਸਪੈਠੀਆਂ ਨੂੰ ਫੜਨ ਵਿੱਚ ਭਾਰਤ ਸਰਕਾਰ ਦੀ ਮਦਦ ਕੀਤੀ ਸੀ। ਇਤਿਹਾਸ ਇਸ ਦਾ ਗਵਾਹ ਹੈ।

27 ਮਈ 1964 ਨੂੰ ਪ੍ਰਧਾਨ ਮੰਤਰੀ ਨਹਿਰੂ ਦੀ ਮੌਤ ਦੇ ਨਾਲ ਕਸ਼ਮੀਰ ਮਸਲੇ ਉੱਤੇ ਉਹਨਾਂ ਦੀ ਸੰਵੇਦਨਸ਼ੀਲਤਾ ਕਿਸੇ ਸਿਆਸਤਦਾਨ ਨੇ ਨਹੀਂ ਦਿਖਾਈ। ਅਟਲ ਬਿਹਾਰੀ ਵਾਜਪਾਈ ਨੂੰ ਇੱਕ ਅਪਵਾਦ ਕਿਹਾ ਜਾ ਸਕਦਾ ਹੈ ।

1971 ਵਿੱਚ ਭਾਰਤ-ਪਾਕਿ ਯੁੱਧ ਬਾਰੇ ਮੁਸਲਮਾਨ ਭਾਈਚਾਰੇ ਦੀ ਇਹ ਸਮਝਦਾਰੀ ਬਣੀ ਕਿ ਇਹ ਯੁੱਧ ਭਾਰਤ ਦੀ ਹੀ ਸਾਜ਼ਿਸ਼ ਸੀ। ਉਹਨਾਂ ਨੇ ਮੁਸਲਮਾਨ ਏਕਤਾ ਨੂੰ ਤੋੜਨ ਵਜੋਂ ਇਸ ਯੁੱਧ ਨੂੰ ਦੇਖਿਆ। ਜੁਲਾਈ 1972 ਵਿੱਚ ਭਾਰਤ ਤੇ ਪਾਕਿਸਤਾਨ ਦੇ ਵਿਚਕਾਰ ਜਿਹੜਾ ਸ਼ਾਂਤੀ ਸਮਝੌਤਾ ਹੋਇਆ, ਉਸ ਨੂੰ ਸ਼ਿਮਲਾ ਸਮਝੌਤਾ ਕਿਹਾ ਜਾਂਦਾ ਹੈ।

1986 ਵਿੱਚ ਬਾਬਰੀ ਮਸਜਿਦ ਦੇ ਦਰਵਾਜ਼ੇ ਖੋਲ੍ਹਣ ਦੇ ਆਦੇਸ਼ ਦੇਣ ਨਾਲ ਦੇਸ਼ ਅੰਦਰ ਸੰਪ੍ਰਦਾਇਕ ਮਾਹੌਲ ਜ਼ੋਰ ਫੜਨ ਲੱਗਾ। ਇਸ ਸਮੇਂ ਕਸ਼ਮੀਰੀ ਪੰਡਤਾਂ ਵਿਰੁੱਧ ਹਿੰਸਾ ਦੇ ਮਾਮਲੇ ਸਾਹਮਣੇ ਆਉਣ ਲੱਗੇ। ਅਨੰਤਨਾਗ ਮੁਫ਼ਤੀ ਮੁਹੰਮਦ ਸਈਦ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਯਥਾਰਥ ਤੇ ਲੋਕ ਚੇਤਨਾ ਦਾ ਕਾਵਿ ਪ੍ਰਵਾਹ

## ਪਾਣੀ ਹੁਣ ਪੁੱਛਣ ਸਾਨੂੰ

**(ਕਾਵਿ ਪੁਸਤਕ)**
**ਸਵਰਨ ਸਿੰਘ ਧਾਲੀਵਾਲ**
**ਪੰਨਾ :160, ਮੁੱਲ :150 ਰੁਪਏ**
**ਚਿੰਤਨ ਪ੍ਰਕਾਸ਼ਨ, ਲੁਧਿਆਣਾ**

**ਸਾਹਿਤ ਚਿੰਤਨ**

**ਅਰਵਿੰਦਰ ਕੌਰ ਕਾਕੜਾ**



ਕਵੀਸ਼ਰੀ ਕਾਵਿ ਦਾ ਇੱਕ ਰੂਪ ਹੈ, ਜੋ ਪੰਜਾਬੀ ਲੋਕ-ਗਾਇਕੀ ਦਾ ਹਰਮਨਪਿਆਰਾ ਇੱਕ ਖ਼ਾਸ ਜੋਸ਼ੀਲਾ ਅੰਦਾਜ਼ ਹੈ। ਇਹ ਕਾਵਿ ਸੰਗੀਤਕ ਸਾਜ਼ ਤੋਂ ਬਿਨਾਂ ਕਿਤੇ ਵੀ ਗਾਇਆ ਜਾ ਸਕਦਾ ਹੈ।ਇਸ ਦੀ ਸਿਰਜਣਾ ਦਾ ਪਹਿਲਾ ਸਿਹਰਾ ਮਾਲਵੇ ਦੀ ਧਰਤੀ ਨੂੰ ਜਾਂਦਾ ਹੈ। ਇਸ ਧਰਤੀ ’ਤੇ ਪੈਦਾ ਹੋਏ ਅਨੇਕਾਂ ਕਵੀਸ਼ਰਾਂ ਨੇ ਆਪਣਾ ਦੇਸ਼ / ਵਿਦੇਸ਼ ਵਿੱਚ ਨਾਮਣਾ ਖੱਟਿਆ ਹੈ।ਇਸੇ ਰਾਹਾਂ ’ਤੇ ਤੁਰ ਰਹੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਦੀ ਮਕਬੂਲੀਅਤ ਕਿਸੇ ਜਾਣ-ਪਹਿਚਾਣ ਦੀ ਮੁਥਾਜ਼ ਨਹੀਂ ਹੈ। ਲੋਕ ਸੰਘਰਸ਼ੀ ਪਿੜਾਂ, ਜਮਹੂਰੀ ਧਿਰਾਂ ਦੇ ਸਮਾਗਮ ਇਸ ਕਵੀਸ਼ਰੀ ਜਥੇ ਦੇ ਸੰਗੀਤ ਤੋਂ ਕਦੇ ਵਾਂਝੇ ਨਹੀਂ ਰਹੇ। ਇਹ ਜਥਾ ਕਵੀਸ਼ਰੀਆਂ ਲਿਖਣ ਤੇ ਗਾਉਣ ਵਿੱਚ ਕਾਰਜਸ਼ੀਲ ਹੈ ਤੇ ਲੋਕ ਚੇਤਨਾ ਦਾ ਪ੍ਰਸਾਰ ਕਰਨ ਵਿੱਚ ਇਸ ਦੀ ਕਿਰਿਆਸ਼ੀਲਤਾ ਆਪਣੀ ਅਹਿਮ ਸਪੇਸ ਰੱਖਦੀ ਹੈ।ਉਂਝ ਕਵੀਸ਼ਰੀ ਲਿਖਣਾ ਹਰ ਕਵੀ ਦੇ ਵਸ ਵਿੱਚ ਨਹੀਂ ਹੁੰਦਾ। ਅਸਲ ਵਿੱਚ ਕਵੀਸ਼ਰੀ ਉਚੀ ਅਤੇ ਲਚਕਦਾਰ ਅਵਾਜ਼ ਵਿੱਚ ਛੰਦ-ਬੱਧ ਗਾਉਣ ਵਾਲੀ ਕਵਿਤਾ ਹੁੰਦੀ ਹੈ। ਕਵੀਸ਼ਰੀ ਲੋਕ ਮਨ ਦੇ ਨੇੜੇ ਦਾ ਕਾਵਿ ਰੂਪ ਹੈ।ਇਸ ਦੀ ਸੁਰ ਅਤੇ ਸ਼ਬਦ ਸੁਣਨ ਵਾਲੇ ’ਤੇ ਸਿੱਧਾ ਪ੍ਰਭਾਵ ਪਾਉਂਦੇ ਹਨ।ਕਵੀਸ਼ਰੀ ਲੋਕ ਪ੍ਰਚੱਲਤ ਕਾਵਿ ਰੂਪ ਹੈ। ਜੇਕਰ ਸਟੇਜਾਂ ’ਤੇ ਪੇਸ਼ਕਾਰੀ ਕਰਨ ਵਾਲਾ ਤੇ ਉਸ ਪੇਸ਼ਕਾਰੀ ਦਾ ਸਿਰਜਕ ਇੱਕ ਹੋਵੇ ਤਾਂ ਉਸ ਦੀ ਖ਼ੂਬਸੂਰਤੀ ਹੋਰ ਵੀ ਵਧ ਜਾਂਦੀ ਹੈ।ਰਸੂਲਪੁਰ ਜਥਾ ਇਸੇ ਹੀ ਸ਼੍ਰੇਣੀ ਵਿੱਚ ਆਉਂਦਾ ਹੈ।

ਇਸ ਪੁਸਤਕ ਤੋਂ ਪਹਿਲਾਂ ਅਮਰਜੀਤ ਪਰਦੇਸੀ ਤੇ ਸਵਰਨ ਦੇ ‘ਮਜ਼ਦੂਰਾਂ ਦੇ ਗੀਤ’ ਪੁਸਤਕ (1993), ਜੋ ਗੀਤਾਂ ਤੇ ਕਵੀਸ਼ਰੀਆਂ ਦੀ ਪੁਸਤਕ ਨੂੰ ਸਭ ਤੋਂ ਪਹਿਲਾਂ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਨੇ ਛਾਪਿਆ ਸੀ। ਦੂਜੀ ਕਿਤਾਬ ‘ਗੀਤ ਕਾਮਿਆਂ ਦੇ’ 1996 ਵਿੱਚ ਛਪੀ ਸੀ। ਇਸ ਕਵੀਸ਼ਰੀ ਜਥੇ ਦੀ ਪਹਿਲੀ ਆਡੀਓ ਕੈਸਟ ਲਾਲ ਸਿੰਘ ਬੱਧਨੀ ਦੀ ਭੱਠਾ ਮਜ਼ਦੂਰ ਔਰਤ ਦਾ ਕਿੱਸਾ ਸੀ ‘ਕਿਰਤ ਦਾ ਰਾਗ’ ਤੇ ਦੂਜੀ ਆਡੀਓ ਕੈਸੇਟ ‘ਅੰਬਰਾਂ ’ਤੇ ਪੈੜਾਂ।’

ਹਰਕੇਸ਼ ਚੌਧਰੀ ਮੁਲਾਂਪੁਰ ਦੀ ਟੀਮ ਅਤੇ ਕਿਸਾਨ ਆਗੂ ਇੰਦਰਜੀਤ ਧਾਲੀਵਾਲ ਦੇ ਸਹਿਯੋਗ ਨਾਲ ਰਿਲੀਜ਼ ਹੋਈ ਤੀਜੀ ਕੈਸੇਟ ‘ਇਨਕਲਾਬੀ ਕਵੀਸ਼ਰੀ’ ਪਲਸ ਮੰਚ ਨੇ ਕਢਵਾਈ।

ਇਹ ਲੈਅ-ਬੱਧ ਕਵਿਤਾ ਦੀ ਪੁਸਤਕ ਦਾ ਸਿਰਜਕ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਹੈ।ਇਸ ਪੁਸਤਕ ਦੀਆਂ ਜ਼ਿਆਦਾ ਰਚਨਾਵਾਂ ਅਮਰਜੀਤ ਪ੍ਰਦੇਸੀ, ਸਵਰਨ ਸਿੰਘ ਰਸੂਲਪੁਰ ਤੇ ਬਾਕੀ ਸਾਥੀਆਂ ਦੀਆਂ ਹਨ ।ਇਹ ਸਮੁੱਚੀ ਪੁਸਤਕ ਸੰਪੂਰਨ ਇਨਕਲਾਬੀ ਜਥੇ ਦੀ ਨੁਮਾਇੰਦਗੀ ਕਰਦੀ ਹੈ।ਇਸ ਪੁਸਤਕ ਵਿੱਚ ਬਹੁਤ ਸਾਰੇ ਗੀਤ ਤੇ ਕਵੀਸ਼ਰੀਆਂ ਵੱਖ-ਵੱਖ ਸਟੇਜਾਂ ’ਤੇ ਇਸ ਜਥੇ ਵੱਲੋਂ ਗਾਈਆਂ ਗਈਆਂ ਹਨ। ਇਸ ਨੂੰ ਗਾਉਣ ਦਾ ਅੰਦਾਜ਼ ਕਮਾਲ ਦਾ ਹੈ। ਇਸ ਵਿਚਲੀ ਛੰਦਾਵਲੀ ਜਿੱਥੇ ਲੋਕ ਧੁਨੀ ਨੂੰ ਵਿਸਥਾਰਿਤ ਕਰਦੀ ਹੈ, ਨਾਲੋ-ਨਾਲ ਬੀਰਰਸ ਦੀ ਹਾਜ਼ਰੀ ਨੂੰ ਵੀ ਆਪਣੀ ਜ਼ਿੰਦਜਾਨ ਬਣਾਉਂਦੀ ਹੈ।ਕੁਰਬਾਨੀ ਦੀ ਵਿਰਾਸਤ ’ਤੇ ਪਹਿਰਾ ਦਿੰਦੀਆਂ ਇਹ ਰਚਨਾਵਾਂ ਆਪਣੇ ਗੌਰਵਮਈ ਇਤਿਹਾਸ ’ਤੇ ਮਾਣ ਕਰਨਾ ਸਿਖਾਉਂਦੀਆਂ ਹਨ।

ਚੌਂਕ ਚਾਂਦਨੀ ਅੱਜ ਵੀ, ਸਾਡੇ ਪਾਸ ਪੁਰਖਿਆਂ ਦਾ,
ਨਾ ਭੁਲਿਓ ਨਾ ਭੁਲਿਓ ਇਹ ਇਤਿਹਾਸ ਪੁਰਖਿਆਂ ਦਾ।

ਇਸ ਕਵਿਤਾ ਕੋਲ ਅਹਿਸਾਸ ਹੈ ਕਿ ਲੋਕ ਮਨਾਂ ਤੱਕ ਕਿਵੇਂ ਪਹੁੰਚਣਾ ਹੈ ਤੇ ਲੋਕ ਸਮੂਹ ਦੀ ਪੈਰਵੀ ਕਿਵੇਂ ਕਰਨੀ ਹੈ। ਇਸ ਲਈ ਲੋਕ ਮਾਨਸਿਕਤਾ ਵਿਚਲੇ ਤੈਰਦੇ ਭਾਵਾਂ ਨੂੰ ਜ਼ੁਬਾਨ ਦੇਣਾ ਤੇ ਅਮਾਨਵੀਂ ਵਰਤਾਰੇ ਦੇ ਪਏ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਇਸ ਕਵਿਤਾ ਦਾ ਕਰਮ ਹੈ।ਇਸ ਸੰਗ੍ਰਹਿ ਵਿਚ ਵਿਵਸਥਾ ਦੇ ਘਿਨਾਉਣੇਪਣ ਨੂੰ ਨੰਗਿਆਂ ਕਰਦਿਆਂ ਬਹੁਤ ਸਾਰੀਆਂ ਕਵਿਤਾਵਾਂ ਨੂੰ ਵੱਖੋ-ਵੱਖਰੇ ਢੰਗ ਨਾਲ ਰੂਪਮਾਨ ਕੀਤਾ ਗਿਆ ਹੈ।ਇਸ ਵਿੱਚੋਂ ਫ਼ਿਕਰਮੰਦੀ ਤੇ ਚਿੰਤਾ ਜ਼ਾਹਿਰ ਹੁੰਦੀ ਹੈ, ਜੋ ਵਿਵਸਥਾ ’ਤੇ ਸੁਆਲੀਆ ਨਿਸ਼ਾਨ ਲਗਾਉਂਦੀ ਹੈ। ਇਹ ਕਵਿਤਾ ਪੰਜਾਬ ਦੇ ਹਾਲਾਤ ਪ੍ਰਤੀ ਚਿੰਤਤ ਦਿਖਾਈ ਦਿੰਦੀ, ਇੱਥੋਂ ਦੀ ਮਿੱਟੀ, ਵਾਤਾਵਰਣ ਤੇ ਮਨੁੱਖਤਾ ਦੀ ਬਰਬਾਦੀ ਨੂੰ ਸਹਿਣ ਦੀ ਬਜਾਏ ਅਜਿਹੇ ਹਾਲਾਤ ਪਿਛਲੇ ਕਾਰਕਾਂ ਤੋਂ ਜੁਆਬ ਮੰਗਦੀ ਹੈ—

ਡੰਗਦਾ ਪੰਜਾਬ ਰੰਗ ਨੀਲਾ ਹੋ ਗਿਆ,
ਪੌਣ-ਪਾਣੀ ਏਥੇ ਦਾ ਜ਼ਹਿਰੀਲਾ ਹੋ ਗਿਆ।
ਦੱਸੋ ਖਦਰਾਣੇ ਵਾਲੀ ਢਾਬ ਕਿੱਥੇ ਆ,
ਪੰਜਾਂ ਦਰਿਆਵਾਂ ਦਾ ਪੰਜਾਬ ਕਿੱਥੇ ਹੈ।

ਇਸ ਕਵਿਤਾ ਨੂੰ ਪਤਾ ਸੀ ਕਿ ਵਿਵਸਥਾ ਨੂੰ ਬਦਲਣ ਲਈ ਕਾਰਗਰ ਤਰੀਕਾ ਮੈਦਾਨੀ ਜੂਝਣਾ ਹੀ ਹੈ।ਅਣਖ, ਤਿਆਗ, ਕੁਰਬਾਨੀ ਦੇ ਜਜ਼ਬਿਆਂ ਅੰਦਰਲੀ ਨਵੀਂ ਉਡਾਣ ਭਰਨ ਲਈ ਹਲੂਣਦੀ ਇਸ ਕਾਵਿ ਵਿਚਲੀ ਸੁਰ ਅਵੇਸਲੇਪੁਣੇ ਦਾ ਸ਼ਿਕਾਰ ਹੋਈ ਦਿਸ਼ਾਹੀਣ ਜਵਾਨੀ ਨੂੰ ਝੰਜੋੜਨ ਦੀ ਸ਼ਕਤੀ ਰੱਖਦੀ ਹੈ—

ਨਾਲ ਅਣਖ ਦੇ ਜੀਣਾ ਕਾਹਤੋਂ,
ਭੁੱਲਗੀ ਅੱਜ ਜਵਾਨੀ।
ਉੱਠੋ ਧਰਤੀ ਦੇ ਵਾਰਸੋ,
ਅੱਜ ਕਰਜ਼ ਮੰਗੇ ਕੁਰਬਾਨੀ।

ਇਸ ਕਾਵਿ ਵਿਚਲੀ ਸੋਚ ਅੰਦਰਲੀ ਮਾਨਵੀ ਭਾਵਨਾ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਨਿਭਾਓ ਲੋਕ-ਪੱਖੀ ਵਿਚਾਰਧਾਰਾ ਦੀ ਦੇਣ ਹੈ।ਇਸ ਕਾਵਿ ਦਾ ਲੋਕ ਸੰਘਰਸ਼ਾਂ ਵਿੱਚ ਅਟੁੱਟ ਵਿਸ਼ਵਾਸ ਹੈ। ਲੋਕ ਹਿੱਤਾਂ ਨੂੰ ਪਰਣਾਈਆਂ ਧਿਰਾਂ ਦਾ ਸੰਚਾਰਕ ਵਾਹਕ ਬਣਦੀਆਂ ਇਨ੍ਹਾਂ ਰਚਨਾਵਾਂ ਦੇ ਬਹੁ-ਪਾਸਾਰ ਸਾਹਮਣੇ ਆਉਂਦੇ ਹਨ ।ਇਸ ਕਾਵਿ ਦੀ ਪ੍ਰਤੀਰੋਧੀ ਸੁਰ ਸਥਾਪਤੀ ਸਾਹਵੇਂ ਵੰਗਾਰ ਬਣਦੀ ਹੈ। ਇਨਾਂ ਰਚਨਾਵਾਂ ਨੂੰ ਸੰਚਾਰ ਦੀ ਕੋਈ ਸਮੱਸਿਆ ਨਹੀਂ। ਅੱਜ ਰਚਨਾਕਾਰ ਸਾਹਵੇਂ ਅਹਿਮ ਸੁਆਲ ਖੜਾ ਹੈ, ਜਿਨ੍ਹਾਂ ਲੋਕਾਂ ਲਈ ਸਾਹਿਤ ਲਿਖਿਆ ਗਿਆ ਹੈ, ਉਹ ਉਨ੍ਹਾਂ ਤੱਕ ਕਿਵੇਂ ਪਹੁੰਚ ਕਰ ਸਕੇ, ਇਸ ਸੁਆਲ ਦੇ ਸਨਮੁੱਖ ਇਹ ਕਾਵਿ ਜੁਆਬ ਦਿੰਦਾ ਹੈ। ਇਸ ਦੀ ਇਹ ਵਿਲੱਖਣਤਾ ਅਤੇ ਖ਼ੂਬੀ ਹੈ ਕਿ ਜਿਨ੍ਹਾਂ ਲੋਕਾਂ ਲਈ ਇਹ ਰਚਨਾਵਾਂ ਹਨ, ਉਹਨਾਂ ਲੋਕਾਂ ਤੱਕ ਪਹੁੰਚਣ ਦਾ ਦਮ ਰੱਖਦੀਆਂ ਹਨ।

ਇਸ ਕਾਵਿ ਪਾਸਾਰ ਦੀ ਵੀ ਅਹਿਮ ਮਹੱਤਤਾ ਹੈ ਕਿ ਇਸ ਨੇ ਕੁਰਬਾਨੀ ਦੇ ਇਤਿਹਾਸ ਵਿਚਲੇ ਪ੍ਰਸੰਗਾਂ ਨੂੰ ਆਪਣੀ ਵਿਗਿਆਨਕ ਸੋਚ ਦੇ ਨਜ਼ਰੀਏ ਕਿਵੇਂ ਵਾਚਿਆ ਹੈ।ਇਸ ਪੁਸਤਕ ਵਿੱਚ ਅਜੋਕੇ ਹਾਲਾਤ ਵਿੱਚ ਇਨਕਲਾਬੀ ਪੁੱਠ ਨੂੰ ਨਵੀ ਰੰਗਤ ਦੇਣ ਲਈ ਰਚਨਾ ਵਿਚਲੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਬਾਲ ਸਾਹਿਤ

## ਮੇਰੇ ਬੋਲ ਮੇਰਾ ਸਿਰਨਾਵਾਂ

**(ਬਾਲ ਕਾਵਿ-ਸੰਗ੍ਰਹਿ)**
**ਡਾ. ਕੁਲਦੀਪ ਸਿੰਘ**
**ਪੰਨੇ : 60, ਮੁੱਲ: 150 ਰੁਪਏ**



ਇਸ ਪੁਸਤਕ ਦੇ ਲੇਖਕ ਕੁਲਦੀਪ ਸਿੰਘ ਨੇ ਮਾਨਵੀਂ ਰਿਸ਼ਤਿਆਂ ਦੀਆਂ ਸਾਂਝਾਂ ਦੀ ਗੱਲ ਕੀਤੀ ਹੈ। ਸਾਡਾ ਵਾਤਾਵਰਣ ਬਹੁਤ ਪਲੀਤ ਹੋ ਰਿਹਾ ਹੈ ਕੁਝ ਕਵਿਤਾਵਾਂ ਵਾਤਾਵਰਣ ਨਾਲ ਸਬੰਧ ਰੱਖਦੀਆਂ ਹਨ। ਕੁਝ ਕਵਿਤਾਵਾਂ ਵਿੱਚ ਲੇਖਕ ਨੇ ਬੱਚਿਆਂ ਨੂੰ ਨੈਤਿਕ ਸਿੱਖਿਆ ਵੀ ਦਿੱਤੀ ਹੈ। ਕਵਿਤਾਵਾਂ ਪ੍ਰਗੀਤਕ ਅੰਸ਼ ਤੇ ਸੁਰ ਲੈਅ ਵਿੱਚ ਲਿਖੀਆਂ ਹਨ ਜੋ ਬੱਚਿਆਂ ਦੇ ਅਸਾਨੀ ਨਾਲ ਕੰਠ ਹੋਣ ਵਾਲੀਆਂ ਹਨ। ਖਿਡੌਣੇ, ਘਰ, ਦਾਦਾ ਦਾਦੀ, ਮੰਮਾ-ਪਾਪਾ, ਗੁੱਡੀਆਂ, ਬਗ਼ੀਚੀ, ਫੁੱਲਾਂ, ਮੇਰਾ ਸਕੂਲ, ਕਿਤਾਬਾਂ, ਰੁੱਖ, ਪੰਛੀ, ਹਵਾ , ਪਾਣੀ, ਪਹਾੜ, ਅਜ਼ਾਦੀ ਦਿਵਸ, ਖੇਡਾਂ ਆਦਿ ਵਿਸ਼ਿਆਂ ਨੂੰ ਲੈ ਕੇ ਕਵਿਤਾਵਾਂ ਲਿਖੀਆਂ ਗਈਆਂ ਹਨ। ਹਰ ਕਵਿਤਾਂ ਨਾਲ ਤਸਵੀਰ ਵੀ ਦਿੱਤੀ ਗਈ ਹੈ।

## ਭੋਜਨ-ਮਾਲਾ

**(ਬਾਲ ਕਾਵਿ ਸੰਗ੍ਰਹਿ)**
**ਡਾ. ਕੁਲਦੀਪ ਸਿੰਘ**
**ਪੰਨੇ : 60, ਮੁੱਲ: 150 ਰੁਪਏ**



ਇਸ ਪੁਸਤਕ ਵਿੱਚ ਕਵਿਤਾਵਾਂ ਬੱਚਿਆਂ ਨੂੰ ਖਾਣ ਵਾਲੇ ਸੰਤੁਲਿਤ ਭੋਜਨ ਨੂੰ ਲੈ ਕੇ ਲਿਖੀਆਂ ਗਈਆਂ ਹਨ। ਜੰਕ ਫੂਡ ਦੇ ਸਮੇਂ ਵਿੱਚ ਹੈਲਦੀ ਭੋਜਨ ਬਾਰੇ ਦੱਸਣ ਦੀ ਬਹੁਤ ਲੋੜ ਹੈ। ਜਿਸ ਭੋਜਨ ਵਿੱਚ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਜ਼ਰੂਰੀ ਤੱਤ ਜਿਵੇਂ ਕਿ ਵਿਟਾਮਿਨ, ਪ੍ਰੋਟੀਨ, ਕਾਰਬੋਰਾਈਡਰੇਟ, ਫੈਟ ਆਦਿ ਨਾਲ ਭਰਪੂਰ ਭੋਜਨ ਦੀ ਜਾਣਕਾਰੀ ਦਿੱਤੀ ਜਾਵੇ। ਲੇਖਕ ਨੇ ਕਵਿਤਾਂ ਰਾਹੀ ਬੱਚਿਆਂ ਨੂੰ ਇਸਦੀ ਜਾਣਕਾਰੀ ਦਿੱਤੀ ਹੈ। ਅਮਰੂਦ, ਅੰਬ, ਜਾਮਣ, ਪਪੀਤਾ, ਕੇਲਾ, ਅੰਗੂਰ, ਲੀਚੀ, ਅਨਾਨਾਸ, ਸੰਗਤਰਾ, ਨਿੰਬੂ, ਖਰਬੂਜਾ, ਗਾਜ਼ਰ, ਹਰੇ ਮਟਰ, ਮੂਲੀ, ਸਲ਼ਗਮ, ਗੋਭੀ, ਬੈਂਗਣ, ਘੀਆ, ਹਰਾ ਕੱਦੂ, ਭਿੰਡੀ, ਸਿਮਲਾ ਮਿਰਚ, ਅਰਬੀ, ਕਰੇਲਾ, ਖੀਰਾ, ਆਲੂ, ਪਿਆਜ, ਲਸਣ, ਅਦਰਕ, ਦਾਲਾਂ ਬਾਰੇ ਇਕੱਲੀ ਇਕੱਲੀ ਕਵਿਤਾ ਲਿਖ ਕੇ ਇਕ ਤਾਂ ਚੰਗੇ ਹੈਲਦੀ ਭੋਜਨ ਬਾਰੇ ਦੱਸ ਦਿੱਤਾ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸਬਜ਼ੀਆਂ ਦੇ ਨਾਵਾਂ ਬਾਰੇ ਜਾਣਕਾਰੀ ਵੀ ਦੇ ਦਿੱਤੀ ਹੈ। ਤਸਵੀਰਾਂ ਕਵਿਤਾਵਾਂ ’ਚ ਗੂੜੇ ਅਰਥ ਭਰਦੀਆਂ ਹਨ।

## ਬੱਚੇ ਮਨ ਦੇ ਸੱਚੇ

**(ਬਾਲ ਕਾਵਿ ਸੰਗ੍ਰਹਿ)**
**ਲੇਖਕ : ਡਾ. ਕੁਲਦੀਪ ਸਿੰਘ**
**ਪੰਨੇ : 60, ਮੁੱਲ : 150 ਰੁਪਏ**

ਇਸ ਪੁਸਤਕ ਦੀਆਂ ਕਵਿਤਾਵਾਂ ਵਿੱਚ ਬੱਚਿਆਂ ਨੂੰ ਮਨੋਵਿਗਿਆਨਕ ਤਰੀਕੇ ਨਾਲ ਸਮਝਿਆ ਗਿਆ ਹੈ। ਇੰਟਰਨੈੱਟ, ਸਮਾਰਟ ਫ਼ੋਨ, ਕੰਪਿਊਟਰ ਦੇ ਸਮੇਂ ਵਿੱਚ ਬੱਚਿਆਂ ਨੂੰ ਸਿਹਤ ਪੱਖੋਂ ਤੰਦਰੁਸਤ ਰੱਖਣਾ ਬਹੁਤ ਜ਼ਰੂਰੀ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਬੱਚਿਆਂ ਦੀਆਂ ਮਾਨਸਿਕ ਜ਼ਰੂਰਤਾਂ ਪੂਰੀਆਂ ਕਰਦੀਆਂ ਹਨ। ਅੱਜ ਦੇ ਸਮੇਂ ਵਿੱਚ ਬੱਚਿਆਂ ਦੇ ਆਚਰਨ ਤੇ ਵਿਹਾਰ ਨੂੰ ਉੱਚਾ ਚੁੱਕਣ ਦੀ ਬਹੁਤ ਲੋੜ ਹੈ। ਇਹ ਕਵਿਤਾਵਾਂ ਬੱਚਿਆਂ ਨੂੰ ਮਾਨਵੀ ਚੇਤਨਾ ਦੇ ਨਾਲ ਨਾਲ ਆਪਸੀ ਭਾਈਚਾਰੇ ਦਾ ਸੰਦੇਸ਼ ਵੀ ਦਿੰਦੀਆਂ ਹਨ। ਇਹ ਕਵਿਤਾਵਾਂ ਵਿੱਚ ਬੱਚਿਆਂ ਨੂੰ ਮਿਹਨਤ, ਅਨੁਸਾਸ਼ਨ, ਸਮੇਂ ਦੀ ਕਦਰ, ਪ੍ਰਯੋਗਸ਼ਾਲਾ, ਕੰਪਿਊਟਰ, ਪਾਰਕ, ਰੇਲਵੇ, ਹਸਪਤਾਲ, ਦੀਵਾਲੀ, ਜਲਿਆਂਵਾਲਾ ਬਾਗ, ਰੋਜ਼ ਗਾਰਡਨ, ਡੱਲ ਝੀਲ, ਕੁਦਰਤੀ ਸੋਮੇ, ਵੱਖ-ਵੱਖ ਧਾਰਮਿਕ ਸਥਾਨਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ।



ਇਨ੍ਹਾਂ ਤਿੰਨ੍ਹਾਂ ਪੁਸਤਕਾਂ ਨੂੰ ਪੰਜ ਆਬ, ਪ੍ਰਕਾਸ਼ਨ, ਜਲੰਧਰ ਨੇ ਪ੍ਰਕਾਸ਼ਤ ਕੀਤਾ ਗਿਆ ਹੈ।

**- ਸਰੋਜ**

# ਪੁਸਤਕ ਰੀਵਿਊ

## ਪਰਛਾਵੇਂ ਨ੍ਹੀਂ ਮਰਦੇ

**(ਕਹਾਣੀ-ਸੰਗ੍ਰਹਿ)**
**ਅਨੁਵਾਦ : ਆਰ.ਐੱਸ. ਰਾਜਨ**
**ਪੰਨੇ : 100, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਦੋ ਕਹਾਣੀ-ਸੰਗ੍ਰਹਿ ਅਤੇ ਇੱਕ ਨਾਵਲ ਤੋਂ ਬਾਅਦ ਆਰ. ਐੱਸ. ਰਾਜਨ ਦਾ ਨਵਾਂ ਕਹਾਣੀ-ਸੰਗ੍ਰਹਿ ‘ਪਰਛਾਵੇਂ ਨਹੀਂ ਮਰਦੇ’ ਪ੍ਰਕਾਸ਼ਿਤ ਹੋ ਚੁੱਕਾ ਹੈ। ਜੰਮੂ ਕਸ਼ਮੀਰ ਦੇ ਕਹਾਣੀਕਾਰਾਂ ਵਿੱਚ ਆਰ. ਐੱਸ. ਰਾਜਨ ਇੱਕ ਸਥਾਪਤ ਹਸਤਾਖ਼ਰ ਹੈ ਤੇ ਉਹ ਆਪ ਵੀ ਆਪਣੇ-ਆਪ ਨੂੰ ਜੰਮੂ ਕਸ਼ਮੀਰ ਦੇ ਕਹਾਣੀਕਾਰਾਂ ਦੀ ਚੌਥੀ ਪੀੜ੍ਹੀ ਵਿੱਚ ਮੰਨਦਾ ਹੈ। ਇਸ ਪੁਸਤਕ ਦੀ ਭੂਮਿਕਾ ‘ਕਹਾਣੀ ਲਿਖਣ ਦੇ ਪਾਸਾਰ’ ਵਿੱਚ ਉਹ ਜਿੱਥੇ ਇਹਨਾਂ ਚਾਰ ਪੀੜ੍ਹੀਆਂ ਦੇ ਕਹਾਣੀਕਾਰਾਂ ਦੇ ਨਾਂਅ ਕਲਮਬੱਧ ਕਰਦਾ ਹੈ, ਉਹਨਾਂ ਦੇ ਕਹਾਣੀ ਸਿਰਜਣ ਢੰਗ ਬਾਰੇ ਦੱਸਦਾ ਹੈ, ਉੱਥੇ ਨਾਲ ਹੀ ਉਹਨਾਂ ਕਹਾਣੀਕਾਰਾਂ ਦੇ ਸਮਕਾਲੀ ਮਸਲਿਆਂ ਨਾਲ਼ ਸੰਬੰਧਤ ਵਿਸ਼ਾ ਵਸਤੂ ਸੰਬੰਧੀ ਰੁਝਾਨਾਂ ਦੀ ਗੱਲ ਵੀ ਕਰਦਾ ਹੈ। ਅਜੋਕੇ ਸਮੇਂ ਵਿੱਚ ਸਿਰਜਣ ਪ੍ਰਕ੍ਰਿਆ ਵਿੱਚ ਰੁੱਝੀ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੇ ਨਵੇਂ ਵਿਸ਼ਿਆਂ ਤੇ ਨਵੇਂ ਮੁਹਾਂਦਰੇ ਵਿੱਚ ਉਹ ਸਵੈ ਦੀ ਕਹਾਣੀ ਨੂੰ ਵੀ ਸਥਾਪਤ ਕਰਦਾ ਹੈ।

ਹੱਥਲੇ ਕਹਾਣੀ-ਸੰਗ੍ਰਹਿ ‘ਪਰਛਾਵੇਂ ਨਹੀਂ ਮਰਦੇ’ ਵਿੱਚ 13 ਕਹਾਣੀਆਂ ਹਨ ਅਤੇ ਇਹ ਕਹਾਣੀਆਂ ਕਹਾਣੀਕਾਰ ਦੀ ਮੌਲਿਕਤਾ ਤੇ ਉਸ ਦੇ ਸਵੈ ਦੇ ਅਨੁਭਵਾਂ ’ਤੇ ਅਧਾਰਤ ਹੋਣ ਕਾਰਨ ਸਵੈਜੀਵਨੀਪਰਕ ਵਾਰਤਕ ਦਾ ਭੁਲੇਖਾ ਵੀ ਪਾਉਂਦੀਆਂ ਹਨ। ਕਹਾਣੀਕਾਰ ਨੇ ਕਸ਼ਮੀਰ ਦੀ ਧਰਤੀ ’ਤੇ ਰਹਿੰਦਿਆਂ ਉਸ ਸਮਾਜ ਦੇ ਮੁੱਖ ਅਨੁਭਵਾਂ ਨੂੰ ਇਹਨਾਂ ਕਹਾਣੀਆਂ ਵਿੱਚ ਸਾਰਥਿਕ ਪਾਸਾਰ ਦਿੱਤੇ ਹਨ। ਇਹਨਾਂ ਕਹਾਣੀਆਂ ਵਿੱਚ ਉਹ ਸਵਰਗ ਕਹੇ ਜਾਣ ਵਾਲੇ ਕਸ਼ਮੀਰ ਦੀ ਖ਼ੂਬਸੂਰਤੀ ਬਿਆਨ ਕਰਦਾ ਹੈ, ‘ਬਦਾਮਾਂ ਦੇ ਫੁੱਲ ਤਾਂ ਕਦੋਂ ਦੇ ਖਿੜ ਚੁੱਕੇ ਹਨ। ਸਰ੍ਹੋਂ ਤਾਂ ਨੌਵਰੋਜ਼ ਤੋਂ ਬਾਅਦ ਹੀ ਜ਼ਮੀਨ ’ਚੋਂ ਪੁੰਗਰਦੀ ਸੀ, ਪਰ ਅੱਜ ਤਾਂ ਇਸ ਦੀ ਫੁੱਲਖੇਰੀ ਭਰ ਜੋਬਨ ’ਤੇ ਹੈ। ਮੌਸਮ ਵਿੱਚ ਇਕਦਮ ਤਬਦੀਲੀ ਆਉਣ ਲੱਗ ਪਈ ਹੈ।’ ਇਸ ਖ਼ੂਬਸੂਰਤ ਧਰਤੀ ਬਾਰੇ ਗੱਲ ਕਰਦਾ ਉਹ ਕਸ਼ਮੀਰ ਦੀ ਧਰਤੀ ’ਤੇ ਅੱਤਵਾਦ ਕਾਰਨ ਲੋਕਾਂ ਵਿਚਲੇ ਡਰ ਨੂੰ ਵੀ ਬਿਆਨ ਕਰਦਾ ਹੈ, ਇੱਕ ਸਵੇਰ ਗੋਲੀਆਂ ਚੱਲਣ ਦੀ ਆਵਾਜ਼ ਆਈ ਤੇ ਅਸੀਂ ਸਹਿਮ ਗਏ। ਪਤਾ ਨੀਂ ਕੁਥਾ ਕੇ ਵਾਪਰ ਗਿਆ। ਬੰਸੀ ਚਿੰਤਤ ਹੋ ਕੇ ਕਹਿਣ ਲੱਗੀ। ‘ਮਖਾ ਜੀ ਤੁਸੀਂ ਕੁ ਕਿੰਨੀ ਵਾਰੀ ਆਖਿਆ ਇਹਨਾਂ ਕੁੜੀਆਂ ਕੁ ਕਿਤਾ ਛੱਡ ਆਓ ਮਤਾ ਕਿਤੇ...।’ ਬਾਕੀ ਦੇ ਬੋਲ ਜਿਵੇਂ ਉਸ ਦੇ ਸੰਘ ਵਿੱਚ ਹੀ ਅਟਕ ਗਏ। ਕਹਾਣੀਕਾਰ ਖ਼ੂਬਸੂਰਤ ਧਰਤੀ ’ਤੇ ਅੱਤਵਾਦ ਕਾਰਨ ਗ਼ੈਰ ਮੁਸਲਿਮ ਲੋਕਾਂ ਦੇ ਪਲਾਇਨ ਪਰ ਆਪਣੀ ਮਾਤਭੂਮੀ ਦੇ ਮੋਹ ਕਾਰਨ ਪੈਦਾ ਹੋਈ ਮਾਨਸਿਕ ਦੁਵਿਧਾ ਨੂੰ ਇਸ ਕਥਾ ਜਗਤ ਦੇ ਪਾਤਰਾਂ ਰਾਹੀਂ ਪੇਸ਼ ਕਰਦਾ ਹੈ। ਇਸ ਦੁਵਿਧਾ ਨੂੰ ਉਸ ਨੇ ਆਪ ਵੀ ਜ਼ਰੂਰ ਹੰਢਾਇਆ ਹੈ। ਉਹ ਆਪਣੇ ਅੰਦਰਲੇ ਮਾਤਭੂਮੀ ਦੇ ਮੋਹ ਨੂੰ ਅਤੇ ਧਰਮ ਦੇ ਨਾਂਅ ’ਤੇ ਹੋ ਰਹੇ ਵਿਤਕਰਿਆਂ ਨੂੰ ‘ਪਾਸਾਰ’, ‘ਚਿਤਾ ਤੋਂ ਪਹਿਲਾਂ’, ‘ਪਰਛਾਵੇ ਨ੍ਹੀਂ ਮਰਦੇ’, ‘ਲਾਸ਼’ ਅਤੇ ‘ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ’ ਵਰਗੀਆਂ ਕਈ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਕਸ਼ਮੀਰ ਦੇ ਵਿਸ਼ਿਆਂ ਤੋਂ ਅੱਡ ਕਹਾਣੀਕਾਰ ਨੇ ਪੰਜਾਬੀ ਜਨਜੀਵਨ, ਪਾਕਿਸਤਾਨੀ ਗੁਰਦੁਆਰਿਆਂ ਦੀ ਯਾਤਰਾ ਅਤੇ ਅਜੋਕੇ ਸਮਾਜ ਦੀਆਂ ਕਈ ਹੋਰ ਸਮੱਸਿਆਵਾਂ ਨੂੰ ਇਹਨਾਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ।

ਕਹਾਣੀਕਾਰ ਦੀ ਭਾਸ਼ਾ ਸਥਾਨਕ ਹੋਣ ਕਾਰਨ ਪੰਜਾਬੀ ਅਤੇ ਕਸ਼ਮੀਰ ਦਾ ਰਲਾਅ ਉਸ ਦੀ ਕਹਾਣੀਆਂ ਵਿੱਚ ਸਪੱਸ਼ਟ ਨਜ਼ਰ ਆਉਂਦਾ ਹੈ। ਕੁਝ ਸ਼ਬਦ ਠੇਠ ਕਸ਼ਮੀਰੀ ਵਿੱਚ ਹੋਣ ਕਾਰਨ ਪਾਠਕ ਨੂੰ ਸਮਝਣ ਵਿੱਚ ਮੁਸ਼ਕਲ ਵੀ ਆਉਂਦੀ ਹੈ ਪਰ ਇਸ ਡੋਗਰੀ ਪ੍ਰਭਾਵ ਵਾਲੀ ਪੰਜਾਬੀ, ਕਾਂਗੜੀ ਬੋਲੀ ਤੋਂ ਅਸਰ ਅੰਦਾਜ਼ ਪੰਜਾਬੀ ਅਤੇ ਕਸ਼ਮੀਰੀ ਭਾਸ਼ਾ ਦਾ ਮਿਸ਼ਰਣ ਪਾਠਕ ਨੂੰ ਇੱਕ ਨਵਾਂ ਅਨੁਭਵ ਵੀ ਦਿੰਦਾ ਹੈ। ਕਹਾਣੀਕਾਰ ਵੱਲੋਂ ਪਿਛਲ-ਝਾਤ, ਸੰਵਾਦ ਅਤੇ ਬਿਆਨੀਆ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਕੁੱਲ ਮਿਲਾ ਕੇ ਇਹ ਕਹਾਣੀ-ਸੰਗ੍ਰਹਿ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਕਸ਼ਮੀਰੀ ਕਹਾਣੀਕਾਰਾਂ ਵੱਲੋਂ ਇੱਕ ਸਕਾਰਾਤਮਕ ਉਪਰਾਲਾ ਹੈ।

**- ਡਾ. ਸੰਦੀਪ ਰਾਣਾ**

## ਜਾਗਦੀ ਅੱਖ ਦਾ ਹਲਫਨਾਮਾ

**ਪਰਮਿੰਦਰ ਕੌਰ ਸਵੈਚ**
**ਪੰਨੇ-159, ਮੁੱਲ-220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**

ਪਰਵਾਸੀ ਸਾਹਿਤਕਾਰ ਪਰਮਿੰਦਰ ਕੌਰ ਸਵੈਚ ਪਿਛਲੇ ਕਈ ਸਾਲਾਂ ਤੋਂ ਰਹਿ ਰਹੀ ਹੈ । ਕੈਨੇਡਾ ਦੀ ਰਗ-ਰਗ ਤੋਂ ਉਹ ਜਾਣੂੰ ਹੈ । ਕੈਨੇਡਾ ਦੇ ਬਹੁਪੱਖੀ ਸੱਭਿਆਚਾਰ ਨੂੰ ਉਸ ਨੇ ਨੇੜਿਓਂ ਵੇਖਿਆ-ਮਾਣਿਆ ਹੈ। ਕੈਨੇਡਾ ਦੀਆਂ ਸਮਾਜਿਕ, ਸਾਹਿਤਕ ਸੰਸਥਾਵਾਂ ਨਾਲ ਉਸ ਦਾ ਨੇੜੇ ਦਾ ਸੰਬੰਧ ਹੈ। ਕੈਨੇਡਾ ਵਿਚ ਰਹਿੰਦੇ ਪੰਜਾਬੀਆਂ ਦੇ ਮਸਲਿਆਂ ਦਾ ਉਸ ਨੂੰ ਚੋਖਾ ਤਜਰਬਾ ਵੀ ਹੈ। ਉਸ ਨੇ ਇਸ ਵਾਰਤਿਕ ਕਿਤਾਬ ਤੋਂ ਪਹਿਲਾਂ ਤਿੰਨ ਕਿਤਾਬਾਂ ਕਵਿਤਾ ਦੀਆਂ ਲਿਖੀਆਂ ਹਨ। ਕਾਵਿ ਸੰਗ੍ਰਹਿ ‘ਮੁਖੌਟਿਆਂ ਦੇ ਆਰ ਪਾਰ’, ‘ਲਹਿਰਾਂ ਦੀ ਵੇਦਨਾ’, ‘ਜ਼ਰਦ ਰੰਗਾਂ ਦਾ ਮੌਸਮ’ ਉਸ ਦੇ ਚਰਚਿੱਤ ਕਾਵਿ ਸੰਗ੍ਰਹਿ ਹਨ। ਭਲਾ ਮੈਂ ਕੌਣ, ਤਵਾਰੀਖ ਬੋਲਦੀ ਹੈ ਤੇ ਬਲਦੇ ਬਿਰਖ ਉਸ ਦੇ ਨਾਟ ਸੰਗ੍ਰਹਿ ਹਨ । 2017 ਤੋਂ ਉਹ ਲੋਕ ਪੱਖੀ ਅਖਬਾਰ ਸਰੋਕਾਰਾਂ ਦੀ ਆਵਾਜ਼ ਵਿਚ ਉਹ ਕਾਰਜਸ਼ੀਲ ਹੈ। ਇਸ ਮੈਗਜ਼ੀਨ ਲਈ ਉਸ ਨੇ ਵਾਰਤਕ ਲੇਖ ਲਿਖੇ। ਹਥਲੀ ਚਰਚਾ ਅਧੀਨ ਪੁਸਤਕ ਵਿਚ 20 ਲੇਖ ਹਨ । ਪ੍ਰੋ. ਬਾਵਾ ਸਿੰਘ ਨੇ ਕਿਤਾਬ ਦਾ ਮੁੱਖ ਬੰਦ ਲਿਖਿਆ ਹੈ। ਪ੍ਰੋ. ਸਾਹਿਬ ਨੇ ਲਿਖਿਆ ਹੈ ਕਿ ਲੇਖਿਕਾ ਦਾ ਸੰਬੰਧ ਆਜ਼ਾਦੀ ਘੁਲਾਟੀਏ ਕਰਨੈਲ ਸਿੰਘ ਈਸੜੂ ਦੇ ਪਰਵਾਰ ਨਾਲ ਹੈ।

ਪੜ੍ਹਨਾ-ਲਿਖਣਾ ਤੇ ਸੰਘਰਸ਼ ਕਰਨਾ ਉਸ ਦੀ ਜੀਵਨ-ਜਾਚ ਹੈ। ਕਿਤਾਬ ਦੇ ਲੇਖ ਬੌਧਿਕ ਕਿਸਮ ਦੇ ਚਿੰਤਨਸ਼ੀਲ ਲੇਖ ਹਨ । ਲੇਖਾਂ ਦੇ ਵਿਸ਼ੇ ਸਮਾਜਿਕ, ਆਰਥਿਕ, ਸਿਆਸੀ, ਅੰਤਰਰਾਸ਼ਟਰੀ ਪੱਧਰ ਦੇ ਹਨ। ਧਰਮ, ਅੰਧਵਿਸ਼ਵਾਸ, ਅਖੌਤੀ ਬਾਬਿਆਂ ਦਾ ਮੱਕੜ ਜਾਲ ਨਸ਼ਿਆਂ ਦੀ ਭਰਮਾਰ ਤੋਂ ਲੇਖਿਕਾ ਚਿੰਤਤ ਹੈ । ਇਕ ਲੇਖ ਨਾਸਤਿਕ ਲੋਕਾਂ ਦੀ ਵਧ ਰਹੀ ਗਿਣਤੀ ਬਾਰੇ ਅੰਕੜਿਆਂ ਸਹਿਤ ਹੈ। ਸੰਨ 1984 ਦੇ ਸ੍ਰੀ ਹਰਿਮੰਦਰ ਸਾਹਿਬ ’ਤੇ ਹੋਏ ਫੌਜੀ ਹਮਲੇ ਬਾਰੇ ਲੇਖ ਕਿਤਾਬ ਵਿਚ ਸ਼ਾਮਲ ਹੈ। ਇਸ ਖ਼ੂਨੀ ਇਤਿਹਾਸਕ ਸਾਕੇ ਬਾਰੇ ਉਸ ਨੇ ਕਈ ਤਹਿਆਂ ਫਰੋਲੀਆਂ ਹਨ। ਇਸ ਸਾਕੇ ਪਿੱਛੇ ਸਿਆਸੀ ਲੋਕਾਂ ਦੇ ਨਾਂਅ ਲਿਖ ਕੇ ਸਾਕੇ ਦੇ ਕਾਰਨਾਂ ਦੀ ਤਹਿ ਤੱਕ ਜਾਣ ਦਾ ਯਤਨ ਕੀਤਾ ਹੈ । ਇਸ ਕਿਸਮ ਦੀ ਖੋਜਮਈ ਸ਼ੈਲੀ ਹੋਰ ਲੇਖਾਂ ਵਿਚ ਵੀ ਹੈ। ਇੰਦਰਾ ਗਾਂਧੀ ਦੇ ਕਤਲ ਪਿੱਛੋਂ ਸਿੱਖਾਂ ਦਾ ਜੋ ਕਤਲੇਆਮ ਦਿੱਲੀ ਵਿੱਚ ਹੋਇਆ, ਉਸ ਦੀ ਭਿਆਨਕ ਤਸਵੀਰ ਕਿਤਾਬ ਵਿਚ ਹੈ ।(ਪੰਨਾ 87 ਸਿੱਖਾਂ ਦੀ ਨਸਲਕੁਸ਼ੀ) ਲੇਖਕਾ ਦਾ ਕਹਿਣਾ ਹੈ ਕਿ ਇੰਦਰਾ ਗਾਂਧੀ ਦੇ ਕਤਲ ਵੇਲੇ ਦੋ ਨਾਂਅ ਸਨ-ਸਤਵੰਤ ਸਿੰਘ ਤੇ ਬੇਅੰਤ ਸਿੰਘ ਪਰ ਇਕ ਮੋਨਾ ਸਿੱਖ ਵੀ ਸੀ । ਉਹ ਵੀ ਇਸ ਕਤਲ ਵਿਚ ਸ਼ਾਮਲ ਸੀ, ਪਰ ਪਿੱਛੋਂ ਉਹ ਨਾਂਅ ਅਲ਼ੋਪ ਹੋ ਗਿਆ। ਲੇਖਿਕਾ ਨੇ ਇਹ ਇੰਕਸ਼ਾਫ ਵੀ ਕੀਤਾ ਹੈ ਕਿ ਹੋ ਸਕਦੈ ਰਾਜੀਵ ਗਾਂਧੀ ਦਾ ਵੀ ਇਸ ਕਤਲ ਵਿਚ ਹੱਥ ਹੋਵੇ । ‘ਪੰਨਾ 91) ਇੰਦਰਾ ਗਾਂਧੀ ਦਾ ਕਤਲ ਇਕ ਸਿਆਸੀ ਕਤਲ ਸੀ ।ਇੰਦਰਾ ਦੇ ਕਤਲ ਤੋਂ ਬਾਅਦ ਜੋ ਕਤਲੇਆਮ ਸਿੱਖਾਂ ਦਾ ਹੋਇਆ । ਹਿੰਦੂ ਵਰਗ ਦੀਆਂ ਭਾਵਨਾਵਾਂ ਨੂੰ ਉਕਸਾਇਆ ਗਿਆ । ਇਸ ਕਿਸਮ ਦਾ ਫਿਰਕੂ ਮਾਹੌਲ ਦੇਸ਼ ਵਿਚ ਬਣਾਇਆ ਗਿਆ । ਕਈ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਗਈਆਂ, ਜਿਨ੍ਹਾਂ ਦਾ ਜ਼ਿਕਰ ਕਿਤਾਬ ਵਿਚ ਹੈ ।ਵੱਖ-ਵੱਖ ਸੰਸਥਾਵਾਂ ਦੇ ਯੋਗਦਾਨ ਬਾਰੇ ਇਕ ਲੇਖ ਹੈ । (ਪੰਨਾ-97) ਸੰਸਥਾਵਾਂ ਵਿਚ ਧਾਰਮਿਕ, ਸਮਾਜਿਕ, ਸਿਆਸੀ, ਸੱਭਿਆਚਾਰਕ ਤੇ ਸਾਹਿਤਕ ਕੋਈ ਵੀ ਰੂਪ ਹੋਵੇ, ਪ੍ਰਬੰਧਕਾਂ ਸਿਰ ਵੱਡੀ ਜ਼ਿੰਮੇਵਾਰੀ ਹੈ । ਸੰਸਥਾ ਦੇ ਮੈਂਬਰਾਂ ਵਿਚ ਪਾਰਦਰਸ਼ਤਾ, ਇਮਾਨਦਾਰੀ, ਉੱਦਮ, ਸਹਿਣਸ਼ੀਲਤਾ ਜ਼ਰੂਰੀ ਹੈ। ਔਰਤਾਂ ਬਾਰੇ ਸੰਜੀਦਾ ਲੇਖ ਕਿਤਾਬ ਵਿਚ ਹਨ। ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਔਰਤਾਂ ਦੇ ਕੰਮ, ਜ਼ਿੰਮੇਵਾਰੀਆਂ, ਜਿਨਸੀ ਭੇਦ, ਮਰਦ-ਔਰਤ ਬਰਾਬਰੀ, ਕੰਮ ਵਾਲੀਆਂ ਥਾਂਵਾਂ ’ਤੇ ਔਰਤਾਂ ਦਾ ਸ਼ੋਸ਼ਣ , ਵਿਸ਼ਵ ਨਾਰੀ ਦਿਵਸ ਦਾ ਇਤਿਹਾਸ, ਔਰਤਾਂ ਦੀਆਂ ਸਮੱਸਿਆਵਾਂ ਦਾ ਵਿਸ਼ੇਸ਼ ਜ਼ਿਕਰ ਹੈ । ਲੇਖ਼ ਹੈ ਪਾਵਰ ਵੋਮੈਨ ਦਾ ਯਥਾਰਥ (ਪੰਨਾ 103) ਔਰਤ ਸੱਤਾ ਦੇ ਗਲਿਆਰਿਆਂ ਵਿਚ (ਪੰਨਾ 110)

ਇਸ ਤੋਂ ਇਲਾਵਾ ਗਾਇਕੀ ਦੇ ਬਦਲੇ ਰੂਪ, ਲੱਚਰ ਗਾਇਕੀ ਦਾ ਵੇਰਵਾ ਹੈ । ਲਿੰਗਕ ਸਮੱਸਿਆਵਾਂ ਦੀ ਚਰਚਾ ਇਕ ਲੇਖ ਵਿਚ ਹੈ । ਸਕੂਲਾਂ ਵਿਚ ਜਿਨਸੀ ਸਿੱਖਿਆ ਦਾ ਭਰਵਾਂ ਵੇਰਵਾ ਹੈ। ਸੈਕਸੂਅਲ ਹਰਾਸਮੈਂਟ ਦਾ ਤੁਲਨਾਤਮਕ ਅਧਿਐਨ ਹੈ । ਵੱਖ-ਵੱਖ ਦੇਸ਼ਾਂ ਦੀ ਝਲਕ ਹੈ । ਬੱਚਿਆਂ ਪ੍ਰਤੀ ਅਧਿਆਪਕਾਂ ਤੇ ਮਾਪਿਆਂ ਦੀ ਵੱਡੀ ਜ਼ਿੰਮੇਵਾਰੀ ਹੈ । ਲੇਖਿਕਾ ਦੇ ਵਿਚਾਰ ਤਰਕ ਭਰਪੂਰ ਹਨ। ਧਰਮ ਨੇ ਦੇਸ਼ਾਂ ਵਿਚ ਵੰਡੀਆਂ ਪਾਈਆਂ ਹਨ । ਫਿਰਕੂ ਜ਼ਹਿਰ ਘੋਲਿਆ ਹੈ । ਸੰਨ ਸੰਤਾਲੀ ਦੀ ਵੰਡ ਇਸ ਦੀ ਵੱਡੀ ਉਦਾਹਰਣ ਹੈ ।ਇਨ੍ਹਾਂ ਕਾਰਨਾਂ ਕਰਕੇ ਹੀ ਦੁਨੀਆ ਵਿਚ ਨਾਸਤਿਕ ਲੋਕਾਂ ਦੀ ਗਿਣਤੀ ਵਧ ਰਹੀ ਹੈ। ਕਿਤਾਬ ਵਿਚ ਨਾਸਤਿਕ ਲੋਕਾਂ ਬਾਰੇ ਵੱਖ-ਵੱਖ ਦੇਸ਼ਾਂ ਦੇ ਅੰਕੜੇ ਹਨ। ਦੁਨੀਆ ਦੀਆਂ ਵਧੇਰੇ ਜੰਗਾਂ ਧਰਮ ਦੇ ਨਾਂਅ ’ਤੇ ਹਨ। ਧਰਮ ਦੇ ਨਾਂਅ ’ਤੇ ਜਿੰਨਾ ਖ਼ੂਨ ਵਹਿ ਗਿਆ ਹੈ, ਉਸ ਨੂੰ ਵੇਖ ਕੇ ਲੇਖਿਕਾ ਦੀ ਕਲਮ ਕੁਰਲਾਉਂਦੀ ਹੈ। ਵੱਖ-ਵੱਖ ਦੇਸ਼ਾਂ ਵਿਚ ਲੋਕਾਂ ਦੇ ਬੇਘਰੇ ਹੋਣ ਦੀ ਗੱਲ ਕਿਤਾਬ ਵਿਚ ਪੰਨੇ 116-121 ਵਿਚ ਹੈ । ਲੇਖਿਕਾ ਨੇ ਧਰਮ ਨੂੰ ਮਾੜਾ ਨਹੀਂ ਕਿਹਾ, ਪਰ ਧਰਮ ਦੇ ਕਰੂਰ ਪੱਖ ਪੇਸ਼ ਕੀਤੇ ਹਨ। ਖਾਸ ਕਰਕੇ ਨਸਲੀ ਵਿਤਕਰੇਬਾਜ਼ੀ । ਜੋ ਵੱਖ-ਵੱਖ ਦੇਸ਼ਾਂ ਵਿਚ ਵੇਖੀ ਜਾ ਸਕਦੀ ਹੈ ।ਭਾਰਤ ਵੀ ਇਸ ਪੱਖ ਤੋਂ ਪਿੱਛੇ ਨਹੀਂ ਹੈ ।ਵੱਖ-ਵੱਖ ਸੂਬਿਆਂ ਵਿਚ ਘੱਟ ਗਿਣਤੀ ਲੋਕਾਂ ’ਤੇ ਤਸ਼ੱਦਦ ਦੀ ਗੂੰਜ ਅਕਸਰ ਪੈਂਦੀ ਹੈ। ਕੈਨੇਡਾ ਵਿਚ ਪੁਲਸ ਨੂੰ ਇਕ ਥਾਂ ਕੀਤੇ ਟੂਣੇ ਨੇ ਭਾਜੜਾਂ ਪਾ ਦਿੱਤੀਆਂ (ਪੰਨਾ 130)

ਲੇਖਿਕਾ ਇਕ ਲੇਖ ਵਿਚ ਸਵਾਲ ਕਰਦੀ ਹੈ ਕਿ ਵਿਗਿਆਨ ਦੇ ਪਸਾਰੇ ਦੇ ਨਾਲ ਅੰਧਵਿਸ਼ਵਾਸ ਦਾ ਬੋਲਬਾਲਾ ਕਿਉਂ ਹੈ ? ਸਪੱਸ਼ਟ ਹੈ ਕਿ ਵਿਗਿਆਨ ਦੀ ਪਹੁੰਚ ਅਜੇ ਤੱਕ ਵੀ ਹਰ ਥਾਂ ਨਹੀਂ ਹੋ ਸਕੀ । ਪਿੰਡਾਂ ਵਿਚ ਲੋਕ ਅਕਸਰ ਅੰਧਵਿਸ਼ਵਾਸ ਵਿਚ ਗਰੱਸੇ ਹੋਏ ਹਨ । ਕੋਰੋਨਾ ਸਮੇਂ ਵਿਚ ਵੀ ਸਾਡੇ ਦੇਸ਼ ਵਿਚ ਅੰਧਵਿਸ਼ਵਾਸ ਦਾ ਜ਼ੋਰ ਰਿਹਾ ਹੈ ।ਕੁਝ ਅਖੌਤੀ ਡੇਰਿਆਂ ਨੇ ਇਹ ਸਥਿਤੀ ਬਣਾਈ ਹੋਈ ਹੈ । ਲੇਖਿਕਾ ਨੇ ਇਹੋ ਜਿਹੇ ਬਹੁਤ ਸਾਰੇ ਸਮਾਜਿਕ ਵਿਸ਼ਿਆਂ ’ਤੇ ਕਿਤਾਬ ਵਿਚ ਕਲਮ ਚਲਾਈ ਹੈ ।

ਕਿਤਾਬ ਵਿਚ ਗੁਰਬਾਣੀ ਦੇ ਹਵਾਲੇ ਵੀ ਹਨ। ਗੁਰਮਤਿ ਵਿਚਾਰਧਾਰਾ ਨੂੰ ਉੱਤਮ ਕਿਹਾ ਹੈ। ਕੁਦਰਤ ਦੇ ਸਭ ਬੰਦੇ ਦਾ ਇਲਾਹੀ ਸੰਦੇਸ਼ ਦਿੱਤਾ ਹੈ। ਵਿਦੇਸ਼ਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਨੂੰ ਪੰਨਾ 78 ’ਤੇ ਵਿਚਾਰਿਆ ਹੈ । ਕਿਤਾਬ ਦਾ ਅੰਤਿਮ ਲੇਖ ਫ਼ਲਸਤੀਨ ਲੋਕਾਂ ’ਤੇ ਹੋ ਰਹੇ ਜ਼ੁਲਮ ਦੀ ਦਾਸਤਾਨ ਹੈ । ਅਮਰੀਕਾ ਨੇ ਇਜ਼ਰਾਈਲ ਦੀ ਖਿਦਮਤ ਕਰਕੇ ਜੰਗ ਦੀ ਹਨੇਰੀ ਨੂੰ ਤੇਜ਼ ਕੀਤਾ ਹੈ। ਫਲਸਤੀਨੀ ਲੋਕ ਦਰ-ਦਰ ’ਤੇ ਠੋਕਰਾਂ ਖਾ ਰਹੇ ਹਨ। ਕਿਤਾਬ ਵਿੱਚ ਦੁਨੀਆ ਭਰ ਦੇ ਕਈ ਕਿਸਮ ਮਸਲਿਆਂ ’ਤੇ ਤੱਥਾਂ ਸਹਿਤ ਰੌਸ਼ਨੀ ਪਾਈ ਹੈ । ਇਕ ਕਾਂਡ ਵਿਚ ਨਸ਼ਿਆਂ ਦੀ ਤਸਵੀਰ ਵੀ ਹੈ। ਖਾਸ ਕਰਕੇ ਸਰੀ (ਕੈਨੇਡਾ) ਵਿਚ। ਜਾਗਦੀ ਅੱਖ ਦੇ ਹਲਫਨਾਮੇ ਪਾਠਕ ਲਈ ਜਾਣਕਾਰੀ ਦਾ ਖਜ਼ਾਨਾ ਹਨ । ਕਿਤਾਬ ਪੜ੍ਹ ਕੇ ਹਰੇਕ ਪਾਠਕ ਨੂੰ ਗਿਆਨ ਦਾ ਚਾਨਣ ਪ੍ਰਾਪਤ ਹੋ ਸਕਦਾ ਹੈ। ਪੰਜਾਬੀ ਸਾਹਿਤ ਜਗਤ ਵਿਚ ਵਾਰਤਕ ਪੁਸਤਕ ਦਾ ਸਵਾਗਤ ਹੈ ।

**- ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਦਰਸ਼ਨ ਖਟਕੜ ਪ੍ਰੀਤਮ ਸਿੰਘ ਬਾਸੀ ਯਾਦਗਾਰੀ ਸਾਹਿਤ ਪੁਰਸਕਾਰ ਨਾਲ ਸਨਮਾਨਤ

**ਲੁਧਿਆਣਾ**-ਸਵਰਗੀ ਡਾ. ਦਰਸ਼ਨ ਗਿੱਲ ਤੇ ਸਾਥੀਆਂ ਵੱਲੋਂ ਸਥਾਪਤ ਪ੍ਰੀਤਮ ਸਿੰਘ ਬਾਸੀ ਪੁਰਸਕਾਰ ਪੰਜਾਬੀ ਕਵੀ ਦਰਸ਼ਨ ਖਟਕੜ ਨੂੰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਹਿਯੋਗ ਨਾਲ ਦਿੱਤਾ ਗਿਆ।



ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਵਰਿਆਮ ਸਿੰਘ ਸੰਧੂ ਸ਼ਾਮਲ ਹੋਏ, ਜਦ ਕਿ ਸਮਾਗਮ ਦੀ ਪ੍ਰਧਾਨਗੀ ਡਾ. ਸ ਪ ਸਿੰਘ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਪੰਜਾਬੀ ਕਵੀ ਮੋਹਨ ਗਿੱਲ ਸ਼ਾਮਲ ਹੋਏ। ਡਾ. ਗੁਰਇਕਬਾਲ ਸਿੰਘ ਨੇ ਦਰਸ਼ਨ ਖਟਕੜ ਦੀ ਸਾਹਿਤ ਸੇਵਾ ਤੇ ਜੀਵਨ ਬਾਰੇ ਮੁੱਖ ਭਾਸ਼ਨ ਦਿੰਦਿਆਂ ਕਿਹਾ ਕਿ ਦਰਸ਼ਨ ਖਟਕੜ ਵੱਲੋਂ 1971 ਵਿੱਚ ਵਿਦਿਆਰਥੀ ਲਹਿਰ ਦੇ ਆਗੂ ਵਜੋਂ ਜੇਲ੍ਹ ਜਾਣ ਤੋਂ ਪਹਿਲਾਂ ਅਤੇ ਜੇਲ੍ਹ ਵਾਸ ਦੌਰਾਨ ਲਿਖੀਆਂ ਕਵਿਤਾਵਾਂ 'ਸੰਗੀ ਸਾਥੀ' ਕਾਵਿ ਪੁਸਤਕ ਦੇ ਰੂਪ ਵਿੱਚ 1973 ਵਿੱਚ ਛਪੀ। 'ਉਲਟੇ ਰੁਖ਼ ਪਰਵਾਜ਼' ਦੂਜਾ ਕਾਵਿ ਸੰਗ੍ਰਹਿ ਜੋ ਨਕਸਲੀ ਕਾਵਿ ਪਰੰਪਰਾ ਦੀ ਨਿਰੰਤਰਤਾ ਨੂੰ ਪੇਸ਼ ਕਰਦਾ ਬਾਜ਼ਾਰ ਮੁਖੀ ਰੁਝਾਨ 'ਤੇ ਤਿੱਖਾ ਵਾਰ ਕਰਦਾ ਹੈ, ਛਪਿਆ। ਸਮਾਗਮ ਦੇ ਮੁੱਖ ਮਹਿਮਾਨ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਦਰਸ਼ਨ ਖਟਕੜ ਦਾ ਜੀਵਨ ਤੇ ਰਚਨਾ ਪਹਿਲੇ ਕਦਮ ਤੋਂ ਅੱਜ ਤੀਕ ਲੋਕ ਮੁਕਤੀ ਮਾਰਗ 'ਤੇ ਤੁਰ ਰਹੀ ਹੈ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ ਪ ਸਿੰਘ ਨੇ ਕਿਹਾ ਕਿ ਮੰਗਾ ਸਿੰਘ ਬਾਸੀ ਨੇ ਸਪੁੱਤਰ ਹੋਣ ਦਾ ਪ੍ਰਮਾਣ ਦਿੱਤਾ ਹੈ, ਜਿਸ ਨੇ ਸਤਿਕਾਰਤ ਪਿਤਾ ਦੀ ਯਾਦ ਵਿੱਚ ਇਹ ਪੁਰਸਕਾਰ ਸਥਾਪਤ ਕੀਤਾ ਹੈ। ਅੰਤ 'ਚ ਮੋਹਨ ਗਿੱਲ ਨੇ ਆਪਣੇ ਵਿਚਾਰ ਰੱਖੇ। ਧੰਨਵਾਦ ਦੇ ਸ਼ਬਦ ਬੋਲਦਿਆਂ ਦਰਸ਼ਨ ਖਟਕੜ ਨੇ ਕਿਹਾ ਕਿ ਵਿਗਿਆਨ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਪੰਜਾਬੀ ਕਵਿਤਾ ਮੇਰੇ ਦਿਲ ਦੀ ਬਾਤ ਰਹੀ ਹੈ।ਇਸ ਪੁਰਸਕਾਰ ਵਿੱਚ ਦਰਸ਼ਨ ਖਟਕੜ ਨੂੰ 51 ਹਜ਼ਾਰ ਰੁਪਏ ਦੀ ਧਨ ਰਾਸ਼ੀ, ਫੁੱਲਕਾਰੀ ਤੋਂ ਇਲਾਵਾ ਸ਼ੋਭਾ ਪੱਤਰ ਵੀ ਦਿੱਤਾ ਗਿਆ। ਸ਼ੋਭਾ ਪੱਤਰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੀ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਪੜ੍ਹਿਆ। ਦਰਸ਼ਨ ਖਟਕੜ ਦੀ ਇੱਕ ਗ਼ਜ਼ਲ ਦਾ ਗਾਇਨ ਸੁਰੀਲੇ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਪੰਜਾਬੀ ਪਿਆਰਿਆਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਸ. ਹਰਸ਼ਰਨ ਸਿੰਘ ਨਰੂਲਾ, ਦਰਸ਼ਨ ਬੁੱਟਰ, ਸ. ਇੰਦਰਜੀਤ ਸਿੰਘ ਬੱਲ, ਕੁਲਵਿੰਦਰ ਸਿੰਘ, ਪ੍ਰੋ. ਜਾਗੀਰ ਸਿੰਘ ਕਾਹਲੋਂ, ਸਤਿੰਦਰਪਾਲ ਸਿੰਘ ਸਿੱਧਵਾਂ, ਡਾ. ਸੋਹਣ ਸਿੰਘ ਪਰਮਾਰ, ਅੰਗਰੇਜ਼ ਸਿੰਘ ਬਰਾੜ (ਸੱਗੀ), ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਪਰਮਜੀਤ ਸਿੰਘ ਗਰੇਵਾਲ ਵੀ ਪਹੁੰਚੇ। ਮੰਚ ਸੰਚਾਲਨ ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਕੀਤਾ।

## ਪ੍ਰੇਮ ਮਾਨ, ਹਰਕੀਰਤ ਕੌਰ ਚਾਹਲ ਤੇ ਜਗਜੀਤ ਬਰਾੜ ਦੇ ਕਹਾਣੀ ਸੰਗ੍ਰਹਿ ਲੋਕ-ਅਰਪਣ

**ਪਟਿਆਲਾ** : ਬੀਤੇ ਦਿਨੀਂ ਅਮਰੀਕਾ ਤੋਂ ਪ੍ਰੇਮ ਮਾਨ ਕੈਨੇਡਾ ਤੋਂ ਗਲਪਕਾਰ ਹਰਕੀਰਤ ਕੌਰ ਚਾਹਲ ਆਪਣੀਆਂ ਨਵੀਆਂ ਪੁਸਤਕਾਂ ਲੋਕ ਅਰਪਣ ਕਰਨ ਆਏ। ਇਸ ਮੌਕੇ ਤੇ ਸਥਾਨਕ ਇਕ ਹੋਟਲ ਵਿੱਚ ਪ੍ਰੇਮ ਮਾਨ ਵੱਲੋਂ 2024 ਦੀਆਂ ਚੋਣਵੀਆਂ 14 ਕਹਾਣੀਆਂ ਦਾ ਸੰਗ੍ਰਹਿ 'ਨਿੱਤਰੇ ਪਾਣੀਆਂ ਜਿਹੀਆਂ ਕਹਾਣੀਆਂ', ਹਰਕੀਰਤ ਕੌਰ ਚਹਿਲ ਵੱਲੋਂ ਜਾਨਵਰ ਪਾਤਰਾਂ ਨਾਲ ਸੰਬੰਧਤ ਸੰਪਾਦਤ ਕਹਾਣੀ ਸੰਗ੍ਰਹਿ 'ਤੇਰੇ ਨਾਲ਼ ਮੁਹੱਬਤ ਡਾਢੀ' ਪ੍ਰੇਮ ਮਾਨ ਦੀ ਵਾਰਤਕ ਪੁਸਤਕ 'ਨਿੱਕੀਆਂ-ਵੱਡੀਆਂ ਗੱਲਾਂ' ਦਾ ਦੂਜਾ ਐਡੀਸ਼ਨ, ਜਗਜੀਤ ਬਰਾੜ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ 'ਮੁੱਲ ਦੀ ਨੀਂਦ' ਅਤੇ 2023 ਦੀਆਂ ਚੋਣਵੀਆਂ ਕਹਾਣੀਆਂ ਦੇ ਸੰਗ੍ਰਹਿ 'ਗੱਲਾਂ ਕਰਨ ਕਹਾਣੀਆਂ' ਦੇ ਹਿੰਦੀ ਅਨੁਵਾਦ ਨੂੰ ਪੰਜਾਬ ਭਰ ਤੋਂ ਆਏ ਕਹਾਣੀਕਾਰਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਪ੍ਰੇਮ ਮਾਨ ਨੇ ਦੱਸਿਆ ਕਿ ਬੀਤੇ ਵਰ੍ਹੇ ਦੀਆਂ ਇਹ 14 ਕਹਾਣੀਆਂ ਮੇਰੀ ਪਸੰਦੀ ਦੀਆਂ ਹਨ, ਪਰ ਨਿਸ਼ਚੇ ਹੀ ਪਾਠਕਾਂ ਵੱਲੋਂ ਵੀ ਇਨ੍ਹਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ। ਅਜਮੇਰ ਰੋਡੇ, ਸਵਾਮੀ ਸਰਬਜੀਤ, ਸਿਮਰਨ ਧਾਲੀਵਾਲ, ਸੁਰਿੰਦਰ ਨੀਰ, ਹਰਕੀਰਤ ਕੌਰ ਚਹਿਲ, ਜਸਪਾਲ ਕੌਰ, ਜਸਵਿੰਦਰ ਰੱਤੀਆਂ, ਜਗਜੀਤ ਬਰਾੜ, ਨਿਰੰਜਣ ਬੋਹਾ, ਪਰਵੇਜ਼ ਸੰਧੂ, ਪ੍ਰੇਮ ਮਾਨ, ਭਗਵੰਤ ਰਸੂਲਪੁਰੀ, ਰਮਨਦੀਪ ਵਿਰਕ ਤੇ ਲਖਵਿੰਦਰ ਵਿਰਕ ਦੀਆਂ ਕਹਾਣੀਆਂ ਪੁਸਤਕ ਵਿੱਚ ਸ਼ਾਮਲ ਹਨ। ਇਨ੍ਹਾਂ ਦੀ ਚੋਣ ਮੈਂ 11 ਪੰਜਾਬੀ ਦੇ ਸਿਰਕੱਢ ਮੈਗਜ਼ੀਨਾਂ 'ਚੋਂ ਕੀਤੀ ਹੈ। ਹਰ ਕਹਾਣੀ ਦੇ ਨਾਲ ਲੇਖਕ ਦਾ ਸਵੈ-ਕਥਨ ਵੀ ਦਿੱਤਾ ਗਿਆ ਹੈ। ਪੰਜਾਬੀ ਵਿੱਚ ਲਿਖੀ ਜਾ ਰਹੀ ਚੰਗੀ ਕਹਾਣੀ ਪਾਠਕਾਂ ਨੂੰ ਦੇਣ ਦਾ ਮੇਰਾ ਉਦੇਸ਼ ਹੈ। ਇਸ ਮੌਕੇ ਹਰਕੀਰਤ ਕੌਰ ਚਾਹਲ ਨੇ ਕਿਹਾ ਕਿ ਮੇਰੇ ਵੱਲੋਂ ਸੰਪਾਦਤ ਕੀਤੇ ਕਹਾਣੀ ਸੰਗ੍ਰਹਿ ਦਾ ਮਕਸਦ ਪੰਜਾਬੀਆਂ ਦੀ ਜਾਨਵਰਾਂ ਪ੍ਰਤੀ ਸੰਵੇਦਨਸ਼ੀਲਤਾ ਨੂੰ ਜ਼ਾਹਰ ਕਰਨਾ ਹੈ,



ਪੰਜਾਬੀ ਲੋਕਾਂ ਦੇ ਜਾਨਵਰਾਂ ਪ੍ਰਤੀ ਰਵੱਈਏ ਨੂੰ ਤੁਸੀਂ ਇਨ੍ਹਾਂ ਕਹਾਣੀਆਂ ਰਾਹੀਂ ਸਮਝ ਸਕਦੇ ਹੋ। ਮਨੁੱਖ ਇਨ੍ਹਾਂ ਜਾਨਵਰਾਂ ਨਾਲ ਕਿਸ ਤਰ੍ਹਾਂ ਦਾ ਸੰਵਾਦ ਰਚਾਉਂਦਾ ਹੈ, ਨੂੰ ਵੀ ਤੁਸੀਂ ਇਨ੍ਹਾਂ ਕਹਾਣੀਆਂ ਵਿੱਚ ਪੜ੍ਹ ਸਕਦੇ ਹੋ। ਚਰਨ ਗਿੱਲ, ਹਰਜਿੰਦਰ ਵਾਲੀਆ ਨੇ ਸੰਪਾਦਕਾਂ ਦੇ ਇਸ ਯਤਨ ਦੀ ਤਾਰੀਫ਼ ਕੀਤੀ। ਭਗਵੰਤ ਰਸੂਲਪੁਰੀ ਨੇ ਕਿਹਾ ਕਿ ਇਨ੍ਹਾਂ ਸੰਪਾਦਤ ਕਿਤਾਬਾਂ ਨਾਲ ਪਾਠਕਾਂ ਨੂੰ ਉੱਤਮ ਦਰਜੇ ਦੀਆਂ ਕਹਾਣੀਆਂ ਮਿਲ ਜਾਣਗੀਆਂ। ਸਤਪਾਲ ਭੀਖੀ ਨੇ ਦੋਹਾਂ ਸੰਪਾਦਕਾਂ ਨੇ ਜੋ ਕਹਾਣੀਆਂ ਸੰਪਾਦਤ ਕੀਤੀਆਂ, ਉਨ੍ਹਾਂ ਨੂੰ ਵੱਡੀਆਂ ਕਹਾਣੀਆਂ ਕਿਹਾ। ਨਿਰੰਜਣ ਬੋਹਾ ਨੇ ਕਿਹਾ ਕਿ ਪ੍ਰੇਮ ਮਾਨ ਤੇ ਚਹਿਲ ਪੰਜਾਬੀ ਕਹਾਣੀਕਾਰਾਂ ਨੂੰ ਨਵੇਂ ਪਾਠਕਾਂ ਤੱਕ ਲਿਜਾਣ ਦਾ ਉਪਰਾਲਾ ਕਰ ਰਹੇ ਹਨ। ਇਸ ਮੌਕੇ ਉੱਤੇ ਕਹਾਣੀਕਾਰ ਜਤਿੰਦਰ ਸਿੰਘ ਹਾਂਸ, ਪਰਮਜੀਤ ਮਾਨ, ਲਖਵਿੰਦਰ ਵਿਰਕ, ਕਮਲ ਸੇਖੋਂ, ਰਮਨਦੀਪ ਵਿਰਕ, ਜਸਬੀਰ ਭੁੱਲਰ, ਸੁਖਵਿੰਦਰ, ਡਾ. ਪੁਸ਼ਵਿੰਦਰ ਕੌਰ, ਆਰ. ਪੀ. ਸਿੰਘ ਆਦਿ ਨੇ ਲੋਕ ਅਰਪਣ ਹੋਈਆਂ ਪੁਸਤਕਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਪੁਸਤਕ ਦੇ ਪ੍ਰਕਾਸ਼ਕ ਨਿਸ਼ਾਂਤ ਸੂਦ ਨੇ ਗਰੇਸ਼ੀਅਸ ਪ੍ਰਕਾਸ਼ਨ ਪਟਿਆਲਾ ਵੱਲੋਂ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## 'ਕਹਾਣੀ ਪੰਜਾਬ' ਦਾ 105ਵਾਂ ਅੰਕ ਲੋਕ-ਅਰਪਣ



**ਬਰਨਾਲਾ**-ਰਾਮ ਸਰੂਪ ਅਣਖੀ ਸਾਹਿਤ ਸਭਾ (ਰਜਿ.) ਧੌਲਾ ਵੱਲੋਂ ਅਰੁਣ ਮੈਮੋਰੀਅਲ ਕਲਚਰ ਸੈਂਟਰ ਸੰਘੇੜਾ 'ਚ ਕਰਵਾਏ ਗਏ ਸਾਹਿਤਕ ਸਮਾਗਮ ਵਿੱਚ ਬਾਨੀ ਸੰਪਾਦਕ ਰਾਮ ਸਰੂਪ ਅਣਖੀ ਅਤੇ ਆਨਰੇਰੀ ਸੰਪਾਦਕ ਜਸਵਿੰਦਰ ਕੌਰ ਵੀਨੂੰ ਦੁਆਰਾ ਤਿਆਰ ਕੀਤਾ ਗਿਆ ਪੰਜਾਬੀ ਦਾ ਮੈਗਜ਼ੀਨ 'ਕਹਾਣੀ ਪੰਜਾਬ' ਦਾ 105ਵਾਂ ਅੰਕ ਲੋਕ ਅਰਪਣ ਕੀਤਾ ਗਿਆ।ਕਹਾਣੀ ਪੰਜਾਬ ਨੂੰ ਲੋਕ ਅਰਪਣ ਦੀ ਰਸਮ ਹਲਕਾ ਵਿਧਾਇਕ ਭਦੌੜ ਲਾਭ ਸਿੰਘ ਉਗੋਕੇ, ਡਾ. ਸਤਨਾਮ ਸਿੰਘ ਜੱਸਲ, ਪੰਜਾਬੀ ਫਿਲਮ ਸਮੀਖਿਆਕਾਰ ਦੀਪ ਜਗਦੀਪ ਸਿੰਘ, ਗੀਤਕਾਰ ਮਨਪ੍ਰੀਤ ਸਿੰਘ ਟਿਵਾਣਾ, ਡਾ. ਕਰਾਂਤੀ ਪਾਲ, ਗੁਰਸੇਵਕ ਸਿੰਘ ਧੌਲਾ, ਗੁਰਚੇਤ ਸਿੰਘ ਫੱਤੇਵਾਲੀਆ ਨੇ ਨਿਭਾਈ।ਲੋਕ ਅਰਪਣ ਸਮਾਗਮ ਮੌਕੇ ਬੋਲਦਿਆਂ ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ ਕਿ ਅਣਖੀ ਨੇ ਹਮੇਸ਼ਾ ਨੌਜਵਾਨਾਂ ਨੂੰ ਲਿਖਣ ਲਈ ਪ੍ਰੇਰਿਆ ਅਤੇ ਉਨ੍ਹਾਂ ਦੀਆਂ ਕਹਾਣੀਆਂ ਨੂੰ 'ਕਹਾਣੀ ਪੰਜਾਬ' ਮੈਗ਼ਜ਼ੀਨ ਵਿੱਚ ਛਾਪਿਆ। ਅਣਖੀ ਨੇ ਹਮੇਸ਼ਾ ਨੌਜਵਾਨ ਪੀੜ੍ਹੀ ਨੂੰ ਨਾਲ-ਨਾਲ ਰੱਖਿਆ।ਡਾ. ਸਤਨਾਮ ਸਿੰਘ ਜੱਸਲ ਨੇ ਆਖਿਆ ਕਿ 'ਕਹਾਣੀ ਪੰਜਾਬ' ਦੂਸਰੇ ਪੰਜਾਬੀ ਦੇ ਪਰਚਿਆਂ ਨਾਲੋਂ ਇੱਕ ਨਿਵੇਕਲੀ ਕਿਸਮ ਦਾ ਪਰਚਾ ਹੈ, ਜਿਸ ਨੇ ਹਮੇਸ਼ਾ ਨੌਜਵਾਨਾਂ ਅਤੇ ਚੰਗੀ ਸਮੱਗਰੀ ਨੂੰ ਥਾਂ ਦਿੱਤੀ।ਅਣਖੀ ਜੀ ਦੇ ਤੁਰ ਜਾਣ ਤੋਂ ਬਾਅਦ ਵੀ ਡਾ. ਕਰਾਂਤੀ ਪਾਲ ਨੇ ਉਸੇ ਲੀਹ ਨੂੰ ਅੱਗੇ ਤੋਰਿਆ ਹੈ। ਪੰਜਾਬੀ ਲੋਕਧਾਰਾ ਗਰੁੱਪ ਦੇ ਫਾਊਂਡਰ ਅਤੇ ਕਾਲਮ ਨਵੀਸ ਗੁਰਸੇਵਕ ਸਿੰਘ ਧੌਲਾ ਨੇ ਬੋਲਦਿਆਂ ਕਿਹਾ ਕਿ 'ਕਹਾਣੀ ਪੰਜਾਬ' ਦੇ ਸੰਪਾਦਕ ਨੇ ਹਮੇਸ਼ਾ ਰਿਸਕ ਲੈ ਕੇ ਕੁਝ ਚੰਗਾ ਤੇ ਉਸਾਰੂ ਛਾਪਣ ਦਾ ਦਮ ਦਿਖਾਇਆ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਬੇਅੰਤ ਸਿੰਘ ਬਾਜਵਾ ਨੇ ਦੱਸਿਆ ਕਿ ਰਾਮ ਸਰੂਪ ਅਣਖੀ ਵੱਲੋਂ ਅੱਜ ਤੋਂ 25 ਸਾਲ ਪਹਿਲਾਂ ਸ਼ੁਰੂ ਕੀਤਾ ਗਿਆ ਮੈਗਜ਼ੀਨ 'ਕਹਾਣੀ ਪੰਜਾਬ' ਸਾਹਿਤ ਸਭਾ ਧੌਲਾ ਦੇ ਮੰਚ ਤੋਂ ਲੋਕ ਅਰਪਣ ਕੀਤਾ ਗਿਆ ਹੈ, ਜਿਸ ਨਾਲ ਚੰਗੇ ਸਾਹਿਤ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਜਾ ਸਕਿਆ ਹੈ।ਇਸ ਮੌਕੇ ਡਾ. ਭੁਪਿੰਦਰ ਸਿੰਘ ਬੇਦੀ, ਪਾਲੀ ਖਾਦਿਮ, ਭੋਲਾ ਸਿੰਘ ਸੰਘੇੜਾ, ਭੁਪਿੰਦਰ ਸਿੰਘ ਮਾਨ, ਅਮਰਜੀਤ ਸਿੰਘ ਮਾਨ, ਹਰੀਸ਼ ਸ਼ਰਮਾ, ਮੁਖਤਿਆਰ ਸਿੰਘ ਪੱਖੋ ਕਲਾਂ, ਦਯਾ ਰਾਮ ਪੰਜਾਬੀ ਆਦਿ ਹਾਜ਼ਰ ਸਨ।

—ਬੇਅੰਤ ਸਿੰਘ ਬਾਜਵਾ

## 'ਬੇਗਮਪੁਰਾ ਸਹਰ ਕੋ ਨਾਉ' ਲੋਕ-ਅਰਪਣ

**ਸੰਗਰੂਰ** : ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਮਹੀਨਾਵਾਰ ਸਾਹਿਤਕ ਸਮਾਗਮ ਉੱਘੇ ਪੰਜਾਬੀ ਲੇਖਕ ਡਾ: ਮੇਵਾ ਰਾਮ ਦੀ ਪ੍ਰਧਾਨਗੀ ਵਿੱਚ ਲੇਖਕ ਭਵਨ ਸੰਗਰੂਰ ਵਿਖੇ ਹੋਇਆ, ਜਿਸ ਵਿੱਚ ਪੰਮੀ ਫੱਗੂਵਾਲੀਆ ਦੀ ਖੋਜ ਪੁਸਤਕ 'ਬੇਗਮਪੁਰਾ ਸਹਰ ਕੋ ਨਾਉ' ਲੋਕ ਅਰਪਣ ਕੀਤੀ ਗਈ। ਡਾ. ਮਨਜਿੰਦਰ ਸਿੰਘ ਨੇ ਪੁਸਤਕ ਸੰਬੰਧੀ ਪੜ੍ਹੇ ਗਏ ਆਪਣੇ ਪਰਚੇ ਵਿੱਚ ਕਿਹਾ ਕਿ ਸਮਾਜਿਕ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਐਜੂਕੇਸ਼ਨ ਹਥਿਆਰ ਦਾ ਕੰਮ ਕਰਦੀ ਹੈ। ਵਿਚਾਰ ਚਰਚਾ ਨੂੰ ਅੱਗੇ ਤੋਰਦਿਆਂ ਨਿਹਾਲ ਸਿੰਘ ਮਾਨ ਨੇ ਕਿਹਾ ਕਿ ਭਗਤ ਰਵਿਦਾਸ ਦਾ ਦਿੱਤਾ ਬੇਗਮਪੁਰੇ ਦਾ ਸੰਕਲਪ ਅੱਜ ਵੀ ਸਾਰਥਿਕ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ: ਮੇਵਾ ਰਾਮ ਨੇ ਕਿਹਾ ਕਿ ਪੰਮੀ ਫੱਗੂਵਾਲੀਆ ਦੀ ਪੁਸਤਕ ਉਨ੍ਹਾਂ ਦੀ ਲੰਬੀ ਸਾਧਨਾ ਦਾ ਨਤੀਜਾ ਹੈ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਗੱਲਬਾਤ ਕਰਦਿਆਂ ਪੰਮੀ ਫੱਗੂਵਾਲੀਆ ਨੇ ਸਰੋਤਿਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਬਹੁਤ ਹੀ ਤਸੱਲੀਬਖਸ਼ ਢੰਗ ਨਾਲ ਦਿੱਤੇ। ਕਵਿਤਾ ਲਿਖਣ ਦੀ ਵਿਧੀ ਨੂੰ ਸਰਲ ਭਾਸ਼ਾ ਵਿੱਚ ਸਮਝਾਇਆ ਗਿਆ। ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਅੱਜ ਕਵਿਤਾ ਸਕੂਲ ਵਿੱਚ



ਲੋਟੇ ਨੇ ਕਵਿਤਾ ਲਿਖਣ ਬਾਰੇ ਬਹੁਤ ਹੀ ਸਰਲ ਤੇ ਸਪੱਸ਼ਟ ਸ਼ਬਦਾਵਲੀ ਵਿੱਚ ਜਾਣਕਾਰੀ ਦਿੱਤੀ। ਇਕੱਤਰਤਾ ਵਿੱਚ ਵੱਡੀ ਗਿਣਤੀ 'ਚ ਸਾਹਿਤਕਾਰ ਸ਼ਾਮਲ ਹੋਏ। ਰਜਿੰਦਰ ਸਿੰਘ ਰਾਜਨ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ ਅਤੇ ਅੰਤ ਵਿੱਚ ਜਗਜੀਤ ਸਿੰਘ ਲੱਡਾ ਨੇ ਸਾਰੇ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ।

## 'ਮਾਤ ਭਾਸ਼ਾ ਤੇ ਆਰਥਿਕ ਵਸੀਲੇ' ਵਿਸ਼ੇ 'ਤੇ ਵਿਚਾਰ-ਚਰਚਾ

**ਅੰਮ੍ਰਿਤਸਰ**-ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਜਨਵਾਦੀ ਲੇਖਕ ਸੰਘ ਵੱਲੋਂ 'ਮਾਤ ਭਾਸ਼ਾ ਤੇ ਆਰਥਿਕ ਵਸੀਲੇ' ਵਿਸ਼ੇ ਤਹਿਤ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਸੰਵਾਦ ਰਚਾਇਆ ਗਿਆ, ਜਿਸ ਵਿੱਚ ਬੁਲਾਰਿਆਂ ਰਾਏ ਉਸਾਰੀ ਕਿ ਕਿਸੇ ਵੀ ਖਿੱਤੇ ਦੀ ਤਰੱਕੀ ਉਥੋਂ ਦੇ ਲੋਕਾਂ ਦੀ ਜ਼ੁਬਾਨ ਨਾਲ ਜੁੜੀ ਹੁੰਦੀ ਹੈ ਤੇ ਜ਼ੁਬਾਨ ਉਹੀ ਤਰੱਕੀ ਕਰਦੀ ਹੈ, ਜਿਹੜੀ ਕਾਰ-ਵਿਹਾਰ ਤੇ ਰੁਜ਼ਗਾਰ ਨਾਲ ਜੁੜੀ ਹੁੰਦੀ ਹੈ। ਇਸ ਸਮਾਗਮ ਦਾ ਆਗਾਜ਼ ਸਕੂਲ ਦੇ ਪ੍ਰਬੰਧਕ ਪ੍ਰਤੀਕ ਸਹਿਦੇਵ ਅਤੇ ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ, ਜਦਕਿ ਸਮਾਗਮ ਦੇ ਕਨਵੀਨਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਸਰਕਾਰਾਂ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ। ਉਹਨਾਂ ਡਾਕਟਰੀ, ਕਾਨੂੰਨ ਅਤੇ ਤਕਨੀਕੀ ਸਿੱਖਿਆ ਦੀ ਪੜ੍ਹਾਈ ਲਈ ਪੁਸਤਕਾਂ ਤੇ ਹੋਰ ਪੜ੍ਹਨ ਸਮੱਗਰੀ ਪੰਜਾਬੀ 'ਚ ਮੁਹੱਈਆ ਕਰਵਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਵਿਦਵਾਨ



ਪਰਮਜੀਤ ਸਿੰਘ ਬੱਲ ਅਤੇ ਸੁਮੀਤ ਸਿੰਘ ਨੇ ਕਿਹਾ ਕਿ ਰਾਜ ਅੰਦਰਲੇ ਸਕੂਲਾਂ, ਕਾਲਜਾਂ ਤੇ ਹੋਰ ਵਿਦਿਅਕ ਅਦਾਰਿਆਂ ਵਿਚ ਪੰਜਾਬੀ ਦੇ ਅਧਿਆਪਕ ਪੱਕੇ ਤੌਰ 'ਤੇ ਭਰਤੀ ਕੀਤੇ ਜਾਣ ਤਾਂ ਜੋ ਮਾਤ ਭਾਸ਼ਾ ਵਿਚ ਉੱਚ ਵਿੱਦਿਆ ਪ੍ਰਾਪਤ ਕਰਨ ਮਗਰੋਂ ਰੁਜ਼ਗਾਰ ਦੇ ਵਧੀਆ ਵਸੀਲੇ ਪੈਦਾ ਹੋ ਸਕਣ। ਇਸ ਮੌਕੇ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਕੇਂਦਰੀ ਲੇਖਕ ਸਭਾ ਵੱਲੋਂ ਆਲਮੀ ਪੰਜਾਬੀ ਕਾਨਫਰੰਸ 7, 8 ਤੇ 9 ਨੂੰ

**ਜਲੰਧਰ** : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਆਲਮੀ ਪੰਜਾਬੀ ਕਾਨਫਰੰਸ 7, 8 ਅਤੇ 9 ਮਾਰਚ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਵਸਾਏ ਹਰਭਜਨ ਸਿੰਘ ਹੁੰਦਲ ਨਗਰ ਵਿੱਚ ਕਰਵਾਈ ਜਾ ਰਹੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਆਪਣੇ ਗਠਨ ਦੇ ਸੱਤਵੇਂ ਦਹਾਕੇ ਵਿੱਚ ਪੈਰ ਧਰਨ ਜਾ ਰਹੀ ਹੈ। ਇਹ ਲਗਾਤਾਰ ਪੰਜਾਬ ਦੇ ਭਾਸ਼ਾਈ, ਸਮਾਜਿਕ, ਸੱਭਿਆਚਾਰਕ ਅਤੇ ਹੋਰ ਮਸਲਿਆਂ ਬਾਰੇ ਵਿਚਾਰ ਚਰਚਾ ਕਰਵਾਉਂਦੀ ਆ ਰਹੀ ਹੈ। ਇਸੇ ਹੀ ਰਵਾਇਤ ਨੂੰ ਅੱਗੇ ਤੋਰਦਿਆਂ ਇਸ ਵਾਰ ਇਸ ਕਾਨਫਰੰਸ ਵਿੱਚ ਸਾਹਿਤ, ਸੱਭਿਆਚਾਰ, ਸਿੱਖਿਆ, ਸਮਾਜ ਅਤੇ ਸੱਤਾ (ਪੰਜ ਸੱਸੇ) ਬਾਰੇ ਲਗਾਤਾਰ ਤਿੰਨ ਦਿਨ ਵਿਚਾਰ ਚਰਚਾ ਹੋਵੇਗੀ।

ਕਾਨਫਰੰਸ ਦੇ ਪਹਿਲੇ ਦਿਨ 7 ਮਾਰਚ ਨੂੰ 'ਦੇਸ਼ ਅਸਾਡਾ ਕਿੱਥੋਂ ਕਿੱਥੇ ਪਹੁੰਚ ਗਿਆ।' ਉਨਵਾਦ ਹੇਠ ਗੌਹਰ ਰਜ਼ਾ ਆਪਣਾ ਪਰਚਾ ਪੇਸ਼ ਕਰਨਗੇ ਅਤੇ ਉਸ ਉਪਰ ਨਿਠ ਕੇ ਵਿਚਾਰ ਚਰਚਾ ਹੋਵੇਗੀ। ਇਸੇ ਹੀ ਦਿਨ 'ਮੈਂ ਪੰਜਾਬ ਬੋਲਦਾਂ' ਸਿਰਲੇਖ ਹੇਠ ਪੈਨਲ ਚਰਚਾ ਹੋਵੇਗੀ, ਜਿਸ ਵਿੱਚ ਹਮੀਰ ਸਿੰਘ, ਜੰਗ ਬਹਾਦਰ ਗੋਇਲ, ਪ੍ਰੋਫੈਸਰ ਜੈਪਾਲ ਸਿੰਘ, ਸਤਨਾਮ ਮਾਣਕ, ਡਾ. ਲਖਵਿੰਦਰ ਸਿੰਘ ਜੌਹਲ ਅਤੇ ਹੋਰ ਵਿਦਵਾਨ ਹਿੱਸਾ ਲੈਣਗੇ। ਇਸੇ ਹੀ ਦਿਨ ਸ਼ਾਮ ਨੂੰ ਸੂਫੀ ਗਾਇਨ ਵਿੱਚ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਆਏ ਸੁਖਦੇਵ ਸਾਹਿਲ ਸੂਫੀਆਨਾ ਕਲਾਮ ਪੇਸ਼ ਕਰਨਗੇ। ਕਾਨਫਰੰਸ ਦੇ ਦੂਜੇ ਦਿਨ 8 ਮਾਰਚ ਨੂੰ 'ਅਜੋਕੇ ਭਾਰਤ ਵਿੱਚ ਔਰਤ ਸਾਹਮਣੇ ਚੁਣੌਤੀਆਂ' ਵਿਸ਼ੇ ਬਾਰੇ ਸ਼ਬਨਮ ਹਾਸ਼ਮੀ ਮੁੱਖ ਬੁਲਾਰਾ ਹੋਣਗੇ। ਪ੍ਰਿੰਸੀਪਲ ਗੁਰਦੇਵ ਕੌਰ ਪਾਲ, ਕੰਵਲਜੀਤ ਢਿੱਲੋਂ ਅਤੇ ਹੋਰ ਵਿਦਵਾਨ ਆਪੋ-ਆਪਣੇ ਵਿਚਾਰ ਪੇਸ਼ ਕਰਨਗੇ। ਇਸੇ ਹੀ ਦਿਨ ਅਗਲਾ ਸੈਸ਼ਨ 'ਗ਼ਜ਼ਲ ਗੁਲਜ਼ਾਰ ਅਤੇ ਪੁਰਸਕਾਰ' ਹੋਵੇਗਾ, ਜਿਸ ਵਿੱਚ ਸੁਖਦੀਪ ਔਜਲਾ ਨੂੰ ਪਹਿਲਾ ਸਤਨਾਮ ਯਾਦਗਾਰੀ ਪੁਰਸਕਾਰ ਦਿੱਤਾ ਜਾਵੇਗਾ। ਪਰਵਾਸੀ ਸ਼ਾਇਰਾਂ ਵੱਲੋਂ ਆਯੋਜਿਤ ਇਸ ਸੈਸ਼ਨ ਵਿੱਚ ਜਸਵਿੰਦਰ, ਕੁਲਵਿੰਦਰ ਅਤੇ ਹੋਰ ਪ੍ਰਵਾਸੀ ਸਾਹਿਤਕਾਰ ਸ਼ਾਮਲ ਹੋਣਗੇ। ਇਸ ਦਿਨ ਦਾ ਤੀਜਾ ਸੈਸ਼ਨ 'ਨਾਮਧਾਰੀ ਸਾਹਿਤ ਪਰੰਪਰਾ' ਵਿਸ਼ੇ 'ਤੇ ਹੋਵੇਗਾ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਡਾ. ਹਰਵਿੰਦਰ ਸਿੰਘ ਭੱਟੀ ਆਪਣੇ ਵਿਚਾਰ ਪੇਸ਼ ਕਰਨਗੇ। ਸੁਵਰਨ ਸਿੰਘ ਵਿਰਕ ਵੀ ਇਸ ਬਾਰੇ ਆਪਣਾ ਮੱਤ ਰੱਖਣਗੇ। ਇਸੇ ਹੀ ਦਿਨ ਸ਼ਾਮ ਨੂੰ ਡਾ. ਆਤਮਜੀਤ ਸਿੰਘ ਆਪਣੇ ਨਵੇਂ ਲਿਖੇ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦਾ ਨਾਟਕੀ ਪਾਠ ਕਰਨਗੇ। ਇਹ ਨਾਟਕ ਡਾ. ਦੀਵਾਨ ਸਿੰਘ ਕਾਲੇ ਪਾਣੀ ਦੀ ਜੀਵਨੀ 'ਤੇ ਆਧਾਰਤ ਹੈ।

ਤੀਜੇ ਦਿਨ 9 ਮਾਰਚ ਨੂੰ ਪਹਿਲੇ ਸੈਸ਼ਨ ਵਿੱਚ ਭਾਸ਼ਾ, ਸਾਹਿਤ ਅਤੇ ਸਿੱਖਿਆ ਵਿਸ਼ੇ ਬਾਰੇ ਵਿਚਾਰ ਚਰਚਾ ਹੋਵੇਗੀ, ਜਿਸ ਵਿੱਚ ਡਾ. ਮਨਜਿੰਦਰ ਸਿੰਘ ਮੁੱਖ ਬੁਲਾਰਾ ਹੋਣਗੇ। ਦੂਜੇ ਸੈਸ਼ਨ ਵਿੱਚ 'ਸੰਵਿਧਾਨ ਸੱਤਾ ਤੇ ਲੋਕ' ਵਿਸ਼ੇ ਉਪਰ ਚਰਚਾ ਹੋਵੇਗੀ, ਜਿਸ ਵਿੱਚ ਇਨ੍ਹਾਂ ਮਸਲਿਆਂ ਉਪਰ ਕੰਮ ਕਰ ਰਹੇ ਵਿਦਵਾਨ ਆਪਣੇ ਵਿਚਾਰ ਪੇਸ਼ ਕਰਨਗੇ।

ਇਸ ਕਾਨਫਰੰਸ ਦੇ ਵੱਖ-ਵੱਖ ਸੈਸ਼ਨਾਂ ਵਿੱਚ ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ, ਵਰਿਆਮ ਸੰਧੂ, ਗੁਰਭਜਨ ਗਿੱਲ, ਡਾ. ਦੀਪਕ ਮਨਮੋਹਨ ਸਿੰਘ, ਕਰਨੈਲ ਸਿੰਘ ਸ਼ੇਰਗਿੱਲ, ਹਰਦਮ ਮਾਨ, ਗੁਰਮੀਤ ਹਯਾਤਪੁਰੀ, ਜਗੀਰ ਕਾਹਲੋਂ ਅਤੇ ਹੋਰ ਕਈ ਵਿਦਵਾਨ ਸ਼ਿਰਕਤ ਕਰਨਗੇ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਜਨਰਲ ਸਕੱਤਰ ਸੁਸ਼ੀਲ ਦੋਸਾਂਝ ਨੇ ਸਮੁੱਚੀ ਕਾਰਜਕਾਰਨੀ ਵੱਲੋਂ ਪੰਜਾਬ ਅਤੇ ਪੰਜਾਬੀ ਨੂੰ ਮੁਹੱਬਤ ਕਰਨ ਵਾਲਿਆਂ ਨੂੰ ਇਸ ਕਾਨਫਰੰਸ ਵਿੱਚ ਸਰਗਰਮ ਸ਼ਮੂਲੀਅਤ ਲਈ ਬੇਨਤੀ ਕੀਤੀ ਹੈ ਤਾਂ ਜੋ ਇਨ੍ਹਾਂ ਮਸਲਿਆਂ ਬਾਰੇ ਨਿੱਠ ਕੇ ਵਿਚਾਰ ਚਰਚਾ ਹੋ ਸਕੇ।

-ਸੁਸ਼ੀਲ ਦੋਸਾਂਝ

## ਸਕੂਲ ਰਸਾਲਾ 'ਸੋਚ ਉਡਾਰੀ' ਦਾ ਲੋਕ-ਅਰਪਣ

**ਪਟਿਆਲਾ**-ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਾਰਜਸ਼ੀਲ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਡਾ. ਦਰਸ਼ਨ ਸਿੰਘ 'ਆਸ਼ਟ' ਨਾਲ ਭਾਈ ਕਾਨ੍ਹ ਸਿੰਘ ਨਾਭਾ ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਨਾਭਾ ਵਿਖੇ ਵਿਦਿਆਰਥਣਾਂ ਨਾਲ ਰੂਬਰੂ ਕਰਵਾਇਆ ਗਿਆ। ਇਸ ਸਮਾਗਮ ਵਿਚ ਸਕੂਲ ਦੇ ਪ੍ਰਿੰਸੀਪਲ ਸ਼ੈਲੇਂਦਰ ਸ਼ਰਮਾ, ਆਫ਼ੀਸ਼ੀਏਟਿੰਗ ਪ੍ਰਿੰਸੀਪਲ ਗੁਰਦੀਪ ਸਿੰਘ ਸੇਖੋਂ, ਸ਼੍ਰੋਮਣੀ ਕਵੀ ਦਰਸ਼ਨ ਬੁੱਟਰ, ਮਲਕੀਤ ਐਗਰੋ ਟੈੱਕ ਪ੍ਰਾਈ. ਲਿਮ. ਨਾਭਾ ਦੇ ਐੱਮ.ਡੀ. ਚਰਨ ਸਿੰਘ, ਸਕੂਲੀ ਰਸਾਲੇ 'ਸੋਚ ਉਡਾਰੀ' ਦੇ ਮੁੱਖ ਸੰਪਾਦਕ ਲੈਕਚਰਾਰ ਪੰਜਾਬੀ ਹਰਜੀਤ ਕੌਰ ਅਤੇ ਪੰਜਾਬੀ ਵਿਭਾਗ ਦੇ ਸੰਪਾਦਕ ਅਤੇ ਸਟੇਟ ਐਵਾਰਡੀ ਮਾਸਟਰ ਸੁਰਜੀਤ ਸਿੰਘ ਖਾਂਗ ਆਦਿ ਸ਼ਾਮਲ ਸਨ।

ਸਮਾਗਮ ਵਿਚ ਸਭ ਤੋਂ ਪਹਿਲਾਂ ਪ੍ਰਿੰ. ਸ਼ੈਲੇਂਦਰ ਸ਼ਰਮਾ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਉਪਰੰਤ ਸਮੂਹ ਪ੍ਰਧਾਨਗੀ ਮੰਡਲ ਵੱਲੋਂ ਸਕੂਲ ਰਸਾਲਾ 'ਸੋਚ ਉਡਾਰੀ' ਦਾ ਲੋਕ ਅਰਪਣ ਕੀਤਾ ਗਿਆ, ਜਿਸ ਵਿਚ ਸਮੁੱਚਾ ਸੰਪਾਦਕੀ ਬੋਰਡ ਸਮੇਤ ਵਿਦਿਆਰਥੀ ਸੰਪਾਦਕਾਂ ਦੇ ਸ਼ਾਮਲ ਹੋਇਆ। ਇਸ ਮੌਕੇ ਆਫ਼ੀਸ਼ੀਏਟਿੰਗ ਪ੍ਰਿੰ. ਗੁਰਦੀਪ ਸਿੰਘ ਸੇਖੋਂ, ਦਰਸ਼ਨ ਸਿੰਘ ਬੁੱਟਰ ਅਤੇ ਚਰਨ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਮਾਸਟਰ ਸੁਰਜੀਤ ਸਿੰਘ ਖਾਂਗ ਨੇ ਰਸਾਲੇ ਬਾਰੇ ਵਿਸਥਾਰ-ਪੂਰਵਕ ਚਾਨਣਾ ਪਾਉਂਦਿਆਂ ਦੱਸਿਆ ਕਿ ਉਹਨਾਂ ਦੇ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕ ਸਾਹਿਬਾਨ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਬੱਚਿਆਂ ਵਿਚ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਇਸ ਰਸਾਲੇ ਦਾ ਸੰਪਾਦਨ ਕੀਤਾ ਹੈ। ਇਸ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਉਚੇਚੇ ਤੌਰ 'ਤੇ ਪੁੱਜੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਸਾਹਿਤ ਅਕਾਦਮੀ ਬਾਲ ਸਾਹਿਤ ਐਵਾਰਡੀ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਵਿਦਿਆਰਥਣਾਂ ਦੇ ਰੂਬਰੂ ਹੁੰਦਿਆਂ ਉਹਨਾਂ ਨਾਲ ਮਾਤ-ਭਾਸ਼ਾ ਅਤੇ ਬਾਲ ਸਾਹਿਤ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਡਾ. 'ਆਸ਼ਟ' ਨੇ ਵੱਖ-ਵੱਖ ਸ਼੍ਰੇਣੀਆਂ ਦੀਆਂ ਪੰਜਾਬੀ ਪਾਠ ਪੁਸਤਕਾਂ ਵਿਚ ਸ਼ਾਮਲ ਆਪਣੀਆਂ ਵੰਨ-ਸੁਵੰਨੀਆਂ ਰਚਨਾਵਾਂ ਦੇ ਹਵਾਲੇ ਨਾਲ ਕਿਹਾ ਕਿ ਮਾਂ ਬੋਲੀ ਅਤੇ ਵਿਰਾਸਤ ਸਾਨੂੰ ਸਮਾਜ ਦੀਆਂ ਨਿੱਗਰ ਕਦਰਾਂ-ਕੀਮਤਾਂ ਨਾਲ ਜੋੜਦੀਆਂ ਹੀ ਨਹੀਂ ਹਨ, ਸਗੋਂ ਆਪਣੇ ਸੱਭਿਆਚਾਰ ਪ੍ਰਤੀ ਚੇਤਨਾ ਵੀ ਪੈਦਾ ਕਰਦੀਆਂ ਹਨ। ਡਾ. ਆਸ਼ਟ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਮਾਂ ਬੋਲੀ ਅਤੇ ਚਿੜੀ ਸੰਬੰਧੀ ਆਪਣੇ ਚਰਚਿਤ ਬਾਲ ਗੀਤ ਵੀ ਸੁਣਾਏ। ਅੰਤ ਵਿਚ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

## ਚਰਨਜੀਤ ਮਿਨਹਾਸ ਦਾ ਪਲੇਠਾ ਕਹਾਣੀ ਸੰਗ੍ਰਹਿ 'ਚੰਨ, ਚਾਨਣੀ ਤੇ ਚਕੋਰ' ਲੋਕ-ਅਰਪਣ




**ਪਟਿਆਲਾ**-ਕੈਲੀਬਰ ਪਬਲੀਕੇਸ਼ਨ ਪਟਿਆਲਾ ਵੱਲੋਂ ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਹਾਣੀਕਾਰ ਚਰਨਜੀਤ ਸਿੰਘ ਮਿਨਹਾਸ ਦੀ ਪਹਿਲੀ ਕਥਾ ਪੁਸਤਕ 'ਚੰਨ, ਚਾਨਣੀ ਤੇ ਚਕੋਰ' ਦਾ ਘੁੰਡ ਚੁਕਾਈ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਆਲੋਚਕ ਡਾ. ਭੀਮਇੰਦਰ ਸਿੰਘ ਨੇ ਕੀਤੀ। ਨਾਟਕਕਾਰ ਤੇ ਚਿੰਤਕ ਡਾ. ਕੁਲਦੀਪ ਸਿੰਘ ਦੀਪ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਅਰਵਿੰਦਰ ਸਿੰਘ ਢਿੱਲੋਂ ਨੇ ਚਰਨਜੀਤ ਮਿਨਹਾਸ ਹੁਰਾਂ ਦੇ ਜੀਵਨ ਅਤੇ ਲਿਖਤਾਂ ਬਾਰੇ ਚਾਨਣਾ ਪਾਇਆ। ਪੁਸਤਕ 'ਤੇ ਸਭ ਤੋਂ ਪਹਿਲਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਸੰਤੋਖ ਸਿੰਘ ਸੁੱਖੀ ਨੇ ਕਿਹਾ ਕਿ ਮਿਨਹਾਸ ਦੀਆਂ ਇਹ ਕਹਾਣੀਆਂ ਆਵਾਸੀ ਤੇ ਪ੍ਰਵਾਸੀ ਮਨੁੱਖ ਦੇ ਸੰਵਾਦ 'ਚੋਂ ਉਸਰੀ ਨਵੀਂ ਭਾਸ਼ਾ ਅਤੇ ਨਿਵੇਕਲੇ ਵਿਸ਼ਿਆਂ ਨੂੰ ਸਿਰਜਣ ਵਿਚ ਸਫਲ ਹੋਈਆਂ ਹਨ। ਸ਼ਾਇਰ ਦੀਪਕ ਧਲੇਵਾਂ ਨੇ ਇਸ ਕਹਾਣੀ ਸੰਗ੍ਰਹਿ ਨੂੰ ਨਵੇਂ ਦ੍ਰਿਸ਼ਾਂ ਨਾਲ ਦਸਤਕ ਦਿੰਦੀ ਕਹਾਣੀ ਕਿਹਾ, ਜੋ ਜ਼ਿੰਦਗੀ ਦੀਆਂ ਮਹੀਨ ਪਰਤਾਂ ਨੂੰ ਨਵੀਂ ਭਾਸ਼ਾ ਯੋਗਤਾ ਨਾਲ ਪੇਸ਼ ਕਰਦੀ ਹੈ। ਬਲਵਿੰਦਰ ਭੱਟੀ ਨੇ ਇਨ੍ਹਾਂ ਕਹਾਣੀਆਂ 'ਚ ਪੇਸ਼ ਹੋਏ ਮਨੁੱਖੀ ਅਵਚੇਤਨ ਦੇ ਗੁੱਝੇ ਭਾਵਾਂ ਨੂੰ ਪੇਸ਼ ਕਰਨ ਵਾਲੀ ਕਹਾਣੀ ਕਿਹਾ। ਚਿੱਟਾ ਸਿੱਧੂ ਨੇ ਪਾਤਰ ਚਿਤਰਨ ਦੇ ਖ਼ੂਬਸੂਰਤ ਦ੍ਰਿਸ਼ਾਂ ਬਾਰੇ ਆਪਣੇ ਵਿਚਾਰ ਰੱਖੇ।ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਪ੍ਰਵਾਸ ਵੱਲ ਰੁਚਿਤ ਨੌਜਵਾਨਾਂ ਨੂੰ ਇਹ ਕਹਾਣੀਆਂ ਲਾਜ਼ਮੀ ਤੌਰ 'ਤੇ ਪੜ੍ਹਾਈਆਂ ਜਾਣੀਆਂ ਚਾਹੀਦੀਆਂ ਹਨ। ਇਹਨਾਂ ਰਾਹੀਂ ਨੌਜਵਾਨਾਂ ਨੂੰ ਨਵਾਂ ਬੋਧ ਤੇ ਨਵੀਂ ਜਾਣਕਾਰੀ ਮਿਲੇਗੀ। ਇਹ ਕਹਾਣੀਆਂ ਪਰਵਾਸ ਹੰਢਾ ਰਹੇ ਪੰਜਾਬੀ ਬੰਦੇ ਅੰਦਰਲੀ ਮਾਨਸਿਕਤਾ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ। ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਮਿਨਹਾਸ ਦੇ ਸਮਾਜਿਕ ਸਹਿਯੋਗ ਬਾਰੇ ਗੱਲਬਾਤ ਰੱਖੀ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਭੀਮਇੰਦਰ ਸਿੰਘ ਨੇ ਕਿਹਾ ਕਿ ਜਿਸ ਦੌਰ 'ਚੋਂ ਅਸੀਂ ਲੰਘ ਰਹੇ ਹਾਂ, ਉਸ ਦੌਰ 'ਚ ਅਜਿਹੀਆਂ ਕਹਾਣੀਆਂ ਦਾ ਆਉਣਾ ਬਹੁਤ ਜ਼ਰੂਰੀ ਹੈ। ਇਹ ਕਹਾਣੀਆਂ ਵੱਖਰੇ ਢੰਗ ਨਾਲ ਮਨੁੱਖਤਾ ਦੀ ਮਾਨਸਿਕਤਾ ਨੂੰ ਪੇਸ਼ ਕਰਦੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਤਲਵਿੰਦਰ ਸਿੰਘ, ਕਮਲਜੀਤ ਸਿੰਘ ਚੱਡਾ, ਨਰਿੰਦਰਪਾਲ ਕੌਰ, ਕਮਲ ਸੇਖੋਂ, ਸੁਨੀਲ ਗੋਇਲ, ਅਜੈ ਸਿੰਗਲਾ, ਹਰਿੰਦਰ ਸਿੰਘ ਸਿੱਧੂ, ਸੰਜੇ ਮਿੱਤਲ, ਚਮਕੌਰ ਬਿੱਲਾ, ਜੱਗੀ ਹਮੀਰਗੜ੍ਹ, ਅਰਵਿੰਦਰ ਕੌਰ, ਸੁਖਚੈਨ ਖੋਸਾ ਆਦਿ ਸ਼ਾਮਲ ਹੋਏ।ਸੁਖਵਿੰਦਰ ਸੁੱਖੀ ਨੇ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸਤਪਾਲ ਭੀਖੀ ਨੇ ਬਾਖ਼ੂਬੀ ਨਿਭਾਈ।

# ਪਾਠਕਾਂ ਦੇ ਝਰੋਖੇ 'ਚੋਂ

## ਅੰਬੇਡਕਰ ਤੇ ਹਿੰਦੂਤਵ ਦਰਮਿਆਨ ਸਮਝੌਤਾ ਰਹਿਤ ਵਿਚਾਰਧਾਰਕ ਖਾਈ

23 ਫਰਵਰੀ ਦੇ 'ਐਤਵਾਰਤਾ' ਵਿਚ ਬੂਟਾ ਸਿੰਘ ਨੇ ਡਾ. ਅੰਬੇਡਕਰ ਦੀ ਹਿੰਦੂ ਵਿਚਾਰਧਾਰਾ ਨਾਲ ਤਕਰਾਰ ਅਤੇ ਵਿਰੋਧ ਦਾ ਜ਼ਿਕਰ ਕੀਤਾ ਹੈ ।ਡਾ. ਅੰਬੇਡਕਰ ਨੇ ਕਦੇ ਨਹੀਂ ਸੀ ਚਾਹਿਆ ਕਿ ਅੱਜ ਵਰਗਾ ਆਰ ਐੱਸ ਐੱਸ ਸਪਾਂਸਰਡ ਬੀ ਜੇ ਪੀ ਰਾਜ ਹੋਵੇ ।ਉਸ ਦੀ ਸੋਚ ਦੇਸ਼ ਦੇ ਦਲਿਤ ਵਰਗ ਨੂੰ ਸਿਆਸਤ ਵਿਚ ਲਿਆ ਕੇ ਬੇਗਮਪੁਰੇ ਵਾਲਾ ਰਾਜ ਪੈਦਾ ਕਰਨ ਦੀ ਸੀ। ਨਾਲੇ ਅੰਬੇਦਕਰ ਵਾਲਾ ਸੰਵਿਧਾਨ ਹੁਣ ਤੱਕ ਬਹੁਤ ਵਾਰੀ ਸੋਧਿਆ ਜਾ ਚੁੱਕਾ ਹੈ।ਰਾਖਵਾਂਕਰਨ ਦੇਸ਼ ਵਿਚ ਸਹੀ ਤਰੀਕੇ ਨਾਲ ਲਾਗੂ ਨਾ ਹੋ ਸਕਿਆ। ਇਸ ਮੁੱਦੇ 'ਤੇ ਕਈ ਵਾਰ ਦੇਸ਼ ਵਿਚ ਹੰਗਾਮੇ ਹੋ ਚੁੱਕੇ ਹਨ। ਅਸਲ ਵਿਚ ਰਾਖਵੇਂਕਰਨ ਵਿਚ ਕੇਵਲ ਜਾਤੀ ਨਹੀਂ, ਸਗੋਂ ਆਰਥਿਕ ਸਥਿਤੀ ਵੇਖਣ ਦੀ ਲੋੜ ਸੀ। ਕਈ ਲੋਕ ਵੇਖੇ ਹਨ, ਜੋ ਰਾਖਵੇਂਕਰਨ ਦੀਆਂ ਸਹੂਲਤਾਂ ਵੀ ਲੈ ਰਹੇ ਹਨ ਤੇ ਆਪ ਵੀ ਹਰ ਪੱਖ ਤੋਂ ਸੰਪੂਰਨ ਹਨ ।ਆਰਥਿਕ ਹਾਲਤ ਵੀ ਵਧੀਆ ਹੈ, ਪਰ ਮੁਫਤ ਦੀਆਂ ਰਿਉੜੀਆਂ ਲੈਣ ਵਿਚ ਸਭ ਤੋਂ ਅੱਗੇ ਹਨ ।ਸਰਕਾਰ ਨੂੰ ਚਾਹੀਦਾ ਹੈ ਕਿ ਹਰੇਕ ਨਿੱਜੀ ਅਦਾਰੇ ਦੀ ਰਜਿਸਟਰੇਸ਼ਨ ਕਰੇ। ਕਿਸੇ ਵੀ ਨਿੱਜੀ ਅਦਾਰੇ ਵਿਚ ਮੁਲਾਜ਼ਮ ਦਾ ਸ਼ੋਸ਼ਣ ਨਾ ਹੋਵੇ। ਘੱਟੋ-ਘੱਟ ਉਜਰਤਾਂ ਨਿਸ਼ਚਿਤ ਕਰੇ ਤਾਂ ਕਿ ਹਰੇਕ ਵਿਅਕਤੀ ਰੱਜਵੀਂ ਰੋਟੀ ਖਾ ਸਕੇ।ਅਸਲ ਰੂਪ ਵਿਚ ਸਮਾਜਵਾਦ ਇਹੋ ਹੋਵੇਗਾ, ਜਿਸ ਦਾ ਸੁਪਨਾ ਸਾਡੇ ਦੇਸ਼ ਦੀ ਆਜ਼ਾਦੀ ਲਈ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ ਸੀ, ਪਰ ਹੁਣ ਕੀ ਹੋ ਰਿਹਾ ਹੈ। ਸਰਕਾਰਾਂ ਮੁਫਤ ਦਾ ਮਾਲ ਦੇ ਕੇ ਲੋਕਾਂ ਨੂੰ ਖਾਸ ਕਰਕੇ ਪੜ੍ਹੇ-ਲਿਖੇ ਲੋਕਾ ਨੂੰ ਨੌਕਰੀਆਂ (ਨਿੱਜੀ ਜਾਂ ਸਰਕਾਰੀ) ਤੋਂ ਵਾਂਝੇ ਰੱਖਿਆ ਜਾ ਰਿਹਾ ਹੈ, ਕਿਉਂਕਿ ਨੀਤੀਆਂ ਦਾ ਸਰੋਕਾਰ ਕੇਵਲ ਵੋਟ ਬੈਂਕ ਨਾਲ ਹੈ। ਜਾਤੀਵਾਦ ਨੂੰ ਉਭਾਰਿਆ ਜਾ ਰਿਹਾ ਹੈ। ਇਹ ਨੀਤੀ ਡਾ. ਅੰਬੇਡਕਰ ਦੀ ਨਹੀਂ ਸੀ। ਡਾ. ਅੰਬੇਡਕਰ ਸਮਾਜਿਕ ਸਮਾਨਤਾ ਚਾਹੁੰਦੇ ਸਨ।ਇਸ ਦਿਸ਼ਾ ਵਿਚ ਸਰਕਾਰ ਨੇ ਆਜ਼ਾਦੀ ਪਿੱਛੋਂ ਇਕ ਕਦਮ ਵੀ ਨਹੀਂ ਪੁੱਟਿਆ। ਹਰਜਿੰਦਰ ਨੇ ਵਿਸ਼ਵਵਿਦਿਆਲਾ ਰਚਨਾ ਵਿਚ ਯਾਤਰਾ ਦਾ ਜ਼ਿਕਰ ਕੀਤਾ ਹੈ। ਇਕ ਨਿਵੇਕਲੀ ਜਿਹੀ ਥਾਂ ਹੈ, ਜਿਸ ਥਾਂ 'ਤੇ ਦੇਹ ਵਪਾਰ ਕੀਤਾ ਜਾ ਰਿਹਾ ਸੀ। ਬੱਚਿਆਂ ਨੇ ਹਰਜਿੰਦਰ ਨੂੰ ਘੇਰਿਆ, ਕਿਉਂਕਿ ਬੱਚੇ ਨਵੇਂ ਬੰਦਿਆਂ ਨੂੰ ਵੇਖ ਕੇ ਖੁਸ਼ ਹੋ ਗਏ।ਬੱਚਿਆਂ ਨੂੰ ਘਰ ਵਿਚ ਬਣਦਾ ਪਿਆਰ ਨਹੀਂ ਸੀ ਮਿਲ ਰਿਹਾ। ਵਿਜੇ ਬੰਬੇਲੀ ਨੇ ਪੰਜਾਬ ਦੇ ਪਿੰਡਾਂ ਦਾ ਅਤੀਤ ਤੇ ਹੁਣ ਦੇ ਪਿੰਡਾਂ ਦੇ ਅੰਤਰ ਦੱਸੇ ਹਨ ।ਹੁਣ ਪਿੰਡਾਂ ਦੀ ਨੁਹਾਰ ਬਦਲ ਚੁੱਕੀ ਹੈ। ਕਿਸਾਨ ਦੀ ਜ਼ਮੀਨ 'ਤੇ ਕਾਰਪੋਰੇਟ ਲੋਕਾਂ ਦੀ ਨਜ਼ਰ ਹੈ। ਕਿਸਾਨ ਨੂੰ ਜ਼ੋਰੋ-ਜ਼ੋਰੀ ਜ਼ਮੀਨ ਤੋਂ ਦੂਰ ਕੀਤਾ ਜਾ ਰਿਹਾ ਹੈ। ਕਿਸਾਨ ਅੰਦੋਲਨ ਇਸ ਦੀ ਮਿਸਾਲ ਹੈ। ਜੋਗੇ ਭੰਗਲ ਦੀਆਂ ਮਿੰਨੀ ਕਹਾਣੀਆਂ ਸਿੱਖਿਆ ਦੀ ਝਲਕ ਹਨ।ਜੋਗੇ ਭੰਗਲ ਨੇ ਦੋ ਕਿਤਾਬਾਂ ਵਿਚ ਵੀ ਸਿੱਖਿਆ ਮੁੱਦੇ ਲਏ ਹਨ।ਸਿੱਖਿਆ ਵਿਭਾਗ ਵਿਚ ਅਫਸਰਸ਼ਾਹੀ ਦਾ ਅਧਿਆਪਕ ਵਰਗ ਨਾਲ ਦੂਰੀ ਬਣੀ ਰਹਿੰਦੀ ਹੈ। ਬਾਊ ਲੋਕ ਵੀ ਅਧਿਆਪਕਾਂ ਨਾਲ ਰੁੱਖਾ ਜਿਹਾ ਵਿਹਾਰ ਕਰਦੇ ਹਨ।ਪੈਸੇ ਦਾ ਲਾਲਚ ਵੇਖਿਆ ਜਾਂਦਾ ਹੈ।

ਅਧਿਆਪਕਾਂ ਦੇ ਨਿੱਕੇ-ਨਿੱਕੇ ਜਾਇਜ਼ ਕੰਮਾਂ ਲਈ ਰਿਸ਼ਵਤ-ਰੂਪੀ ਚਾਹ-ਪਾਣੀ ਆਮ ਵਰਤਾਰਾ ਹੈ। ਜੋਗੇ ਭੰਗਲ ਸੰਵੇਦਨਸ਼ੀਲ ਸਾਹਿਤਕਾਰ ਹੈ।ਲੇਖ ਟੋਬਾ ਟੇਕ ਸਿੰਘ ਨੇ ਆਜ਼ਾਦੀ ਦਾ ਦੁਖਾਂਤ ਯਾਦ ਕਰਾ ਦਿੱਤਾ।ਕਿਤਾਬਾਂ ਪੰਨੇ 'ਤੇ ਕਿਤਾਬ 70 ਫੀਸਦੀ ਪ੍ਰੇਮ ਕਥਾ, ਮਨਹੁ ਕਸੁਧਾਂ ਕਾਲੀਓਂ ਪੰਜ ਪਾਣੀਆ ਦੇ ਗੀਤ, ਅੱਖ 'ਚ ਅਟਕਿਆ ਗਲੇਡੂ ਦੀ ਸਮੀਖਿਆ ਪੜ੍ਹ ਕੇ ਚੰਗੀ ਜਾਣਕਾਰੀ ਮਿਲੀ।ਡਾ. ਸੰਦੀਪ ਰਾਣਾ ਨੇ ਕਹਾਣੀਆਂ ਬਾਰੇ ਚੰਗੀ ਜਾਣ-ਪਛਾਣ ਕਰਾਈ ਹੈ।ਧੁੱਪ ਦੀ ਮਹਿਫ਼ਲ ਦਿੱਲੀ ਸਾਹਿਤ ਸਭਾ ਦੀ ਰਿਪੋਰਟ ਪੜ੍ਹੀ।ਖੁਸ਼ੀ ਹੋਈ। ਰਾਮ ਸਰੂਪ ਅਣਖੀ ਯਾਦਗਾਰੀ ਸਮਾਗਮ, ਬਰਨਾਲੇ ਕਵੀ ਦਰਬਾਰ ਆਦਿ ਸਾਹਿਤਕ ਰਿਪੋਰਟਾਂ ਸ਼ਿੱਦਤ ਨਾਲ ਪੜ੍ਹੀਆਂ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

### ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਇਤਿਹਾਸ ਦੀ ਰਾਜਨੀਤੀ : ਸਕੂਲੀ ਸਿੱਖਿਆ : ਤੇਗਿੰਦਰ

ਵਿਗਿਆਨ ਦਾ ਸ਼ਹੀਦ ਬਰੂਨੋ : ਪ੍ਰਿੰ. ਹਰੀ ਕ੍ਰਿਸ਼ਨ ਮਾਇਰ

'ਚੁਰਾਸੀ ਲੱਖ ਯਾਦਾਂ' : ਜਸਬੀਰ ਮੰਡ, (ਫੋਕਸ) ਡਾ. ਜੇ ਬੀ ਸੇਖੋਂ

ਨਾਹਰ ਸਿੰਘ ਔਜਲਾ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

## ਕਹਾਣੀ ਪੰਜਾਬ : ਭਾਰਤ 'ਚ ਲਿਖਿਆ ਪਹਿਲਾ ਨਾਵਲ 'ਨਸ਼ਤਰ'

ਕਹਾਣੀ ਪੰਜਾਬ, ਅੰਕ-105 (ਜਨਵਰੀ-ਮਾਰਚ,2025) ਆਪਣੀ ਸੁੰਦਰ ਦਿੱਖ ਤੇ ਆਪਣੇ ਮਿਆਰ ਨਾਲ ਛਪ ਗਿਆ ਹੈ। ਕਰਾਂਤੀ ਪਾਲ ਦੀ ਸੰਪਾਦਨਾ ਹੇਠ 400 ਪੰਨਿਆਂ ਦੇ ਵੱਡ ਅਕਾਰੀ ਅੰਕ ਵਿੱਚ ਮਹੱਤਵਪੂਰਨ ਲਿਖਤਾਂ ਨਾਲ ਪ੍ਰਕਾਸ਼ਤ ਹੋਇਆ ਹੈ। ਸੰਪਾਦਕੀ ਸੂਝ ਨੇ ਇਹ ਅੰਕ ਸਾਂਭਣਯੋਗ ਬਣਾ ਦਿੱਤਾ ਹੈ। ਹੱਥਲੇ ਅੰਕ ਵਿੱਚ 1890 ਵਿੱਚ ਪਹਿਲੀ ਵਾਰ ਪ੍ਰਕਾਸ਼ਤ ਭਾਰਤ ਦਾ ਸਭ ਤੋਂ ਪਹਿਲਾਂ ਲਿਖਿਆ ਗਿਆ ਨਾਵਲ 'ਨਸ਼ਤਰ' (ਲੇਖਕ ਹਸਨ ਸ਼ਾਹ) ਪ੍ਰਕਾਸ਼ਤ ਕੀਤਾ ਗਿਆ ਹੈ। ਜਿਸ ਨੂੰ ਜਸਵਿੰਦਰ ਕੌਰ ਵੀਨੂੰ ਹੁਰਾਂ ਅਨੁਵਾਦ ਕੀਤਾ ਹੈ। ਸਭ ਤੋਂ ਪਹਿਲਾਂ ਇਹ ਨਾਵਲ ਮੂਲ ਰੂਪ ਵਿਚ ਫ਼ਾਰਸੀ ਭਾਸ਼ਾ ਵਿਚ ਅਠਾਰ੍ਹਵੀਂ ਸਦੀ ਵਿੱਚ ਲਿਖਿਆ ਗਿਆ। ਅਬਦੁਲ ਬਿਸਮਿੱਲਾਹ ਨੇ ਇਸ ਨਾਵਲ




ਦਾ ਉਰਦੂ ਅਨੁਵਾਦ ਕਾਫੀ ਜਤਨ ਕਰਕੇ ਪ੍ਰਾਪਤ ਕੀਤਾ। ਨਾਵਲ ਦੇ ਲੰਮੇ ਸਫ਼ਰ ਬਾਰੇ ਤੇ ਨਾਵਲ 'ਚ ਕੀਤੀਆਂ ਸੋਧਾ ਬਾਰੇ ਬਿਸਮਿੱਲਾਹ ਨੇ ਮੁੱਢ ਵਿੱਚ ਲਿਖਿਆ ਵੀ। ਮੁੱਢਲੇ ਨਾਵਲ ਵਿੱਚ ਹਾਫਿਜ਼ ਦੀਆਂ ਗ਼ਜ਼ਲਾਂ ਦੀ ਭਰਮਾਰ ਹੈ ਜਿਸ ਨੂੰ ਛੱਡ ਦਿੱਤਾ ਗਿਆ। ਹਿੰਦੀ ਵਿੱਚ ਇਹ ਸੰਪਾਦਤ ਰੂਪ ਵਿਚ ਪੁੱਜਾ ਹੈ। 127 ਪੰਨਿਆਂ 'ਤੇ ਫੈਲਿਆ ਇਹ ਨਾਵਲ ਇਸ ਲਈ ਅਹਿਮ ਹੈ ਕਿਉਂਕਿ ਇਸ ਤੋਂ ਨਾਵਲ ਲਿਖਣ ਦੇ ਮੁੱਢ ਦਾ ਪਤਾ ਲੱਗਦਾ ਹੈ। ਨਾਵਲ ਨਾਰੀ ਦੀ ਨ੍ਰਿਤ ਕਲਾ, ਸੰਗੀਤ ਕਲਾ ਤੇ ਸੰਸਕ੍ਰਿਤੀ ਦੀ ਗੱਲ ਕਰਦਾ ਹੈ। ਨਵਾਬੀ ਦੌਰ ਦੇ ਪੱਤਣ ਤੇ ਅੰਗਰੇਜ਼ਾਂ ਦੇ ਉਭਾਰ ਵਿੱਚ ਨ੍ਰਿਤ ਕਲਾ ਨਾਲ ਜੁੜੀਆਂ ਨਾਰੀਆਂ ਦੇ ਕਲਾ ਪੱਖਾਂ ਨੂੰ ਨਾਵਲ ਵਿੱਚ ਛੋਹਿਆ ਗਿਆ ਹੈ।

ਸੰਪਾਦਕੀ 'ਲੇਖਕ ਕੱਖਾਂ ਦੇ ਹੋਏ' ਵਿੱਚ ਸੰਪਾਦਕ ਨੇ ਇਨਾਮਾਂ ਦੇ ਡਿੱਗ ਰਹੇ ਮਿਆਰ ਬਾਰੇ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਵਰਿਆਮ ਸਿੰਘ ਸੰਧੂ ਦੇ ਇਨਾਮਾਂ ਸਨਮਾਨਾਂ ਬਾਰੇ ਲਿਖੇ ਲੇਖ ਨੂੰ ਸੰਪਾਦਕੀ ਭਾਗ ਦੂਜਾ ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ ਗਿਆ ਹੈ। ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਲੇਖਕ ਨੂੰ ਇਨਾਮਾਂ ਲਈ ਪੁਸਤਕਾਂ ਨਹੀਂ ਭੇਜਣੀਆਂ ਚਾਹੀਦੀਆਂ। ਕਾਫੀ ਦੇਰ ਤੋਂ ਇਕ ਤਰ੍ਹਾਂ ਨਾਲ ਵਰਿਆਮ ਸੰਧੂ ਆਪਣੇ ਮਗਰ ਪੰਜਾਬੀ ਦੇ ਸਾਰੇ ਲੇਖਕ ਲਾਉਣਾ ਚਾਹੁੰਦਾ ਹੈ। ਪਰ ਉਸ ਦੀ ਇਹ ਅਪੀਲ ਬੇਅਸਰ ਹੋ ਕੇ ਰਹਿ ਗਈ ਹੈ। 'ਸੀਰਤ ਨਿਗਾਰੀ' ਕਾਲਮ ਵਿੱਚ ਭਗਵੰਤ ਰਸੂਲਪੁਰੀ (ਜਾਣੀ ਕਿ ਮੈਂ) ਦੇ ਨਾਨਾ-ਨਾਨੀ ਨਾਲ ਸਬੰਧਤ ਦੋ ਸ਼ਬਦ ਚਿੱਤਰ 'ਖੂੰਡੀ ਵਾਲੀ ਬੀਬੀ' ਤੇ 'ਭੇਤੀ ਬੰਦਾ!' ਪ੍ਰਕਾਸ਼ਤ ਕੀਤੇ ਹਨ। 40 ਪੰਨਿਆਂ 'ਤੇ ਫੈਲੇ ਇਨ੍ਹਾਂ ਸ਼ਬਦ ਚਿੱਤਰਾਂ ਵਿੱਚ ਨਾਨਾ-ਨਾਨੀ ਦੇ ਜੀਵਨ ਸੰਘਰਸ਼ ਦੇ ਨਾਲ-ਨਾਲ ਦਲਿਤ ਲੋਕਾਂ ਦੀ ਜ਼ਿੰਦਗੀ ਦੇ ਸੰਜੀਵ ਚਿੱਤਰ ਵੀ ਪੜ੍ਹਨ ਨੂੰ ਮਿਲਦੇ ਹਨ। ਯਾਦਾਂ ਤਹਿਤ 'ਜਦੋਂ 'ਕਿਲੇ' ਨੇ ਸਾਨੂੰ 'ਜਿੱਤ' ਲਿਆ!' ਵਰਿਆਮ ਸਿੰਘ ਸੰਧੂ ਨੇ ਲਾਹੌਰ ਦੇ ਬਹਾਨੇ ਆਪਣੀ ਪਤਨੀ ਦੇ ਪੁਰਖਿਆ ਦੀ ਮਿੱਟੀ, ਕਿਲਾ ਗੁੱਜਰ ਸਿੰਘ ਬਾਰੇ ਭਾਵਪੂਰਤ ਲਿਖਿਆ ਹੈ। ਗੁਰਮੇਲ ਬੀਰੋਕੇ ਦੀ ਲੰਮੀ ਲਿੱਖਤ 'ਬਰਫੀਲੇ ਡਾਲਰ' ਕੈਨੇਡਾ ਦੇ ਪਰਵਾਸੀ ਲੋਕਾਂ ਦੇ ਸੰਘਰਸ਼, ਭੂਗੋਲ, ਜੀਵਨ ਜਾਚ ਤੇ ਜ਼ਿੰਦਗੀ ਬਾਰੇ ਬਹੁਤ ਕਮਾਲ ਦਾ ਲਿਖਿਆ ਹੈ। 55 ਪੰਨਿਆਂ 'ਤੇ ਫੈਲੀ ਇਹ ਰਚਨਾ ਪਾਠਕਾਂ ਦੇ ਸੋਹਜ ਸਵਾਦ 'ਤੇ ਖ਼ਰੀ ਉਤਰਦੀ ਹੈ। ਵਿਰਾਸਤ ਤਹਿਤ 'ਲਿਖਤੁਮ ਪਾਲੀ ਭੁਪਿੰਦਰ ਸਿੰਘ' 58 ਪੰਨਿਆਂ ਵਿੱਚ ਚਿੰਤਨ ਦੇ ਪੱਧਰ ਉੱਤੇ ਮਨੁੱਖ, ਨਾਰੀ, ਸਮਾਜ, ਚਮਕੀਲਾ-ਗਾਇਕੀ ਨੂੰ ਲੈ ਕੇ ਲੇਖਕ ਨੇ ਮਨੋਵਿਗਿਆਨਕ ਤੇ ਤਰਕ ਨਾਲ ਗੱਲਾਂ ਕੀਤੀਆਂ ਹਨ।

ਅਗਲੇ ਕਥਾ ਭਾਗ ਵਿੱਚ ਵਿਸ਼ਵ ਦੀਆਂ ਕਹਾਣੀਆਂ ਦਾ ਅਨੁਵਾਦ ਪ੍ਰਕਾਸ਼ਤ ਕੀਤਾ ਗਿਆ ਹੈ। ਜਿਨ੍ਹਾਂ ਵਿੱਚ ਸਵੀਡਨ : ਫੰਦਾ (ਸਟੀਫਨ ਜਿਗੇਵ), ਸਪੇਨੀ: ਮੈਂ ਤਾਂ ਸਿਰਫ਼ ਫੋਨ ਕਰਨਾ ਸੀ (ਗੇਬਰੀਅਲ ਗਰਾਸੀਆ ਮਾਰਖੇਜ਼), ਬਰਮੀ : ਆਖ਼ਰੀ ਲੁੰਗੀ (ਨੁਨੁਈ ਇਨਵਾ), ਫਰਾਂਸੀਸੀ : ਉਹ ? (ਮੋਪਾਸਾਂ) ਇਨ੍ਹਾਂ ਕਹਾਣੀਆਂ ਨੂੰ ਬੂਟਾ ਸਿੰਘ ਚੌਹਾਨ ਨੇ ਅਨੁਵਾਦ ਕੀਤਾ ਹੈ। ਅਗਲੇ ਪੰਨਿਆਂ ਉੱਤੇ ਬੂਟਾ ਸਿੰਘ ਚੌਹਾਨ ਦੀ ਪੰਜਾਬੀ ਕਹਾਣੀ 'ਪਹਾੜੀ ਕਿੱਕਰਾਂ ਵਾਲਾ ਸੁਪਨਾ' ਵੀ ਛਪੀ ਹੈ। ਅਗਾਂਹ ਕੁਝ ਲੋਕ ਕਥਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ- ਡੋਗਰੀ ਕਥਾ : ਚਾਖੇ (ਜਗਦੀਪ ਦੂਬੇ), ਗੁਜਰਾਤੀ : ਕੁੜਨ (ਅਜੇ ਸੋਨੀ), ਪੰਚਪਰਗੀਨੀਆਂ ਕਥਾ : 'ਨਵੀਂ ਫ਼ਸਲ (ਕ੍ਰਿਸ਼ਨ ਮੋਹਨ ਸਿੰਘ ਮੁੰਡਾ), ਖੜ੍ਹੀਆ ਕਥਾ 'ਬੀਰੂਵਾਰ ਗਮਛਾ (ਰੋਜ਼ ਕੇਰਕੇਟਾ) ਦੇ ਅਨੁਵਾਦ ਭੁਪਿੰਦਰ ਸਿੰਘ ਬੇਦੀ ਹੁਰਾਂ ਕੀਤੇ ਹਨ। ਇਕ ਤਰ੍ਹਾਂ ਨਾਲ ਪਾਠਕ ਨੂੰ ਵਿਸ਼ਵ ਤੇ ਭਾਰਤੀ ਕਥਾ ਧਾਰਾ ਦੀਆਂ ਯਾਦਗਾਰ ਕਥਾਵਾਂ ਪੜ੍ਹਨ ਨੂੰ ਮਿਲਦੀਆਂ ਹਨ।

'ਕਹਾਣੀ ਪੰਜਾਬ' ਦੇ ਹੱਥਲੇ ਅੰਕ ਵਿੱਚ ਪਾਠਕ ਨੂੰ ਅਨੇਕ ਤਰ੍ਹਾਂ ਦੀ ਵੰਨ-ਸੁਵੰਨੀ ਸਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਇਨ੍ਹਾਂ ਲਿਖਤਾਂ ਦਾ ਮਿਆਰ ਵੀ ਆਪਣੀ ਕਿਸਮ ਦਾ ਹੈ। ਸੰਪਾਦਕ ਵੱਡੇ ਅਕਾਰ ਦਾ ਅੰਕ ਤਿਆਰ ਕਰਨ ਲਈ ਕਾਫੀ ਮਿਹਨਤ ਕਰ ਰਿਹਾ ਹੈ। ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਇਹ ਨਿੱਗਰ ਕਾਰਜ ਹੈ।

ਕਹਾਣੀ ਪੰਜਾਬ, ਮੁੱਲ : 400 ਰੁਪਏ, ਪੰਨੇ : 400, ਸੰਪਾਦਕ : ਡਾ. ਕਰਾਂਤੀਪਾਲ ( 92165-35617), ਸਹਿਯੋਗੀ ਸੰਪਾਦਕ : ਡਾ. ਜਸਵਿੰਦਰ ਕੌਰ ਵੀਨੂੰ, ਪਤਾ : ਰਾਮ ਸਰੂਪ ਅਣਖੀ ਹਾਊਸ, ਗਲੀ ਨੰ. 11, ਕੱਚਾ ਕਾਲਜ ਰੋਡ, ਬਰਨਾਲਾ-148101

## ਪੰਖੜੀਆਂ : ਬਾਲ ਰਸਾਲਾ

ਪੰਖੜੀਆਂ ਦਾ ਫਰਵਰੀ, 2025 ਅੰਕ ਵੰਨ ਸੁਵੰਨੀ ਸਮੱਗਰੀ ਨਾਲ ਹਾਜ਼ਰ




ਹੋਇਆ ਹੈ। ਸੰਪਾਦਕੀ ਡਾ. ਮਨਮੋਹਨ ਸਿੰਘ 'ਤੇ ਹੈ। ਹੱਥਲੇ ਅੰਕ ਵਿੱਚ, ਮੇਰੀ ਜਾਤਿ ਕੁਟ ਬਾਂਢਲਾ (ਰਮੇਸ਼ ਬੱਗਾ ਚੋਹਲਾ), ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ (ਬਲਵਿੰਦਰ ਬਾਲਮ), ਮਨੋਬਲ (ਰਾਕੇਸ਼ ਕੁਮਾਰ), ਸ਼ਤਰੰਜ ਦਾ ਸਭ ਤੋਂ ਛੋਟੀ ਉਮਰ ਦਾ ਵਿਸ਼ਵ ਵਿਜੇਤਾ ਡੀ ਗੁਕੇਸ਼ (ਡਾ. ਕੁਲਦੀਪ ਸਿੰਘ ਬਨੂੜ), ਸਾਡੇ ਸੁਖਬੀਰ ਮੈਡਮ (ਡਾ. ਇਕਬਾਲ ਸਿੰਘ ਸਕਰੌਦੀ),ਤੰਦਰੁਸਤੀ ਦਾ ਰਾਜ਼ (ਸਰਬਜੀਤ ਸਿੰਘ), ਬਸੰਤ ਬੋਲ ਪਈ (ਹਰਿੰਦਰ ਸਿੰਘ ਗੋਗਨਾ),ਪਿੰਡਾਂ ਵਾਲਾ ਰੰਗਲਾ ਬਚਪਨ (ਮਾ. ਸੰਜੀਵ ਧਰਮਾਣੀ), ਰੀਤੀ ਰਿਵਾਜ ਖ਼ੁਸ਼ਹਾਲ ਜੀਵਨ ਦਾ ਅਨਮੋਲ ਖ਼ਜ਼ਾਨਾ (ਗੁਰਪ੍ਰੀਤ ਸਿੰਘ) ਆਦਿ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਸ ਅੰਕ ਵਿੱਚ ਕਹਾਣੀਆਂ ਵੀ ਛਪੀਆਂ ਹਨ। ਰੱਬ ਦਾ ਬੰਦਾ (ਹਰੀ ਕ੍ਰਿਸ਼ਨ ਮਾਇਰ), ਮਜ਼ਬੂਤ ਵਿਸ਼ਵਾਸ, ਮਿਹਨਤ ਤੇ ਖ਼ੁਦ ਨਾਲ ਕੀਤੇ ਵਾਅਦੇ ਨਾਲ ਟੀਚੇ ਨੂੰ ਹਾਸਲ ਕਰੋ (ਸੰਜੀਵ ਸਿੰਘ ਸੈਣੀ), ਖ਼ੂਨੀ ਡੋਰ (ਪਰਮਿੰਦਰ ਕੌਰ) ਕਹਾਣੀਆਂ ਤੋਂ ਇਲਾਵਾ ਕੁਝ ਕਵਿਤਾਵਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ।

ਪੰਖੜੀਆਂ, ਮੁੱਲ : 20 ਰੁਪਏ, ਪੰਨੇ : 36, ਮੁੱਖ ਸੰਪਾਦਕ: ਉਪ ਸਕੱਤਰ, ਅਕਾਦਮਿਕ , ਸੰਪਾਦਕ : ਪਰਮਿੰਦਰ ਕੌਰ, ਪਤਾ : ਸੰਪਾਦਕ ਪੰਖੜੀਆਂ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ, ਫੋਨ 0172-5227395

## ਸੁਰਖ਼ ਲੀਹ : ਜਨਵਰੀ-ਫਰਵਰੀ,2025

'ਸੁਰਖ਼ ਲੀਹ' ਨੇ ਸਾਥੀ ਜਗਮੋਹਣ ਨੂੰ ਸ਼ਰਧਾਂਜਲੀ ਦਿੱਤੀ ਹੈ। ਕਿਸਾਨ ਸੰਘਰਸ਼ 'ਚ ਉਭਰ ਰਹੇ ਨਵਾਂ ਉਭਾਰ ਬਾਰੇ ਚਰਚਾ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਜਾਰੀ ਖੇਤੀ ਮੰਡੀਕਰਨ ਨੀਤੀ ਖਰੜੇ ਦੇ ਮਹੱਤਵਪੂਰਨ ਪੱਖਾਂ ਦੀ ਸਮੀਖਿਆ ਕੀਤੀ ਗਈ ਹੈ। ਖੇਤੀ ਖੇਤਰ 'ਚ ਆੜਤੀਆਂ ਦੀ ਭੂਮਿਕਾ ਦੇ ਪੱਖਾਂ ਬਾਰੇ ਸ਼ੀਰੀ ਦਾ ਲੇਖ ਅਹਿਮ ਹੈ। ਹੱਥਲੇ ਅੰਕ ਵਿੱਚ ਇਜ਼ਰਾਇਲ ਹਮਾਸ ਜੰਗ, ਇਕ ਦੇਸ਼ ਇੱਕ ਚੋਣ, ਮਗਨਰੇਗਾ ਤੇ ਮੋਦੀ ਸਰਕਾਰ, ਬੁੱਢਾ ਦਰਿਆ, ਔਰਤ ਗਿੱਗ ਕਾਮਿਆਂ ਦੀ ਡਿਜ਼ੀਟਲ ਹੜਤਾਲ, ਅਰੁੰਧਤੀ ਰਾਏ ਦਾ




ਫ਼ਲਸਤੀਨੀ ਬਾਰੇ ਲੇਖ, ਬਸਤਰ 'ਚ ਕਰੂਰ ਕਤਲੇਆਮ, ਮਾਰੂਤੀ ਸੁਜ਼ੂਕੀ ਦੇ ਕਰਮਚਾਰੀਆਂ ਦਾ ਸੰਘਰਸ਼, ਮੁਜ਼ਾਰਾ ਲਹਿਰ ਆਦਿ ਮੁੱਦਿਆਂ ਉੱਤੇ ਨਾਬਰੀ ਦੀ ਸੁਰ ਵਾਲੀਆਂ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ।

ਸੁਰਖ਼ ਲੀਹ ਦੇ ਮੁੱਖ ਸੰਪਾਦਕ : ਜਸਪਾਲ ਜੱਸੀ ਤੇ ਸੰਪਾਦਕ : ਪਵੇਲ ਹਨ। ਮੁੱਲ : 30 ਰੁਪਏ, ਪੰਨੇ : 64, ਪਤਾ ਹੈ : ਸੁਰਖ਼ ਲੀਹ, ਨਕਈ ਵਾਲੀ ਪਹੀ, ਪੁੱਡਾ ਕਲੋਨੀ, ਗਾਂਧੀ ਨਗਰ, ਰਾਮਪੁਰਾ ਫੂਲ, ਬਠਿੰਡਾ।

- *ਭਗਵੰਤ ਰਸੂਲਪੁਰੀ*

2-March-Sunday.qxd 3/1/2025 10:25 PM Page 3



ਦਲਜੀਤ ਰਾਏ ਕਾਲੀਆ ਆਪਣੀਆਂ ਕਾਵਿ ਰਚਨਾਵਾਂ ਵਿੱਚ ਕਿਰਤ ਦੀ ਲੁੱਟ ਕਰ ਰਹੀ ਜਮਾਤ ਖ਼ਿਲਾਫ਼ ਸੰਘਰਸ਼ ਕਰਨ ਅਤੇ ਕਿਰਤੀਆਂ ਦੇ ਹੱਕ ਵਿੱਚ ਖੜ੍ਹੇ ਹੋਣ ਦਾ ਹੋਕਾ ਦਿੰਦਾ ਹੈ। ਰਾਜਨੀਤਕ ਕੁਚਾਲਾਂ ਕਰਕੇ ਅਮੀਰੀ-ਗਰੀਬੀ ਦੇ ਵਧ ਰਹੇ ਪਾੜੇ ਪ੍ਰਤੀ ਸੁਚੇਤ ਹੋਣ ਦੀ ਤਾਗੀਦ ਕਰਦਾ ਹੈ। ਉਹਦੇ ਸ਼ਬਦ ਹਨੇਰਿਆਂ ਖਿਲਾਫ ਮਸ਼ਾਲਾਂ ਬਣ ਕੇ ਬਲਦੇ ਹਨ।

— ਗੁਰਚਰਨ ਨੂਰਪੁਰ

# ਦਲਜੀਤ ਰਾਏ ਕਾਲੀਆ ਦੀਆਂ ਨਜ਼ਮਾਂ

## ਗਜ਼ਲ

ਵੰਡ ਸਮੇਂ ਜੋ ਤਾਂਡਵ ਹੋਇਆ, ਚੁੱਪ ਵੇਂਹਦੀ ਕਾਇਨਾਤ ਰਹੀ।
ਧਰਮ ਮਜ਼ਬ ਦੇ ਨਾਂਅ 'ਤੇ ਖੌਰੂ ਪਾਉਂਦੀ ਆਦਮ ਜਾਤ ਰਹੀ।

ਵਿਹਲੜ ਏਥੇ ਐਸ਼ਾਂ ਕਰਦੇ, ਅਜਲਾਂ ਤੋਂ ਇਹ ਬਾਤ ਰਹੀ,
ਕਾਮੇ ਮਜ਼ਦੂਰਾਂ ਦੇ ਹਿੱਸੇ, ਦੁੱਖਾਂ ਦੀ ਬਹੁਤਾਤ ਰਹੀ।

ਜਦ ਕਿਰਤੀ ਨੇ ਏਕਾ ਕੀਤਾ, ਪਰਚਮ ਉੱਚਾ ਹੋਇਆ ਤਦ,
ਚੜ੍ਹਦਾ ਆਸਾਂ ਵਾਲਾ ਸੂਰਜ, ਛਟਦੀ ਕਾਲੀ ਰਾਤ ਰਹੀ।

ਪਾੜਾ ਵਧਦਾ ਜਾਵੇ ਨਿਸ ਦਿਨ, ਏਥੇ ਜੋਕਾਂ ਲੋਕਾਂ ਵਿਚ,
ਪੂੰਜੀਪਤੀਆਂ ਦੇ ਪੁੜ ਹੇਠਾਂ, ਪਿਸ ਮਜ਼ਦੂਰ ਜਮਾਤ ਰਹੀ।

ਮਜ਼ਦੂਰਾਂ ਦੇ ਢਾਰੇ ਢਹਿ ਗਏ, ਭੁੱਖਣ ਭਾਣੇ ਬਾਲ ਰਹੇ,
ਸਾਉਣ ਮਹੀਨੇ ਹਫਤਾ ਭਰ ਜਦ, ਹੁੰਦੀ ਸੀ ਬਰਸਾਤ ਰਹੀ।

ਬਚਪਨ ਵਿੱਚ ਜਦੋਂ ਵੀ ਵਿਚਰਾਂ, ਦਿਸਦੀ ਲੋਰੀ ਦਿੰਦੀ ਮਾਂ,
ਮਾਂ ਦੇ ਹੱਥ ਦੀ ਕੁੱਟੀ ਚੂਰੀ, ਸਭ ਤੋਂ ਵੱਡੀ ਦਾਤ ਰਹੀ।

ਸਾਡੇ ਕੋਲੋਂ ਚੁਣੇ ਗਏ ਨਾ, ਨੇਤਾ ਚੰਗੇ ਇਸ ਕਰਕੇ,
ਵੰਨ-ਸਵੰਨੀ ਮਿਲਦੀ ਸਾਨੂੰ, ਉਹਨਾਂ ਤੋਂ ਸੌਗਾਤ ਰਹੀ।

(2)

ਜਾਗੋ ਧਰਤੀ ਪੁੱਤਰੋ, ਕੁਝ ਤਾਂ ਕਰੋ ਖਿਆਲ।
ਜਲ ਜੰਗਲ ਸਭ ਭਸਮ ਨੇ, ਕੀਤੇ ਮੰਦੜੇ ਹਾਲ।

ਵਾਤਾਵਰਨ ਪਲੀਤ ਹੈ, ਪੌਣਾਂ ਦੇ ਵਿਚ ਜ਼ਹਿਰ,
ਕਿਧਰੇ ਆਉਣ ਸੁਨਾਮੀਆਂ, ਕਿਧਰੇ ਸੋਕੇ ਕਹਿਰ।

ਜਲ ਜੰਗਲ ਸੰਭਾਲ ਕੇ, ਕਰ ਜ਼ਰਖੇਜ਼ ਜ਼ਮੀਨ,
ਧਰਤੀ ਬਣੇ ਸੁਹਾਵਣੀ, ਮੌਸਮ ਬਣਨ ਹੁਸੀਨ।

ਨੰਗੀ ਧਰਤੀ ਹੋ ਗਈ, ਹਰ ਥਾਂ ਰੁੱਖ ਆਲੋਪ,
ਮੌਸਮ ਕੀ ਤੋਂ ਕੀ ਬਣੇ, ਕੁਦਰਤ ਕਰੇ ਕਰੋਪ।

ਰੰਗਲਾ ਕਿੱਥੇ ਰਹਿ ਗਿਆ, ਸਾਡਾ ਦੇਸ਼ ਪੰਜਾਬ,
ਨਾਲ ਸਮੇਂ ਦੇ ਵੀਰਨੋ, ਜ਼ਹਿਰੀ ਕਰਤੇ ਆਬ।

ਰੁੱਖਾਂ ਦੀ ਥਾਂ ਹਰ ਤਰਫ, ਸੜਕਾਂ ਦੇ ਨੇ ਜਾਲ,
ਕਿਵੇਂ ਟਰੈਫਿਕ ਨਾਲ ਹੀ, ਘੁੰਮੇ ਹਰ ਥਾਂ ਕਾਲ।

(3)

ਨਾ ਹੁਣ ਕੋਇਲ ਕੂਕਦੀ, ਨਾ ਹੀ ਬੋਲਣ ਮੋਰ।
ਕੰਨਾਂ ਨੂੰ ਬੋਲੇ ਕਰੇ, ਪੈਣ ਚੁਫੇਰੇ ਸ਼ੋਰ।

ਬਦਲੋ ਸਿਸਟਮ ਦੇਸ਼ ਦਾ, ਹੋਇਆ ਬੇਤਰਤੀਬ,
ਜਾਗੋ ਕਿਰਤੀ ਕਾਮਿਓ, ਆਪਣੇ ਘੜੋ ਨਸੀਬ।

ਪੈਸਾ ਮਾਈ ਬਾਪ ਹੈ, ਪੈਸੇ ਦੇ ਸਭ ਪੀਰ,
ਪੈਸੇ ਖਾਤਰ ਵੇਚਦੇ, ਹਰ ਥਾਂ ਲੋਕ ਜ਼ਮੀਰ।

## ਦੋਹੇ

ਨੇਰ੍ਹਾ ਜਾਂਦੇ ਚੀਰਦੇ, ਤੁਰੇ ਮਸ਼ਾਲਾਂ ਬਾਲ।
ਸੁਰਖ ਸਵੇਰਾ ਲਾਜ਼ਮੀ, ਆਉਣਾ ਸਾਰਾ ਸਾਲ।
ਨਫਰਤ ਸਾੜਾ ਈਰਖਾ, ਦਿਲ ਦੇ ਵਿੱਚ ਨਾ ਪਾਲ।
ਜੇ ਤੂੰ ਕਰਨਾ ਲੋਚਦੈਂ, ਜੀਵਨ ਨੂੰ ਖੁਸ਼ਹਾਲ।
ਡਾਢੇ ਲੋਕ ਸੁਆਰਥੀ, ਰਿਹਾ ਨਾ ਦੀਨ ਇਮਾਨ।
ਜਿੱਥੋਂ ਮਿਲਦਾ ਲਾਭ ਹੈ, ਓਸੇ ਦੇ ਗੁਣ ਗਾਨ।
ਲੋਕੀ ਹਾਕਮ ਦਾ ਜਦੋਂ, ਦਿੰਦੇ ਤੋੜ ਗਰੂਰ।
ਸੁਪਨੇ ਸਾਰੇ ਓਸ ਦੇ, ਹੁੰਦੇ ਚਕਨਾਚੂਰ।

## ਕਵਿਤਾ

ਦੇਸ਼ ਅੰਦਰ ਚੋਣਾਂ ਦਾ ਬਿਗਲ ਵੱਜਾ,
ਸ਼ੁਰੂ ਦਲਬਦਲੀਆਂ ਦਾ ਜ਼ੋਰ ਬੇਲੀ।
ਮੌਜਾਂ ਲੁੱਟ ਕੇ ਨਵੀਂ ਪਾਰਟੀ ਫੜ ਲੈਂਦੇ,
ਬਗਲੇ ਬਣ ਬਣ ਬਹਿੰਦੇ ਮੋਰ ਬੇਲੀ।
ਭੁੱਲਦੇ ਕਈ ਸਿਧਾਂਤ ਨੇ ਪੁਰਖਿਆਂ ਦੇ,
ਵੇਚਦੇ ਕਈ ਜ਼ਮੀਰ ਨੇ ਹੋਰ ਬੇਲੀ।
ਦਿਸੇ ਟਕਸਾਲੀ ਨਾ ਹੁਣ ਕਿਧਰੇ,
ਪੱਠੇ ਪਾ ਲੈ ਜੇ ਭਾਵੇਂ ਚੋਰ ਬੇਲੀ।
ਵਰਤ ਸਾਮ ਦਾਮ ਡੰਡ ਭੇਦ ਨੀਤੀ,
ਵੋਟਾਂ ਲੈਣਗੇ ਫੇਰ ਬਟੋਰ ਬੇਲੀ।
'ਕਾਲੀਆ' ਕਿਸੇ ਨਾ ਤੇਰੀ ਗੱਲ ਸੁਣਨੀ,
ਗਲੀ ਗਲੀ ਪਾ ਨਾ ਐਵੇਂ ਤੂੰ ਸ਼ੋਰ ਬੇਲੀ।

## ਲੋਕ

ਰਾਜ ਭਾਗ ਦੇ ਮਾਲਕ ਬਣੀਏਂ ਕਿਰਤੀ ਕਾਮੇ ਸਾਰੇ ਲੋਕ।
ਮੰਜ਼ਲ ਉਹ ਹੀ ਸਰ ਕਰ ਜਾਂਦੇ ਜੋ ਪਹਿਲਾਂ ਹੁੰਦੇ ਹਾਰੇ ਲੋਕ।

ਜ਼ਖਮ ਹਾਲੇ ਵੀ ਰਿਸਦੇ ਜਿਨ੍ਹਾਂ ਤਨ 'ਤੇ ਪੀੜ ਹੰਢਾਈ ਹੈ,
ਬੀਤ ਚੱਲੀ ਹੈ ਪੌਣੀ ਸਦੀ ਪਰ ਭੁੱਲੇ ਨਹੀਂ ਬਟਵਾਰੇ ਲੋਕ।

ਆਖਣ ਨੂੰ ਧਰਮ ਨਿਰਪੱਖ ਹੈ ਮੇਰਾ ਭਾਰਤ ਦੇਸ਼ ਮਹਾਨ,
ਪਰ ਸੱਤਾ 'ਤੇ ਕਾਬਜ਼ ਹੁੰਦੇ ਅਕਸਰ ਧਰਮ ਸਹਾਰੇ ਲੋਕ।

ਸ਼ਕਲ ਮੋਮਨਾਂ ਤੇ ਕਰਤੂਤ ਕਾਫਿਰਾਂ ਵਾਲੀ ਸੱਚੀ ਗੱਲ ਜਾਪੇ,
ਅਮਨ ਦੇ ਹਾਮੀ ਦਿਸਦੇ, ਛੱਡਦੇ ਪਰ ਅੰਗਿਆਰੇ ਲੋਕ।

ਨੋਟਬੰਦੀ ਤੇ ਅੱਤ ਮਹਿੰਗਾਈ ਮਾਰ ਰਹੀ ਹੈ ਜਨਤਾ ਨੂੰ,
ਢਿੱਡੋਂ ਭੁੱਖੇ, ਤਨ ਤੋਂ ਨੰਗੇ, ਕਿੱਦਾਂ ਕਰਨ ਗੁਜ਼ਾਰੇ ਲੋਕ।

ਭਾਵੇਂ ਏਥੇ ਟਾਟੇ ਬਿਰਲੇ ਅੰਬਾਨੀ ਅਤੇ ਅਡਾਨੀ ਵੱਸਣ,
ਝੌਂਪੜੀਆਂ ਤੇ ਕੁੱਲੀਆਂ ਵਾਲੇ ਫਿਰਦੇ ਮਾਰੇ ਮਾਰੇ ਲੋਕ।

ਹਿੰਮਤ, ਲਗਨ ਅਤੇ ਹੌਸਲਾ ਰੱਖਦੇ ਨੇ ਜੋ ਆਪਣੇ ਅੰਦਰ,
ਆਪਣੇ ਦਮ 'ਤੇ ਕਰਦੇ ਨੇ ਸਰ ਪਰਬਤ ਭਾਰੇ ਲੋਕ ।

ਆਈਲੈਟਸ ਦੀ ਗੱਡੀ ਚੜ੍ਹ ਕੇ ਜਾਏ ਜਵਾਨੀ ਦੇਸ਼ੋਂ ਬਾਹਰ,
ਬੁੱਢੇ ਮਾਪੇ ਛੱਡ ਜਾਂਦੇ ਨੇ ਖੌਰੇ ਕਿਸ ਸਹਾਰੇ ਲੋਕ।

ਝਾਂਸੇ ਵਿਚ ਨਾ ਆਈ 'ਕਾਲੀਆ' ਬਚ ਕੇ ਚੱਲਣਾ ਸਿੱਖ,
ਦਿਲ ਦੇ ਕੋਹੜੀ, ਮੂੰਹ ਦੇ ਮਿੱਠੇ, ਅੰਦਰੋਂ ਨੇ ਪਰ ਖਾਰੇ ਲੋਕ।

## ਦੋਹੇ

ਪੰਡਤ ਭਾਈ ਮੌਲਵੀ, ਫਾਦਰ ਕਰਨ ਕਮਾਲ।
ਰਹਿਣ ਕਦੇ ਵੀ ਦੇਣ ਨਾ, ਜਨਤਾ ਵਿਚ ਸੁਰਤਾਲ ।

ਹਰ ਦਿਨ ਹੀ ਹੈ ਵਧ ਰਿਹਾ, ਕਰਜ਼ੇ ਦਾ ਸਿਰ ਭਾਰ।
ਭਰੇ ਖਜ਼ਾਨੇ ਰਾਜ ਦੇ, ਦੱਸ ਰਹੀ ਸਰਕਾਰ।

ਹਾਸਲ ਹੋਵੇ ਸਫਲਤਾ, ਲਾ ਕੇ ਪੂਰਾ ਜ਼ੋਰ।
ਤੋੜ ਕਦੇ ਨਾ ਪਹੁੰਚਦੇ, ਬੰਦੇ ਜੋ ਕਮਜ਼ੋਰ।

ਵੇਖ ਸਮੇਂ ਦੇ ਹਾਕਮਾਂ, ਕੀ ਚੱਲੀ ਹੈ ਚਾਲ।
ਸਾਰੇ ਮੁਫਤ 'ਚ ਭਾਲਦੇ, ਹੁਣ ਆਟਾ ਤੇ ਦਾਲ।

ਲਿਵ ਜੋੜੋ ਕਰਤਾਰ ਵੱਲ, ਕਰਦਾ ਜੋ ਵਿਖਿਆਨ ।
ਲਿਵ ਲੱਗੀ ਨਾ ਸਾਧ ਦੀ, ਮਾਇਆ ਵੱਲ ਧਿਆਨ।

ਪੁੱਤਾਂ ਧੀਆਂ ਵਾਂਗ ਹੀ, ਜਾਪਣ ਗਜ਼ਲਾਂ ਗੀਤ।
ਲਿਖਣਾ ਦਰਦ ਸਮਾਜ ਦਾ, ਹਰਫਾਂ ਨਾਲ ਪ੍ਰੀਤ।

ਮਸਲੇ ਨਵੇਂ ਉਭਾਰਦੇ, ਨੇਤਾ ਲੋਕ ਸ਼ੈਤਾਨ।
ਜਨਤਾ ਪਾੜੀ ਰੱਖਦੇ, ਚਤੁਰ ਸਿਆਸਤਦਾਨ।

ਅੰਨ੍ਹੀ ਦੌੜ ਪਦਾਰਥੀ, ਭਟਕ ਰਿਹਾ ਇਨਸਾਨ।
ਮੁਕਤੀ ਮਾਰਗ ਭਾਲਦਾ, ਕਿਵ ਹੋਵੇ ਕਲਿਆਣ।

ਹਫਤਾ ਭਰ ਪਰਵਚਨ ਸੁਣੇ, ਰਿਹਾ ਨਾ ਕੁਝ ਵੀ ਯਾਦ।
ਚੇਤੇ ਦੇ ਵਿਚ ਵਸ ਗਿਆ, ਲੰਗਰ ਬੜਾ ਸਵਾਦ।

ਆਪਣਾ ਕੁਨਬਾ ਪਾਲਦੇ, ਸਦਾ ਸਿਆਸਤਦਾਨ।
ਜਨਤਾ ਫਿਰਦੀ ਮਗਰ ਹੈ, ਮੂਰਖ ਤੇ ਨਾਦਾਨ।

ਨੇਤਾ ਸੱਤਾ ਮਾਣਦੇ, ਕਰਦੇ ਮਲੀਆਮੇਟ ।
ਆਉਂਦੇ ਰੋਹ ਵਿੱਚ ਲੋਕ ਜਦ, ਦਿੰਦੇ ਸਫਾਂ ਵਲੇਟ।

ਘੱਗਰੇ ਨਾ ਫੁਲਕਾਰੀਆਂ, ਸੱਭਿਆਚਾਰ ਅਲੋਪ।
ਕੁੜੀਆਂ ਨੇ ਹੈ ਪਾ ਲਿਆ, ਨਾਲ ਜੀਨ ਦੇ ਟੋਪ।

ਬਾਬਾ ਅੱਸੀ ਸਾਲ ਦਾ, ਮਾਇਆ ਜੋੜੇ ਹੋਰ।
ਪਤਾ ਨਹੀਂ ਕਦ ਟੁੱਟਣੀ, ਪਰ ਸਾਹਾਂ ਦੀ ਡੋਰ।

ਸੁਖ ਪਾਉਣਾ ਜੇ ਜਗਤ ਦਾ, ਮਨ 'ਚੋਂ ਮੈਂ ਨੂੰ ਮਾਰ।
ਮਨ 'ਚੋਂ ਮੈਂ ਨੂੰ ਮਾਰ ਕੇ, ਜਿੱਤ ਸਕੇਂ ਸੰਸਾਰ।

ਸਾਂਝੇ ਰਹੇ ਪਰਵਾਰ ਨਾ, ਟੁੱਟੇ ਸਭ ਅੰਗ ਸਾਕ।
ਮੋਹ ਮੁਹੱਬਤ ਉੱਡ ਗਏ, ਸਧਰਾਂ ਹੋਈਆਂ ਚਾਕ।

ਭਾਗੋ ਮੌਜਾਂ ਲੁੱਟਦੇ, ਲਾਲੋ ਨੇ ਮਜਬੂਰ।
ਤੇਰੇ ਘਰ ਵੀ ਮਾਲਕਾ, ਕਾਣੀ ਵੰਡ ਜ਼ਰੂਰ।

ਲਾਲੋ ਫਾਕੇ ਕੱਟਦੇ, ਭਾਗੋ ਐਸ਼ ਉਡਾਉਣ।
ਵੰਡ ਅਸਾਵੀਂ ਧਰਤ 'ਤੇ, ਇਸ ਦਾ ਦੋਸ਼ੀ ਕੌਣ।

ਬਾਣਾ ਪਾ ਕੇ ਧਰਮ ਦਾ, ਦੇਣ ਬੇਦੋਸ਼ੇ ਮਾਰ।
ਧਰਤੀ ਥਰ ਥਰ ਕੰਬਦੀ, ਸਹਿ ਜ਼ੁਲਮਾਂ ਦਾ ਭਾਰ।

ਮਾਰ ਮੰਦੇ ਦੀ ਪੈ ਗਈ, ਚੁੰਗ ਨਾ ਚੜ੍ਹਦੀ ਹੱਟ।
ਸਾਰਾ ਦਿਨ ਹਾਂ ਬੈਠਦੇ, ਕੁਝ ਨਾ ਹੋਵੇ ਵੱਟ।

ਨਾੜ ਕਦੇ ਨਾ ਸਾੜੀਏ, ਕਰੀਏ ਹੋਰ ਜੁਗਾੜ।
ਮਹਿੰਗਾ ਸਾਨੂੰ ਪੈ ਰਿਹਾ, ਕੁਦਰਤ ਸੰਗ ਖਿਲਵਾੜ।

ਪੌਣਾ ਨੇ ਜ਼ਹਿਰੀਲੀਆਂ, ਸ਼ੁੱਧ ਰਹੇ ਨਾ ਨੀਰ।
ਘੇਰੇ ਪਾਉਣ ਬਿਮਾਰੀਆਂ, ਛੇਤੀ ਮੁੱਕੂ ਸੀਰ।

ਚਾਰ ਚੁਫੇਰੇ ਪੱਸਰਿਆ, ਚੋਰ ਮਾਫੀਆ ਰਾਜ।
ਗੁੰਡੇ ਤੇ ਬਾਹੂਬਲੀ, ਬਣ ਬੈਠੇ ਸਰਤਾਜ।

ਉਡੀ ਜਵਾਨੀ ਬਾਹਰ ਨੂੰ, ਕਰਨ ਲਈ ਪਰਵਾਸ।
ਬੰਦ ਘਰਾਂ ਵਿੱਚ ਬਿਰਧ ਨੇ, ਕੌਣ ਦਏ ਧਰਵਾਸ।

ਭੁੱਲੇ ਜੰਮਣ ਭੋਇੰ ਨੂੰ, ਤੇ ਵਿਰਸਾ ਖੁਸ਼ਹਾਲ।
ਬੱਚਿਆਂ ਦਾ ਮੋਹ ਪੈ ਗਿਆ, ਡਾਲਰ ਪਾਉਂਡਾਂ ਨਾਲ।

ਮੋਬਾਇਲ 97812-00168

# ਸ਼ਾਹੀ ਜੀਵਨ ਤਿਆਗ ਕੇ ਆਦਿਵਾਸੀ ਬਣਿਆ ਅਲੋਕ ਸਾਗਰ

ਅੱਜ ਜਦੋਂ ਸਮੁੱਚੀ ਦੁਨੀਆ ਪੈਸਾ ਕਮਾਉਣ, ਵੱਡੀਆਂ ਕੋਠੀਆਂ, ਜਾਇਦਾਦਾਂ ਬਣਾਉਣ ਅਤੇ ਆਪਣੇ-ਆਪ ਨੂੰ ਦੁਨੀਆ ਦੇ ਅਮੀਰ ਲੋਕਾਂ ਵਿੱਚ ਸ਼ਾਮਲ ਕਰਨ ਦੀ ਦੌੜ ਵਿੱਚ ਲੱਗੀ ਹੋਈ ਹੈ, ਅਜਿਹੇ ਮਹੌਲ ਵਿੱਚ ਜੇਕਰ ਕੋਈ ਇਨਸਾਨ ਪੈਸਾ, ਜਾਇਦਾਦ ਤੇ ਘਰ-ਪਰਵਾਰ ਤਿਆਗ ਕੇ ਆਪਣਾ ਸਮੁੱਚਾ ਜੀਵਨ ਸਮਾਜ ਸੇਵਾ ਨੂੰ ਸਮਰਪਿਤ ਕਰ ਦੇਵੇ ਤਾਂ ਉਹ ਕਿਸੇ ਪੀਰ, ਫ਼ਕੀਰ, ਦੇਵਤੇ ਤੋਂ ਘੱਟ ਨਹੀਂ ਹੋਵੇਗਾ। ਅੱਜ ਦੇ ਜ਼ਮਾਨੇ ਵਿੱਚ ਅਜਿਹੇ ਇਨਸਾਨ ਸੰਬੰਧੀ ਚਿਤਵਿਆ ਜਾਂ ਸੋਚਿਆ ਜਾਣਾ ਵੀ ਝੂਠ ਤੋਂ ਵੱਧ ਕੁਝ ਨਹੀਂ ਲੱਗਦਾ, ਪਰ ਅਜਿਹਾ ਇੱਕ ਇਨਸਾਨ ਸਾਡੇ ਦੇਸ਼ ਦੇ ਸੂਬੇ ਮੱਧ ਪ੍ਰਦੇਸ਼ ਦੇ ਪਿੰਡ ਦੀ ਝੌਂਪੜੀ ਵਿੱਚ ਰਹਿ ਰਿਹਾ ਅਲੋਕ ਸਾਗਰ ਹੈ, ਜੋ ਆਪਣਾ ਸਭ ਕੁਝ ਤਿਆਗ ਕੇ ਸਮਾਜ, ਵਾਤਾਵਰਣ ਤੇ ਦੇਸ਼ ਦੀ ਸੇਵਾ ਨਿਭਾਅ ਰਿਹਾ ਹੈ।

ਇੰਡੀਅਨ ਰੈਵੇਨਿਊ ਸਰਵਿਸ ਵਿੱਚ ਅਫ਼ਸਰ ਪਿਤਾ ਅਤੇ ਸਿਰਾਂਡਾ ਹਾਊਸ ਕਾਲਜ ਦਿੱਲੀ ਦੀ ਫਿਜ਼ੀਕਸ ਦੀ ਪ੍ਰੋਫੈਸਰ ਮਾਤਾ ਦੇ ਘਰ ਕਰੀਬ ਪਝੱਤਰ ਸਾਲ ਪਹਿਲਾਂ ਜਨਮੇ ਸ੍ਰੀ ਅਲੋਕ ਸਾਗਰ ਨੇ 1971 ਵਿੱਚ ਦਿੱਲੀ ਤੋਂ ਇਲੈਕਟਰੀਕਲ ਇੰਜੀਨੀਅਰ ਦੀ ਬੀ ਟੈੱਕ ਕੀਤੀ। 1973 ਵਿੱਚ ਐੱਮ ਟੈੱਕ ਕਰਨ ਉਪਰੰਤ ਉਹਨਾਂ ਹਿਊਸਟਨ ਯੂਨੀਵਰਸਿਟੀ ਅਮਰੀਕਾ ਤੋਂ ਪੀ ਐੱਚ ਡੀ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਉਹ 1980 ਵਿੱਚ ਆਈ ਆਈ ਟੀ ਦਿੱਲੀ ਵਿਖੇ ਪੜ੍ਹਾਉਣ ਲੱਗ ਗਏ। ਬਚਪਨ ਤੋਂ ਕੁਦਰਤ ਨਾਲ ਪਿਆਰ ਕਰਨ ਵਾਲੇ ਇਸ ਅਧਿਆਪਕ ਤੋਂ ਦੇਸ਼, ਲੋਕਾਂ ਅਤੇ ਸਮਾਜ ਦੀ ਨਿੱਘਰ ਰਹੀ ਹਾਲਤ ਸਹਾਰੀ ਨਾ ਗਈ। ਸੰਨ 1982 ਵਿੱਚ ਉਹ ਆਪਣੀ ਨੌਕਰੀ ਤੋਂ ਅਸਤੀਫਾ ਦੇ ਕੇ ਸਮਾਜ ਭਲਾਈ ਦੇ ਕੰਮਾਂ ਵਿੱਚ ਜੁਟ ਗਏ।

ਆਪਣਾ ਅਮੀਰ ਪਰਵਾਰ, ਅਰਾਮਦਾਇਕ ਸੁੱਖ-ਸਹੂਲਤਾਂ ਦਾ ਤਿਆਗ ਕਰਕੇ ਤਕਰੀਬਨ ਤਿੰਨ ਦਹਾਕੇ ਪਹਿਲਾਂ ਉਹ ਦਿੱਲੀ ਤੋਂ ਬਹੁਤ ਦੂਰ ਮੱਧ ਪ੍ਰਦੇਸ਼ ਸੂਬੇ ਦੇ ਜ਼ਿਲ੍ਹਾ ਬੈਤੂਲ ਦੇ ਇੱਕ ਆਦਿਵਾਸੀਆਂ ਦੇ ਪਿੰਡ ਕੋਚਾਮਊ ਵਿੱਚ ਪਹੁੰਚ ਗਏ। ਇੱਥੇ ਪਹੁੰਚ ਕੇ ਉਹਨਾਂ ਆਪਣੀ ਪੁਰਾਣੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਭੁਲਾ ਦਿੱਤਾ ਅਤੇ ਆਦਿਵਾਸੀਆਂ ਵਿੱਚ ਰਹਿੰਦਿਆਂ ਉਹਨਾਂ ਵਾਲਾ ਜੀਵਨ ਹੀ ਅਪਨਾ ਲਿਆ। ਕੁੜਤਾ, ਧੋਤੀ ਤੇ ਟਾਇਰ ਕੱਟ ਕੇ ਬਣਾਈ ਚੱਪਲ ਦਾ ਪਹਿਰਾਵਾ ਧਾਰਨ ਕਰਦਿਆਂ ਉਹਨਾਂ ਪਿੰਡ ਦੀਆਂ ਝੌਂਪੜੀਆਂ ਵਿੱਚ ਹੀ ਆਪਣੀ ਝੌਂਪੜੀ ਬਣਾ ਕੇ ਆਪਣਾ ਬਸੇਰਾ ਕਰ ਲਿਆ। ਅੱਜ ਉਹਨਾਂ ਦੀ ਸਾਰੀ ਜਾਇਦਾਦ ਤਿੰਨ ਕੁੜਤੇ, ਧੋਤੀ, ਇੱਕ ਸਾਈਕਲ ਅਤੇ ਇੱਕ ਝੌਂਪੜੀ ਹੈ। ਉਹਨਾਂ ਆਪਣੀ ਝੌਂਪੜੀ ਨੂੰ ਬੰਦ ਕਰਨ ਲਈ ਕੋਈ ਦਰਵਾਜ਼ਾ ਵੀ ਨਹੀਂ ਲਾਇਆ, ਕਿਉਂਕਿ ਇਸ ਦੀ ਉਸ ਨੂੰ ਲੋੜ ਹੀ ਮਹਿਸੂਸ ਨਹੀਂ ਹੋਈ।

ਸ੍ਰੀ ਅਲੋਕ ਸਾਗਰ ਚੰਗੇ ਪੜ੍ਹੇ-ਲਿਖੇ ਹੋਣ ਕਾਰਨ ਦੁਨੀਆ ਦੀਆਂ ਕਈ ਭਾਸ਼ਾਵਾਂ ਜਾਣਦੇ ਹਨ, ਉਹਨਾਂ ਦਾ ਬਚਪਨ ਬਹੁਤ ਅਮੀਰ ਖਾਨਦਾਨ ਵਿੱਚ ਗੁਜ਼ਰਿਆ ਹੈ, ਪਰ ਇਸ ਦੇ ਬਾਵਜੂਦ ਉਹ ਆਦਿਵਾਸੀ ਲੋਕਾਂ ਤੋਂ ਵੱਖਰਾਪਣ ਨਹੀਂ ਦਿਸਣ ਦਿੰਦੇ। ਕਰੀਬ ਸਾਢੇ ਸੱਤ ਸੌ ਦੀ ਅਬਾਦੀ ਵਾਲੇ ਇਸ ਪਿੰਡ ਵਿੱਚ ਜਦ ਉਹ ਪਹੁੰਚੇ ਤਾਂ ਪਿੰਡ ਵਿੱਚ ਨਾ ਕੋਈ ਸੜਕ ਸੀ, ਨਾ ਬਿਜਲੀ, ਨਾ ਗਲੀਆਂ-ਨਾਲੀਆਂ ਪੱਕੀਆਂ ਅਤੇ ਨਾ ਹੀ ਬਾਕੀ ਦੇਸ਼



ਵਾਂਗ ਟੈਲੀਫੋਨ ਜਾਂ ਆਵਾਜਾਈ ਦੀ ਕੋਈ ਸਹੂਲਤ। ਬੱਚਿਆਂ ਨੂੰ ਪੜ੍ਹਨ ਲਈ ਵੀ ਕਰੀਬ ਅੱਠ ਕਿਲੋਮੀਟਰ ਦੂਰ ਦੇ ਸਕੂਲ ਵਿੱਚ ਪੈਦਲ ਜਾਣਾ ਪੈਂਦਾ ਸੀ। ਸ੍ਰੀ ਸਾਗਰ ਨੇ ਇਸ ਪਿੰਡ ਵਿੱਚ ਆਦਿਵਾਸੀਆਂ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਸ਼ੁਰੂ ਕਰਦਿਆਂ ਸਿੱਖਿਆ ਵੰਡਣ ਦਾ ਕੰਮ ਅਰੰਭ ਕੀਤਾ। ਉਹ ਆਦਿਵਾਸੀ ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਸੰਬੰਧੀ ਜਾਗਰੂਕ ਕਰਦੇ ਅਤੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਰਹਿੰਦੇ ਹਨ। ਪਿੰਡ ਦੇ ਹਰ ਪਰਵਾਰ ਦੇ ਦੁੱਖ-ਸੁੱਖ ਵਿੱਚ ਉਹ ਭਾਈਵਾਲ ਹੁੰਦੇ ਹਨ, ਜਿਸ ਕਰਕੇ ਹਰ ਪਰਵਾਰ ਉਹਨਾਂ ਨੂੰ ਆਪਣਾ ਮੁਖੀ ਹੀ ਪ੍ਰਵਾਨ ਕਰਦਾ ਹੈ। ਪਿੰਡ ਦੇ ਲੋਕਾਂ ਨੂੰ ਉਹਨਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਉਹ ਕੌਣ ਹਨ, ਕਿੱਥੋਂ ਆਏ ਹਨ ਅਤੇ ਕਿਵੇਂ ਆਏ ਹਨ ਆਦਿ।

ਵਾਤਾਵਰਣ ਤੇ ਕੁਦਰਤ ਪ੍ਰੇਮੀ ਸ੍ਰੀ ਅਲੋਕ ਸਾਗਰ ਨੇ ਧਰਤੀ ਨੂੰ ਹਰਾ-ਭਰਾ ਕਰਨ ਲਈ ਦਰੱਖਤ-ਬੂਟੇ ਲਾਉਣ ਦੀ ਮੁਹਿੰਮ ਵਿੱਢੀ ਦਿੱਤੀ। ਇਕੱਲੇ ਬੈਤੂਲ ਜ਼ਿਲ੍ਹੇ ਵਿੱਚ ਹੀ ਉਹ ਨੱਬੇ ਹਜ਼ਾਰ ਤੋਂ ਵੱਧ ਦਰੱਖਤ ਲਾ ਚੁੱਕੇ ਹਨ ਅਤੇ ਜ਼ਿਲ੍ਹੇ ਤੋਂ ਬਾਹਰ ਵੀ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਲੱਖਾਂ ਬੂਟੇ ਲਾਉਣ ਦਾ ਕਾਰਜ ਕੀਤਾ। ਸ੍ਰੀ ਸਾਗਰ ਦੀ ਇਸ ਮੁਹਿੰਮ ਦਾ ਇਲਾਕੇ ਦੇ ਲੋਕਾਂ ਉੱਪਰ ਇਸ ਕਦਰ ਅਸਰ ਹੋ ਗਿਆ ਕਿ ਉਹਨਾਂ ਦਰੱਖਤਾਂ ਦੀ ਕਟਾਈ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀ ਹੈ ਅਤੇ ਹੁਣ ਉਹ ਘਰਾਂ ਵਿੱਚ ਕੁਹਾੜੀ ਰੱਖਣ ਦੀ ਲੋੜ ਵੀ ਮਹਿਸੂਸ ਨਹੀਂ ਕਰਦੇ।

ਮਈ 2016 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਜਦ ਪੁਲਸ ਨੇ ਪਿੰਡ ਪੱਧਰ 'ਤੇ ਪੁੱਛ-ਪੜਤਾਲ ਕਰਨੀ ਸ਼ੁਰੂ ਕੀਤੀ ਤਾਂ ਇਸ ਗੁੰਮਨਾਮੀ ਮਹਾਨ ਸਮਾਜ ਸੇਵਕ ਸ੍ਰੀ ਅਲੋਕ ਸਾਗਰ ਬਾਰੇ ਜਾਣਕਾਰੀ ਮਿਲੀ ਕਿ ਆਦਿਵਾਸੀਆਂ ਵਿੱਚ ਦਰਵੇਸ਼ ਫ਼ਕੀਰ ਦੇ ਭੇਸ 'ਚ ਕੰਮ ਕਰਨ ਵਾਲਾ ਇਹ ਕੋਈ ਮਾਮੂਲੀ ਵਿਅਕਤੀ ਨਹੀਂ, ਸਗੋਂ ਉੱਚ ਵਿੱਦਿਆ ਹਾਸਲ ਅਮੀਰ ਪਰਵਾਰ ਦਾ ਇੱਕ ਮੈਂਬਰ ਹੈ, ਜੋ ਸਭ ਕੁਝ ਤਿਆਗ ਕੇ ਦੇਸ਼ ਤੇ ਸਮਾਜ ਦੀ ਸੇਵਾ ਨੂੰ ਸਮਰਪਿਤ ਹੋ ਚੁੱਕਾ ਹੈ। ਸ੍ਰੀ ਸਾਗਰ ਦੇ ਲੋਕਾਂ ਸਾਹਮਣੇ ਪ੍ਰਗਟ ਹੋਣ 'ਤੇ ਪਤਾ ਲੱਗਾ ਕਿ ਰਿਜ਼ਰਵ ਬੈਂਕ ਆਫ਼ ਇੰਡੀਆ ਦਾ ਸਾਬਕਾ ਗਵਰਨਰ ਸ੍ਰੀ ਰਘੂ ਰਾਮ ਰਾਜਨ ਵੀ ਉਹਨਾਂ ਦਾ ਆਈ ਆਈ ਟੀ ਦਿੱਲੀ ਵਿਖੇ ਵਿਦਿਆਰਥੀ ਰਹਿ ਚੁੱਕਾ ਹੈ। ਉਹਨਾਂ ਦਾ ਇੱਕ ਭਰਾ ਅੰਬੁਜ ਸਾਗਰ ਇਸ ਸੰਸਥਾ ਵਿੱਚ ਪ੍ਰੋਫੈਸਰ ਵਜੋਂ ਨੌਕਰੀ ਕਰ ਰਿਹਾ ਹੈ। ਜਦ ਆਦਿਵਾਸੀ ਲੋਕਾਂ ਨੂੰ ਸ੍ਰੀ ਸਾਗਰ ਦੇ ਜੀਵਨ, ਪਰਵਾਰ ਅਤੇ ਪੜ੍ਹਾਈ ਆਦਿ ਬਾਰੇ ਜਾਣਕਾਰੀ ਹਾਸਲ ਹੋਈ ਤਾਂ ਉਹ ਬਹੁਤ ਹੈਰਾਨ ਹੋਏ ਕਿ ਇੱਕ ਉੱਚ ਸਿੱਖਿਆ ਪ੍ਰਾਪਤ ਅਮੀਰ ਵਿਅਕਤੀ ਦੁਨੀਆ ਦੇ ਸੁੱਖ ਤਿਆਗ ਕੇ ਉਹਨਾਂ ਵਿਚਕਾਰ ਫ਼ਕੀਰ ਦੇ ਰੂਪ ਵਿੱਚ ਵਿਚਰ ਰਿਹਾ ਹੈ ਅਤੇ ਆਵਾਜਾਈ ਦੇ ਸਾਧਨਾਂ, ਇੰਟਰਨੈੱਟ, ਮੋਬਾਇਲ ਅਤੇ ਵਧੀਆ ਪਹਿਰਾਵੇ ਤੋਂ ਦੂਰ ਰਹਿ ਕੇ ਗਰੀਬ ਲੋਕਾਂ ਦਾ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਹੈ।

ਇਸ ਰਸਤੇ 'ਤੇ ਚੱਲਣ ਬਾਰੇ ਪੁੱਛਣ 'ਤੇ ਸ੍ਰੀ ਅਲੋਕ ਸਾਗਰ ਦਾ ਕਹਿਣਾ ਸੀ ਕਿ ਹਰੇਕ ਵਿਅਕਤੀ ਆਪਣਾ ਰਸਤਾ ਆਪ ਚੁਣਦਾ ਹੈ ਅਤੇ ਜੋ ਰਸਤਾ ਇਨਸਾਨ ਖੁਦ ਚੁਣਦਾ ਹੈ, ਉਸ ਲਈ ਉਹ ਹੀ ਬਿਹਤਰ ਹੁੰਦਾ ਹੈ ਅਤੇ ਉਹ ਇਸ ਸੰਬੰਧੀ ਸੰਤੁਸ਼ਟ ਹੈ। ਉਸ ਦਾ ਕਹਿਣਾ ਹੈ ਕਿ ਮੇਰੀ ਦਿਲੀ ਇੱਛਾ ਸੀ ਕਿ ਆਪਣੀ ਜ਼ਿੰਦਗੀ ਲਾ ਕੇ ਹਜ਼ਾਰਾਂ ਹੋਰ ਜ਼ਿੰਦਗੀਆਂ ਨੂੰ ਅਬਾਦ ਕੀਤਾ ਜਾਵੇ, ਮੈਂ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਆਦਿਵਾਸੀਆਂ ਦੇ ਮੁਸ਼ਕਲਾਂ ਭਰੇ ਜੀਵਨ ਬਾਰੇ ਪੁੱਛਣ 'ਤੇ ਸ੍ਰੀ ਸਾਗਰ ਦਾ ਕਹਿਣਾ ਹੈ ਕਿ ਸਰਕਾਰਾਂ ਵੀ ਆਦਿਵਾਸੀਆਂ ਦੇ ਜੀਵਨ ਸੁਧਾਰਨ ਦੇ ਉਲਟ ਉਹਨਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਉਹਨਾਂ ਦੇ ਖੇਤਰ ਵਿੱਚ ਬੀੜੀਆਂ ਬਣਾਉਣ ਵਾਲੇ ਪੱਤਿਆਂ ਦਾ ਵੱਡਾ ਕਾਰੋਬਾਰ ਹੈ, ਪਰ ਮਜ਼ਦੂਰਾਂ ਨੂੰ ਬਣਦੀ ਮਜ਼ਦੂਰੀ ਤੋਂ ਬਹੁਤ ਘੱਟ ਮਾਮੂਲੀ ਦਿਹਾੜੀ 'ਤੇ ਕੰਮ ਕਰਵਾਇਆ ਜਾਂਦਾ ਹੈ, ਜਿਸ ਨਾਲ ਉਹਨਾਂ ਦਾ ਖਾਣ ਪਾਣੀ ਵੀ ਪੂਰਾ ਨਹੀਂ ਹੁੰਦਾ। ਉਹ ਕਹਿੰਦਾ ਹੈ ਕਿ ਇਹਨਾਂ ਗਰੀਬਾਂ ਦੇ ਜੀਵਨ ਸੁਧਾਰਨ ਲਈ ਉਸ ਨੇ ਸ਼ਹਿਰ ਛੱਡ ਕੇ ਉਹਨਾਂ ਦੇ ਪਿੰਡ ਵਿੱਚ ਵਸਣ ਤੇ ਉਹਨਾਂ ਵਾਲਾ ਜੀਵਨ ਬਸਰ ਕਰਨ ਦੀ ਚੁਣੌਤੀ ਨੂੰ ਕਬੂਲ ਕੀਤਾ ਹੈ।

ਸ੍ਰੀ ਅਲੋਕ ਸਾਗਰ ਦਾ ਕਹਿਣਾ ਹੈ ਕਿ ਸ਼ਹਿਰ ਤੇ ਪਿੰਡ 'ਚ ਇੱਕ ਦੀਵਾਰ ਹੈ, ਜੋ ਖਤਮ ਹੋਣੀ ਚਾਹੀਦੀ ਹੈ। ਸਰਕਾਰਾਂ ਜੇਕਰ ਅਜਿਹਾ ਕਰਨ ਲਈ ਸੁਹਿਰਦ ਹੋਣ ਤਾਂ ਇਹ ਦੀਵਾਰ ਖਤਮ ਕੀਤੀ ਜਾ ਸਕਦੀ ਹੈ। ਜਿੱਥੇ ਸ੍ਰੀ ਸਾਗਰ ਵਾਤਾਵਰਣ ਤੇ ਕੁਦਰਤ ਨੂੰ ਬਚਾਉਣ ਲਈ ਯਤਨਸ਼ੀਲ ਹੈ, ਉੱਥੇ ਗਰੀਬ ਲੋਕਾਂ ਦੇ ਜੀਵਨ ਸੁਧਾਰਨ ਲਈ ਪ੍ਰੇਰਨਾ-ਸਰੋਤ ਵੀ ਹੈ। ਸ੍ਰੀ ਸਾਗਰ ਦੇ ਤਿਆਗ ਤੇ ਮਿਹਨਤ ਅੱਗੇ ਸਿਰ ਝੁਕਦਾ ਹੈ।

-ਬਲਵਿੰਦਰ ਸਿੰਘ ਭੁੱਲਰ
ਮੋਬਾ : 098882-75913

ਸਫ਼ਾ 3 ਦੀ ਬਾਕੀ

## ਕਸ਼ਮੀਰ ਦੇ ਮਹੱਤਵਪੂਰਨ ਮੁੱਦੇ ਉਭਾਰਦੀ ਪੁਸਤਕ...

ਦਾ ਖੇਤਰ ਸੀ। ਇਸ ਇਲਾਕੇ ਵਿੱਚ ਮੰਦਰਾਂ ਉਪਰ ਹਮਲੇ ਹੋਏ। ਕਾਂਗਰਸ ਨੇ ਗੁਲਾਮ ਮੁਹੰਮਦ ਸ਼ਾਹ ਦੀ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ, ਇਸ ਕਰਕੇ ਕਸ਼ਮੀਰ ਦੀ ਸਰਕਾਰ ਡਿੱਗ ਗਈ। ਦੇਸ਼ ਵਿੱਚ ਰਾਜੀਵ ਗਾਂਧੀ ਦੀ ਸਰਕਾਰ ਸੀ। ਰਾਜੀਵ ਗਾਂਧੀ ਨੇ ਮੁਫਤੀ ਮੁਹੰਮਦ ਸਈਦ ਨੂੰ ਰਾਜ ਸਭਾ ਦਾ ਮੈਂਬਰ ਬਣਾ ਕੇ ਕੇਂਦਰੀ ਸੈਰ-ਸਪਾਟਾ ਮੰਤਰੀ ਬਣਾ ਲਿਆ।

1987 ਦੀਆਂ ਚੋਣਾਂ ਬਾਰੇ ਇਸ ਕਿਤਾਬ ਅਨੁਸਾਰ ਮੁਫਤੀ ਮੁਹੰਮਦ ਸਈਅਦ ਨੇ ਕਾਂਗਰਸ ਲਈ ਪ੍ਰਚਾਰ ਤਾਂ ਕੀਤਾ, ਪਰ ਉਸ ਦੀ ਇੱਛਾ ਕਾਂਗਰਸ ਦੀਆਂ ਵੋਟਾਂ ਮੁਸਲਮ ਯੂਨਾਈਟਿਡ ਫਰੰਟ ਦੇ ਹੱਕ ਵਿੱਚ ਭੁਗਤਾਉਣ ਦੀ ਸੀ। ਜੰਮੂ ਕਸ਼ਮੀਰ ਦੇ ਇਤਿਹਾਸ ਵਿੱਚ ਇਹ ਚੋਣਾਂ ਸਮੇਂ ਵੱਡੇ ਪੱਧਰ 'ਤੇ ਹੇਰਾ-ਫੇਰੀ ਦੇ ਇਲਜ਼ਾਮ ਲੱਗੇ। ਇਹ ਉਹ ਸਮਾਂ ਸੀ ਜਦੋਂ ਲੋਕਾਂ ਦਾ ਵਿਸ਼ਵਾਸ ਡੈਮੋਕਰੇਸੀ ਵਿੱਚੋਂ ਖਤਮ ਹੋਣਾ ਸ਼ੁਰੂ ਹੋਇਆ। 1987 ਵਿੱਚ ਹੀ ਬੈਲਟ ਤੋਂ ਬੁਲਟ ਵੱਲ ਦਾ ਸਫਰ ਆਰੰਭ ਹੁੰਦਾ ਹੈ ।

1989 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਹਾਰ ਗਈ ਕਿਉਂਕਿ ਕਾਂਗਰਸ ਬੁਰੀ ਤਰ੍ਹਾਂ ਬੋਫੋਰਜ਼ ਘੁਟਾਲੇ ਵਿੱਚ ਘਿਰ ਚੁੱਕੀ ਸੀ। ਦੇਸ਼ ਵਿੱਚ ਵੀ ਪੀ ਸਿੰਘ ਦੀ ਸਰਕਾਰ ਬਣ ਗਈ। ਮੁਫਤੀ ਮੁਹੰਮਦ ਸਈਅਦ ਪਹਿਲੇ ਮੁਸਲਿਮ ਗ੍ਰਹਿ ਮੰਤਰੀ ਬਣ ਗਏ।

ਅੱਤਵਾਦੀਆਂ ਨੇ ਮੁਫਤੀ ਮੁਹੰਮਦ ਸਈਅਦ ਦੀ ਧੀ ਰੁਬੀਆ ਸਈਅਦ ਨੂੰ ਜੇ ਕੇ ਐੱਲ ਐੱਫ ਦੇ ਅੱਤਵਾਦੀਆਂ ਵੱਲੋਂ ਅਗਵਾ ਕਰ ਲਿਆ। 13 ਦਸੰਬਰ 1989 ਨੂੰ ਪੰਜ ਅੱਤਵਾਦੀ ਇਸ ਦੇ ਬਦਲੇ ਵਿੱਚ ਰਿਹਾਅ ਕਰਨੇ ਪਏ।

ਕਸ਼ਮੀਰ ਵਿੱਚ ਸੈਕਸ਼ਨ ਨਾਲ ਖੁਸ਼ੀ ਦੀ ਲਹਿਰ ਭਰ ਗਈ।

1990 ਦਾ ਦਹਾਕਾ ਸ਼ੁਰੂ ਹੁੰਦੇ ਸਾਰ ਹੀ ਕਸ਼ਮੀਰੀ ਪੰਡਤਾਂ ਦਾ ਨਰਸੰਹਾਰ ਸ਼ੁਰੂ ਹੋ ਗਿਆ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਸ਼ਮੀਰੀ ਪੰਡਤਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋਣਾ ਪਿਆ।

22 ਫਰਵਰੀ 1994 ਭਾਰਤ ਦੀ ਸੰਸਦ ਵਿੱਚ ਕਸ਼ਮੀਰ ਦੇ ਸੰਬੰਧ ਵਿੱਚ ਪ੍ਰਸਤਾਵ ਪਾਸ ਕੀਤਾ ਗਿਆ। ਇਸ ਪ੍ਰਸਤਾਵ ਦਾ ਮੋਟਾ-ਮੋਟਾ ਅਰਥ ਇਹ ਸੀ ਕਿ ਜੰਮੂ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਤੇ ਅੱਗੇ ਤੋਂ ਵੀ ਰਹੇਗਾ। ਇਸ ਪ੍ਰਸਤਾਵ ਨੇ ਭਾਰਤੀ ਫ਼ੌਜ ਨੂੰ ਵੱਧ ਤਾਕਤਾਂ ਦਿੱਤੀਆਂ, ਜਿਸ ਦੇ ਸਿੱਟੇ ਵਜੋਂ ਲੋਕਾਂ 'ਤੇ ਜ਼ੁਲਮ ਦੀਆਂ ਕਰੂਰ ਕਹਾਣੀਆਂ ਹਰ ਆਏ ਦਿਨ ਸਾਹਮਣੇ ਆਉਣ ਲੱਗੀਆਂ। ਫੌਜ ਨੇ ਕਸ਼ਮੀਰ ਦੀ ਘਾਟੀ ਵਿੱਚ ਅਨੇਕਾਂ ਟਾਰਚਰ ਕੈਂਪ ਬਣਾਏ। ਵੱਡੇ ਪੱਧਰ 'ਤੇ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਦਰਜ ਹੋਣ ਲੱਗੀਆਂ।

1998 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਪੋਖਰਨ ਪਰਮਾਣੂ ਨਿਰੀਖਣ ਦਾ ਸਫਲ ਤਜਰਬਾ ਕੀਤਾ। ਇੱਕ ਬੰਨੇ ਭਾਰਤ ਪਰਮਾਣੂ ਸ਼ਕਤੀ ਧਾਰਕ ਦੇਸ਼ ਬਣ ਗਿਆ। ਦੂਸਰੇ ਪਾਸੇ 1999 ਵਿੱਚ ਪਾਕਿਸਤਾਨ ਨੇ ਭਾਰਤ ਨਾਲ ਕਾਰਗਲ ਦਾ ਯੁੱਧ ਛੇੜ ਲਿਆ।

2001 ਵਿੱਚ ਭਾਰਤੀ ਸੰਸਦ ਉੱਪਰ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਹਮਲਾ ਕਰ ਦਿੱਤਾ।

2002 ਦੇ ਗੁਜਰਾਤ ਦੰਗਿਆਂ ਨੇ ਮੁਸਲਮਾਨਾਂ ਦੇ ਮਨਾਂ ਅੰਦਰ ਇੱਕ ਸਹਿਮ ਤੇ ਡਰ ਦਾ ਮਾਹੌਲ ਪੈਦਾ ਕਰ ਦਿੱਤਾ।

ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਕਸ਼ਮੀਰ ਨਾਲ ਕੋਈ ਜਮਹੂਰੀ ਹੱਲ ਤਲਾਸ਼ਣਾ ਚਾਹੁੰਦੀ ਸੀ।

2005 ਵਿੱਚ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਵੀ ਕਸ਼ਮੀਰ ਤੇ ਮੁਜ਼ੱਫਰ ਨਗਰ ਵਿਚਕਾਰ ਬੱਸ ਸੇਵਾ ਸ਼ੁਰੂ ਕੀਤੀ। ਮਨਮੋਹਨ ਸਿੰਘ ਦਾ ਦ੍ਰਿਸ਼ਟੀਕੋਣ ਵੀ ਕਸ਼ਮੀਰ ਨਾਲ ਹਮਦਰਦੀ ਤੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਤਲਾਸ਼ਣਾ ਸੀ।

ਇਸ ਨਵੀਂ ਸਦੀ ਵਿੱਚ ਅਮਰਨਾਥ ਯਾਤਰਾ ਦਾ ਚਲਨ ਵੀ ਜ਼ੋਰ ਫੜਨ ਲੱਗਾ ਸੀ। 2008 ਵਿੱਚ ਗਵਰਨਰ ਸ੍ਰੀ ਨਿਵਾਸ ਕੁਮਾਰ ਸੈਨਾ ਨੇ ਅਮਰਨਾਥ ਤੀਰਥ ਯਾਤਰੀਆਂ ਦੇ ਲਈ 99 ਏਕੜ ਜ਼ਮੀਨ ਅਮਰਨਾਥ ਸਾਈਨ ਬੋਰਡ ਨੂੰ ਦੇ ਦਿੱਤੀ। ਵੱਡੇ ਪੱਧਰ 'ਤੇ ਜਨਤਕ ਵਿਰੋਧ ਸ਼ੁਰੂ ਹੋਣ ਲੱਗੇ। ਕਸ਼ਮੀਰ ਵਿੱਚ ਗੁਲਾਮ ਨਬੀ ਆਜ਼ਾਦ ਦੀ ਗਵਾਹੀ ਵਾਲੀ ਕਾਂਗਰਸ ਸਰਕਾਰ ਡਿੱਗ ਪਈ। ਨੈਸ਼ਨਲ ਕਾਨਫਰੰਸ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਜ਼ਮੀਨ ਦੇ ਤਬਾਦਲੇ ਦਾ ਜਨਤਕ ਵਿਰੋਧ ਕੀਤਾ। ਕਸ਼ਮੀਰ ਵਿੱਚ ਵਧ ਰਹੇ ਹਿੰਸਕ ਪ੍ਰਦਰਸ਼ਨਾਂ ਨੂੰ ਦੇਖਦਿਆਂ ਗਵਰਨਰ ਐੱਨ ਐੱਨ ਵੋਹਰਾ ਨੇ ਅਮਰਨਾਥ ਸਾਈਨ ਬੋਰਡ ਨੂੰ ਦਿੱਤੀ ਜ਼ਮੀਨ ਵਾਪਸ ਲੈਣ ਦਾ ਫ਼ੈਸਲਾ ਲੈ ਲਿਆ। ਜਨਤਕ ਦਬਾਅ ਨਾਲ ਰਿਵਰਟ ਹੋਣ ਵਾਲਾ ਇਹ ਪਹਿਲਾ ਵੱਡਾ ਫ਼ੈਸਲਾ ਸੀ।

ਕਿਸ ਤਰੀਕੇ ਨਾਲ ਇਹ ਪੁਸਤਕ ਪੜਾਅਵਾਰ ਦੇਸ਼ ਦੀਆਂ ਤੇ ਖ਼ਾਸ ਤੌਰ 'ਤੇ ਕਸ਼ਮੀਰ ਦੀਆਂ ਪ੍ਰਸਥਿਤੀਆਂ ਦਾ ਅਨੈਲਿਸਿਸ ਕਰਦੀ ਹੋਈ ਅੱਗੇ ਵਧਦੀ ਹੈ। ਜਨਤਕ ਵਿਰੋਧ ਪੱਥਰ ਮਾਰਨ ਦੇ ਵਿਰੋਧ ਵਿੱਚ ਕਿਵੇਂ ਤਬਦੀਲ ਹੋ ਗਿਆ? ਇਸ ਦੀ ਰੌਚਕ ਕਹਾਣੀ ਨੂੰ ਵੀ ਇਹ ਕਿਤਾਬ ਬਿਆਨ ਕਰਦੀ ਹੈ ਤੇ ਪੱਥਰ ਮਾਰਨ ਦੀਆਂ ਘਟਨਾਵਾਂ ਵਿੱਚ ਔਰਤਾਂ ਤੇ ਖ਼ਾਸ ਕਰਕੇ ਮੁਟਿਆਰਾਂ ਕਿਵੇਂ ਸ਼ਾਮਲ ਹੋਣ ਲੱਗੀਆਂ? ਇਹਦੇ ਵੀ ਵਿਖਿਆਨ ਇਸ ਪੁਸਤਕ ਵਿੱਚ ਪਏ ਹਨ।

2010 ਵਿੱਚ ਇੱਕ ਕਹਾਣੀ ਸ਼ੁਰੂ ਹੁੰਦੀ ਹੈ ਬੁਰਹਾਨ ਦੀ ਕਹਾਣੀ। ਕਸ਼ਮੀਰੀਆਂ ਮੁਤਾਬਕ ਬੁਰਹਾਨ ਆਪਣੇ ਭਰਾ ਨਾਲ ਕਿਸੇ ਕੰਮ ਬਾਜ਼ਾਰ ਗਿਆ ਸੀ। ਉਸ ਨੂੰ ਪੁੱਛਗਿੱਛ ਲਈ ਪੁਲਸ ਨੇ ਰੋਕ ਲਿਆ। ਉਹ ਅਜੇ ਬਹੁਤ ਛੋਟੀ ਉਮਰ ਦਾ ਮੁੱਛ ਫੁੱਟ ਗੱਭਰੂ ਹੀ ਸੀ, ਪੁਲਸ ਨੇ ਉਸ ਨੂੰ ਸਿਗਰਟਾਂ ਲਿਆਉਣ ਲਈ ਆਖਿਆ। ਵਿਰੋਧ ਕਰਨ 'ਤੇ ਉਸ ਨੂੰ ਕੁੱਟਿਆ ਗਿਆ । ਜਿਸ ਤਰ੍ਹਾਂ ਦੇ ਇਲਜ਼ਾਮ ਪੁਲਸ ਅਤੇ ਪੈਰਾ ਮਿਲਟਰੀ ਉੱਪਰ ਅਕਸਰ ਲੱਗਦੇ ਹੀ ਹਨ, ਉਸੇ ਤਰ੍ਹਾਂ ਦੇ ਇਲਜ਼ਾਮ ਬੁਰਹਾਨ ਦੇ ਸੰਬੰਧ ਵਿੱਚ ਵੀ ਲੱਗੇ। ਬੁਰਹਾਨ ਨੇ ਇਸ ਨੂੰ ਆਪਣੀ ਹੱਤਕ ਸਮਝਿਆ ਤੇ ਉਸ ਨੇ ਹਥਿਆਰ ਚੁੱਕ ਲਏ। ਉਦੋਂ ਉਸ ਦੀ ਉਮਰ ਮਹਿਜ਼ 16 ਸਾਲਾਂ ਦੀ ਸੀ।

ਬੁਰਹਾਨ ਵਾਨੀ ਕਿਉਂਕਿ ਕਸ਼ਮੀਰ ਦੀ ਨਵੀਂ ਜਨਰੇਸ਼ਨ ਦਾ ਪ੍ਰਤੀਕ ਸੀ। ਉਹ ਸੋਸ਼ਲ ਮੀਡੀਆ ਉੱਪਰ ਆਪਣੀਆਂ ਰੋਜ਼ਾਨਾ ਦੀਆਂ ਵੀਡੀਓ ਅਪਲੋਡ ਕਰਦਾ ਸੀ, ਇਸ ਲਈ ਕਸ਼ਮੀਰੀ ਉਸ ਨੂੰ ਲਾਇਕ ਕਰਦੇ ਸਨ।

ਜਿਸ ਦਿਨ ਬੁਰਹਾਨ ਵਾਨੀ ਦਾ ਐਨਕਾਊਂਟਰ ਹੁੰਦਾ ਹੈ, ਉਸ ਦਿਨ ਕਸ਼ਮੀਰ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੁੰਦੇ ਹਨ। ਭੀੜਾਂ ਲਾਮਿਸਾਲ ਇਕੱਤਰ ਹੁੰਦੀਆਂ ਹਨ। ਕਸ਼ਮੀਰੀ ਬੁਰਹਾਨ ਦੇ ਮੁਕਾਬਲੇ ਨੂੰ ਝੂਠਾ ਪੁਲਸ ਮੁਕਾਬਲਾ ਦੱਸਦੇ ਹਨ। ਇਸ ਪੁਸਤਕ ਮੁਤਾਬਕ ਕਸ਼ਮੀਰੀ ਬੁਰਹਾਨ ਵਾਨੀ ਨੂੰ ਆਪਣਾ ਸ਼ਹੀਦ ਮੰਨਦੇ ਹਨ ਤੇ ਭਾਰਤ ਦੀ ਬਾਕੀ ਜਨਤਾ ਉਸ ਨੂੰ ਇੱਕ ਦਹਿਸ਼ਤਗਰਦ ਵਜੋਂ ਸਥਾਪਤ ਕਰਦੀ ਹੈ। ਇੱਥੇ ਹੀ ਦੋਵਾਂ ਦਾ ਦ੍ਰਿਸ਼ਟੀਕੋਣ ਵੱਖੋ-ਵੱਖਰਾ ਉੱਭਰ ਕੇ ਸਾਹਮਣੇ ਆਉਂਦਾ ਹੈ।

ਲੋਕ-ਭਾਵਨਾਵਾਂ ਦਾ ਹੀ ਅਸਰ ਸੀ ਕਿ ਜੰਮੂ-ਕਸ਼ਮੀਰ ਦੀ ਤਤਕਾਲੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੂੰ ਕਹਿਣਾ ਪਿਆ, ਜਿਸ ਤਰ੍ਹਾਂ ਸੂਬੇ ਵਿਚ ਸਥਿਤੀਆਂ ਠੀਕ ਹੁੰਦੀਆਂ ਦਿਖ ਰਹੀਆਂ ਸਨ, ਜੇਕਰ ਸੁਰੱਖਿਆ ਬਲਾਂ ਨੂੰ ਪਤਾ ਹੁੰਦਾ ਕਿ ਬੁਰਹਾਨ ਵਾਨੀ ਉੱਥੇ ਫਸਿਆ ਹੋਇਆ ਹੈ ਤਾਂ ਉਸ ਨੂੰ ਇੱਕ ਮੌਕਾ ਜ਼ਰੂਰ ਦਿੱਤਾ ਗਿਆ ਹੁੰਦਾ। ਭਾਜਪਾ ਨੇ ਸ਼ੁਰੂ ਵਿਚ ਮਾਹੌਲ ਬਣਾਇਆ ਸੀ ਕਿ ਫ਼ੌਜ ਨੂੰ ਐਨਕਾਊਂਟਰ ਵਾਲੀ ਥਾਂ 'ਤੇ ਬੁਰਹਾਨ ਦੀ ਮੌਜੂਦਗੀ ਦੀ ਸੂਚਨਾ ਸੀ। ਹਾਲਾਂਕਿ ਬਾਅਦ ਵਿਚ ਉਪ-ਮੁੱਖ ਮੰਤਰੀ ਨਿਰਮਲ ਸਿੰਘ ਨੇ ਕਿਹਾ, ਇਹ ਰੁਟੀਨ ਅੱਤਵਾਦ-ਵਿਰੋਧੀ ਓਪਰੇਸ਼ਨ ਸੀ। ਜੇਕਰ ਸਾਨੂੰ ਪਤਾ ਹੁੰਦਾ ਕਿ ਬੁਰਹਾਨ ਵਾਨੀ ਵੀ ਉੱਥੇ ਫਸਿਆ ਹੋਇਆ ਹੈ, ਅਸੀਂ ਹੋਰ ਵੀ ਸਾਵਧਾਨੀ ਭਰੇ ਕਦਮ ਚੁੱਕੇ ਹੁੰਦੇ। 'ਬੁਰਹਾਨ ਦੀ ਮੌਤ ਤੋਂ ਬਾਅਦ ਘਾਟੀ ਵਿਚ ਫੈਲੇ ਤਣਾਅ ਅਤੇ ਹਿੰਸਾ ਵਿਚ ਸੌ ਤੋਂ ਵੱਧ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ਲੱਗਭੱਗ ਸੱਤ ਮਹੀਨਿਆਂ ਤੱਕ ਕਸ਼ਮੀਰ ਵਿਚ ਕਰਫ਼ਿਊ ਵਰਗੇ ਹਾਲਾਤ ਬਣੇ ਰਹੇ। ਹਜ਼ਾਰਾਂ ਕਸ਼ਮੀਰੀਆਂ ਅਤੇ ਸੁਰੱਖਿਆ ਬਲ ਦੇ ਜਵਾਨ ਹਿੰਸਾ ਵਿਚ ਜ਼ਖ਼ਮੀ ਹੋਏ। ਕਸ਼ਮੀਰ ਦੇ ਇਤਿਹਾਸ ਵਿਚ ਬੁਰਹਾਨ ਵਾਨੀ ਦਾ ਹਵਾਲਾ ਬਿੰਦੂ ਬਣ ਜਾਣਾ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਭਾਰਤ ਕਸ਼ਮੀਰੀਆਂ ਦੇ ਨਾਲ ਸੰਵਾਦ ਸਥਾਪਤ ਕਰਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣ ਵਿਚ ਕਿੰਨਾ ਨਾਕਾਮ ਹੋਇਆ ਹੈ। ਜੰਮੂ ਅਤੇ ਕਸ਼ਮੀਰ ਪੁਲਸ ਦੇ ਇਕ ਸੇਵਾ-ਮੁਕਤ ਅਧਿਕਾਰੀ ਦੇ ਅਨੁਸਾਰ ਭਾਰਤ ਦੀ ਸਰਕਾਰ ਕਸ਼ਮੀਰ ਦੇ ਬਦਲਦੇ ਮਾਹੌਲ ਨੂੰ ਸਮਝਣ ਵਿਚ ਕਈ ਮੋਰਚਿਆਂ 'ਤੇ ਨਾਕਾਮ ਸੀ ਅਤੇ ਹੈ।' (ਪੰਨਾ 55)

ਬੁਰਹਾਨ ਵਾਨੀ ਦੀ ਮੌਤ ਨੇ ਕਈ ਪ੍ਰਸੰਗ ਬਦਲ ਦਿੱਤੇ। ਇੱਕ ਤਾਂ ਇਹ ਕਿ ਬੁਰਹਾਨ ਦਾ ਕਤਲ ਝੂਠੇ ਪੁਲਸ ਮੁਕਾਬਲੇ ਵਿੱਚ ਕੀਤਾ ਗਿਆ। ਦੂਜਾ ਬੁਰਹਾਨ ਕਸ਼ਮੀਰ ਦਾ ਸ਼ਹੀਦ ਹੈ। ਕਸ਼ਮੀਰ ਦਾ ਨਾਇਕ ਹੈ। ਕਸ਼ਮੀਰੀ ਲੋਕਾਂ ਨੇ ਬੁਰਹਾਨ ਦੀ ਮੌਤ 'ਤੇ ਵੱਡੇ ਪੱਧਰ ਉੱਪਰ ਜਨਤਕ ਸੋਗ ਮਨਾਇਆ ਤੇ ਔਰਤਾਂ ਵੀ ਇਸ ਸੋਗ ਵਿੱਚ ਸ਼ਾਮਲ ਹੋਈਆਂ। ਜਨਤਕ ਤੌਰ ਤੇ ਔਰਤਾਂ ਦਾ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਣ ਦਾ ਸਬੱਬ ਬੁਰਹਾਨ ਦੀ ਮੌਤ ਤੋਂ ਬਾਅਦ ਹੀ ਜ਼ੋਰ ਫੜਨ ਲੱਗਾ ਹੈ।

'ਬੁਰਹਾਨ ਦੀ ਮੌਤ ਤੋਂ ਬਾਅਦ ਘਾਟੀ ਵਿਚ ਇਕ ਨਾਅਰਾ, ਜੋ ਔਰਤਾਂ ਨੇ ਜ਼ੋਰ-ਸ਼ੋਰ ਨਾਲ ਲਗਾਇਆ, 'ਤੇਰਾ ਭਾਈ ਮੇਰਾ ਭਾਈ, ਬੁਰਹਾਨ ਭਾਈ, ਬੁਰਹਾਨ ਭਾਈ।' ਇਨ੍ਹਾਂ ਭਾਵੁਕ ਅਪੀਲਾਂ ਨੇ ਔਰਤਾਂ ਅਤੇ ਨੌਜਵਾਨ ਜੋੜਿਆਂ ਅਤੇ ਜਨਾਜ਼ਿਆਂ ਵਿਚ ਭੀੜ ਵਧਦੀ ਚਲੀ ਗਈ। ਬੁਰਹਾਨ ਦੀ ਮੌਤ ਤੋਂ ਬਾਅਦ ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕ ਸੜਕਾਂ 'ਤੇ ਉੱਤਰੇ। ਜਨਤਕ ਤੌਰ 'ਤੇ ਲੋਕਾਂ ਨੇ ਸੋਗ ਮਨਾਇਆ। ਘਰਾਂ ਵਿਚ ਚੁੱਲ੍ਹਾ ਨਹੀਂ ਮਚਾਇਆ। ਬੁਰਹਾਨ ਦੀ ਮੌਤ ਨੂੰ ਕਸ਼ਮੀਰੀ ਜਨਤਾ ਨੇ 'ਸ਼ਾਹੀ ਸ਼ਹਾਦਤ' ਵਿਚ ਬਦਲ ਦਿੱਤਾ। ਬੁਰਹਾਨ ਭਰਾ

ਇਸ ਜ਼ਮੀਨ (ਖੇਤਰ) ਲਈ ਸ਼ਹੀਦ ਹੋਏ। ਇਹ ਪ੍ਰਚਲਿਤ ਬਿਰਤਾਂਤ ਹੈ। ਕਸ਼ਮੀਰ ਵਿਚ ਸਰਕਾਰੀ ਬਿਰਤਾਂਤ ਸੀ ਕਿ ਜਨਾਜ਼ਿਆਂ ਵਿਚ ਆਉਣ ਵਾਲੀ ਭੀੜ ਅੱਤਵਾਦ ਦੇ ਪੱਖ ਵਿਚ ਇਕੱਠਾ ਹੋਇਆ ਜਨ-ਸਮਰਥਨ ਸੀ। ਭੀੜ ਨੂੰ ਕਾਬੂ ਕਰਨ ਲਈ ਪੈਲੇਟ ਗੰਨ ਦੀ ਵਰਤੋਂ ਕੀਤੀ ਗਈ। ਫਿਰ ਵੀ ਲੋਕਾਂ ਦਾ ਹੜ੍ਹ ਖ਼ਤਮ ਨਹੀਂ ਹੋਇਆ।' (ਪੰਨਾ 135)

'ਭਾਰਤ ਦੇ ਖੱਬੇਪੱਖੀਆਂ ਅਤੇ ਉਦਾਰਵਾਦੀਆਂ ਦੇ ਲਈ ਵੀ ਜਨਾਜ਼ਿਆਂ ਦੀ ਭੀੜ ਇਕ ਪਹੇਲੀ ਸਾਬਤ ਹੋਈ ਹੈ। ਪਹਿਲਾਂ ਤਾਂ ਉਹ ਸੁਰੱਖਿਆ ਬਲਾਂ ਉੱਤੇ ਪੱਥਰ ਸੁੱਟਣ ਵਾਲੇ ਮੁੰਡਿਆਂ ਨੂੰ 'ਭਟਕੇ ਹੋਏ ਨੌਜਵਾਨ ਕਹਿ ਦਿਆ ਕਰਦੇ ਸਨ, ਪਰ ਕੁੜੀਆਂ ਅਤੇ ਔਰਤਾਂ ਦੀ ਭਾਗੀਦਾਰੀ ਤੋਂ ਬਾਅਦ ਜ਼ਿਆਦਾਤਰ ਨੂੰ ਸਮਝ ਹੀ ਨਹੀਂ ਆਇਆ ਕਿ ਕੀ ਕਿਹਾ ਜਾਵੇ। ਉਹ 'ਕਸ਼ਮੀਰ ਵਿਚ ਮਨੁੱਖੀ-ਅਧਿਕਾਰਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ' ਵਰਗੀਆਂ ਦਲੀਲਾਂ 'ਤੇ ਪਹੁੰਚ ਗਏ ਹਨ। ਉਹ ਇੱਥੋਂ ਤੱਕ ਵੀ ਕਹਿਣ ਲਈ ਤਿਆਰ ਹੋ ਜਾਂਦੇ ਹਨ ਕਿ ਭਾਰਤੀ ਸੱਤਾ ਨੂੰ ਕਸ਼ਮੀਰ ਵਿਚ ਸੰਵਿਧਾਨ ਦੇ ਮੁਤਾਬਕ ਕੰਮ ਕਰਨਾ ਚਾਹੀਦਾ ਹੈ। ਭਾਰਤੀ ਰਾਜ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ' (ਪੰਨਾ 135)

ਕਸ਼ਮੀਰੀ ਔਰਤ ਨੇ ਦੱਸਿਆ ਕਿ ਜੈਸ਼-ਏ-ਮੁਹੰਮਦ ਨੇ ਫ਼ੋਟੋਗ੍ਰਾਫ਼ਰਾਂ ਨੂੰ ਸੋਗ ਮਨਾਉਂਦੀਆਂ ਔਰਤਾਂ ਦੀਆਂ ਤਸਵੀਰਾਂ ਖਿੱਚਣ ਤੋਂ ਵਰਜਿਆ ਸੀ। ਅੱਤਵਾਦੀਆਂ ਦੀਆਂ ਮਾਵਾਂ ਅਤੇ ਭੈਣਾਂ ਦੀਆਂ ਤਸਵੀਰਾਂ ਖਿੱਚਣ ਤੋਂ ਫ਼ੋਟੋਗ੍ਰਾਫ਼ਰਾਂ ਨੂੰ ਪਰਹੇਜ਼ ਕਰਨ ਨੂੰ ਕਿਹਾ ਗਿਆ ਸੀ। ਦਰਅਸਲ, ਜੈਸ਼ ਨੂੰ ਲੱਗਦਾ ਸੀ ਕਿ ਔਰਤਾਂ ਦੀਆਂ ਰੋਂਦੀਆਂ ਤਸਵੀਰਾਂ ਨਾਲ ਕਸ਼ਮੀਰੀ ਕੌਮ ਦਾ ਕਮਜ਼ੋਰ ਅਕਸ ਦੁਨੀਆ ਦੇ ਸਾਹਮਣੇ ਪੇਸ਼ ਹੁੰਦਾ ਹੈ। ਇਸ ਨੂੰ ਵੀ ਔਰਤਾਂ ਨੇ ਚੁਣੌਤੀ ਦਿੱਤੀ। ਜਿਸ ਨੂੰ ਜੈਸ਼ ਕਮਜ਼ੋਰ ਅਕਸ ਦੇ ਦੇਖ ਰਿਹਾ ਸੀ, ਔਰਤਾਂ ਨੇ ਜਨਾਜ਼ਿਆਂ ਵਿਚ ਸ਼ਾਮਲ ਹੋ ਕੇ ਉਸ ਨੂੰ ਕਸ਼ਮੀਰ ਦੀ ਅਸਲੀ ਤਸਵੀਰ ਦੇ ਰੂਪ 'ਚ ਪੇਸ਼ ਕੀਤਾ। ਅੱਤਵਾਦੀਆਂ ਦੇ ਜਨਾਜ਼ਿਆਂ ਵਿਚ ਔਰਤਾਂ ਦੀ ਹਿੱਸੇਦਾਰੀ ਦੱਸਦੀ ਹੈ ਕਿ ਔਰਤਾਂ ਕਸ਼ਮੀਰ ਵਿੱਚ ਕ੍ਰਾਂਤੀ ਦੀਆਂ ਵਾਹਕ ਬਣ ਰਹੀਆਂ ਹਨ। 'ਲਾਲ ਚੌਕ' ਕਸ਼ਮੀਰ ਦੇ ਮਹੱਤਵਪੂਰਨ ਮੁੱਦੇ ਉਭਾਰਦੀ ਹੈ।

ਮੋਬਾ. 94647-97400

ਸਫ਼ਾ 3 ਦੀ ਬਾਕੀ

## ਯਥਾਰਥ ਤੇ ਲੋਕ ਚੇਤਨਾ ਦਾ ਕਾਵਿ ਪ੍ਰਵਾਹ...

ਕਾਵਿਕਤਾ ਨੂੰ ਬਾਖ਼ੂਬੀ ਵਿਉਂਤਿਆ ਗਿਆ ਹੈ। ਇਸੇ ਭਾਵਨਾ ਤਹਿਤ ਇਤਿਹਾਸ ਦੇ ਪ੍ਰਸੰਗਾਂ ਨੂੰ ਆਪਣੀ ਕਵੀਸ਼ਰੀ ਜ਼ਰੀਏ ਪੇਸ਼ ਕਰਨ ਸਮੇਂ ਉਨ੍ਹਾਂ ਸ਼ਹੀਦਾਂ ਨੂੰ ਪਹਿਲ ਦਿੱਤੀ ਹੈ, ਜੋ ਸਮਾਜਿਕ ਤਬਦੀਲੀ ਦੀ ਲੜਾਈ ਲੜਦੇ ਜਾਨਾਂ ਵਾਰ ਗਏ। ਉਨ੍ਹਾਂ ਜੋ ਅਜ਼ਾਦੀ ਦਾ ਸੁਪਨਾ ਸਿਰਜਿਆ, ਉਹ ਅਧੂਰਾ ਰਹਿ ਗਿਆ ਤੇ ਇਹ ਰਸਮੀ ਅਜ਼ਾਦੀ ਬੌਣੀ ਪੈ ਗਈ। ਅਜਿਹੀਆਂ ਭਾਵਨਾਵਾਂ ਦਾ ਇਜ਼ਹਾਰ ਕਰਦੀਆਂ ਇਹ ਰਚਨਾਵਾਂ ਪੰਜ ਦਰਿਆਵਾਂ ਦੀ ਪੁਕਾਰ ਬਣਦੀਆਂ ਹੋਈਆਂ ਧਰਤੀ ਦੀ ਵੇਦਨਾ ਸੁਣਦੀਆਂ ਆਪਣੇ ਅਸਲ ਨਾਇਕਾਂ ਦੀ ਤਲਾਸ਼ ਕਰਦੀਆਂ ਹਨ—

ਮੇਰਾ ਭਾਵੇਂ ਸਭ ਕੁਝ ਐਵੇਂ ਰੋੜ੍ਹ ਦਿਓ,
ਮੈਨੂੰ ਮੇਰੇ ਭਗਤ, ਸਰਾਭਾ ਮੋੜ ਦਿਓ।
ਮੈਂ ਇਸ ਘੋਰ ਗੁਲਾਮੀ ਵਿਚ ਨਹੀਂ ਜਿਉ ਸਕਦੀ,
ਮੈਂ ਕਾਲੇ ਅੰਗਰੇਜ਼ ਅੱਗੇ ਨਹੀਂ ਨਿਉਂ ਸਕਦੀ।
ਮੁੱਲ ਸਿਰਾਂ ਦੇ ਭਾਵੇਂ ਲੱਖ ਕਰੋੜ ਦਿਓ,
ਮੈਨੂੰ ਮੇਰੇ ਭਗਤ, ਸਰਾਭਾ ਮੋੜ ਦਿਓ।

ਇਸ ਕਾਵਿ ਦਾ ਇੱਕ ਪਾਸਾਰ ਕਿਰਤੀ ਤੇ ਹਾਸ਼ੀਆਗਤ ਵਰਗ ਦੀਆਂ ਤੰਗੀਆਂ-ਤੁਰਸ਼ੀਆਂ, ਥੁੜ੍ਹਾਂ, ਔਕੜਾਂ ਅਤੇ ਭਾਵਨਾਵਾਂ ਦੀ ਪੇਸ਼ਕਾਰੀ ਕਰਦਾ ਹੈ। ਅਜਿਹੇ ਮਨੁੱਖ ਦੇ ਅੰਤਰੀਵ ਭਾਵਾਂ ਨੂੰ ਬਾਹਰਲੇ ਜਗਤ ਦੇ ਸਨਮੁੱਖ ਰੱਖਦਿਆਂ ਮਨੁੱਖੀ ਤ੍ਰਾਸਦੀ ਨੂੰ ਚਿਤਰਮਾਨ ਕਰਦਾ ਹੈ। ਇਸ ਵਿੱਚ ਰਾਜਸੀ ਤੇ ਸਮਾਜਿਕ ਪ੍ਰਬੰਧ ਤਹਿਤ ਵਧ ਰਹੀ ਕਾਣੀ-ਵੰਡ, ਡੁੱਬ ਰਹੀ ਆਰਥਿਕਤਾ, ਵਧ ਰਹੀ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ, ਕਰਜ਼ਦਾਰੀ, ਖੁਦਕੁਸ਼ੀਆਂ ਤੇ ਸਾਧਨ ਵਿਹੂਣੇ ਲੋਕਾਂ ਦੀ ਦਰਦਮਈ ਸਥਿਤੀ ਦਾ ਯਥਾਰਥਮੁਖੀ ਚਿਤਰਨ ਮਿਲਦਾ ਹੈ। ਇਹ ਕਾਵਿ ਕਿਰਤ ਦੀ ਲੁੱਟ ਕਰਨ ਵਾਲੀਆਂ ਸ਼ਕਤੀਆਂ ਪ੍ਰਤੀ ਗੁੱਸਾ ਇਜ਼ਹਾਰ ਕਰਦਾ ਹੈ।ਇਨ੍ਹਾਂ ਰਚਨਾਵਾਂ ਦੇ ਵਿਸ਼ੇ ਮੁਨਾਫ਼ਾ ਕੇਂਦਰਤ ਪ੍ਰਬੰਧ ਦੀਆਂ ਅਲਾਮਤਾਂ ਤਹਿਤ ਸਮਾਜ ਵਿਚਲੀ ਬੇਅਰਾਮਤਾ, ਬੇਚੈਨੀ ਪਿਛਲੇ ਕਾਰਨਾਂ ਦੀ ਬੇਝਿਜਕਤਾ ਤੇ ਬੇਬਾਕੀ ਨਾਲ ਉਜਾਗਰ ਹੋਏ ਹਨ।

ਇਸ ਕਾਵਿ ਦਾ ਅਗਲਾ ਪਸਾਰ ਸੱਤਾਧਾਰੀ ਜਮਾਤ ਦੇ ਕਿਰਦਾਰ 'ਤੇ ਕੇਂਦਰਤ ਹੈ। ਲੋਕ-ਵਿਰੋਧੀ ਆਰਥਕ ਨੀਤੀਆਂ ਤੇ ਕਾਲੇ ਕਾਨੂੰਨਾਂ ਪਿਛੇ ਹੁਕਮਰਾਨਾਂ ਦਾ ਲੋਕ ਵਿਰੋਧੀ ਨਜ਼ਰੀਆ ਇਸ ਕਾਵਿ ਵਿੱਚੋਂ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ। ਵੋਟਤੰਤਰ, ਲੋਕਤੰਤਰ ਤੇ ਰਾਜਤੰਤਰ ਦੇ ਅਸਲ ਮਾਇਨੇ ਦੱਸਦੀਆਂ ਇਹ ਕਵਿਤਾਵਾਂ ਹੁਕਮਰਾਨ ਦੀ ਮਨੂੰਵਾਦੀ ਪ੍ਰਵਿਰਤੀ, ਰੂੜ੍ਹੀਵਾਦੀ ਮੁੱਲਾਂ ਤੇ ਪਿਛਾਕੜੀ ਸੋਚ ਨਾਲ ਜੁੜੇ ਕਈ ਸਿਆਸੀ ਪਹਿਲੂਆਂ 'ਤੇ ਚਾਨਣਾ ਪਾਉਂਦੀਆਂ ਜਾਤੀ ਤੇ ਜਮਾਤੀ ਸਮਾਜ ਦੀਆਂ ਕਈ ਪਰਤਾਂ ਖੋਲ੍ਹਦੀਆਂ ਹਨ। 'ਇਸ ਦੇਸ਼ ਨੂੰ ਭਾਰਤ ਕਹਿੰਦੇ ਨੇ', 'ਕਿਹੜੇ ਰਾਹ ਪੈ ਗਿਆ ਲੋਕੋ ਮੇਰਾ ਦੇਸ਼ ਪੰਜਾਬ', 'ਆਈ ਨਹੀਂ ਆਜ਼ਾਦੀ ਭਗਤ, ਸਰਾਭਿਆਂ ਦੀ- ਨਹੀਂ ਆਜ਼ਾਦੀ ਆਈ ਗ਼ਦਰੀ ਬਾਬਿਆਂ ਦੀ' ਵਰਗੇ ਅਨੇਕਾਂ ਅੰਸ਼ਾਂ ਦੀ ਝਲਕ ਇਨ੍ਹਾਂ ਕਵਿਤਾਵਾਂ ਵਿੱਚੋਂ ਮਿਲਦੀ ਹੈ।

ਔਰਤ ਕੇਂਦਰਤ ਪਾਸਾਰ ਇਹਨਾਂ ਰਚਨਾਵਾਂ ਵਿੱਚ ਔਰਤ ਨੂੰ ਨਿਆਸਰੀ, ਨਿਮਾਣੀ ਤੇ ਵਿਚਾਰੀ ਬਣਾਉਣ ਦੀ ਥਾਂ ਉਸ ਨੂੰ ਜਾਗਦੀ ਜਮੀਰਾਂ ਵਾਲੀ ਬਣਾਉਣ ਦਾ ਇੱਛੁਕ ਹੈ। ਇਹ ਇਸ ਸਮੇਂ ਦੀ ਤ੍ਰਾਸਦੀ ਹੈ ਕਿ ਔਰਤ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਪੇਸ਼ ਕੀਤਾ ਜਾ ਰਿਹਾ।ਮੰਡੀ ਦੇ ਸੱਭਿਆਚਾਰ ਨੇ ਔਰਤ ਦੇ ਬਿੰਬ ਨੂੰ ਵਿਗਾੜ ਕੇ ਇਸ ਤਰ੍ਹਾਂ ਪੇਸ਼ ਕੀਤਾ ਕਿ ਉਹ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ। ਅਜਿਹੀਆਂ ਚੁਣੌਤੀਆਂ ਨੂੰ ਵੀ ਖੋਲ੍ਹ ਕੇ ਰੱਖਦਾ ਹੈ ਇਹ ਕਾਵਿ ਸਮਾਜ ਦੇ ਵਿਕਾਸ ਦੇ ਵਿੱਚ ਔਰਤਾਂ ਦੇ ਬਰਾਬਰ ਭਾਗੀਦਾਰੀ ਦਾ ਮਾਣ ਕਰਦਾ ਔਰਤ ਪ੍ਰਤੀ ਸੌੜੀ ਸੋਚ ਬਦਲਣ ਦਾ ਹੋਕਾ ਦਿੰਦਾ ਹੈ—

ਭੈੜੇ ਰਸਮ-ਰਿਵਾਜਾਂ ਦਾ ਫਸਤਾ ਵੱਢਣਾ ਚਾਹੀਦਾ,
ਹੁਣ ਕੁੜੀਆਂ ਨੂੰ ਚਿੜੀਆਂ ਕਹਿਣਾ ਛੱਡਣਾ ਚਾਹੀਦਾ।

ਇਸੇ ਤਰ੍ਹਾਂ ਹੀ 'ਸਦਾ ਨਾ ਚਿੜੀਆਂ ਬਾਜ਼ਾਂ ਦੇ ਪੰਜਿਆਂ ਵਿੱਚ ਘਿਰਨ ਗਈਆਂ।' ਅਜਿਹੇ ਉਤਸ਼ਾਹਪੂਰਵਕ ਭਾਵ ਇਸ ਕਾਵਿ ਵਿੱਚ ਆਪਣੀ ਇੱਕ ਵੱਖਰੀ ਛਾਪ ਛੱਡਦੇ ਹਨ।ਸੁਚੇਤਨਾ ਵਿੱਚ ਭਿੱਜ ਇਸ ਕਾਵਿ ਦਾ ਪ੍ਰਯੋਜਨ ਕਿਰਤੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਰਾਜਸੀ ਪ੍ਰਬੰਧ ਵਿੱਚ ਵੇਖਦਾ ਹੋਇਆ ਸਮਾਜ ਵਿੱਚਲੀਆਂ ਸਾਰੀਆਂ ਖਾਈਆਂ ਨੂੰ ਮੇਟਣ ਦਾ ਹੋਕਾ ਦਿੰਦਾ ਹੈ। ਲੋਕ ਏਕਤਾ, ਲੋਕ ਸੰਘਰਸ਼, ਸਮਾਜਿਕ ਤੇ ਸਿਆਸੀ ਚੇਤਨਾ ਦਾ ਪੈਗਾਮ ਦਿੰਦੀਆਂ ਇਹ ਰਚਨਾਵਾਂ ਸੋਹਣੇ ਸਮਾਜ ਦਾ ਸੁਪਨਾ ਬੀਜਦੀਆਂ ਹਨ—

ਜੇ ਹੈ ਰੋਸ਼ਨ ਕਰਨਾ ਚਾਰ-ਚੁਫੇਰੇ ਨੂੰ,
ਲਓ ਆਰੀਆਂ ਚੀਰ ਦਿਓ ਫਿਰ ਨੇਰ੍ਹੇ ਨੂੰ।

ਸਮੁੱਚੇ ਰੂਪ ਵਿੱਚ ਇਸ ਕਾਵਿ ਵਿਚਲੇ ਵਿਚਾਰਾਂ ਦੀ ਸੰਰਚਨਾ ਵਿੱਚ ਇਸ ਸਮਕਾਲੀ ਵਰਤਾਰੇ ਦੇ ਪ੍ਰਭਾਵਾਂ ਅਤੇ ਸੱਤਾ ਦੇ ਦਬਾਵਾਂ ਨੂੰ ਦੇਖਿਆ ਜਾ ਸਕਦਾ ਹੈ।ਇਹ ਕਾਵਿ ਸੰਜੀਦਗੀ ਤੇ ਜੁਝਾਰਵਾਦੀ ਰੰਗਤ ਨੂੰ ਪੇਸ਼ ਕਰਦਾ ਹੈ। ਇਹ ਰਚਨਾਵਾਂ ਝੂਠ ਦੀਆਂ ਪਰਤਾਂ ਨੂੰ ਉਧੇੜ ਕੇ ਸਾਹਮਣੇ ਲਿਆਉਂਦੀਆਂ ਹਨ ।ਇਹ ਰਚਨਾਵਾਂ ਸਾਡੇ ਸਮਾਜਿਕ ਜੀਵਨ ਦੇ ਕਠੋਰ ਯਥਾਰਥ ਤੇ ਗਲਤ ਢਾਂਚੇ ਨੂੰ ਬੜੀ ਦਲੇਰੀ ਨਾਲ ਬਿਆਨ ਕਰਦੀਆਂ ਹਨ।ਇਸ ਵਿਚਲੇ ਦ੍ਰਿਸ਼ਟਾਂਤ ਬਿੰਬ ਤੇ ਪ੍ਰਤੀਕ ਇਸ ਕਾਵਿ ਨੂੰ ਹੋਰ ਵੀ ਮਜ਼ਬੂਤ ਬਣਾਉਂਦੇ ਤੇ ਸੰਵਾਦਕ ਸੁਰ ਵੱਖ-ਵੱਖ ਸਥਿਤੀਆਂ ਨੂੰ ਸੰਬੋਧਨ ਹੁੰਦੀ ਹੋਈ ਅਤੀਤ ਤੇ ਵਰਤਮਾਨ ਨੂੰ ਨਾਲੋ-ਨਾਲ ਰੱਖਦੀ ਹੈ। ਇਸ ਕਾਵਿ ਵਿੱਚੋਂ ਵਿਚਾਰਾਂ ਦੀ ਪ੍ਰਚੰਡਤਾ, ਸਮਾਜ ਦਾ ਅਨੁਭਵ, ਮਾਨਵੀ ਸੰਵੇਦਨਾ ਦੀ ਪੇਸ਼ਕਾਰੀ ਲਈ ਸੁਹਜ ਤੇ ਸ਼ਿਲਪ ਦੀ ਤੀਬਰਤਾ ਭਲੀਭਾਂਤ ਦਿਖਦੀ ਹੈ। ਆਪਣੇ ਸਮਕਾਲ ਨੂੰ ਸਮਝਣ ਲਈ ਸਥਾਨਕ ਵਰਤਾਰਿਆਂ ਦੇ ਨਾਲ-ਨਾਲ ਰਾਜਸੀ ਗੁੰਝਲਾਂ ਦੀ ਸਮਝ ਬਾਰੇ ਝਲਕਾਰੇ ਇਸ ਪੁਸਤਕ ਵਿੱਚੋਂ ਮਿਲਦੇ ਹਨ। ਇਸ ਪੁਸਤਕ ਵਿਚਲੀ ਸੌਖੀ ਸ਼ਬਦਾਵਲੀ ਆਮ ਸਧਾਰਨ ਪਾਠਕਾਂ ਲਈ ਢੁੱਕਵੀਂ ਹੈ।ਅਲਫਾਜ਼ ਤੇ ਸੰਗੀਤ ਦਾ ਸੰਗਮ ਇਹ ਜਥਾ ਉਹ ਕਾਫ਼ਲਾ ਗਾਉਂਦਾ ਰਹੇਗਾ ਤੇ ਹਨੇਰੇ ਨਾਲ ਲੜਣ ਲਈ ਜੋਤ ਜਗਾਉਂਦਾ ਰਹੇਗਾ।ਸਮੇਂ ਦੀ ਨਬਜ਼ ਪਹਿਚਾਣਨਾ, ਹੱਕ, ਸੱਚ ਦੇ ਰਾਹਾਂ 'ਤੇ ਅਸਵਾਰ ਹੋਏ ਹਰਫਾਂ ਨੂੰ ਸੁਲਘਦੇ ਰੱਖਣਾ ਤੇ ਲੋਕਾਂ ਦੀ ਧਿਰ ਬਣ ਕੇ ਸੂਹੇ ਬੋਲਾਂ ਦਾ ਅਹਿਦ ਲੈਣਾ ਹੀ ਇਸ ਪੁਸਤਕ ਦਾ ਹਾਸਲ ਹੈ।ਇਸ ਕਾਵਿ ਵਿੱਚ ਧਰਤ ਦੇ ਪੁੱਤਾਂ ਦੇ ਨਾਂਅ ਸੁਨੇਹਾ ਹੈ, ਜੋ ਅਮਲਾਂ ਦੀ ਮੰਗ ਕਰਦਾ ਹੈ—

ਏਕਾ ਮਜ਼ਬੂਤ ਕਰੀਏ ਸੱਜੀ ਅੱਖ ਫੇਰ ਸਮਿਆਂ ਦੀ ਫੜ ਕੇ,
ਚੀਰਏ ਹਨੇਰਿਆਂ ਨੂੰ, ਲੋਕੋ ਸੂਰਜ ਹੱਥਾਂ ਦੇ ਵਿੱਚ ਫੜ ਕੇ।

2-MAR-PAGE-4.qxd 3/1/2025 10:23 PM Page 2



ਪ੍ਰੋ. ਬੀ ਆਰ ਦਿਓਧਰ

ਉਲੱਥਾਕਾਰ : ਮਕਸੂਦ ਸਾਕਿਬ

ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ

## ਸੁਰ-ਸੰਗੀਤ ਦੇ ਹੀਰੇ-6

# ਪੰਡਤ ਭਾਸਕਰ ਬੂਵਾ ਬਾਖਲੇ

ਜੂਨ 1918 ਈ: ਵਿੱਚ ਮੈਂ ਗੰਧਰਵ ਮਹਾ ਵਿਦਿਆਲੇ ਗਿਆ। ਓਸੇ ਵਰ੍ਹੇ ਦੇ ਪੌਂਦ (ਸ਼ੁਰੂ ਵਿੱਚ) ਕਾਲਜ ਨੇ ਆਪਣਾ ਪਹਿਲਾ ਸੰਗੀਤ ਜਲਸਾ ਕੀਤਾ ਸੀ। ਪੁਰਾਣੇ ਮੁੰਡੇ ਅਜੇ ਤਾਈਂ ਓਹਦੇ ਜਾਦੂ ਵਿੱਚ ਸਨ। ਜੋ ਵੇਖਿਓ-ਸੁਣਿਓ ਨੇਂ ਭੁੱਲਦਾ ਈ ਨਹੀਂ ਸਨ ਨੇ। ਸਾਨੂੰ ਵੀ ਤਾਂਘ ਜੇਹੀ ਲੱਗ ਖਲੋਤੀ ਤੇ ਅਸੀਂ ਢੇਰ ਚਾਅ ਨਾਲ ਅਗਲਾ ਜਲਸਾ ਉਡੀਕਣ ਲੱਗ ਪਏ।

ਏਹ ਜਲਸਾ 1919 ਈ. ਦੀ 3 ਤੋਂ 5 ਮਈ ਤਾਈਂ ਪੰਡਤ ਬਾਲ ਕ੍ਰਿਸ਼ਨ ਬੂਵਾ ਦੀ ਪ੍ਰਧਾਨੀ ਵਿੱਚ ਕਰਾਵਣ ਦਾ ਮਤਾ ਸੀ। ਨਾਲ ਸਾਜ਼ ਵਖਾਲੀ (ਨੁਮਾਇਸ਼) ਵੀ ਹੋਣੀ ਸੀ। ਏਹਦਾ ਫ਼ੀਤਾ ਪੰਡਤ ਭਾਸਕਰ ਬੂਵਾ ਬਾਖਲੇ ਨੇ ਕੱਟਣਾ ਸੀ। ਸਾਡੇ ਵਿੱਚੋਂ ਕਿਸੇ ਵੀ ਨਹੀਂ ਸਨ ਸੁਣੇ ਹੋਏ। ਗਵੱਈਆਂ ਵਿੱਚ ਨਾਂ ਪੜ੍ਹਿਆ ਤਾਂ ਅਚਨ-ਪੈੜੇ (ਅਚਵੀ, ਬੇਚੈਨੀ) ਲੱਗ ਗਏ।

ਸਾਨੂੰ ਹੋਸਟਲ ਰਹਿਣ ਵਾਲਿਆਂ ਨੂੰ ਢੇਰ ਰੋਕਾਂ ਸਨ। ਕਿਸੇ ਭਾਰੇ ਕਾਰਨ ਬਾਝ ਹੋਸਟਲੋਂ ਬੰਨੇ ਨਹੀਂ ਸਾਂ ਜਾ ਸਕਦੇ। ਏਹਦੀ ਪਾਰੋਂ ਅਸੀਂ ਬਾਹਰਲੀ ਸੰਗੀਤ ਦੁਨੀਆ ਤੋਂ ਅਸਲੋਂ ਈ ਬੇਖ਼ਬਰ ਸਾਂ। ਹਫ਼ਤੇ ਦੇ ਛੇਕੜੇ ਦੇਹਾੜੇ ਉਸਤਾਦ ਮੁੰਡਿਆਂ ਨਾਲ ਗੱਪ-ਸ਼ੱਪ ਕਰਨ ਆ ਜਾਂਦੇ ਸਨ। ਓਹ ਅਕਸਰ ਪਿਛਲੇ ਹਫ਼ਤੇ ਕਿਸੇ ਨਾ ਕਿਸੇ ਖ਼ਾਨ ਸਾਹਿਬ ਨੂੰ ਤੇ ਆਉਂਦੇ ਹਫ਼ਤੇ ਕਿਸੇ ਨਾ ਕਿਸੇ ਬੂਵੇ (ਵੱਡੇ ਗਵੱਈਏ) ਨੂੰ ਸੁਣਨ ਜਾਣ ਦੀਆਂ ਗੱਲਾਂ ਕਰਦੇ। ਅਜਿਹੇ ਵੇਲਿਆਂ ਤੇ ਪੰਡਤ ਭਾਸਕਰ ਬੂਵਾ ਦਾ ਨਾਂ ਬੜੇ ਆਦਰ ਨਾਲ ਲਿਆ ਜਾਂਦਾ। ਸਿੱਟੇ ਮੁਜਬ ਮੈਨੂੰ ਪੰਡਤ ਜੀ ਦੀ ਢੇਰ ਤਾਂਘ ਜਾਗ ਪਈ ਮੇਰਾ ਦਿਲ ਓਹਨਾਂ ਦੇ ਛੇਤੀ ਤੋਂ ਛੇਤੀ ਦਰਸ਼ਨਾਂ ਨੂੰ ਕਰਦਾ ਰਹਿੰਦਾ। ਇਕ ਦਿਨ ਇਕ ਬੇਲੀ ਨੇ ਸੜਕ ਤੇ ਜਾਂਦੇ ਦੋ ਬੰਦਿਆਂ ਵੱਲ ਧਿਆਨ ਕਰਾਂਦਿਆਂ ਦੱਸਿਆ : "ਓਹ ਵੇਖ ਭਾਸਕਰ ਬੂਵਾ ਜਾਂਦੇ ਪਏ ਨੇਂ।" ਮਾੜੀ ਕਿਸਮਤ ਦੋਵਾਂ ਬੰਦਿਆਂ ਇਕੋ ਜਿਹੇ ਕੱਪੜੇ ਪਾਏ ਹੋਣ, ਪਤਾ ਨਾ ਲੱਗਿਆ ਭਾਸਕਰ ਬੂਵਾ ਕਿਹੜੇ ਨੇਂ।

ਸਾਜ਼ ਵਖਾਲੀ ਮਈ ਦੀ ਦੋ ਤਾਰੀਖ਼ ਨੂੰ ਪਿਛਲੇ ਪਹਿਰ ਪੰਜ ਵਜੇ ਹੋਣੀ ਸੀ। ਸਾਢੇ ਚਾਰ ਵਜੇ ਭਾਸਕਰ ਬੂਵਾ ਨੇ ਕਾਲਜੋਂ ਸਾਰਿਆਂ ਨਾਲ ਸ਼ਾਸਤਰੀ ਹਾਲ ਟੁਰਨਾ ਸੀ। ਓਹਨਾਂ ਨੂੰ ਘਰੋਂ ਕਾਲਜ ਲਿਆਵਣ ਮੇਰੇ ਜ਼ਿੰਮੇ ਲੱਗਾ। ਮੈਂ ਗੱਡੀ ਫੜੀ ਤੇ ਗਰਾਂਟ ਰੋਡ ਬਰਿਜ ਦੇ ਨੇੜੇ-ਤੇੜੇ ਕਿਤੇ ਭਾਸਕਰ ਬੂਵਾ ਦੇ ਘਰ ਨੂੰ ਟੁਰ ਪਿਆ। ਅੱਗੋਂ ਓਹੋ ਸਗਵੇਂ ਕੱਪੜਿਆਂ ਵਾਲੇ ਦੋ ਜਣੇ ਮੇਰੇ ਵਲ ਟੁਰੇ ਆਵਣ। ਮੈਂ ਗੱਡੀ ਤੋਂ ਲਹਿਕੇ ਹੱਥ ਬੰਨ੍ਹਿਦਿਆਂ ਸਲਾਮ ਕੀਤਾ ਤੇ ਦਸਿਆ ਓਹਨਾਂ ਨੂੰ ਈ ਲੈਣ ਆਇਆ ਆਂ। ਇਕ ਜਣੇ ਪਹਿਲ ਕਰਕੇ ਗੱਡੀ ਵੱਲ ਵਧਦਿਆਂ ਆਖਿਆ, "ਭਈ ਤੁਹਾਡੇ ਗੁਰੂ ਜੀ ਵੇਲੇ ਦੇ ਪੱਕੇ ਨੇਂ, ਸੋਚਿਆ ਚਿਰ ਨਾ ਹੋ ਜਾਏ, ਕੁਝ ਪਹਿਲਾਂ ਈ ਟੁਰ ਪਏ।" ਮੈਨੂੰ ਸ਼ੁਬ੍ਹਾ ਨਾ ਰਹਿਆ। ਏਹੋ ਭਾਸਕਰ ਬੂਵਾ ਸਨ। ਮਗਰੋਂ ਪੁੱਛਣ ਤੇ ਪਤਾ ਲੱਗਾ ਸੰਗਤੀ ਰਘੁਬੀਰ ਪੇਂਟਰ ਸਨ। ਓਹ ਆਮ ਜ਼ਿੰਦਗੀ ਦੇ ਨਾਲ ਨਾਲ ਹਾਰਮੋਨੀਅਮ ਤੇ ਵੀ ਓਹਨਾਂ ਦਾ ਸਾਥ ਦੇਂਦੇ ਸਨ।

ਭਾਸਕਰ ਬੂਵਾ ਸ਼ਾਮ ਦੇ ਪਿੜ ਵਿੱਚ ਗੰਵੇਂ। ਹਾਲ ਸੁਣਨਹਾਰਾਂ ਨਾਲ ਤੁਸਿਆ ਪਿਆ ਸੀ। ਦੁਰਾਡਿਉਂ ਆਈ ਦੁਨੀਆ ਤੇ ਏਥਾਵੇ (ਏਥੋਂ ਦੇ) ਲੋਕ। ਗੁਣੀ ਕਸਬੀ ਬੰਦੇ ਅਗਲੀ ਪਾਲ਼ ਵਿਚ ਬੈਠੇ ਸਨ। ਅਚਾਰੀਆ ਬਾਲ ਕ੍ਰਿਸ਼ਨ ਬੂਵਾ ਚੌਂਤਰੇ ਦੇ ਅਸਲੋਂ ਸਾਹਵੇਂ ਕੁਰਸੀ ਉੱਤੇ ਸਨ ਤਾਂ ਜੋ ਚੰਗੀ ਲੱਗਦੀ ਨਿੱਕੀ ਤੋਂ ਨਿੱਕੀ ਸ਼ੈ ਵੱਡਿਆ ਸਕਣ। ਭਾਸਕਰ ਬੂਵਾ ਪੂਰਾ ਡੂਢ ਘੰਟਾ ਗੰਵੇਂ। ਸੁਣਨਹਾਰਾਂ ਵਲੋਂ ਅਸ਼ਟਪਦੀ (ਜੈ ਦੇਵ ਦਾ ਜੋੜਿਆ ਅੱਠ ਤੁਕਾਂ ਦਾ ਗਾਵਣ, ਧੁਰਪਦ ਧਮਾਰ ਵਿੱਚ ਗਾਂਦੇ ਨੇਂ) ਦੀ ਫ਼ਰਮੈਸ਼ ਹੋਵਣ ਲੱਗ ਪਈ। ਓਹ ਮੰਨੇ ਗਏ ਤੇ ਏਹ ਰਾਗ ਬਸੰਤ ਵਿੱਚ ਗੰਵਿਆ। ਸੁਣੇਰ (ਸਰੋਤੇ) ਓਹਨਾਂ ਦੇ ਸਾਰੇ ਗਾਇਨ ਤੇ ਢੇਰ ਰਾਜ਼ੀ ਹੋਏ।

ਸਾਡੇ ਗੁਰੂ ਜੀ ਜਲਸੇ ਮਗਰੋਂ ਸਭਨਾਂ ਕਲਾਕਾਰਾਂ ਨੂੰ ਲੰਗਰ ਕਰਾਂਦੇ ਸਨ। ਲੰਗਰ ਖ਼ਾਨੇ ਵਿੱਚ ਹਿੰਦੂ ਤੇ ਮੁਸਲਮਾਨ ਕਲਾਕਾਰ ਆਹਮੋ ਸਾਹਮਣੀਆਂ ਦੋ ਪਾਲ਼ਾਂ ਵਿਚ ਬਹਾਏ ਜਾਂਦੇ। ਵਿਚਕਾਰ ਪੰਜ ਛੇ ਫੁੱਟਾਂ ਦਾ ਵੇਹਲ ਵਰਤਾਵਿਆਂ ਦੀ ਆ ਜਾ ਲਈ ਛੱਡਿਆ ਹੋਂਦਾ। ਪਹਿਲੀ ਪਾਲ਼ ਦੇ ਅੱਧ ਵਿਚਕਾਰ ਗਵੱਈਆਂ ਦੇ ਬਾਬੇ ਗਿਆਨ ਅਚਾਰੀਆ ਬਾਲ ਕ੍ਰਿਸ਼ਨ ਬੂਵਾ ਤੇ ਨਾਲ ਅੱਗੇ ਭਾਸਕਰ ਬੂਵਾ ਬਾਖਲੇ ਬੈਠੇ ਸਨ ਤੇ ਫੇਰ ਬਾਲ ਕ੍ਰਿਸ਼ਨ ਜੀ ਦੇ ਸ਼ਾਗਿਰਦ। ਬਾਲ ਕ੍ਰਿਸ਼ਨ ਬੂਵਾ ਦੇ ਅਸਲੋਂ ਸਾਹਮਣੇ ਖ਼ਾਨ ਸਾਹਿਬ ਮੁਹੰਮਦ ਖ਼ਾਂ। (ਖ਼ਾਨ ਸਾਹਿਬ ਵਲਾਇਤ ਦੇ ਵੱਡੇ ਭਰਾ), ਉਸਤਾਦ ਅਬਦੁਲ ਅਜ਼ੀਜ਼, ਵਲਾਇਤ ਹੁਸੈਨ ਤੇ ਓਹਨਾਂ ਦੇ ਘਰਾਣੇ ਦੇ ਲੋਕ ਲੜੀ ਵਾਰ ਬੈਠੇ ਹੋਏ ਸਨ।

ਰਿਵਾਜ ਮੁਜਬ ਰੋਟੀ ਖੁਲਣ ਤੋਂ ਅਗਦੋਂ ਪਰੌਹਣਿਆਂ ਨੇ ਸੰਸਕ੍ਰਿਤ ਤੇ ਮਰਾਠੀ ਦੇ ਸ਼ਲੋਕ ਗੰਵੇਂ। ਮੁਸਲਮਾਨਾਂ ਵੀ ਓਹਨਾਂ ਨਾਲ ਸੁਰ ਰਲਾਇਆ ਤਾਂ ਆਲ-ਦਵਾਲਾ ਖ਼ੁਸ਼ੀ ਤੇ ਸੱਚੇ ਪਿਆਰ ਦੀ ਖ਼ੁਸ਼ਬੋਈ ਨਾਲ ਮਹਿਕ ਪਿਆ।

ਮੈਂ ਭਾਸਕਰ ਬੂਵਾ ਦੀ ਕਲਾ ਦੀਆਂ ਬਾਰੀਕੀਆਂ ਤੇ ਨਹੀਂ ਸਾਂ ਗਿਣਾ ਸਕਦਾ ਪਰ ਓਹਨਾਂ ਦਾ ਸੰਗੀਤ ਮੈਨੂੰ ਬਹੁੰ ਉਚੇਚੇ ਵੰਨ ਦਾ ਜ਼ਰੂਰ ਲੱਗਦਾ ਸੀ, ਜੇਹਨੂੰ ਕਈਂ ਕਈਂ ਵਾਰ ਸੁਣਿਆਂ ਵੀ ਭੁੱਖ ਨਹੀਂ ਸੀ ਲਹਿੰਦੀ। ਭਾਸਕਰ ਬੂਵਾ ਅਗਲੇ ਦੋ ਸੰਗੀਤ ਜਲਸਿਆਂ ਵਿੱਚ ਆਏ। ਓਹ ਬ੍ਰਾਹਮਣਾ ਸਭਾ ਦੇ ਸਾਲ ਦੇ ਸਾਲ ਲਾਏ ਗਣਪਤੀ ਮੇਲੇ ਤੇ ਵੀ ਲਾਜ਼ਮਨ ਗਾਉਂਦੇ ਸਨ। ਓਹਨਾਂ ਦੇ ਗਾਣੇ ਦੀਆਂ ਚੋਖੀਆਂ ਬੈਠਕਾਂ ਸਾਡੇ ਕਾਲਜ ਦੇ ਵੱਡੇ ਹਾਲ ਵਿੱਚ ਹੋਂਦੀਆਂ। ਘੱਟੋ-ਘੱਟ ਮੈਂ ਏਹੋ ਜਿਹੀਆਂ ਪੰਦਰਾਂ ਬੈਠਕਾਂ ਤਾਂ ਸੁਣੀਆਂ ਹੋਸਣ। ਜੂਨ 1922 ਈ. ਵਿੱਚ ਮੈਂ ਕਾਲਜ ਤੋਂ ਵੇਹਲਾ ਹੋਣਾ ਸੀ। ਮਨ ਵਿੱਚ ਨੀਤ ਲਈ ਜਿਥੋਂ ਤੀਕਰ ਵੀ ਹੋਇਆ ਭਾਸਕਰ ਯੂਵਾ ਦੇ ਸੰਗੀਤ ਦਾ ਲਾਭ ਲੈਸਾਂ। ਪਰ ਏਹ ਮੇਰਾ ਸੁਫ਼ਨਾ ਈ ਰਹਿ ਗਿਆ। ਮੈਂ ਹਾਲੇ ਕਾਲਜ ਵਿੱਚ ਈ ਸਾਂ 8 ਅਪ੍ਰੈਲ 1922 ਨੂੰ ਪੂਨੇ ਤੋਂ ਓਹਨਾਂ ਦੇ ਚਲਾਣੇ ਦੀ ਭੈੜੀ ਖ਼ਬਰ ਆ ਗਈ।

1922 ਈ. ਵਿੱਚ ਬ੍ਰਾਹਮਣ ਸਭਾ ਦਾ ਗਣਪਤੀ ਮੇਲਾ ਸਾਡੇ ਕਾਲਜ ਦੇ ਹਾਲ ਵਿੱਚ ਹੋਇਆ। ਭਾਸਕਰ ਬੂਵਾ ਨਹੀਂ ਸਨ, ਮੇਲੇ ਵਾਲਿਆਂ ਓਹਨਾਂ ਦੇ ਮਨ ਪਸੰਦ ਸ਼ਾਗਿਰਦ ਮਾਸਟਰ ਕ੍ਰਿਸ਼ਨ ਰਾਓ ਨੂੰ ਗਾਵਣ ਲਈ ਸੱਦਿਆ। ਮਾਸਟਰ ਕ੍ਰਿਸ਼ਨ ਰਾਓ ਜਵਾਨੀ ਦੀ ਸਿਖ਼ਰ ਤੇ ਸਨ... ਲੱਗਦਾ ਸੀ ਓਹਨਾਂ ਨੂੰ ਆਪਣੇ ਉੱਤੇ ਆਈ ਭਾਰੀ ਬਿਲਦੋਰੀ (ਜ਼ਿੰਮੇਵਾਰੀ) ਦੀ ਢੇਰ ਸੁਰਤ ਸੀ। ਓਹਨਾਂ ਵੀ ਆਸਣ ਧਾਰਿਆ ਤਾਂ ਓਹ ਬਹੁੰ ਆਪ ਵਿਸਾਹ (ਭਰੋਸਾ) ਵਿੱਚ ਸਨ। ਢਿਗ (ਬਹੁਤ ਸਾਰੇ) ਆਦਰ ਨਾਲ ਗੁਰੂ ਦਾ ਨਾਮ ਸਿਮਰਕੇ ਰਾਗ ਭੋਪਾਲੀ ਵਿੱਚ, "ਅਬ ਮਨਾ ਲੇ" ਦਾ ਖ਼ਿਆਲ ਛੋਹਿਓ ਨੇਂ। ਓਸ ਦਿਨ ਭਾਸਕਰ ਬੂਵਾ ਦੇ ਸ਼ਾਗਿਰਦ, ਯਾਰ ਬੇਲੀ ਤੇ ਚਾਹਵਾਨ ਈ ਬੈਠੇ ਹੋਏ ਸਨ ਸਾਰੇ। ਨੌਜਵਾਨ ਗਵੱਈਆ ਏਡੇ ਸੁਚੱਜ ਨਾਲ ਗੰਵਿਆ ਜੋ ਬਹੁੰ ਸਾਰੇ ਸੁਣੇਰਾਂ ਸਹੀ ਕੀਤਾ ਸਗੋਂ ਕਈਆਂ ਆਖਿਆ ਵੀ ਲੋਕਾਂ ਨੂੰ ਭਾਸਕਰ ਬੂਵਾ ਦੀ ਗਾਇਕੀ ਕਦੀਂ ਨਾ ਵਿਸਰੀ। ਓਸ ਦਿਨ ਮੇਰੇ ਉੱਤੇ ਮਾਸਟਰ ਕ੍ਰਿਸ਼ਨ ਰਾਓ ਦੇ ਸੰਗੀਤ ਦਾ ਐਸਾ ਜਾਦੂ ਹੋਇਆ ਮੈਂ ਓਹਨਾਂ ਦਾ ਭਗਤ ਹੋ ਗਿਆ। ਅਗਲੇ ਚਹੁੰ ਪੰਜਾਂ ਵਰ੍ਹਿਆਂ ਵਿੱਚ ਓਹ ਬੰਬੇ ਜਿੰਨਾ ਵੀ ਗੰਵੇਂ ਮੈਂ ਰੱਜ ਕੇ ਸੁਣਿਆ।

22 ਮਾਰਚ ਮੇਰੀ ਸੰਗੀਤ ਸਿੱਖਿਆ ਪੂਰੀ ਹੋਈ। ਮੈਂ ਆਪਣੀ ਥਾਂ ਲੈ ਕੇ ਰਹਿਣ ਲੱਗ ਪਿਆ। ਮੇਰੇ ਲਈ ਕਸਬ ਕਲਾ ਵਾਲੇ ਲੋਕਾਂ ਨੂੰ ਮਿਲਣਾ ਅਸਲੋਂ ਸੌਖਾ ਹੋ ਗਿਆ। ਮੈਂ ਟਰਿਟੀ ਕਲੱਬ ਜਾਣ ਲੱਗ ਪਿਆ। ਓਥੇ ਸਾਰੇ ਲੋਕ ਭਾਸਕਰ ਬੂਵਾ ਦੇ ਢੇਰ (ਬਹੁਤ) ਨੇੜੇ ਰਹੇ ਸਨ ਤੇ ਸਜ ਵਿਛੋੜੇ ਪਾਰੋਂ ਓਹਨਾਂ ਦੀਆਂ ਗੱਲਾਂ ਛੇੜੀ ਰੱਖਦੇ ਸਨ। ਏਥੇ ਈ ਬਲਵੰਤ ਰਾਓ ਬਰਵੇ ਮੇਰੇ ਜਾਣੂ ਬਣੇ। ਓਹ ਬੂਵਾ ਸਾਹਿਬ ਦੇ ਹੱਦੋਂ ਬਾਹਲੇ ਚਾਹਵਾਨ ਸਨ। ਓਹਨਾਂ ਬੂਵਾ ਸਾਹਿਬ ਤੋਂ ਸੰਗੀਤ ਸਿੱਖਿਆ ਸੀ ਤੇ ਰੋਜ਼ ਸ਼ਾਮ ਨੂੰ ਨੌਕਰੀਉਂ ਆ ਕੇ ਰਿਆਜ਼ ਕਰਦੇ ਸਨ। ਓਹਨਾਂ ਦਾ ਵਾਜ ਕੋਈ ਬਹੁੰ ਚੰਗਾ ਨਹੀਂ ਸੀ ਪਰ ਆਪਣੇ ਗੁਰੂ ਦਾ ਅੰਗ ਓਹਨਾਂ ਨੂੰ ਪੂਰਾ ਆਉਂਦਾ ਸੀ। ਮੈਂ ਵੀ ਰਿਆਜ਼ ਵੇਲੇ ਓਹਨਾਂ ਦੇ ਕੋਲ ਈ ਹੋਂਦਾ। ਵੇਹਲੇ ਹੋਂਦੇ ਤਾਂ ਮੈਂ ਭਾਸਕਰ ਬੂਵਾ ਬਾਰੇ ਪੁੱਛਣਾ ਸ਼ੁਰੂ ਕਰ ਦੇਂਦਾ। ਓਹ ਮੇਰੇ ਹਰ ਸਵਾਲ ਦਾ ਜਵਾਬ ਬੜੇ ਵੇਰਵੇ ਨਾਲ ਦੇਂਦੇ। ਇਕ ਵਾਰੀ ਮੈਂ ਪੁੱਛਿਆ, "ਦੱਸਣ ਢੰਗ ਕੀ ਹੋਂਦਾ ਸਨ ਨੇਂ?" ਬਰਵੇ ਸਾਹਿਬ ਦੱਸਿਆ, "ਬੂਵਾ ਸਾਹਿਬ ਸੁਰ, ਸੁਰਤੀਆਂ, ਵਾਦੀ, ਸਮਵਾਦੀ ਜੇਹੀਆਂ ਕਿਤਾਬੀ ਗੱਲਾਂ ਤੋਂ ਪ੍ਰਹੇਜ਼ ਈ ਕਰਦੇ ਸਨ। ਓਹਨਾਂ ਦੀ ਆਦਤ ਸੀ ਹਰ ਰਾਗ ਦੇ ਸੁਰਾਂ ਦੀ ਕਈਂ ਕਈ-ਵਾਰ ਰਿਆਜ਼ਤ ਕਰਾਂਦੇ, ਜੀਵੇਂ ਰਾਗ ਬਹਾਰ ਗਾਉਂਦਾ ਪਿਆਂ ਤਾਂ ਓਹ ਦੱਸਦੇ: ਰੇ ਨੀ ਸਾ ਧਾ ਨੀ ਸਾ ਨੀ ਪਾ-ਮਾ ਪਾ ਗਾ ਮਾ ਰੇ ਸਾ-ਮਾ-ਪਾ ਗਾ ਮਾ ਨੀ ਧਾ ਨੀ ਸਾ ਏ ਸੁਰ ਗੌਂ ਕੇ ਦੱਸਦੇ, ਸਰਗਰਮ ਕਰਕੇ ਨਹੀਂ। ਸਗੋਂ ਆਕਾਰ ਰਾਹੀਂ। ਫੇਰ ਅਡੋਲ ਈ ਮੂੰਹ ਵਿੱਚ ਪਾਨ ਧਰਕੇ ਚਿੱਥਣ ਲੱਗ ਪੈਂਦੇ। ਅਸੀਂ ਦੱਸਿਆ ਹੋਇਆ ਟੋਟਾ ਪੂਰਾ ਘੰਟਾ ਪਕਾਉਂਦੇ ਰਹਿੰਦੇ। ਦੂਜੇ ਦਿਨ ਅਸੀਂ ਫੇਰ ਏਹੋ ਕੁਝ ਕਰਦੇ। ਪਕਾ-ਪਕਾ ਕੇ ਅਖ਼ੀਰ ਅੱਕ ਜਾਂਦੇ। ਤੀਜੇ ਦਿਨ ਗੁਰੂ ਜੀ ਏਹੋ ਮੁੜ ਛੋਹਦੇ ਤਾਂ ਮੈਂ ਖੱਪ ਪਾ ਦੇਂਦਾ, ਹੁਣ ਕੁਝ ਹੋਰ ਕਰਾਓ।



ਓਹ ਹੱਸ ਪੈਂਦੇ, "ਤੁਸੀਂ ਹਜ਼ਾਰ ਵਾਰ ਦੁਹਰਾਕੇ ਸੌੜੇ ਪੈ ਗਏ ਓ। ਏਹਦਾ ਮਤਲਬ ਤੁਹਾਨੂੰ ਰਾਗ ਬਹਾਰ ਆ ਗਿਆ ਏ। ਚਲੋ ਮੇਰੇ ਨਾਲ ਗੰਵੋ....ਤੁਹਾਨੂੰ ਮੇਰੀ ਗੱਲ ਆਪੇ ਸਮਝ ਆ ਜਾਸੀ।" ਓਹ ਖ਼ਿਆਲ ਦਾ ਪੌਂਦ (ਆਰੰਭ, ਸ਼ੁਰੂ ਤੋਂ) ਛੋਹ ਲੈਂਦੇ ਤੇ ਸਾਨੂੰ ਬੜ੍ਹਤ ਕਰਨ ਦਾ ਆਖਦੇ। ਅਸੀਂ ਪੌਂਦ ਦਾ ਬੋਲ ਦੁਹਰਾਂਦੇ ਓਹਨਾਂ ਦੇ ਚੇਤੇ ਕਰਾਏ ਸੁਰ ਵੀ ਵਰਤ ਵੇਖਦੇ ਪਰ ਗੱਲ ਨਾ ਬਣਦੀ। ਸਾਨੂੰ ਸਮਝ ਨਾ ਆਉਂਦੀ ਅੱਗੇ ਕੀਵੇਂ ਕਰੀਏ ਤੇ ਓਹਨਾਂ ਦੇ ਆਖੇ ਦਾ ਮਤਲਬ ਵੀ ਸਮਝ ਨਾ ਆਉਂਦਾ। ਬੂਵਾ ਸਾਹਿਬ ਕਹਿੰਦੇ, "ਤੁਸੀਂ ਜੇਹੜਾ ਟੋਟਾ ਚੇਤੇ ਕੀਤਾ ਏ ਏਹਦੇ ਵਿੱਚ ਸੁਰਾਂ ਦੇ ਵੱਖਰੇ-ਵੱਖਰੇ ਫ਼ਿਕਰੇ ਨੇਂ। ਓਹਨਾਂ ਨੂੰ ਇੰਜ ਕਰਕੇ ਵੱਖਰਿਆਂ ਕਰੋ: ਗਾ-ਮਾ ਰੇ ਸਾ, ਸਾ ਮਾ, ਪਾ ਗਾ-ਸਾ ਰੇ ਸਾ, ਨੀ ਧਾ ਨੀ ਸਾ-ਉਹ ਸਕੇਲ ਨੂੰ ਸੈਕਸ਼ਨਾਂ ਵਿੱਚ ਵੱਖਰਾ ਕਰ ਦੇਂਦੇ ਤੇ ਦੱਸਦੇ ਮੁਢਲੇ ਸਕੇਲ ਵਿਚੋਂ ਉਹ ਕੀਵੇਂ ਬਣੇ ਨੇਂ। ਸਾਰੇ ਭੇਤ ਦੀ ਏਹੋ ਕੁੰਜੀ ਹੋਂਦੀ। ਸਾਨੂੰ ਸਮਝ ਲੱਗ ਜਾਂਦੀ। ਸਾਰਾ ਰਾਰਾ ਸਾਡੇ ਸਾਹਮਣੇ ਉੱਘੜ ਆਉਂਦਾ। ਸਾਡਾ ਘਾਬਰਨ ਮੁੱਕ ਜਾਂਦਾ ਤੇ ਅਸੀਂ ਬੂਵਾ ਸਾਹਿਬ ਨਾਲ ਗਾਉਣ ਲੱਗ ਪੈਂਦੇ। ਗੁਰੂ ਜੀ ਗਰਾਮਰ ਦੀਆਂ ਪੇਚਦਾਰੀਆਂ ਵਿਚ ਨਹੀਂ ਸਨ ਪੈਂਦੇ। ਓਹਨਾਂ ਦਾ ਨਿਸ਼ਾਨਾ ਹੋਂਦਾ ਅਲਾਪ ਤੇ ਤਾਨਾਂ ਹਜ਼ਾਰਾਂ ਵਾਰ ਆਖੀਆਂ ਜਾਵਣ ਤਾਂ ਜੋ ਸੁਰਾਂ ਵਿੱਚ ਸਫ਼ਾਈ-ਸੁਥਰਾਈ ਆਵੇ ਤੇ ਦਮ ਪੁਖ਼ਤਾ (ਪੱਕਾ, ਨਿਪੁੰਨ) ਹੋ ਜਾਵਣ।" ਬਰਵਾ ਜੀ ਇਕ ਹੋਰ ਗੱਲ ਵੀ ਸੁਣਾਉਂਦੇ, "ਇਕ ਸ਼ਾਮ ਬੂਵਾ ਸਾਹਿਬ ਸਾਨੂੰ ਪੰਜਾਂ ਛੇਆਂ ਸ਼ਾਗਿਰਦਾਂ ਨੂੰ ਨਾਲ ਲੈ ਕੇ ਫਿਰਨ ਨਿਕਲ ਪਏ। ਅਸੀਂ ਭਿੰਡੀ ਬਾਜ਼ਾਰ ਦੇ ਲਾਗੇ ਇਕ ਘਰ ਅੱਪੜੇ। ਵੱਡਾ ਬੂਹਾ ਲੰਘ ਕੇ ਇਕ ਵੱਡਾ ਸਾਰਾ ਵਰਾਂਡਾ ਆਉਂਦਾ ਸੀ। ਅਸੀਂ ਪਾਲ ਬੰਨ੍ਹਕੇ ਓਥੇ ਖਲੋ ਗਏ। ਅੰਦਰ ਕੋਈ ਗਾਉਂਦਾ ਪਿਆ ਸੀ। ਬੂਵਾ ਸਾਹਿਬ ਨੇ ਸਾਨੂੰ ਧਿਆਨ ਨਾਲ ਸੁਣਨ ਦਾ ਇਸ਼ਾਰਾ ਕੀਤਾ ਤੇ ਅਸੀਂ ਜਿੱਥੇ ਖਲੋਤੇ ਸਾਂ ਓਥੇ ਈ ਗੱਡੇ ਗਏ। ਗਾਵਣ ਵਾਲਾ ਭੂਪ ਕਲਿਆਣ ਦੇ ਸਕੇਲ ਦੁਹਰਾਈ ਆਉਂਦਾ ਸੀ, ਆਵਾ-ਜਾਵੀ ਦਾ ਇਕ ਨਾ ਮੁੱਕਣ ਵਾਲਾ ਚੱਕਰ ਬੱਝਿਆ ਹੋਇਆ ਸੀ। ਅਸੀਂ ਪੂਰਾ ਇਕ ਘੰਟਾ ਓਥੇ ਖਲੋਤੇ ਏਹੋ ਕੁਝ ਸੁਣਦੇ ਰਹੇ। ਪਹਿਲੇ ਅੱਧੇ ਘੰਟੇ ਮਗਰੋਂ ਪੈਰੇ ਦਾ ਇਕ-ਇਕ ਸੁਰ ਮਿੱਠਾ ਤੇ ਰੌਸ਼ਨ ਜਾਪਣ ਲੱਗ ਪਿਆ ਤੇ ਪੂਰੀ ਮਸ਼ਕ ਆਪਣੇ ਅਖ਼ੀਰ ਤਾਈਂ ਏਨੀ ਰਵਾਂ ਹੋ ਗਈ ਹਰ ਸੁਰ ਮੋਤੀਆਂ ਦੇ ਦਾਣਿਆਂ ਵਾਕਣ ਇਕੋ ਜਿਹੇ ਗੋਲ, ਸਾਫ਼ ਤੇ ਮਨ ਛਿੱਕਵਾ ਵਖਾਲੀ ਦੇਣ ਲੱਗ ਪਿਆ। ਬੂਵਾ ਸਾਹਿਬ ਸਾਨੂੰ ਕਮਰੇ ਵਿੱਚ ਲੈ ਗਏ। ਗਾਇਕ ਨੇ ਗਾਣਾ ਛੱਡ ਕੇ ਬੂਵਾ ਸਾਹਿਬ ਨੂੰ ਜੀ ਆਇਆਂ ਆਖਿਆ ਤੇ ਅਚਨਚੇਤ ਆਵਣ ਦਾ ਕਾਰਣ ਪੁੱਛਿਆ। ਬੂਵਾ ਸਾਹਿਬ ਆਖਣ ਲੱਗੇ, "ਏਹ ਮੇਰੇ ਸ਼ਾਗਿਰਦ ਨੇਂ। ਰਿਆਜ਼ਤ ਤੋਂ ਕਾਹਲੇ ਪੈਂਦੇ ਨੇਂ। ਪਤਾ ਨਹੀਂ ਨੇਂ ਇਕ-ਇਕ ਤਾਨ ਹਜ਼ਾਰ-ਹਜ਼ਾਰ ਵਾਰੀ ਪੀਹਣੀ ਪੈਂਦੀ ਏ। ਮੈਂ ਏਹਨਾਂ ਨੂੰ ਵਖਾਣ ਲਿਆਇਆਂ ਤੁਹਾਡੇ ਵਰਗੇ ਗੁਣੀ ਕਸਬੀ ਗਾਇਕ ਨਾਂ ਖੱਟਕੇ ਵੀ ਕਿਵੇਂ ਰਿਆਜ਼ਤ ਨਹੀਂ ਘੁਸਾਂਦੇ।" ਏਹ ਗਾਇਕ ਪੰਜਾਬ ਦੇ ਖ਼ਾਨ ਸਾਹਿਬ ਕਾਲੇ ਖ਼ਾਂ ਸਨ, ਖ਼ਾਨ ਸਾਹਿਬ ਬੜੇ ਗ਼ੁਲਾਮ ਅਲੀ ਖ਼ਾਂ ਦੇ ਚਾਚੇ।

ਭਾਸਕਰ ਬੂਵਾ ਬਾਰੇ ਜਾਣਕਾਰੀ ਸੁਣਨ-ਸਾਂਭਣ ਦੀ ਮੈਨੂੰ ਆਦਤ ਪੈ ਗਈ ਮੇਰੇ ਜਮਾਅਤੀ ਤੇ ਪੰਡਤ ਓਮਕਾਰ ਨਾਥ ਠਾਕਰ ਦੇ ਛੋਟੇ ਭਰਾ ਰਮੇਸ਼ ਚੰਦਰ ਠਾਕਰ ਭਾਸਕਰ ਬੂਵਾ ਉੱਤੇ ਮਿਟੇ ਹੋਏ ਸਨ। ਭਾਸਕਰ ਬੂਵਾ ਦੀਆਂ ਕਈ ਚੀਜ਼ਾਂ ਓਹ ਸਰਾਵੀਆਂ ਆਖਦੇ ਸਨ, ਓਹਨਾਂ ਦਾ ਕਣ ਈ ਬਣਾ ਸੰਵਾਰਕੇ। ਰਮੇਸ਼ ਚੰਦਰ ਠਾਕਰ ਦੀ ਪਾਰੋਂ ਈ ਮੇਰਾ ਧਿਆਨ ਭਾਸਕਰ ਬੂਵਾ ਤੇ ਓਹਨਾਂ ਦੇ ਗਾਣੇ ਵਲ ਹੋਇਆ ਸੀ।

ਸ਼੍ਰੀਮਤੀ ਤਾਰਾ ਬਾਈ ਸ਼ਰੋਡਕਰ ਦੀ ਮਿਹਰ ਸੀ ਮੈਨੂੰ ਬੂਵਾ ਸਾਹਿਬ ਦੇ ਸਿਖਾਵਣ ਢੰਗ ਦਾ ਦੱਸਦੇ।

ਗਵਿੰਦ ਰਾਓ ਤੀਮਬੇ ਬੂਵਾ ਸਾਹਿਬ ਦੇ ਪਹਿਲੇ ਪੂਰ ਦੇ ਸ਼ਾਗਿਰਦ ਸਨ। ਓਹਨਾਂ ਦੇ ਮਨ ਵਿੱਚ ਆਪਣੇ ਗੁਰੂ ਵਸੇ ਹੋਏ ਸਨ। ਜਦੋਂ ਰੌਂ ਵਿਚ ਹੋਂਦੇ ਬੂਵਾ ਸਾਹਿਬ ਦੀਆਂ ਢੇਰ ਗੱਲਾਂ ਸੁਣਾਉਂਦੇ। ਕਈਂ-ਕਈਂ ਘੰਟੇ ਲੰਘ ਜਾਂਦੇ ਪਤਾ ਨਾ ਲੱਗਦਾ। ਢੇਰਾਂ ਵਾਰੀ ਓਹਨਾਂ ਮੈਨੂੰ ਭਾਸਕਰ ਬੂਵਾ ਦੀਆਂ ਬੰਦਸ਼ਾਂ ਵੀ ਗਾ ਕੇ ਸੁਣਾਈਆਂ।

ਦਲੀਪ ਚੰਦਰ ਵੇਦੀ ਹੋਰਾਂ ਵੀ ਮੈਨੂੰ ਬੂਵਾ ਸਾਹਿਬ ਦੇ ਸੰਗੀਤ ਬਾਰੇ ਡੂੰਘੀਆਂ ਗੱਲਾਂ ਦੱਸੀਆਂ। ਮੈਂ ਜਦੋਂ ਮਿਲਦਾ ਬੂਵਾ ਸਾਹਿਬ ਦੀਆਂ ਮਨ ਪਸੰਦ ਚੀਜ਼ਾਂ ਸੁਣਾਵਣ ਦੀ ਫ਼ਰਮੈਸ਼ ਕਰਦਾ। ਓਹ ਮੇਰੇ ਤੇ ਸਦਾ ਈ ਮਿਹਰਬਾਨ ਰਹਿੰਦੇ।

ਬੂਵਾ ਸਾਹਿਬ ਦੇ ਜਵਾਈ ਮਾਧੋ ਰਾਓ ਧਮਨਕਰ ਨੂੰ ਮੈਂ ਪਹਿਲੀ ਵਾਰ 1945 ਈ. ਵਿੱਚ ਮਿਲਿਆ ਪਰ ਗੂੜ੍ਹੀ ਓਹਨਾਂ ਨਾਲ 1947 ਈ. ਵਿੱਚ ਪਈ। ਓਸ ਸ਼ਾਮ ਬ੍ਰਾਹਮਣ ਸਭਾ ਵਲੋਂ ਭਾਸਕਰ ਬੂਵਾ ਦੇ ਇਕ ਰੋਗ਼ਨੀ ਚਿੱਤਰ ਦੀ ਮਹੂਰਤ ਸੀ। ਏਹ ਚਿੱਤਰ ਡਾਕਟਰ ਜੈਕਰ ਨੇ ਬਣਾਇਆ ਸੀ। ਮਾਧੋ ਰਾਓ ਧਮਨਕਰ ਮੈਨੂੰ ਘਰ ਸੱਦਿਆ ਤੇ ਭਾਸਕਰ ਬੂਵਾ ਦੀਆਂ ਓਹ ਕਾਪੀਆਂ ਵਖਾਈਆਂ, ਜੇਹਨਾਂ ਵਿਚ ਓਹਨਾਂ ਆਪਣੀਆਂ ਚੀਜ਼ਾਂ ਲਿਖੀਆਂ ਹੋਈਆਂ ਸਨ। ਓਹਨਾਂ ਖੁਲੇ ਦਿਲੀਂ ਮੈਨੂੰ ਏਹ ਚੀਜ਼ਾਂ ਉਤਾਰ ਲੈਣ ਦਿੱਤੀਆਂ। ਓਹਨਾਂ ਬੂਵਾ ਸਾਹਿਬ ਦੀ ਜੀਵਨੀ ਲਈ ਜੋ ਜੋ ਇਕੱਠਾ ਕੀਤਾ ਸੀ ਓਹ ਵੀ ਪੜ੍ਹਕੇ ਸੁਣਾਇਆ। ਏਹ ਸਾਰਾ ਕੁਝ ਈ ਮਗਰੋਂ ਐਨ. ਐਮ. ਕੇਲਕਰ ਨੂੰ ਮਿਲਿਆ ਤੇ ਓਹਨਾਂ ਥਾਉਂ-ਥਾਂ ਫਿਰਕੇ ਬੂਵਾ ਸਾਹਿਬ ਬਾਰੇ ਪੱਕੀਆਂ-ਥਿੱਥੀਆਂ ਗੱਲਾਂ ਜੋੜੀਆਂ ਤੇ ਓਹਨਾਂ ਦੀ ਜੀਵਨੀ ਲਿਖੀ। ਏਹਦੀ ਕਿਤਾਬ 19 ਅਕਤੂਬਰ 1967 ਈ. ਨੂੰ ਸਾਹਮਣੇ ਆਈ।

ਅਕਤੂਬਰ 1969 ਦੇ ਅਖ਼ੀਰ ਤੇ ਬੂਵਾ ਸਾਹਿਬ ਦਾ ਸੌਂਵਾਂ ਦੇਹਾੜ ਮਨਾਇਆ ਗਿਆ।

ਏਸ ਲਿਖਤ ਰਾਹੀਂ ਮੈਂ ਤੁਹਾਡੇ ਨਾਲ ਬੂਵਾ ਸਾਹਿਬ ਦੀ ਹਯਾਤੀ ਬਾਬਤ ਕੁਝ ਗੱਲਾਂ ਸਾਂਝੀਆਂ ਕਰਸਾਂ। ਏਹ ਜਾਣਕਾਰੀ ਸ਼੍ਰੀ ਧਮਨਕਰ ਹੋਰਾਂ ਦੀ ਦੇਣ ਏ। ਭਾਸਕਰ 17 ਅਕਤੂਬਰ 1969 ਈ. ਨੂੰ ਬੜੌਦਾ ਰਿਆਸਤ ਦੇ ਨਿੱਕੜੇ ਜਿਹੇ ਸ਼ਹਿਰ ਕਥੋਰ ਵਿੱਚ ਜੰਮੇ। ਓਹਨਾਂ ਦੇ ਬਾਪ ਬੜੀ ਘੱਟ ਆਮਦਨ ਵਾਲਾ ਕੋਈ ਕੰਮ ਕਰਦੇ ਸਨ। ਏਸ ਲਈ ਪੁੱਤਰ ਨੂੰ ਕਿਸੇ ਅੰਗਰੇਜ਼ੀ ਸਕੂਲੇ ਪਾਣਾ ਓਹਨਾਂ ਦੇ ਵੱਸੋਂ ਬਾਹਰ ਸੀ। ਓਹਨਾਂ ਭਾਸਕਰ ਨੂੰ ਬੜੌਦਾ ਵਿੱਚ ਰਾਜਾ ਰਾਮ ਤੋਪਲੇ ਦੇ ਸੰਸਕ੍ਰਿਤ ਪਾਠਸ਼ਾਲਾ ਵਿੱਚ ਪੜ੍ਹਨੇ ਪਾ ਦਿੱਤਾ। ਰੋਟੀ ਬੜਾ ਮਸਲਾ ਸੀ। ਏਹਦਾ ਦਾਰੂ ਭਾਸਕਰ ਨੇ ਏਹ ਕੀਤਾ ਕਦੀਂ ਤਾਂ ਬ੍ਰਹਮਚਾਰੀ ਬਾਹਮਣਾਂ ਤੋਂ ਖਾ ਲੈਣੀ ਤੇ ਕਦੀਂ ਬੂਹਾ-ਬੂਹਾ ਮੰਗ ਲੈਣਾ। ਰਾਜਾ ਰਾਮ ਸ਼ਾਸਤਰੀ ਵੇਖਿਆ ਭਾਸਕਰ ਸੰਸਕ੍ਰਿਤ ਸ਼ਿਅਰਾਂ ਨੂੰ ਸੁਰ ਵਿੱਚ ਉਤਾਰਕੇ ਬੜੇ ਸੋਹਣੇ ਢੰਗ ਨਾਲ ਸੁਣਾ ਲੈਂਦੇ ਨੇ। ਸ਼ਾਸਤਰੀ ਹੋਰੀਂ ਉਹਨਾਂ ਤੋਂ ਕਈ ਵਾਰ ਜਮਾਅਤ ਵਿੱਚ ਸੁਣਨ ਲੱਗ ਪੈਂਦੇ। ਭਾਸਕਰ ਥੋੜੇ ਚਿਰ ਵਿਚ ਈ ਰਘੁਵੰਸ਼ ਜੇਹੀ ਕਲਾਸਿਕ ਪੜ੍ਹਨ ਜੋਗੇ ਹੋ ਗਏ। ਓਹ ਅਕਸਰ ਹਰੀ ਦਾਸ ਵਿਸ਼ਨੂ ਬੂਵਾ ਪਿੰਗਲੇ ਦਾ ਮਜ਼ਹਬੀ ਸੰਗੀਤ ਸੁਣਨ ਜਾਂਦੇ। ਏਹ ਸੰਗੀਤ ਓਹਨਾਂ ਨੂੰ ਐਨਾ ਕੁ ਪੋਹਿਆ ਓਹ ਸੰਸਕ੍ਰਿਤ ਪੜ੍ਹਾਈ ਪਿੱਛੇ ਪਾਵਣ ਲੱਗ ਪਏ। ਰਾਜਾ ਰਾਮ ਸ਼ਾਸਤਰੀ ਨੂੰ ਪਤਾ ਲੱਗਾ ਤਾਂ ਓਹਨਾਂ ਸਾਰੀ ਗੱਲ ਸਮਝਦਿਆਂ ਭਾਸਕਰ ਨੂੰ ਆਖਿਆ, "ਤੈਨੂੰ ਸੰਸਕ੍ਰਿਤ ਦਾ ਪੰਡਤ ਬਣਨ ਨਾਲੋਂ ਸੰਗੀਤ ਚੋਖਾ ਪੋਂਹਦਾ ਏ। ਮੈਂ ਤੈਨੂੰ ਵਿਸ਼ਣੂ ਬੂਵਾ ਕੋਲ ਘੱਲ ਦੇਸਾਂ। ਓਹ ਤੈਨੂੰ ਸੰਗੀਤ ਦੱਸ ਦਿਆ ਕਰਸਣ।" ਭਾਸਕਰ ਲਈ ਖ਼ੁਸ਼ੀ ਦੀ ਹੋਰ ਕੇਹੜੀ ਗੱਲ ਹੋ ਸਕਦੀ ਸੀ। ਓਹ ਪਿੰਗਲੇ ਬੂਵਾ ਤੋਂ ਗਾਣਾ ਸਿੱਖਣ ਲੱਗ ਪਏ। ਬੂਵਾ ਕੋਈ ਕਸਬੀ ਬੰਦੇ ਤੇ ਨਹੀਂ ਸਨ ਤਾਂ ਵੀ ਓਹਨਾਂ ਨੂੰ ਜੋ ਕੁਝ ਆਉਂਦਾ ਸੀ ਦਿਲ ਨਾਲ ਭਾਸਕਰ ਨੂੰ ਦੱਸਦੇ ਰਹੇ। ਮਗਰੋਂ ਓਹ ਪਿੰਗਲੇ ਬੂਵਾ ਨਾਲ ਦਮਨ ਛੀਨੇ ਤੇ ਸੰਗਤ ਕਰਨ ਲੱਗ ਪਏ। ਓਹਨਾਂ ਦਾ ਵਾਜ ਅਜੇ ਬਣਿਆ ਤਾਂ ਨਹੀਂ ਸੀ ਤਾਂ ਵੀ ਸੁਣੇਰਾਂ ਵਿਚ ਓਹਨਾਂ ਦੇ ਗਾਵਣ ਢੇਰ ਚੱਲੇ।

ਗਜਨਨ ਭਾਟ ਵਾਡੇਕਰ ਨਾਂ ਦਾ ਇਕ ਬੰਦਾ ਭਾਸਕਰ ਦਾ ਬੜਾ ਧਿਆਨ ਰੱਖਣ ਲੱਗ ਪਿਆ। ਏਹੋ ਈ ਓਹਨਾਂ ਨੂੰ ਮੌਲਾ ਬਖ਼ਸ਼ ਦੇ ਸੰਗੀਤ ਸਿਖਿਆਲੇ ਲੈ ਗਏ। ਛੇਆਂ ਮਹੀਨਿਆਂ ਮਗਰੋਂ ਸਕੂਲ ਨੇ ਆਪਣਾ ਵਰ੍ਹੇ-ਵਾਰ ਜਲਸਾ ਕੀਤਾ। ਭਾਟ ਵਾਡੇਕਰ ਜਲਸੇ ਦੇ ਪ੍ਰਧਾਨ ਸਨ। ਲੋਕਾਂ ਭਾਸਕਰ ਦਾ ਗਾਣਾ ਰੱਜਕੇ ਸਲਾਹਿਆ। "ਸੈ ਜੀਵੀ ਜੇ" ਅਖ਼ਬਾਰ ਨੇ ਏਸ ਜਲਸੇ ਤੇ ਭਾਸਕਰ ਦੇ ਗਾਣੇ ਦੀ ਬੜੀ ਮਸ਼ਹੂਰੀ ਕੀਤੀ।

ਕਰਲੋਸਕਰ ਕੰਪਨੀ ਓਸ ਵੇਲੇ ਪਨਵੇਲ ਵਿਚ ਖੇਡਦੀ ਪਈ ਸੀ। ਏਸ ਕੰਪਨੀ ਦੀ ਮਸ਼ਹੂਰੀ ਸਭੱਦਰਾ ਸ਼ਕੁੰਤਲਾ ਨਾਂ ਦੇ ਦੋ ਸੰਗੀਤ ਨਾਟਕਾਂ ਪਾਰੋਂ ਸੀ। ਤੀਜਾ ਨਾਟਕ ਰਾਮ ਰਾਜਯ ਵੈਵਗੀਹ ਓਸ ਵੇਲੇ ਅਨਾ ਸਾਹਿਬ ਕਰਲੋਸਕਰ ਜੋੜਦੇ ਪਏ ਸਨ। ਓਹ ਪਹਿਲਾਂ ਪਾਤਰ ਇਕੱਠੇ ਕਰਦੇ ਤੇ ਫੇਰ ਨਾਟਕ ਲਿਖਦੇ। ਓਹਨਾਂ ਨੂੰ ਕੈਕੇਈ ਦੇ ਪਾਤਰ ਲਈ ਇਕ ਛੋਹਰ ਦੀ ਲੋੜ ਸੀ। ਕਿਸੇ ਨੇ ਓਹਨਾਂ ਨੂੰ ਭਾਸਕਰ ਦੇ ਗਾਣੇ ਤੇ ਸਕੂਲ ਜਲਸੇ ਵਾਲੇ ਅਖ਼ਬਾਰ ਦੀ ਕਾਪੀ ਘੱਲ ਦਿੱਤੀ। ਅਨਾ ਸਾਹਿਬ ਨੇ ਪੜ੍ਹਿਆ ਤਾਂ ਓਹਨਾਂ ਭਾਸਕਰ ਨੂੰ ਵੇਖਣ ਦੀ ਨੀਤ ਕਰ ਲਈ। ਕੰਪਨੀ ਦੇ ਇਕ ਐਕਟਰ ਭਾਊ ਰਾਓ ਕੋਲ੍ਹਤਕਰ ਨੇ ਭਾਸਕਰ ਨੂੰ ਵੇਖਿਆ ਤੇ ਓਹਨਾਂ ਦਾ ਗਾਣਾ ਸੁਣਿਆ ਹੋਇਆ ਸੀ। ਓਹਨੇ ਵੀ ਕੋਲੋਂ ਸਫ਼ਾਰਸ਼ ਕੀਤੀ। ਭਾਟ ਵਾਡੇਕਰ ਨੇ ਭਾਸਕਰ ਰਾਓ ਨੂੰ ਏਹ ਨਵਾਂ ਰਾਹ ਅਪਨਾਣ ਲਈ ਸਮਝਾਇਆ ਤੇ ਭਾਊ ਰਾਓ ਕੋਲ੍ਹਤਕਰ ਨਾਲ ਕੋਲਸਕਰ ਕੰਪਨੀ ਵਿੱਚ ਕੰਮ ਕਰਨ ਘੱਲ ਦਿੱਤਾ। ਅਨਾ ਸਾਹਿਬ ਵੇਖ ਕੇ ਬੜੇ ਰਾਜ਼ੀ ਹੋਏ ਤੇ ਓਹਨਾਂ ਨੂੰ ਕੈਕੇਈ ਦੇ ਪਾਤਰ ਲਈ ਚੁਣ ਲਿਆ। ਦੇਵਲ ਮਾਸਟਰ ਨੂੰ ਸੱਦਕੇ ਓਹਨਾਂ ਭਾਸਕਰ ਦੀ ਸਿਖਲਾਈ ਕਰਨ ਲਈ ਆਖਿਆ। ਕੰਪਨੀ ਨੇ ਰਾਮ ਰਾਜਯ ਵੈਵਗੀਹ 19 ਅਗਸਤ 1884 ਈ ਵਿਚ ਖੇਡਿਆ। ਭਾਸਕਰ ਨੇ ਲੋਕਾਂ ਦੀ ਮਰਜ਼ੀ ਮੁਜਬ ਕੈਕੇਈ ਦਾ ਸਾਂਗ ਭਰਿਆ। ਏਹ ਕੋਈ ਛੋਟੀ ਗੱਲ ਨਹੀਂ ਸੀ। ਓਹਨਾਂ ਦੀ ਥਾਂ ਕੋਈ ਹੋਰ ਹੋਂਦਾ ਤਾਂ ਬੇਟਰੀ ਲਸ਼ਕਾਰਿਆਂ ਵਿੱਚ ਈ ਗਰਕ ਜਾਂਦਾ ਪਰ ਭਾਸਕਰ ਨੂੰ ਪੂਰਾ ਚਾਨਣ ਸੀ। ਓਹ ਜਾਣਦੇ ਸਨ ਜਦੋਂ ਓਹਨਾਂ ਦਾ ਵਾਜ ਵਿਗੜਨਾ ਏ ਤਾਂ ਕੰਪਨੀ ਨੇ ਵੀ ਪੱਲਾ ਛਡਾ ਲੈਣਾ ਏ। ਓਹਨਾਂ ਦਾ ਵੱਡਾ ਨਿਸ਼ਾਨਾ ਤਾਂ ਪੱਕਾ ਗਾਣਾ ਸਿਖਣ ਦਾ ਸੀ। ਕੰਪਨੀ ਨਾਲ ਪੰਧ ਝਾਗਦਿਆਂ ਵੀ ਓਹ ਏਸ ਪਾਸਿਉਂ ਅਵੇਸਲੇ ਨਾ ਹੋਏ। ਜਿਸ ਵੀ ਨਵੇਂ ਸ਼ਹਿਰ ਜਾਂਦੇ ਓਥੇ ਦੇ ਵੱਡੇ-ਵੱਡੇ ਗਵੱਈਆਂ ਤੇ ਸਾਜ਼ਕਾਰਾਂ ਦੀ ਸੂੰਹ ਕੱਢਕੇ ਜਿਥੋਂ ਤਾਈਂ ਹੋ ਸਕਦਾ ਚੋਖਾ ਵੇਲਾ ਓਹਨਾਂ ਦੀ ਸੰਗਤ ਵਿਚ ਰਹਿੰਦੇ।

ਨਾਟਕ ਕੰਪਨੀਆਂ ਤੇ ਵੱਡੇ ਸੰਗੀਤਕਾਰਾਂ ਦੀ ਬੜੀ ਨੇੜ ਸੀ। ਕੋਲਸਕਰ ਕੰਪਨੀ ਇੰਦੌਰ ਗਈ ਤਾਂ ਬੰਦੇ ਅਲੀ ਖ਼ਾਂ ਓਹਨਾਂ ਦਾ ਕੋਈ ਨਾਟਕ ਨਾ ਖੁਝਾਂਏ ਇਕ ਵਾਰ ਤਾਂ ਓਹ ਏਨੇ ਕੁ ਰਾਜ਼ੀ ਹੋਏ ਰਾਤ ਕੰਪਨੀ ਦੇ ਡੇਰੇ ਤੇ ਈ ਟਿਕ ਪਏ। ਸਵੇਰੇ ਜੋ ਮੋਟਾ-ਮੋਟਾ ਸਾਨਗੀਆ (ਸਾਰੰਗੀ ਵਜਾਉਣ ਵਾਲਾ) ਸੀ ਖ਼ਾਨ ਸਾਹਿਬ ਨੂੰ ਸਲਾਮ ਕਰਨ ਗਿਆ। ਓਹ ਅੱਗੋਂ ਇਕੋ ਈ ਗੱਲ ਪੁੱਛਣ, "ਓਹ ਕਿੱਥੇ ਏ?" ਕਿਸੇ ਨੂੰ ਸਮਝ ਨਾ ਆਵੇ ਪਈ ਕੀਹਦਾ ਪੁੱਛਦੇ ਨੇਂ। ਅਖ਼ੀਰ ਖ਼ਾਨ ਸਾਹਿਬ ਨੇ ਪਿਛਲੀ ਰਾਤ ਦਾ ਇਕ ਗਾਵਣ "ਜੋ ਨੈਨਾ ਚਕੋਰ" ਬੁੱਲ੍ਹਾਂ 'ਚ ਗੌਂ ਕੇ ਪੁੱਛਿਆ, "ਜੇਹੜੇ ਛੋਹਰ ਏਹ ਗੰਵਿਆ ਸੀ, ਕਿੱਥੇ ਏ?" ਭਾਸਕਰ ਸੱਦੇ ਗਏ ਤਾਂ ਖ਼ਾਨ ਸਾਹਿਬ ਓਹਨਾਂ ਨੂੰ ਮਿਲਕੇ ਢੇਰ ਰਾਜ਼ੀ ਹੋਏ, ਆਖਣ ਲੱਗੇ, "ਏਸ ਛੋਹਰ ਦੇ ਵਾਜ ਵਿੱਚ ਜਾਦੂ ਏ। ਮੈਂ ਏਹਨੂੰ ਗੰਢਾ ਬੰਨ੍ਹਕੇ ਗਾਣਾ ਦੱਸਣ ਲੱਗਾਂ। ਓਹਨਾਂ ਪੱਲਿਉਂ ਸਾਰੀਆਂ ਸ਼ੈਵਾਂ ਮੰਗਵਾਈਆਂ ਤੇ ਗੁੱਟ ਤੇ ਕਾਲਾ ਧਾਗਾ ਬੰਨ੍ਹਕੇ "ਭੋਰ ਭਈ ਮਿਲਨ ਬਹੇਲਵਾ" ਵਾਲੀ ਚੀਜ਼ ਸਿਖਾਈ। ਮਾੜੇ ਭਾਗ ਕੰਪਨੀ ਇੰਦੌਰ ਤੋਂ ਛੇਤੀ ਕੂਚ ਕਰ ਲਿਆ ਤੇ ਭਾਸਕਰ ਦੀ ਸਿੱਖਿਆ ਵਿਚੇ ਰਹਿ ਗਈ। ਉੱਤੋਂ ਬੰਦੇ ਅਲੀ ਖ਼ਾਂ ਨਾਲ ਮੇਲ ਪਾਰੋਂ ਹਰ ਵੱਡਾ ਐਕਟਰ ਭਾਸਕਰ ਤੋਂ ਸੜਨ ਲੱਗ ਪਿਆ।

ਭਾਸਕਰ ਰਾਓ ਨੂੰ ਆਪਣਾ ਵਾਜ ਵਿਗੜ ਜਾਣ ਦੀ ਖੁੜਕ ਪਈ। ਉਹਨਾਂ ਸੋਚਿਆ ਜੇ ਵੇਲੇ ਸਿਰ ਵਾਜ ਨਾ ਸੰਭਾਲਿਆ ਤਾਂ ਕੰਪਨੀ ਓਹਨਾਂ ਨੂੰ ਫ਼ਾਰਖ਼ਤੀ ਦੇ ਦੇਸੀ। ਓਹਨਾਂ ਸ਼ਹਿਰ ਵਿੱਚ ਇਕ ਕਮਰਾ ਕਿਰਾਏ ਤੇ ਲੈ ਲਿਆ ਰਿਆਜ਼ਤ ਕਰਨ ਲਈ। ਕੰਪਨੀ ਵਾਲਿਆਂ ਨੂੰ ਓਹ ਹੁਣ ਰਿਹਰਸਲਾਂ ਤੇ ਰੋਟੀ ਵੇਲੇ ਈ ਸ਼ਕਲ ਵਖਾਉਂਦੇ। ਕੰਪਨੀ ਗਣਪਤੀ ਮੇਲਾ ਬੜੇ ਉਚੇਚ ਨਾਲ ਮਨਾਉਂਦੀ ਸੀ। ਨੌਜਵਾਨ ਛੋਹਰ ਗੀਤ ਮੁਜਬ (ਰਸਮ ਅਨੁਸਾਰ) ਮੰਡਪ ਉਸਾਰਨ ਤੇ ਕਈਂ ਹੋਰ ਨਿੱਕੇ-ਨਿੱਕੇ ਕੰਮ ਵਿਚ ਖਲੋਤੇ। ਭਾਊ ਰਾਓ ਨੂੰ ਏਹਨਾਂ ਤਿਆਰੀਆਂ ਵਿਚ ਭਾਸਕਰ ਰਾਓ ਕਿਧਰੇ ਨਾ ਦਿਸੇ ਤਾਂ ਓਹ ਬੜੇ ਤੱਤੇ ਹੋਏ। ਭਾਸਕਰ ਸਵੇਰ ਦਾ ਰਿਆਜ਼ ਕਰਕੇ ਦੁਪਹਿਰੀਂ ਰੋਟੀ ਵੇਲੇ ਡੇਰੇ ਪਰਤੇ। ਭਾਊ ਰਾਓ ਨੇ ਓਹਨਾਂ ਨੂੰ ਸੱਦ ਘੱਲਿਆ। "ਤੂੰ ਦੂਜਿਆਂ ਨਾਲ ਕੰਮ ਕਿਉਂ ਨਹੀਂ ਕਰਦਾ?" ਭਾਸਕਰ ਰਾਓ ਸਿੱਧਾ ਆਖ ਦਿੱਤਾ ਵਾਜ ਵਿਗੜਦਾ ਪਿਆ ਏ ਏਸ ਲਈ ਓਹ ਵਾਧੂ ਵੇਲਾ ਵਾਜ ਸੂਤ ਰੱਖਣ ਲਈ ਰਿਆਜ਼ ਤੇ ਲਾਂਦੇ ਨੇ ਤੇ ਵਿਚ-ਵਿਚ ਕੰਮ ਵੀ ਕਰਾ ਜਾਂਦੇ ਨੇਂ। ਭਾਊ ਰਾਓ ਨੇ ਗੁੱਸੇ ਨਾਲ ਕਹਿਆ, "ਕੰਮ ਘੋਸੀ ਕਰਨਾ ਏਂ ਤੇ ਉੱਤੋਂ ਰਿਆਜ਼ਤ ਦਾ ਨਾਂ ਲੈਨਾ ਏਂ। ਵੇਖਾਂ ਆਪਣਾ ਵੱਲੋਂ ਬੂਵਾ ਬਣਨ ਟੁਰਿਆ ਏ।" ਭਾਸਕਰ ਵੀ ਅੱਗੋਂ ਤਾਅ ਵਿੱਚ ਆ ਗਏ, "ਮੈਂ ਏਹੋ ਜੇਹੇ ਵੱਡਿਆਂ ਨਾਲ ਇਕ ਪਲ ਲਈ ਵੀ ਕੰਮ ਨਹੀਂ ਕਰਨਾ ਜੇਹਨਾਂ ਨੂੰ ਛੋਟਿਆਂ ਦਾ ਦਰਦ ਈ ਨਹੀਂ। ਤੁਸੀਂ ਕਿਵੇਂ ਆਖ ਸਕਦੇ ਓ ਮੈਂ ਬੂਵਾ (ਵੱਡਾ ਗਵੱਈਆ) ਬਣ ਸਕਨਾ ਏ ਯਾ ਨਹੀਂ? ਮੈਂ ਹੁਣ ਉਦੋਂ ਤਾਈਂ ਏਸ ਕੰਪਨੀ ਵਿਚ ਪੈਰ ਨਹੀਂ ਧਰਨਾ ਜਦੋਂ ਤਾਈਂ ਲੋਕਾਂ ਤੋਂ ਭਾਸਕਰ ਦੀ ਥਾਂ ਭਾਸਕਰ ਬੂਵਾ ਨਾ ਅਖਵਾ ਲਿਆ।" ਓਹਨਾਂ ਆਪਣੇ ਢਾਈ ਕੱਖ ਇਕੱਠੇ ਕੀਤੇ ਤੇ ਦੁਪਹਿਰ ਦੀ ਰੋਟੀ ਖਾਧੇ ਬਿਨਾ ਰੇਲਵੇ ਸਟੇਸ਼ਨ ਨੂੰ ਧਾਈ ਕਰ ਗਏ।

ਭਾਸਕਰ ਦੇ ਕੰਪਨੀ ਛੱਡਣ ਤੋਂ ਥੋੜਾ ਪਹਿਲੋਂ ਈ ਬੜੌਦਾ ਦੇ ਹਾਕਮ ਨੇ ਮਸ਼ਹੂਰ ਪੱਕੇ ਗਵੱਈਏ ਫ਼ੈਜ਼ ਮੁਹੰਮਦ ਖ਼ਾਂ ਨੂੰ ਦਰਬਾਰੀ ਗਵੱਈਆ ਬਣਾਇਆ ਸੀ ਤੇ ਸ਼ਹਿਰੋਂ ਮੋਕਲਾ (ਦੂਰ, ਬਾਹਰਵਾਰ) ਇਕ ਘਰ ਵੀ ਦਿੱਤਾ ਸੀ। ਬੜੌਦਾ ਵਿਚ ਹੁਣ ਗਾਵਣ ਵਾਲਿਆਂ ਦੀਆਂ ਦੋ ਤਗੜੀਆਂ ਦਫ਼ਾਂ (ਮੰਡਲੀਆਂ, ਧੜੇ)। ਮੌਲਾ ਬਖ਼ਸ਼ ਦੀ ਦਫ਼ ਤੇ ਫ਼ੈਜ਼ ਮੁਹੰਮਦ ਖ਼ਾਂ ਦੀ। ਮੌਲਾ ਬਖ਼ਸ਼ ਦੇ ਸਕੂਲ ਵਿੱਚ ਨੋਟੇਸ਼ਨ ਉੱਤੇ ਬੜਾ ਜ਼ੋਰ ਦੇਂਦੇ ਸਨ। ਭਾਸਕਰ ਰਾਓ ਨੋਟੇਸ਼ਨ ਤੇ ਨਿਸਾਬੀ (ਸਿਲੇਬਸ ਦੀਆਂ) ਕਿਤਾਬਾਂ ਦੀ ਪ੍ਰਵਾਹ ਨਹੀਂ ਸਨ ਕਰਦੇ। ਭਾਟ ਵਾਡੇਕਰ, ਛੋਟੂ ਮਹਾਰਾਜ, ਤਲੰਗ ਸ਼ਾਸਤਰੀ ਜੇਹੇ ਸੱਜਣਾਂ ਤੇ ਹੋਰ ਖ਼ੈਰ ਚਾਹਣ ਵਾਲੇ ਲੋਕਾਂ ਭੱਜ-ਨੱਸ ਕਰਕੇ ਓਹਨਾਂ ਨੂੰ ਫ਼ੈਜ਼ ਮੁਹੰਮਦ ਖ਼ਾਂ ਕੋਲ ਘੱਲ ਦਿੱਤਾ। ਭਾਸਕਰ ਦਾ ਆਪਣਾ ਦਿਲ ਵੀ ਏਥੇ ਈ ਸੀ। ਕੇ. ਟੀ. ਤਲੰਗ ਉਦੋਂ ਹਾਈ ਕੋਰਟ ਦੇ ਜੱਜ ਸਨ। ਭਾਸਕਰ ਸ਼ਹਿਰੋਂ ਪਰੇਰੇ ਫ਼ੈਜ਼ ਮੁਹੰਮਦ ਖ਼ਾਂ ਕੇ ਘਰ ਰਹਿਣ ਲੱਗ ਪਏ। ਰੋਟੀ ਦੀ ਮੁੜ ਓਹੋ ਕਾਰ ਕਦੀਂ ਬ੍ਰਹਮਚਾਰੀਆਂ ਤੋਂ ਤੇ ਕਦੀਂ ਮੰਗ-ਪਿੰਨ ਕੇ।

ਖ਼ਾਨ ਸਾਹਿਬ ਪੁਰਾਣੀ ਪੀੜ੍ਹੀ ਦੇ ਗਵੱਈਏ ਸਨ। ਚੰਗੀਆਂ ਮੰਦੀਆਂ ਦੋਵੇਂ ਈ ਗੱਲਾਂ ਸਨ ਓਹਨਾਂ ਵਿੱਚ। ਭਾਸਕਰ ਨੂੰ ਓਹਨਾਂ ਭੂਪ ਦੀ ਇੱਕ ਚੀਜ਼ "ਇਤਨੇ ਜੋਬਨ ਪਰ ਮਾਨ ਨਾ ਕਰੀਏ" ਦੱਸੀ ਪਰ ਫੇਰ ਕੰਮ ਏਥੇ ਈ ਖਲੋ ਗਿਆ। ਖ਼ਾਨ ਸਾਹਿਬ ਹਰ ਸ਼ੈ ਦੇ ਮਾਮਲੇ ਵਿੱਚ ਸਫ਼ਾਈ ਪਸੰਦ ਸਨ। ਕੁਦਰਤੀ ਅਮਰ (ਹੁਕਮ, ਕੰਮ, ਮਾਮਲਾ) ਸਾਰੀ ਝਾੜ-ਪੂੰਝ, ਬਹੁਕਰ-ਬੁਹਾਰੀ ਤੇ ਖ਼ਾਨ ਸਾਹਿਬ ਦੇ ਕੱਪੜਿਆਂ ਦੀ ਧਵਾਈ ਭਾਸਕਰ ਨੂੰ ਕਰਨੀ ਪੈਂਦੀ। ਤਅਲੀਮ ਲਈ ਕੋਈ ਵੇਲਾ ਨਹੀਂ ਸੀ ਮਿੱਥਿਆ ਹੋਇਆ। ਭਾਸਕਰ ਨੂੰ ਘੰਟਿਆਂ ਬੱਧੀ ਖ਼ਾਨ ਸਾਹਿਬ ਦੇ ਆਲੇ ਦਵਾਲੇ ਟੰਗੀਤਿਆ (ਖੜ੍ਹੋਤਿਆ) ਰਹਿਣਾ ਪੈਂਦਾ ਖ਼ਬਰੇ ਕੇਹੜੇ ਵੇਲੇ ਗਾਣਾ ਦੱਸਣ ਤੇ ਰੌਂ ਆ ਜਾਨੇਂ। ਖ਼ਾਨ ਸਾਹਿਬ ਦਾ ਭਤਰੀਆ ਵੀ ਸੰਗੀਤ ਪਿਆ ਸਿੱਖਦਾ ਸੀ। ਓਹਦੇ ਲਈ ਵੇਲਾ ਮਿੱਥਿਆ ਹੋਇਆ ਸੀ। ਓਸ ਵੇਲੇ ਭਾਸਕਰ ਨੂੰ ਕਿਸੇ ਨਾ ਕਿਸੇ ਕੰਮ ਬੰਨੇ (ਉਰੇ ਪਰੇ) ਘੱਲ ਦਿੱਤਾ ਜਾਂਦਾ। ਅਕਸਰ ਬ੍ਰਹਮਚਾਰੀਆਂ ਵਲੋਂ ਰੋਟੀ ਦਾ ਵੇਲਾ ਵੀ ਖੁੰਝ ਜਾਂਦਾ ਤੇ ਭਾਸਕਰ ਨੂੰ ਭੁੱਖੇ ਢਿੱਡ ਪੂਰਾ ਦਿਨ ਕੱਢਣਾ ਪੈਂਦਾ। ਭਾਸਕਰ ਦੀ ਸਿਹਤ ਰਹਿ ਗਈ। ਸੰਗੀਤ ਸਿੱਖਣ ਦੀ ਵੀ ਕੋਈ ਆਸ ਨਹੀਂ ਸੀ ਦਿਸਦੀ। ਇਕ ਦਿਨ ਭਾਸਕਰ ਬਾਲ ਸ਼ਾਸਤਰੀ ਤਲੰਗ ਕੋਲ ਜਾ ਰੁੰਨੇ।

ਅਗਲੇ ਦਿਨ ਜੱਜ ਤਲੰਗ ਖ਼ਾਨ ਸਾਹਿਬ ਵੱਲ ਗਏ ਤੇ ਭਾਸਕਰ ਦਾ ਗਾਣਾ ਸੁਣਨ ਦੀ ਖ਼ਾਹਿਸ਼ ਕੀਤੀ। ਭਾਸਕਰ ਨੇ ਜਿੰਨਾ ਸਿੱਖਿਆ ਸੀ ਸੁਣਾ ਦਿੱਤਾ। ਤਲੰਗ ਨੇ ਖ਼ਾਨ ਸਾਹਿਬ ਨੂੰ ਗੁੱਸੇ ਨਾਲ ਆਖਿਆ, "ਛੇ ਮਹੀਨੇ ਹੋ ਗਏ ਨੇਂ ਭਾਸਕਰ ਨੂੰ ਤੁਹਾਡੇ ਕੋਲ ਘੱਲਿਆਂ ਪਰ ਏਹ ਤੇ ਕੁਝ ਵੀ ਨਹੀਂ। ਤੁਸਾਂ ਵਾਅਦਾ ਕੀਤਾ ਸੀ ਏਹਨੂੰ ਗਵੱਈਆ ਬਣਾ ਦਿਉਗੇ। ਤੁਹਾਨੂੰ ਦਰਬਾਰੀ ਗਵੱਈਆ ਬਣਵਾਣ ਪਿੱਛੇ ਮੈਂ ਵੀ ਹਾਂ ਤੇ ਏਹ ਨੌਕਰੀ ਮੇਰੇ ਆਖਿਆਂ ਜਾ ਵੀ ਸਕਦੀ ਏ।" ਖ਼ਾਨ ਸਾਹਿਬ ਮਸਕੀਨ ਜੇਹੇ ਹੋ ਗਏ, "ਜਨਾਬ ਜੋ ਹੋਣਾ ਸੀ ਹੋ ਗਿਆ। ਅੱਜ ਤੋਂ ਮੇਰਾ ਵਾਅਦਾ ਰਹਿਆ ਏਹਨੂੰ ਨੇਕ ਨੀਤੀ ਨਾਲ ਦੱਸਾਂਗਾ ਤੇ ਇਕ ਚੰਗਾ ਰਵੱਈਆ ਬਣਾ ਦਿਆਂਗਾ। ਤੁਸਾਂ ਛੇ ਮਹੀਨੇ ਹੋਰ ਦਿਓ ਮੈਨੂੰ ਫੇਰ ਵੇਖ ਲਿਆ ਜੇ ਮੈਂ ਆਪਣਾ ਵਾਅਦਾ ਪੂਰਾ ਕੀਤਾ ਏ ਯਾ ਨਹੀਂ।"

ਏਸ ਤੋਂ ਪਿੱਛੇ ਖ਼ਾਨ ਸਾਹਿਬ ਭਾਸਕਰ ਨੂੰ ਪੂਰੇ ਦਿਲ ਨਾਲ ਰੋਜ਼-ਦੇਹਾੜੀ ਸਿਖਾਵਣ ਲੱਗ ਪਏ। ਖ਼ਾਨ ਸਾਹਿਬ ਚੀਜ਼ ਨੂੰ ਟੁਕੜੀ-ਟੁਕੜੀ ਕਰਕੇ ਪੂਰਿਆਂ ਕਰਦੇ, ਵੇਖਣ ਵਾਲੇ ਨੂੰ ਲੱਗਦਾ ਕੋਈ ਮੂਰਤੀ ਘੜੇਂਦੀ ਹੋਵੇ। ਮੀਂਢਾਂ ਤੇ ਕਈ ਵੰਨਾਂ ਦੀਆਂ ਮੁਰਕੀਆਂ ਰਾਹੀਂ ਚੀਜ਼ ਨੂੰ ਅਜੇਹਾ ਮਨ ਛਿਕਵਾਂ (ਮਨ ਖਿੱਚਵਾਂ) ਬਣਾ ਦੇਂਦੇ ਕੋਈ ਰੀਸ ਨਾ ਰਹਿੰਦੀ। ਉੱਤੋਂ ਏਹ ਰਾਗ ਦੇ ਸੁਰ ਐਰੇ (ਨੀਂਹ) ਤੋਂ ਰੱਤੀ ਬਰਾਬਰ ਵੀ ਉਰਾਂਹ-ਪਰਾਂਹ ਨਾ ਹੋਂਦੇ। ਓਹਨਾਂ ਆਪਣੇ ਖ਼ਾਸ ਢੰਗ ਵਿੱਚ ਭਾਸਕਰ ਨੂੰ ਵੱਖੋ-ਵੱਖ ਰਾਗਾਂ ਦੀਆਂ ਕਈ ਚੀਜ਼ਾਂ ਸਿਖਾ ਦਿੱਤੀਆਂ। ਭਾਸਕਰ ਨੇ ਹਰ ਚੀਜ਼ ਬੜੇ ਧਿਆਨ ਤੇ ਲਗਨ ਨਾਲ ਅਜ਼ਬਰ (ਜ਼ਬਾਨੀ ਯਾਦ ਕਰ ਲੈਣਾ, ਹਿਫ਼ਜ਼) ਕਰ ਲਈ ਤੇ ਘੰਟਿਆਂ ਬੱਧੀ ਪਕਾਂਦੇ ਰਹਿੰਦੇ। ਖ਼ਾਨ ਸਾਹਿਬ ਭਾਸਕਰ ਦੀ ਮਿਹਨਤ ਤੇ ਬੜੇ ਰਾਜ਼ੀ ਹੋਂਦੇ। ਕੁਝ ਵਰ੍ਹਿਆਂ ਵਿੱਚ ਈ ਲੋਕ ਭਾਸਕਰ ਨੂੰ ਸੁਣਨ ਲਈ ਸੱਦਣ ਲੱਗ ਪਏ ਤੇ ਓਹਨਾਂ ਦਾ ਨਾਂ ਬਣਨ ਲੱਗ ਪਿਆ।

ਕਰਲੋਸਕਰ ਕੰਪਨੀ ਗਣਪਤੀ ਮੇਲੇ ਦੇ ਸਮੇਂ ਬੜੌਦੇ ਆਈ। ਤਕਦੀਰੀਂ ਜਿੱਥੇ ਕੰਪਨੀ ਆਣਕੇ ਡੇਰੇ ਲਾਏ ਉੱਥੇ ਨਾਲ਼ਦੇ ਇਕ ਘਰ ਵਿੱਚ ਈ ਓਸ ਰਾਤ ਭਾਸਕਰ ਦਾ ਗਾਣਾ ਸੀ। ਭਾਊ ਰਾਓ ਕੋਲ੍ਹਤਕਰ ਦੇ ਕੰਨੀਂ ਏਡਾ ਸੋਹਣਾ ਸੁਰੀਲਾ ਵਾਜ ਪਿਆ ਤੇ ਸੁਣਨ ਵੇਖਣ ਉੱਠ ਆਏ। ਅੱਗੇ ਦੁਨੀਆ ਭਾਸਕਰ ਦੇ ਗਾਣੇ ਵਿਚ ਡੁੱਬੀ ਹੋਵੇ। ਭਾਊ ਰਾਓ ਰਾਹ ਬਣਾਉਂਦੇ ਅਸਲੋਂ ਭਾਸਕਰ ਦੇ ਸਾਹਮਣੇ ਜਾ ਬੈਠੇ। ਛੇਤੀ ਈ ਭਾਸਕਰ ਦਾ ਸ਼ੱਕ ਪੈਣ ਲੱਗ ਪਿਆ ਜੇਹੜਾ ਕੰਪਨੀ ਛੱਡ ਕੇ ਟੁਰ ਗਿਆ ਸੀ। ਧਿਆਨ ਲਾਇਆ ਤਾਂ ਸੰਜਾਣ ਗਏ। ਹੁਣ ਓਹ ਵੀ ਲੋਕਾਂ ਨਾਲ ਰਲ਼ਕੇ ਭਾਸਕਰ ਦੀ ਸਲਾਹਨਾ ਕਰਨ ਲੱਗ ਪਏ।

ਭਾਸਕਰ ਨੇ ਗਾਉਂਦਿਆਂ-ਗਾਉਂਦਿਆਂ ਹੱਥ ਬੰਨ੍ਹਕੇ ਭਾਊ ਰਾਓ ਨੂੰ ਸਲਾਮ ਕੀਤਾ। ਰਾਓ ਏਨੇ ਰਾਜ਼ੀ ਹੋਏ ਉੱਠਕੇ ਹੋਕਾ ਦੇਣ ਲੱਗ ਪਏ, ਭਾਸਕਰ ਤੁਸਾਂ ਬੂਵਾ ਬਣਕੇ ਵਖਾ ਦਿੱਤਾ ਏ। ਅੱਜ ਤੋਂ ਮੈਂ ਤੁਹਾਨੂੰ ਭਾਸਕਰ ਬੂਵਾ ਆਖਿਆ ਕਰਸਾਂ। ਜੋ ਹੋਇਆ ਸੀ ਭੁੱਲ ਜਾਓ ਤੇ ਆਕੇ ਆਪਣੇ ਕੰਪਨੀ ਵਾਲੇ ਬੇਲੀਆਂ ਨੂੰ ਮਿਲੋ।" ਇਹ ਸੁਣਕੇ ਭਾਸਕਰ ਰੋ ਪਏ। ਓਹਨਾਂ ਮੁੜ ਭਾਊ ਰਾਓ ਨੂੰ ਹੱਥ ਬੰਨ੍ਹੇ ਤੇ ਆਖਿਆ, "ਕੀਵੇਂ ਭੁੱਲ ਜਾਵਾਂ, ਤੁਹਾਡੇ ਤੱਤੇ ਬੋਲਾਂ ਤੋਂ ਖੁੰਦਕ ਖਾ ਕੇ ਈ ਅੱਜ ਏਥੇ ਅੱਪੜਿਆਂ। ਤੁਸੀਂ ਨਾ ਬੋਲਦੇ ਤਾਂ ਮੈਂ ਹਾਲੇ ਤਾਈਂ ਕੰਪਨੀ ਵਿਚ ਈ ਹੋਣਾ ਸੀ।" ਉਸ ਦਿਨ ਤੋਂ ਈ ਭਾਸਕਰ...ਭਾਸਕਰ ਬੂਵਾ ਹੋ ਗਏ।

ਭਾਸਕਰ 'ਚ ਏਨਾ ਵਸਾਹ (ਸਵੈ ਵਿਸ਼ਵਾਸ, ਭਰੋਸਾ) ਆ ਗਿਆ ਸੀ ਕਿ ਕਸਬੀ ਗਵੱਈਆਂ ਦੇ ਪਿੜ ਵਿਚ ਉੱਤਰਕੇ ਨਾਮ-ਨਾਵਾਂ ਖੱਟ ਸਕਦੇ ਸਨ। ਓਹਨਾਂ ਖ਼ਾਨ ਸਾਹਿਬ ਨੂੰ ਆਪਣੇ ਮਨ ਦੀ ਦੱਸੀ ਤਾਂ ਓਹਨਾਂ ਦੁਆਵਾਂ ਨਾਲ ਪ੍ਰਵਾਨਗੀ ਦੇ ਦਿੱਤੀ ਤੇ ਏਹ ਵੀ ਆਖਿਆ, "ਮੈਂ ਤੈਨੂੰ ਜੋ ਦੇਣਾ ਸੀ ਦੇ ਛੱਡਿਆ ਏ। ਏਹਨੂੰ ਖਰਾ ਕਰਕੇ ਵਧਾਵੀਂ। ਨਾਲ ਏਹ ਵੀ ਮੱਤ ਈ ਵਾਰਾ ਖਾਵੀ ਤੇ ਨੱਥਣ ਖ਼ਾਂ ਨੂੰ ਸਰਪਰ (ਅਵੱਸ਼, ਕਿਸੇ ਤਰ੍ਹਾਂ ਵੀ) ਮਿਲੀਂ ਤੇ ਓਹਨਾਂ ਤੋਂ ਸਿੱਖੀਂ। ਕੁਝ ਚੀਜ਼ਾਂ ਓਹ ਤੈਨੂੰ ਏਹੋ ਜੇਹੀਆਂ ਦੇਸਣ ਜੇਹੜੀਆਂ ਮੇਰੇ ਕੋਲ ਵੀ ਨਹੀਂ। ਬਸ ਐਨਾ ਆਖੀਂ ਤੈਨੂੰ ਮੈਂ ਘੱਲਿਆ ਏ, ਮੰਨ ਜਾਸਣ।"

ਭਊ ਰਾਓ ਕੋਲ੍ਹਤਕਰ ਦੀ ਸਿਫ਼ਾਰਸ਼ ਉੱਤੇ ਭਾਸਕਰ ਨੂੰ ਧਰਵਾਰ ਟਰੇਨਿੰਗ ਕਾਲਜ ਵਿੱਚ "ਮਿਊਜ਼ਕ ਟੀਚਰ" ਦੀ ਨੌਕਰੀ ਲੱਭ ਗਈ। ਧਰਵਾਰ ਵਿੱਚ ਓਹਨਾਂ ਦੀ ਸ਼ਿਸਰ ਬੁੱਧੇ, ਮਨਰੇਕਰ ਤੇ ਪਤਰੇ ਜੇਹੇ ਲੋਕਾਂ ਨਾਲ ਗੂੜ੍ਹੀ ਦੋਸਤੀ ਹੋ ਗਈ।

ਨੱਥਣ ਖ਼ਾਂ ਮੈਸੂਰ ਦਰਬਾਰ ਦੇ ਗਵੱਈਏ ਸਨ। ਮੈਸੂ ਤੋਂ ਬੰਬੇ ਜਾਂਦਿਆਂ ਓਹ ਇਕ ਵਾਰ ਧਰਵਾਰ ਰੁਕੇ। ਭਾਸਕਰ ਹੋਰਾਂ ਲਈ ਏਹ ਬੜਾ ਨੇਕ ਢੋਆ ਸੀ। ਓਹ ਨੱਥਣ ਖ਼ਾਂ ਨੂੰ ਮਿਲੇ ਤੇ ਸ਼ਾਗਿਰਦ ਪੈਣ ਦਾ ਤਰਲਾ ਲਿਆ। ਓਹਨਾਂ ਅੱਗੋਂ ਕੁਝ ਵੰਨਗੀ ਚਖਾਵਣ ਦਾ ਆਖਿਆ। ਭਾਸਕਰ ਗੰਵੇਂ। ਓਹ ਏਨਾ ਰਾਜ਼ੀ ਹੋਏ ਸੁਣਕੇ, ਓਸ ਵੇਲੇ ਮੰਨ ਗਏ। ਅੱਗੋਂ ਨੱਥਣ ਖ਼ਾਂ ਮੈਸੂਰੋਂ ਬੰਬੇ ਆਉਂਦਿਆਂ-ਜਾਂਦਿਆਂ ਧਰਵਾਰ ਰੁਕ ਜਾਂਦੇ ਤੇ ਕਿੰਨੇ-ਕਿੰਨੇ ਹਫ਼ਤੇ ਭਾਸਕਰ ਦੇ ਘਰ ਰਹਿਕੇ ਓਹਨਾਂ ਨੂੰ ਸਿਖਾਂਦੇ ਰਹਿੰਦੇ। ਨੱਥਣ ਖ਼ਾਂ ਨੂੰ ਭਾਸਕਰ ਦੇ ਗਾਣੇ ਨਾਲ ਏਨਾ ਪਿਆਰ ਹੋ ਗਿਆ ਓਹਨਾਂ ਨੂੰ ਪੁੱਤਰ ਸਮਝਣ ਲੱਗ ਪਏ।

ਭਾਸਕਰ ਬੂਵਾ ਦੀ ਮੌਤ ਪਿੱਛੋਂ ਓਹਨਾਂ ਦੇ ਤਰੀਮਤ ਭਰਤ ਗਿਆਨ ਸਮਾਜ ਦੇ ਅਹਾਤੇ ਵਿੱਚ ਰਹਿੰਦੇ ਹੋਂਦੇ ਸਨ। ਇਕ ਵਾਰੀ ਮੈਂ ਓਹਨਾਂ ਤੋਂ ਨੱਥਣ ਖ਼ਾਂ ਬਾਰੇ ਢੇਰ ਗੱਲਾਂ ਪੁੱਛੀਆਂ। ਓਹਨਾਂ ਦੱਸਿਆ, "ਇਕ ਵਾਰੀ ਧਰਵਾਰ ਤਾਊਨ (ਪਲੇਗ) ਪੈ ਗਈ। ਕਾਲਜ ਬੰਦ ਹੋ ਗਿਆ, ਸਾਨੂੰ ਕੁਝ ਮਹੀਨੇ ਮੈਸੂਰ ਰਹਿਣਾ ਪਿਆ। ਖ਼ਾਨ ਸਾਹਿਬ ਨੱਥਣ ਖ਼ਾਂ ਸਾਡੇ ਵਲ ਸਵੇਰੇ-ਸਵੇਰੇ ਆਉਂਦੇ। ਕਈਂ ਵਾਰੀ ਓਹਨਾਂ ਵੇਖਣਾ ਮੇਰਾ ਘਰ ਵਾਲਾ ਸੁੱਤਾ ਪਿਆ ਏ। ਖ਼ਾਨ ਸਾਹਿਬ ਓਹਨਾਂ ਨੂੰ ਜਗਾਕੇ ਆਂਹਦੇ, ਤੂੰ ਏਥੇ ਸੌਣ ਆਇਆ ਏਂ? ਉੱਠ ਉਤਾਂਹ, ਤੰਬੂਰਾ ਫੜ। ਤੇ ਸੱਤ ਤੋਂ ਨੌਂ ਸਾਢੇ ਨੌਂ ਵਜੇ ਤਾਈਂ ਰਿਆਜ਼ ਹੋਂਦਾ ਰਹਿਣਾ। ਮੁੜ ਖ਼ਾਨ ਸਾਹਿਬ ਰਾਤ ਨੂੰ ਅੱਠ ਨੌਂ ਵਜੇ ਆਉਂਦੇ ਤੇ ਬਾਰਾਂ ਵਜੇ ਤਾਈਂ ਮੇਰੇ ਬੰਦੇ ਨੂੰ ਸਿਖਾਂਦੇ ਰਹਿੰਦੇ।"

ਨੱਥਣ ਖ਼ਾਂ ਡਾਢੇ ਬੀਮਾਰ ਹੋ ਗਏ। ਬਚਣ ਦੀ ਵੀ ਕੋਈ ਆਸ ਨਾ ਰਹੀ। ਭਾਸਕਰ ਬੂਵਾ ਮਿਲਣ ਆਏ ਤਾਂ ਕੋਲ ਸੱਦ ਕੇ ਆਖਣ ਲੱਗੇ, "ਭਾਸਕਰ, ਮੈਂ ਬਚਣਾ ਕੋਈ ਨਹੀਂਉਂ। ਮੈਥੋਂ ਜੋ ਸਿੱਖਣਾ ਸੀ ਤੂੰ ਸਿੱਖ ਲਿਆ ਏ। ਮੈਂ ਤੈਨੂੰ ਆਖਸਾਂ ਖ਼ਾਨ ਸਾਹਿਬ ਅੱਲ੍ਹਾ ਦੀਏ ਖ਼ਾਂ ਕੋਹਲਾਪੁਰ ਵਾਲੇ ਤੋਂ ਜ਼ਰੂਰ ਸਿੱਖੀਂ। ਜੋ ਮੇਰੇ ਕੋਲ ਨਹੀਂ ਓਹ ਤੈਨੂੰ ਸਿਖਾ ਦੇਸਣ। (ਨੱਥਣ ਖ਼ਾਂ ਅੱਲ੍ਹਾ ਦੀਏ ਖ਼ਾਂ ਨੂੰ ਓਘਦਾ ਦਾਸ ਆਖਦੇ ਹੋਂਦੇ ਸਨ, ਏਹਦਾ ਮਤਲਬ ਏ ਔਖਤ ਪਸੰਦ)

ਅੱਗੇ ਜੋ ਕੁਝ ਹੋਇਆ ਇੰਜ ਏ, "ਅਸੀਂ ਧਰਵਾਰੋਂ ਪੂਨੇ ਤੇ ਅਖ਼ੀਰ ਬੰਬੇ ਆ ਗਏ। ਖ਼ਾਨ ਸਾਹਿਬ ਅੱਲ੍ਹਾ ਦੀਏ ਖ਼ਾਂ ਦੀ ਸਿਹਤ ਖ਼ਰਾਬ ਹੋ ਗਈ ਸੀ। ਡਾਕਟਰਾਂ ਨੇ ਓਹਨਾਂ ਨੂੰ ਪੌਣ-ਪਾਣੀ ਦੀ ਬਦਲੀ ਲਈ ਕੋਹਲਾਪੁਰੋਂ ਬੰਬੇ ਟੁਰ ਜਾਣ ਦੀ ਸਲਾਹ ਦਿੱਤੀ। ਖ਼ਾਨ ਸਾਹਿਬ ਤੇ ਓਹਨਾਂ ਦੇ ਪੁੱਤਰ ਮੰਝੀ ਖ਼ਾਂ ਬੰਬੇ ਆਏ ਤੇ ਛੇ ਮਹੀਨੇ ਸਾਡੇ ਕੋਲ ਈ ਰਹੇ। ਅਸੀਂ ਉਦੋਂ ਪੇਪਰ ਮਿਲ ਲੇਨ ਵਿੱਚ ਰਹਿੰਦੇ ਸਾਂ। ਬੂਵਾ ਸਾਹਿਬ ਨੇ ਸਾਰੀਆਂ ਟਿਊਸ਼ਨਾਂ ਛੱਡ ਦਿੱਤੀਆਂ ਤਾਂ ਜੋ ਪੂਰੇ ਧਿਆਨ ਨਾਲ ਖ਼ਾਨ ਸਾਹਿਬ ਦੀ ਸੇਵਾ ਕਰ ਸਕਣ। ਕੋਈ ਢੇਰ ਈ ਜ਼ਰੂਰੀ ਕੰਮ ਹੋਂਦਾ ਤਾਂ ਕਦੀਂ ਬਾਹਰ ਜਾਂਦੇ। ਰਾਤ ਦੀ ਰੋਟੀ ਮਗਰੋਂ ਖ਼ਾਨ ਸਾਹਿਬ ਦੀ ਤਬੀਅਤ ਵਲ ਹੋਂਦੀ ਤਾਂ ਓਹ ਭਾਸਕਰ ਬੂਵਾ ਨੂੰ ਵਿੱਦਿਆ ਦੇਂਦੇ। ਮਗਰੋਂ ਵੀ ਖ਼ਾਨ ਸਾਹਿਬ ਸਾਡੇ ਕੋਲ ਮਹੀਨੇ ਹੋਰ ਰਹੇ। ਓਹ ਰੋਜ਼ ਰਾਤ ਨੂੰ ਭਾਸਕਰ ਸਾਹਿਬ ਨੂੰ ਪੁੱਛਦੇ ਦੱਸਦੇ।"

ਭਾਸਕਰ ਹੋਰਾਂ ਦੀ ਸੰਗੀਤ ਵਿੱਦਿਆ ਤੁਸਾਂ ਵੇਖ ਈ ਲਈ ਏ। ਓਹਨਾਂ ਫ਼ੈਜ਼ ਮੁਹੰਮਦ ਖ਼ਾਂ ਤੋਂ ਦੋ ਢਾਈ ਸੌ ਸਿੱਕੇ-ਬੰਦ ਚੀਜ਼ਾਂ ਸਿੱਖੀਆਂ ਪੂਰੇ-ਪੂਰੇ ਅਸਥਾਈ ਅੰਤਰਿਆਂ ਨਾਲ। ਫੇਰ ਓਹਨਾਂ ਨਿਰੋਲ ਬਜ਼ੁਰਗਾਂ ਦੇ ਢੰਗ ਨਾਲ ਰਾਗਾਂ ਦੇ ਬੜ੍ਹੱਤ ਕਰਨ ਦਾ ਚੱਜ ਸਿੱਖਿਆ। ਹਰ ਰਾਗ ਦੇ ਫ਼ਿਕਰਿਆਂ ਦੀ ਵੰਡ ਫੇਰ ਓਹਨਾਂ ਫ਼ਿਕਰਿਆਂ ਨੂੰ ਆਪੋ ਵਿੱਚ ਮੇਲਕੇ ਪੂਰਾ ਪੈਰਾ ਬਣਾਵਣ ਤੇ ਸਮ ਨਾਲ ਮੁਕਾਵਣ ਦਾ ਵਲ ਸਿੱਖਿਆ। ਸੁਰਾਂ ਦੀਆਂ ਵੱਖੋ-ਵੱਖ ਟੁਕੜੀਆਂ ਨਾਲ ਚੀਜ਼ਾਂ ਨੂੰ ਕੀਵੇਂ ਸਜਾਇਆ ਤੇ ਰਾਗ ਦੇ ਮਜ਼ਾਜ ਨੂੰ ਸਗਵਾਂ ਰੱਖਿਆ ਜਾ ਸਕਦਾ ਏ। ਏਹ ਸਾਰੀਆਂ ਗੱਲਾਂ ਓਹਨਾਂ ਫ਼ੈਜ਼ ਮੁਹੰਮਦ ਖ਼ਾਂ ਤੋਂ ਲਈਆਂ।

ਲੈ ਤੇ ਬੋਲ ਵਰਤੋਂ ਦੇ ਹੋਰ ਢੰਗ ਓਹਨਾਂ ਨੱਥਣ ਖ਼ਾਂ ਤੋਂ ਲਏ। ਅੱਲ੍ਹਾ ਦੀਏ ਖ਼ਾਂ ਨੇ ਓਹਨਾਂ ਨੂੰ ਵੰਨ-ਸਵੰਨੀਆਂ ਤਾਨਾਂ ਓਹਨਾਂ ਦੀ ਲੈ, ਤਾਨ ਵਿੱਚ ਕੀ ਤੇ ਕਦੋਂ ਜਾਨਣ ਦੀ ਲੋੜ, ਫੇਰ ਸੋਹਣੀਆਂ ਤੇ ਗੁਤੀਆਂ ਹੋਈਆਂ ਤਾਨਾਂ ਦੀ ਵਰਤੋਂ ਦੱਸੀ।

ਤਿੰਨ ਵੱਖਰੇ-ਵੱਖਰੇ ਉਸਤਾਦਾਂ ਨੇ ਓਹਨਾਂ ਨੂੰ ਤਿੰਨ ਵੱਖਰੇ-ਵੱਖਰੇ ਅੰਗਾਂ ਦਾ ਸੰਗੀਤ ਦੱਸਿਆ। ਭਾਸਕਰ ਬੂਵਾ ਦਾ ਵਡੱਪ ਸੀ ਓਹਨਾਂ ਸਾਰੇ ਸਿੱਖੇ-ਪੁੱਛੇ ਨੂੰ ਰਲਾ ਕੇ ਜੋੜਕੇ ਆਪਣਾ ਵੱਖਰਾ ਅੰਗ ਬਣਾ ਲਿਆ। ਫ਼ੈਜ਼ ਮੁਹੰਮਦ ਖ਼ਾਂ ਨੇ ਓਹਨਾਂ ਨੂੰ ਬੜਾ ਸੋਚ ਸਮਝਕੇ ਨੱਥਣ ਖ਼ਾਂ ਵੱਲ ਟੋਰਿਆ ਸੀ ਤੇ ਇੰਜ ਈ ਨੱਥਣ ਖ਼ਾਂ ਨੇ ਓਹਨਾਂ ਨੂੰ ਅੱਲ੍ਹਾ ਦੀਏ ਖ਼ਾਂ ਕੋਲ। ਓਸ ਜ਼ਮਾਨੇ ਦਾ ਏਹ ਵਰਤਬ ਨਹੀਂ ਸੀ। ਏਥੋਂ ਭਾਸਕਰ ਬੂਵਾ ਦੇ ਪਹਿਲੇ ਦੋ ਉਸਤਾਦਾਂ ਦਾ ਮੁਹਾੜ ਸਮਝਿਆ ਜਾ ਸਕਦਾ ਏ। ਦੋਵਾਂ ਨੇ ਪੂਰੇ ਸਿਦਕ ਨਾਲ ਸਹੀ ਕੀਤਾ ਓਹਨਾਂ ਦਾ ਸ਼ਾਗਿਰਦ ਕਿਸੇ ਪੱਖੋਂ ਵੀ ਹੌਲਾ ਨਾ ਰਹਿ ਜਾਵੇ। ਭਾਸਕਰ ਬੂਵਾ ਨਿੱਕੀ ਉਮਰ ਤੋਂ ਈ ਕਿਸੇ ਗਵੱਈਏ ਦੀ ਜੇਹੜੀ ਚੰਗੀ ਸ਼ੈ ਲੱਗਦੀ ਨਸ਼ੰਗ ਹੋ ਕੇ ਲੈਂਦੇ ਸਨ। ਮੀਆਂ ਜਾਨ ਤੇ ਕਾਲੇ ਖ਼ਾਂ ਨਾਲ ਓਹਨਾਂ ਦੀ ਬੜੀ ਗੂੜ੍ਹੀ ਯਾਰੀ ਸੀ। ਤਿੰਨੇ ਇਕ ਦੂਜੇ ਦਾ ਗਾਣਾ ਬੜੇ ਧਿਆਨ ਨਾਲ ਸੁਣਦੇ ਸਨ। ਭਾਸਕਰ ਬੂਵਾ ਦੀਆਂ ਕਾਪੀਆਂ ਤੋਂ ਸਿੱਧ ਹੋਂਦਾ ਏ ਪਈ ਨਾਮ ਨਾਮਣਾ ਕਦੀਂ ਵੀ ਓਹਨਾਂ ਨੂੰ ਦੂਜੇ ਗਵੱਈਆਂ ਤੋਂ ਚੀਜ਼ਾਂ ਤੇ ਅਸਥਾਈ ਅੰਤਰੇ ਪੁੱਛਣ ਵਿੱਚ ਅੜਿਕਾ ਨਹੀਂ ਸੀ ਬਣਿਆ। ਕਈਂ ਵਾਰ ਗੁਣੀ ਗਵੱਈਏ ਆਪਣੀ ਖ਼ੁਸ਼ੀ ਨਾਲ ਓਹਨਾਂ ਨੂੰ ਚੀਜ਼ਾਂ ਦੇ ਦੇਂਦੇ ਸਨ ਜਾਣੇ ਅਜਿਹੇ ਬੰਦੇ ਕੋਲੋਂ ਓਹਲਾ ਨਹੀਂ ਰੱਖਿਆ ਜਾ ਸਕਦਾ।

1910 ਈ. ਦੇ ਜ਼ਮਾਨੇ ਓਹਨਾਂ ਨੂੰ ਪੰਜਾਬ ਤੇ ਸਿੰਧ ਤੋਂ ਗਾਵਣ ਦੇ ਸੱਦੇ ਆਵਣ ਲੱਗੇ ਪਏ। ਇੰਜ ਹਿੰਦੋਸਤਾਨ ਦੇ ਪਹਾੜ ਬੰਨੇ ਵਿੱਚ ਵੀ ਓਹਨਾਂ ਦਾ ਨਾਂ ਵੱਜ ਗਿਆ। ਉਦੋਂ ਓਹ 40 ਯਾ 41 ਵਰ੍ਹਿਆਂ ਦੇ ਹੋਸਣ। ਓਹਨਾਂ ਦਾ ਗਾਣਾ ਅੰਤਾਂ ਦਾ ਰਸ ਗਿਆ ਹੋਇਆ ਸੀ। ਪੌਂਦ ਵਾਰੇ ਵਾਲਾ ਓਹਨਾਂ ਦੇ ਗਾਣੇ ਦਾ ਆਕਰੇਵਾਂ ਹੁਣ ਨਰਮੀਲਾ ਤੇ ਕੂਲਾ ਹੋ ਗਿਆ ਸੀ। ਓਹ ਰਾਗਾਂ ਦੇ ਉਤਰਾਅ ਚੜ੍ਹਾਅ ਦੇ ਗਰਾਮਰੀ ਠੁਕਾਂ ਤੋਂ ਅਗੇਰੇ ਲੰਘ ਗਏ ਸਨ। ਹਰ ਰਾਗ ਦੀ ਓਹਨਾਂ ਦੇ ਦਿਮਾਗ਼ ਵਿੱਚ ਮੂਰਤ ਤੇ ਪੋਹ (ਅਸਰ) ਉਲੀਕੀ ਹੋਈ ਸੀ ਤੇ ਸੁਰਾਂ ਨਾਲ ਓਹਨਾਂ ਦੇ ਦਿਲ ਦੀ ਤਾਰ ਇਕਸੁਰ ਹੋਈ ਹੋਈ ਸੀ। ਗਾਉਂਦਿਆਂ ਓਹ ਕੋਈ ਸੁਰ ਵੀ ਮਸ਼ੀਨੀ ਢੰਗ ਨਾਲ ਨਾ ਲਾਉਂਦੇ। ਓਹ ਰਿਸ਼ੀਆਂ-ਗਿਆਨੀਆਂ ਵਾਕਣ ਸੁਫ਼ਨੇ ਲੈਂਦੇ। ਸੁਰਾਂ ਰਾਹੀਂ ਸੁਣੇਰਾਂ ਨਾਲ ਆਪਣਾ ਅੰਦਰੂਨਾ ਸਾਂਝਾ ਕਰਦੇ। ਸੰਗੀਤ ਦਾ ਏਹ ਗਿਆਨ ਰਸ ਈ ਸੀ ਜਿਸ ਅਲੀ ਬਖ਼ਸ਼ ਜਰਨੈਲ ਦੀ ਪੱਧਰ ਦੇ ਪੰਜਾਬੀ ਗਵੱਈਆਂ ਦੇ ਦਿਲਾਂ ਵਿੱਚ ਓਹਨਾਂ ਦੀ ਥਾਂ ਬਣਾਈ।



ਭਾਸਕਰ ਬੂਵਾ ਜਦੋਂ ਪਹਿਲੀ ਵਾਰ ਪੰਜਾਬ ਗਏ ਤਾਂ ਉਸਤਾਦ ਗਾਮਨ ਖ਼ਾਂ ਜੀਉਂਦੇ ਸਨ। ਓਹਨਾਂ ਦੇ ਪੁੱਤਰ ਮੁਬਾਰਕ ਅਲੀ ਖ਼ਾਂ, ਮੁਰਾਦ ਅਲੀ ਤੇ ਬੀਬੇ ਖ਼ਾਂ ਚੜ੍ਹਦੇ ਜਵਾਨ ਤੇ ਭਰਪੂਰ ਗਵੱਈਏ ਸਨ। ਭਾਸਕਰ ਬੂਵਾ ਦੇ ਗਾਇਨ ਦਾ ਸੁਣਿਆ ਤਾਂ ਗਾਮਨ ਖ਼ਾਂ ਨੇ ਆਪਣੇ ਪੁੱਤਰਾਂ ਨੂੰ ਆਖਿਆ, "ਤੁਸਾਂ ਭਲਕੇ ਮੇਰੇ ਨਾਲ ਭਾਸਕਰ ਬੂਵਾ ਦਾ ਗਾਣਾ ਸੁਣਨ ਚੱਲਣਾ ਏ ਤੇ ਵੇਖਣਾ ਏ ਸੁੱਚਾ ਸੰਗੀਤ ਕੀ ਹੋਂਦਾ ਏ।" ਮੁਬਾਰਕ ਅਲੀ ਨੇ ਅੱਗੋਂ ਸੜ ਕੇ ਆਖਿਆ, "ਹਿੰਦੂ ਪੰਡਤ ਤੇ ਓਹ ਵੀ ਮਹਾਰਾਸ਼ਟਰੀਆ। ਅੱਬਾ ਦਸਾਵਣ (ਵਿਖਾਉਣ) ਚੱਲਿਆ ਏ ਪਈ ਸੁੱਚਾ ਗਾਇਨ ਕੀ ਹੋਂਦਾ ਏ। ਲਗਦਾ ਏ ਅੱਬੇ ਹੋਰੀਂ ਉਂਜ ਈ ਸੱਤਰ੍ਹੇ-ਬਹੱਤਰੇ ਗਏ ਨੇਂ।" ਤਿੰਨਾਂ ਭਰਾਵਾਂ ਨੇ ਓਸ ਥਾਂ ਲੌਂਢੇ ਵੇਲੇ ਗਾਣਾ ਧਰ ਲਿਆ ਜਿਥੇ ਰਾਤ ਨੂੰ ਭਾਸਕਰ ਬੂਵਾ ਨੇ ਗਾਵਣਾ ਸੀ। ਓਹਨਾਂ ਨੂੰ ਵੀ ਆਵਣ ਦਾ ਸੱਦਾ ਦੇ ਦਿੱਤਾ। ਤਿੰਨੇ ਭਰਾ ਬੜਾ ਚੜ੍ਹਕੇ ਗੰਵੇਂ ਤੇ ਸੁਣਨਹਾਰਾਂ ਨੂੰ ਆਪਣੀਆਂ ਤਾਨਾਂ ਨਾਲ ਰਜਾ ਦਿੱਤਾ। ਗਾਣਾ ਮੁੱਕਿਆ ਤਾਂ ਗਾਮਨ ਖ਼ਾਂ ਨੇ ਭਾਸਕਰ ਬੂਵਾ ਨੂੰ ਆਪਣੇ ਪੁੱਤਰਾਂ ਦੀ ਕਾਰਗੁਜ਼ਾਰੀ ਦਾ ਪੁੱਛਿਆ। ਭਾਸਕਰ ਬੂਵਾ ਕਹਿਣ ਲੱਗੇ, "ਗਾਮਨ ਖ਼ਾਂ ਤੁਸੀਂ ਆਪ ਏਡੇ ਕਸਬੀ ਗਵੱਈਏ ਓ, ਕੁਦਰਤੀ ਗੱਲ ਏ ਤੁਸਾਂ ਆਪਣੇ ਪੁੱਤਰਾਂ ਦੀ ਵਧੀਆ ਸਿਖਲਾਈ ਕੀਤੀ ਏ। ਤੁਸਾਂ ਏਹਨਾਂ ਨੂੰ ਹੋਰਨਾਂ ਗੁਣੀਆਂ ਕਸਬੀਆਂ ਦਾ ਗਾਣਾ ਸੁਣਨ ਲਈ ਵੀ ਆਖਦੇ ਹੋਸੋ। ਏਹ ਢੇਰ ਚੰਗਾ ਗੰਵੇਂ ਨੇਂ ਤੇ ਪੱਕ ਨਾਲ ਏਹਨਾਂ ਦਾ ਸੰਗੀਤ ਵੇਲਾ ਪਾ ਕੇ ਹੋਰ ਵੀ ਨਿੱਖਰੇਗਾ।" ਮੁਬਾਰਕ ਅਲੀ ਨੂੰ ਭਾਸਕਰ ਬੂਵਾ ਦੀਆਂ ਏਹ ਗੱਲਾਂ ਚੰਗੀਆਂ ਨਾ ਲੱਗੀਆਂ। ਓਸੇ ਰਾਤ ਤਿੰਨੇ ਭਰਾ ਭਾਸਕਰ ਬੂਵਾ ਦਾ ਗਾਣਾ ਸੁਣਨ ਆਏ, ਵੇਖੀਏ ਦੱਖਣ ਤੋਂ ਆਇਆ ਹਿੰਦੂ ਪੰਡਤ ਕੀਵੇਂ ਓਹਨਾਂ ਦਾ ਰੰਗ ਫਿੱਕਾ ਕਰਦਾ ਏ। ਫੇਰ ਜੀਵੇਂ ਹੋਈ ਓਹ ਮੁਬਾਰਕ ਅਲੀ ਦੇ ਆਪਣੇ ਲਫ਼ਜ਼ਾਂ ਵਿੱਚ ਪੜ੍ਹ ਵੇਖੋ:

"ਭਾਸਕਰ ਬੂਵਾ ਆਏ ਤਾਂ ਡੂੰਘੀਆਂ ਸੋਚੀਆਂ ਵਿੱਚ ਸਨ। ਤੰਬੂਰੇ ਸੁਰ ਹੋਣ ਲੱਗੇ ਤਾਂ ਓਹਨਾਂ ਦੀ ਨੁਹਾਰ ਕੁਝ ਬਦਲ ਗਈ ਤੇ ਇਕ ਲੋਅ ਜੇਹੀ ਜਗ ਪਈ। ਤੰਬੂਰੇ ਅਸਲੋਂ ਸੁਰ ਹੋਏ ਤਾਂ ਭਾਸਕਰ ਬੂਵਾ ਖ਼ੁਸ਼ੀ ਨਾਲ ਚਾਨਣ-ਚਾਨਣ ਹੋ ਗਏ। ਓਹਨਾਂ ਮੁਸਕਰਾਂਦਿਆਂ ਸਾਡੇ ਵੱਲ ਵੇਖਿਆ। ਓਹਨਾਂ ਦੀ ਸ਼ਕਲ ਸਰੂਰ ਭਿੰਨੀ ਸੀ। ਲੱਗਾ ਜੀਵੇਂ ਸਾਡੇ ਉੱਤੇ ਕੋਈ ਜਾਦੂ ਫੂਕ ਦਿੱਤਾ ਹੋਣੈਂ। ਰਾਗਹਮੀਰ ਦੀ ਅਸਥਾਈ ਸ਼ੁਰੂ ਕੀਤਿਓ ਨੇਂ ਤੇ ਜਦੋਂ ਨਸ਼ਾਦ ਤੋਂ ਧੇਵਤ ਤੇ ਆਏ ਤਾਂ ਸਾਡੇ ਮੂੰਹਾਂ ਵਿੱਚੋਂ ਆਪ ਮੁਹਾਰੇ ਈ ਸੁਬਹਾਨ ਅੱਲ੍ਹਾ ਨਿਕਲ ਪਈ।

ਗਾਣੇ ਦੇ ਪਹਿਲੇ ਕੁਝ ਪਲਾਂ ਵਿੱਚ ਈ ਸਾਨੂੰ ਆਪਣੇ ਸਾਹਮਣੇ ਬੈਠੇ ਬੰਦੇ ਦੇ ਵਡੱਪ ਦਾ ਪਤਾ ਲੱਗ ਗਿਆ ਨਾਲੇ ਸਮਝ ਆ ਗਈ ਸਾਡਾ ਪਿਓ ਪੰਡਤ ਜੀ ਦੀ ਏਡੀ ਵਡਿਆਈ ਕਿਉਂ ਕਰਦਾ ਪਿਆ ਸੀ। ਮੈਂ ਤੇ ਫੇਰ ਸਭ ਕੁਝ ਭੁੱਲ ਭੁਲਾ ਕੇ ਓਹਨਾਂ ਨਾਲ ਲੱਗ ਪਿਆ। ਸ਼ਿਕਾਰਪੁਰ ਵਿਚ ਮੈਂ ਓਹਨਾਂ ਦੇ ਸਿਰ ਵਿਚ ਤੇਲ ਝੱਸਦਾ ਹੋਂਦਾ ਸਾਂ। ਇੰਜ ਕੀਤਿਆਂ ਮੈਨੂੰ ਆਪਣੇ ਨੀਵੇਂ ਹੋਵਣ ਦੀ ਗੁੰਝਲ ਤਾਂ ਕੀ ਹੋਣੀ ਸੀ ਸਗੋਂ ਬਖ਼ਤਾਵਰੀ ਲੱਗਦੀ ਸੀ ਪੰਡਤ ਹੋਰੀਂ ਮੈਨੂੰ ਏਹ ਸੇਵਾ ਕਰਨ ਦੇਂਦੇ ਸਨ।"

ਭਾਸਕਰ ਬੂਵਾ 8 ਅਪ੍ਰੈਲ 1992 ਨੂੰ ਪੂਨੇ ਵਿੱਚ ਰੱਤ ਦੇ ਕੈਂਸਰ ਨਾਲ ਮਰੇ ਤੇ ਹਿੰਦੋਸਤਾਨ ਦੀਆਂ ਚਾਰੇ ਕੂਟਾਂ ਸੁੰਜੀਆਂ ਹੋ ਗਈਆਂ। ਕਿਸੇ ਗਰਾਮੋਫ਼ੋਨ ਕੰਪਨੀ ਨੇ ਓਹਨਾਂ ਦਾ ਕੋਈ ਤਵਾ ਨਾ ਭਰਿਆ। ਇੰਜ ਓਹਨਾਂ ਦਾ ਗਾਣਾ ਓਹਨਾਂ ਦੇ ਨਾਲ ਈ ਟੁਰ ਗਿਆ ਪਰ ਸੰਗੀਤ ਦੀ ਦੁਨੀਆ ਵਿੱਚ ਅੱਜ ਵੀ ਓਹਨਾਂ ਨੂੰ ਅਣੇ ਆਦਤ ਨਾਲ ਚੇਤੇ ਕੀਤਾ ਜਾਂਦਾ ਏ। ਅਕਤੂਬਰ 1969 ਈ. ਵਿੱਚ ਬੰਬੇ, ਪੂਨੇ, ਦਿੱਲੀ ਤੇ ਹੋਰ ਥਾਈਂ ਓਹਨਾਂ ਦਾ ਜੰਮਣ ਦੇਹਾੜ ਮਨਾਇਆ ਗਿਆ। ਬੰਬੇ ਮਿਊਂਸਪਲ ਕਮੇਟੀ ਨੇ ਮੁਅਬਤ ਇਲਾਕੇ ਦੀ ਇਕ ਗਲੀ ਦਾ ਨਾਂ ਭਾਸਕਰ ਸਟਰੀਟ ਰੱਖਿਆ ਏ। ਮੇਰਾ ਏਹ ਮਜ਼ਮੂਨ ਵੀ ਓਹਨਾਂ ਦੀ ਯਾਦ ਨੂੰ ਚੜ੍ਹਾਵਾ ਏ।

ਸੰਪਰਕ : 89683-43252

CMYK